# ਗੁਰਮਤਿ ਨਿਰਣਯ

ਭਾਸ਼ਾ ਵਿਭਾਗ, ਪੰਜਾਬ

GURMAT NIRNEY (In Punjabi)

BHAI JODH SINGH

ਗੁਰਮਤਿ ਨਿਰਣਯ

ਭਾਈ ਜੋਧ ਸਿੰਘ



ਦੂਜੀ ਵਾਰ : 1990
ਕਾਪੀਆਂ : 2000
ਮੁਲ : 16 ਰੁਪੈ 10 ਪੈਸੇ

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ
ਛਾਪਕ : ਬਰਜਿੰਦਰਾ ਪ੍ਰਿੰਟਰਜ਼, ਫਗਵਾੜਾ ਗੇਟ, ਜਲੰਧਰ
ਰਾਹੀਂ : ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ, ਚੰਡੀਗੜ੍ਹ

# ਦੋ ਸ਼ਬਦ

ਡਾ: ਭਾਈ ਜੋਧ ਸਿੰਘ ਗੁਰਮਤਿ ਦੇ ਮਹਾਨ ਗਿਆਤਾ ਸਨ। ਉਨ੍ਹਾਂ ਨੇ ਆਪਣੀ ਪੁਸਤਕ ਗੁਰਮਤਿ ਨਿਰਣਯ ਵਿਚ ਗੁਰਮਤਿ ਦੇ ਵੱਖ ਵੱਖ ਸਿਧਾਂਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਪ੍ਰਕਾਸ਼ ਦੁਆਰਾ ਵਿਸਥਾਰ ਵਿਚ ਲਿਖ ਕੇ ਪਾਠਕਾਂ ਦੀ ਸਮਝ ਗੋਚਰੇ ਕਰਨ ਦਾ ਉਪਰਾਲਾ ਕੀਤਾ ਹੈ। ਅਸਲ ਵਿਚ ਗੁਰਬਾਣੀ ਦੇ ਸਿਧਾਂਤਾਂ ਦੀ ਵਿਆਖਿਆ ਕਰਨੀ ਕੋਈ ਸੌਖਾ ਕਾਰਜ ਨਹੀਂ ਹੈ। ਇਸ ਲਈ ਭਾਈ ਜੋਧ ਸਿੰਘ ਜੀ ਨੇ ਇਹ ਪੁਸਤਕ ਲਿਖਣ ਸਮੇਂ ਦੋ ਪ੍ਰਸਿੱਧ ਵਿਦਵਾਨ ਵਿਅਕਤੀਆਂ ਤੋਂ ਵੀ ਅਗਵਾਈ ਪ੍ਰਾਪਤ ਕਰਨੀ ਯੋਗ ਸਮਝੀ, ਉਹ ਸਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਤੇ ਪ੍ਰੋ: ਸਾਹਿਬ ਸਿੰਘ। ਇਸ ਪੁਸਤਕ ਵਿਚ ਲੇਖਕ ਨੇ ਜੀਵਨ ਨੂੰ ਗੁਰਬਾਣੀ ਦੇ ਆਸ਼ੇ ਮੁਤਾਬਕ ਬਤੀਤ ਕਰਨ ਦੇ ਢੰਗਾਂ ਤੇ ਰੋਸ਼ਨੀ ਪਾਉਣ ਦਾ ਯਤਨ ਕੀਤਾ ਹੈ। ਉਨ੍ਹਾਂ ਨੇ ਸਿੱਖੀ ਦੇ ਸਿਧਾਂਤਾਂ ਦੀ ਵਿਆਖਿਆ ਕਰਦੇ ਹੋਏ ਹੋਰਨਾਂ ਧਰਮਾਂ ਦਾ ਵੀ ਜ਼ਿਕਰ ਕੀਤਾ ਹੈ ਤਾਂ ਕਿ ਟਾਕਰਾ ਕਰਕੇ ਗੁਰਬਾਣੀ ਦਾ ਸਿਧਾਂਤ ਸਪਸ਼ਟ ਕੀਤਾ ਜਾ ਸਕੇ। ਪੁਸਤਕ ਵਿਚ ਸਾਇੰਸ ਦੇ ਹਵਾਲੇ ਇਸ ਲਈ ਦਿੱਤੇ ਹਨ ਤਾਂ ਕਿ ਦੁਨੀਆਂ ਨੂੰ ਇਹ ਪਤਾ ਲੱਗ ਸਕੇ ਕਿ ਪਦਾਰਥਕ ਸੰਸਾਰ ਨਾਲੋਂ ਆਤਮਕ ਜਗਤ ਕਿਤਨਾ ਸੁੰਦਰ ਤੇ ਉੱਚਾ ਹੈ ਤੇ ਵਿਦਿਆ ਦੀ ਪਹੁੰਚ ਨਾਲੋਂ ਆਤਮਕ ਜੀਵਨ ਦੀ ਪਹੁੰਚ ਕਿਹੜੀਆਂ ਉਚਾਈਆਂ ਨੂੰ ਛੂੰਹਦੀ ਹੈ। ਗੁਰੂ ਜੀ ਦੇ ਸਿਧਾਂਤਾਂ ਨੂੰ ਸਮਝਣ ਲਈ ਇਹ ਪੁਸਤਕ ਹਰ ਪੱਖੋਂ ਸਹਾਈ ਸਾਬਤ ਹੁੰਦੀ ਹੈ। ਭਾਸ਼ਾ ਵਿਭਾਗ, ਪੰਜਾਬ ਇਸ ਨੂੰ ਪੁਸਤਕਾਂ ਦੇ ਪੁਨਰ ਪ੍ਰਕਾਸ਼ਨ ਦੀ ਸਕੀਮ ਅਧੀਨ ਮੁੜ ਛਪਵਾਉਣ ਦੀ ਖੁਸ਼ੀ ਲੈ ਰਿਹਾ ਹੈ। ਮੈਨੂੰ ਉਮੀਦ ਹੈ ਕਿ ਵਿਦਵਾਨ ਖੋਜੀ ਤੇ ਸਾਹਿਤਕਾਰ ਇਸ ਪੁਸਤਕ ਦਾ ਪੂਰਾ ਪੂਰਾ ਲਾਭ ਉਠਾਉਣਗੇ।

**ਰਾਜਿੰਦਰ ਸਿੰਘ**
ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

# ਤਰਤੀਬ



+12

+12

# ਭੂਮਿਕਾ

ਗੱਲ ਮੇਰੇ ਬਚਪਨ ਦੀ ਹੈ।

ਦੇਸ਼ ਅਜੇ ਨਵਾਂ ਨਵਾਂ ਹੀ ਸੁਤੰਤਰ ਹੋਇਆ ਸੀ। ਵਿਦਿਆ ਦਾ ਪਸਾਰ ਅਜੇ ਹੋਣ ਨਹੀਂ ਸੀ ਲੱਗਾ। ਫਲਸਰੂਪ ਪੰਜਾਬੀ ਪਾਠਕਾਂ ਦੇ ਦੋ ਵਰਗ ਬੜੇ ਪ੍ਰਤੱਖ ਸਨ। ਇਕ ਵਰਗ ਸੀ ਪੜੀ ਲਿਖੀ ਸ਼ਹਿਰੀ ਮੱਧ ਸ਼੍ਰੇਣੀ ਦਾ, ਜਿਸ ਦੀ ਸਾਹਿਤਕ ਭੁੱਖ ਦੀ ਤ੍ਰਿਪਤੀ ਨਾਵਲ, ਨਾਟਕ ਆਦਿ ਨਵੀਨ ਸਾਹਿਤ-ਰੂਪ ਪੜ੍ਹ ਕੇ ਹੁੰਦੀ ਸੀ। ਦੂਜਾ ਵਰਗ ਅਜਿਹੇ ਅੱਧਪੜ੍ਹ ਜਾਂ ਅਣਪੜ੍ਹ ਪੇਂਡੂ ਲੋਕਾਂ ਦਾ ਸੀ ਜਿਨ੍ਹਾਂ ਦੀ ਬੌਧਿਕ ਪੱਧਰ ਅਜੇ ਕਿੱਸਿਆਂ ਦੇ ਪਠਨ-ਪਾਠਨ ਤੱਕ ਹੀ ਸੀਮਿਤ ਸੀ। ਇਸ ਵਰਗ ਦੇ ਪਾਠਕਾਂ ਨਾਲ ਇਕ ਤਕੜੀ ਗਿਣਤੀ ਸਰੋਤਿਆਂ ਦੀ ਵੀ ਜੁੜੀ ਹੋਈ ਸੀ। ਜੇਠ-ਹਾੜ ਦੀਆਂ ਦੁਪਹਿਰਾਂ ਨੂੰ ਇਹ ਸਰੋਤਾਗਣ ਪਿੰਡ ਤੋਂ ਬਾਹਰ-ਬਾਰ ਟੋਭੇ ਦੇ ਕੰਢੇ ਪਿੱਪਲਾਂ ਅਤੇ ਬੋਹੜਾਂ ਦੀ ਸੰਘਣੀ ਛਾਵੇਂ ਜੁੜ ਬੈਠਦੇ, ਜਿੱਥੇ ਅੱਖਰ-ਬੱਧ ਪ੍ਰਾਪਤ ਕੋਈ ਵਿਅਕਤੀ ਮਿੱਠੀ ਅਤੇ ਸੁਰੀਲੀ ਹੇਕ ਵਿਚ ਕੋਈ ਕਿੱਸਾ ਪੜ੍ਹਕੇ ਸੁਣਾਉਂਦਾ। ਸਰੋਤੇ ਮੰਤਰ-ਮੁਗਧ ਬੈਠੇ ਸੁਣੀ ਜਾਂਦੇ ਅਤੇ ਪਤਾ ਵੀ ਨਾ ਲੱਗਦਾ ਕਿ ਜੇਠ-ਹਾੜ ਦੀ ਦੁਪਹਿਰ ਕਦੋਂ ਬਤੀਤ ਹੋ ਜਾਂਦੀ। ਸਿਆਲਾਂ ਦੀ ਰੁੱਤੇ ਪਿੰਡਾਂ ਵਿਚ ਕਵੀਸ਼ਰ ਆਉਂਦੇ, ਜਿਨ੍ਹਾਂ ਦੇ ਅਖਾੜੇ ਰਾਤਾਂ ਨੂੰ ਲੱਗਦੇ। ਖੇਸਾਂ ਦੀਆਂ ਬੁੱਕਲਾਂ ਮਾਰੀ ਬੈਠੇ ਸਰੋਤੇ ਅੱਧੀ ਅੱਧੀ ਰਾਤ ਤਕ ਕਵੀਸ਼ਰੀ ਦਾ ਅਨੰਦ ਮਾਣਦੇ ਰਹਿੰਦੇ ਅਤੇ ਕਵੀਸ਼ਰੀ ਦੇ ਨਿੱਘ ਵਿਚ ਸਿਆਲੇ ਦੀ ਠੰਢ ਪੌਂਹਦੀ ਤਕ ਨਾ। ਕਵੀਸ਼ਰੀ-ਅਖਾੜੇ ਦਾ ਅਜਿਹਾ ਸਿਲਸਿਲਾ ਕਈ ਕਈ ਰਾਤਾਂ ਤੱਕ ਚੱਲਦਾ ਰਹਿੰਦਾ। ਅਜਿਹੇ ਦ੍ਰਿਸ਼ ਉਦੋਂ ਮਾਲਵੇ ਦੇ ਹਰ ਪਿੰਡ ਵਿਚ ਦੇਖਣ ਨੂੰ ਮਿਲਦੇ ਸਨ।

ਇਨ੍ਹਾਂ ਕਵੀਸ਼ਰੀ-ਮੰਡਲੀਆਂ ਵਿਚ ਬੈਠਣ ਸਦਕਾ ਮਨ ਵਿੱਚ ਅਚੇਤ ਹੀ ਕਿੱਸਾ-ਕਾਵਿ ਪ੍ਰਤੀ ਮੋਹ ਉਤਪੰਨ ਹੋਇਆ ਜਿਸਦੇ ਫਲਸਰੂਪ ਮਨ ਵਿੱਚ ਸਦਾ ਹੀ ਇਸ ਕਾਵਿ-ਰੂਪ ਬਾਰੇ ਵਧੇਰੇ ਜਾਨਣ ਦੀ ਜਗਿਆਸਾ ਬਣੀ ਰਹੀ ! ਜਿਉਂ ਜਿਉਂ ਕਿੱਸਾ-ਕਾਵਿ ਬਾਰੇ ਗਿਆਨ ਪ੍ਰਾਪਤ ਕੀਤਾ, ਮੇਰੇ ਮਨ ਵਿਚ ਵਿਚਾਰ ਸੁਦ੍ਰਿੜ੍ਹ ਹੁੰਦਾ ਗਿਆ ਕਿ ਪੰਜਾਬੀ ਸਾਹਿਤ ਦੇ ਇਤਿਹਾਸਕਾਰ ਵਿਦਵਾਨਾਂ ਨੇ ਕਿੱਸਾਕਾਰਾਂ, ਅਤੇ ਵਿਸ਼ੇਸ਼ ਕਰਕੇ ਮਲਵਈ ਕਿੱਸਾਕਾਰਾਂ, ਨਾਲ ਇਨਸਾਫ਼ ਨਹੀਂ ਕੀਤਾ। ਅਨੇਕਾਂ ਐਸੇ ਕਿੱਸਾਕਾਰ

ਸਨ ਜਿਨ੍ਹਾਂ ਦੀਆਂ ਰਚਨਾਵਾਂ ਕਵੀਸ਼ਰਾਂ/ਗੁਮੰਤਰੀਆਂ ਪਾਸੋਂ ਸੁਣੀਆਂ ਸਨ ਜਾਂ ਕਿੱਸਿਆਂ ਦੇ ਰੂਪ ਵਿਚ ਪ੍ਰਕਾਸ਼ਿਤ ਹੋਈਆਂ ਪੜ੍ਹੀਆਂ ਸਨ ਪਰ ਪੰਜਾਬੀ ਸਾਹਿਤ ਦੇ ਕਿਸੇ ਵੀ ਇਤਿਹਾਸ ਵਿਚ ਇਨ੍ਹਾਂ ਕਿੱਸਾਕਾਰਾਂ ਬਾਰੇ ਕੋਈ ਸ਼ਬਦ ਨਹੀਂ ਸੀ ਲਿਖਿਆ ਮਿਲਦਾ। ਫਲਸਰੂਪ ਪੰਜਾਬੀ ਸਾਹਿਤ ਦੇ ਪਾਠਕਾਂ ਨੂੰ ਮਾਲਵੇ ਦੇ ਅਣਜਾਣੇ ਅਤੇ ਅਣਗੌਲੇ ਕਿੱਸਾਕਾਰਾਂ ਨਾਲ ਪ੍ਰੀਚਿਤ ਕਰਵਾਉਣ ਅਤੇ ਇਸ ਖੇਤਰ ਦੀ ਸਮੱਗਰ ਕਿੱਸਾ-ਕਾਵਿ ਦੇਣ ਦਾ ਮੁੱਲਾਂਕਣ ਕਰਨ ਲਈ ''ਮਾਲਵੇ ਦਾ ਕਿੱਸਾ-ਕਾਵਿ (1850 ਤੋਂ 1950 ਈਸਵੀਂ ਤਕ)'' ਵਿਸ਼ੇ ਨੂੰ ਪੀ-ਐਚ. ਡੀ. ਦੀ ਉਪਾਧੀ ਲਈ ਸ਼ੋਧ-ਪ੍ਰਬੰਧ ਲਿਖਣ ਲਈ ਚੁਣਿਆ ਅਤੇ ਇਸ ਮਨੋਰਥ ਹਿੱਤ ਮਾਲਵੇ ਦੇ ਲਗਭੱਗ ਤਿੰਨ ਸੌ ਛੋਟੇ ਵੱਡੇ ਕਿੱਸਾਕਾਰਾਂ ਅਤੇ ਉਨ੍ਹਾਂ ਦੀਆਂ ਇਕ ਹਜ਼ਾਰ ਤੋਂ ਵੱਧ ਪ੍ਰਕਾਸ਼ਿਤ-ਅਣਪ੍ਰਕਾਸ਼ਿਤ ਰਚਨਾਵਾਂ ਬਾਰੇ ਜਾਣਕਾਰੀ ਇਕੱਤਰ ਕਰਨ ਵਿਚ ਸਫ਼ਲਤਾ ਪ੍ਰਾਪਤ ਕੀਤੀ।

ਪੰਜਾਬੀ ਕਿੱਸਾ-ਸਾਹਿਤ ਦੇ ਭੰਡਾਰ ਵਿਚ ਮਲਵਈ ਕਿੱਸਾਕਾਰਾਂ ਦੁਆਰਾ ਪਾਏ ਯੋਗਦਾਨ ਦਾ ਵੇਰਵਾ ਤਿਆਰ ਕਰਕੇ ਉਸਦਾ ਲੇਖਾ ਜੋਖਾ ਕਰਨ ਦਾ, ਬੇਸ਼ੱਕ, ਇਹ ਪਹਿਲਾ ਨਿਮਾਣਾ ਜਿਹਾ ਉਪਰਾਲਾ ਸੀ ਪਰ ਮਲਵਈ ਕਿੱਸਾਕਾਰਾਂ ਨੂੰ ਵਿਅਕਤੀਗਤ ਰੂਪ ਵਿਚ ਖੋਜੇ ਪੜਚੋਲੇ ਜਾਣ ਦਾ ਕਾਰਜ ਇਸ ਤੋਂ ਢੇਰ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਸੀ। ਇਸ ਦਾ ਆਰੰਭ ਸ. ਪਿਆਰਾ ਸਿੰਘ ਪਦਮ ਨੇ ''ਹੀਰ ਭਗਵਾਨ ਸਿੰਘ'' (1958) ਅਤੇ ''ਸਾਧੂ ਈਸ਼ਰ ਦਾਸ'' ਲਿਖ ਕੇ ਕੀਤਾ। ਇਸ ਪੱਖੋਂ ਮਹੱਤਵਪੂਰਨ ਕਾਰਜ ਮਾਲਵੇ ਦੀ ਪ੍ਰਸਿੱਧ ਅਤੇ ਸਾਹਿਤਕ ਖੇਤਰ ਵਿਚ ਕ੍ਰਿਆਸ਼ੀਲ ਸੰਸਥਾ ਪੰਜਾਬੀ ਸਾਹਿਤ ਸਭਾ, ਬਰਨਾਲਾ ਨੇ ਕੀਤਾ, ਜਿਸਨੇ ਮਾਲਵਾ ਖੇਤਰ ਦੇ ਅਣਗੌਲੇ ਪਰ ਮਹੱਤਵਪੂਰਨ ਦੇਣ ਵਾਲੇ ਕਿੱਸਾ-ਕਵੀਆਂ ਬਾਰੇ ਜਾਣਕਾਰੀ ਵਿਦਵਾਨਾਂ/ਪਾਠਕਾਂ ਤਕ ਪਹੁੰਚਾਉਣ ਦੇ ਆਪਣੇ ਦਾਇਤਵ ਨੂੰ ਭਲੀ ਭਾਂਤ ਨਿਭਾਉਣ ਲਈ ਇੱਕ ਵਿਸ਼ਾਲ ਯੋਜਨਾ ਉਲੀਕੀ। ਇਸ ਯੋਜਨਾ ਅਧੀਨ ਸਭਾ ਦੀ ਪਹਿਲੀ ਪ੍ਰਕਾਸ਼ਨਾ ਪ੍ਰੋ. ਸ. ਸ. ਪਦਮ ਦੁਆਰਾ ਸੰਪਾਦਿਤ ''ਭਗਵਾਨ ਸਿੰਘ ਰਚਨਾਵਲੀ'' (1961) ਸੀ। ਵਿਦਵਾਨ ਸੰਪਾਦਕ ਨੇ ਪੁਸਤਕ ਵਿਚ ਕਵੀ ਦੇ ਪ੍ਰਮਾਣ-ਆਧਾਰਿਤ ਜੀਵਨ-ਸਮਾਚਾਰ ਅੰਕਿਤ ਕਰਨ ਦੇ ਨਾਲ ਨਾਲ ਉਸਦੀ ਸਮੁੱਚੀ ਰਚਨਾ ਨੂੰ ਇੱਕ ਥਾਂ ਪ੍ਰਕਾਸ਼ਿਤ ਕਰਨ ਦਾ ਸ਼ਲਾਘਾਯੋਗ ਉਪਰਾਲਾ ਕੀਤਾ। ਪੰਜਾਬੀ ਸਾਹਿਤ ਸਭਾ, ਬਰਨਾਲਾ ਦੀ ਇਸ ਹੀ ਲੜੀ ਦੀ ਦੂਜੀ ਪੁਸਤਕ ਸ੍ਰੀ ਸੁਰਜੀਤ ਸਿੰਘ ਐਮ. ਏ. ਲਿਖਤ ''ਸਾਧੂ ਸਦਾ ਰਾਮ ਅਧਿਐਨ'' (1962) ਸੀ ਜਿਸ ਵਿੱਚ ਕਵੀ ਦਾ ਜੀਵਨ, ਉਸਦੀਆਂ ਰਚਨਾਵਾਂ ਦਾ ਵੇਰਵਾ ਅਤੇ ਕਾਵਿ-ਦੇਣ ਦਾ ਮੁਲਾਂਕਣ ਕੀਤਾ ਗਿਆ। ਇਉਂ ਇਸ ਸਭਾ ਦੇ ਉੱਦਮ ਨਾਲ ਸਾਹਿਤਕ ਹਲਕਿਆਂ ਵਿਚ ਮਾਲਵੇ ਦੇ ਕਿੱਸਾ-ਕਵੀਆਂ ਦੀ ਚਰਚਾ ਸ਼ੁਰੂ ਹੋਈ ਅਤੇ ਇਸ ਖੇਤਰ ਦੇ ਵਿਦਵਾਨਾਂ ਦੇ ਮਨਾਂ ਵਿਚ ਆਪਣੇ ਇਲਾਕੇ ਦੇ ਭੁੱਲੇ ਵਿਸਰੇ ਕਵੀਆਂ ਨੂੰ ਪ੍ਰਕਾਸ਼ ਵਿਚ ਲਿਆਉਣ ਦੀ ਚੇਤੰਨਤਾ ਉਤਪੰਨ ਹੋਈ। ਫਲਸਰੂਪ ''ਮਲਕੀ ਕ੍ਰਿਤ ਸੰਤ ਧਿਆਨ ਸਿੰਘ'' (1974) (ਸੰ: ਪ੍ਰੋ. ਕਰਮ ਸਿੰਘ ਆਦਿ), ''ਮਨੀ ਰਾਮ ਰਚਨਵਲੀ'' (1975) (ਸੰ: ਡਾ. ਅਮਰ ਕੋਮਲ), ''ਇਬਰੇ ਦਾ ਮਿਰਜ਼ਾ'' (1976) (ਸ: ਗੁਰਚਰਨ ਸਿੰਘ ਸੇਕ), ''ਸੋਹਣੀ ਮਹੀਂਵਾਲ ਕ੍ਰਿਤ ਨਿਧਾਨ ਸਿੰਘ'' (1980) (ਸੰ: ਨੱਥਾ ਸਿੰਘ ਭੂਰੀ ਵਾਲਾ), ''ਇਸ਼ਕ ਝਨਾਂ ਦਾ'' ਕ੍ਰਿਤ ਵੈਦ ਇੰਦਰ ਸਿੰਘ (1983) (ਸੰ: ਪੋ. ਗਰਬਚਨ ਸਿੰਘ) ਆਦਿ ਪੁਸਤਕਾਂ ਦੀ ਪ੍ਰਕਾਸ਼ਨਾ ਹੋਈ। ਪੰਜਾਬ ਦੀਆਂ ਯੂਨੀਵਰਸਿਟੀਆਂ

ਵਿਚੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ''ਭਗਵਾਨ ਸਿੰਘ'' (1970)(ਲੇਖਕ : ਡਾ. ਗੁਰਦੇਵ ਸਿੰਘ) ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ''ਚੋਣਵੇਂ ਕਿੱਸੇ ਕ੍ਰਿਤ ਕਵੀ ਪੂਰਨ ਰਾਮ''(1974) (ਸੰ: ਡਾ: ਪਿਆਰ ਸਿੰਘ, ਸ੍ਰੀ ਧਰਮ ਸਿੰਘ ਅਤੇ ਇਹ ਲੇਖਕ) ਲਿਖਵਾ/ਛਪਵਾ ਕੇ ਇਸ ਕਾਰਜ ਨੂੰ ਅੱਗੇ ਵਧਾਇਆ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਮਾਰਚ, 1979 ਵਿਚ ''ਮਾਲਵੇ ਦੀ ਕਵੀਸ਼ਰੀ ਪਰੰਪਰਾ'' ਬਾਰੇ ਇਕ ਸੈਮੀਨਾਰ ਕਰਵਾ ਕੇ ਉੱਚ ਅਕਾਦਮਿਕ ਹਲਕਿਆਂ ਵਿਚ ਮਾਲਵੇ ਦੇ ਕਿੱਸਾ-ਸਾਹਿੱਤ ਬਾਰੇ ਚਰਚਾ ਛੇੜਣ ਲਈ ਮਹੱਤਵਪੂਰਨ ਉਪਰਾਲਾ ਕੀਤਾ।[1]

ਪੰਜਾਬੀ ਦੀ ਉੱਚ-ਸੱਤਰੀ ਪ੍ਰੀਖਿਆ ਅਤੇ ਖੋਜ-ਉਪਾਧੀ ਲਈ ਖੋਜ-ਨਿਬੰਧ ਲਿਖੇ ਜਾਣ ਦੀ ਵਿਵਸਥਾ ਹੋਣ ਨਾਲ ਵੀ ਕੁਝ ਮਲਵਈ ਕਿੱਸਾਕਾਰਾਂ ਬਾਰੇ ਖੋਜ ਕਾਰਜ ਹੋਇਆ ਹੈ। ਇਸ ਖੇਤਰ ਵਿਚ ਪਹਿਲ ਕਰਨ ਦਾ ਮਾਣ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਜਾਂਦਾ ਹੈ ਜਿਸ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਐਮ. ਏ. ਪੰਜਾਬੀ (ਭਾਗ ਦੂਜਾ) ਦੀ ਪ੍ਰੀਖਿਆ ਵਿਚ ਪੇਸ਼ ਕਰਨ ਲਈ 1967 ਈ: ਵਿਚ ''ਕਿੱਸਾਕਾਰ ਸੁੰਦਰ ਦਾਸ ਰਚਿਤ ਹੀਰ'' (ਰਚਨਾ 1893 ਈ:) ਦੇ ਸੰਪਾਦਨ ਦਾ ਕਾਰਜ ਕੀਤਾ। ਇਸ ਲੜੀ ਵਿੱਚ ਕੀਤੇ ਗਏ ਕੁੱਝ ਹੋਰ ਕਾਰਜ ''ਹੀਰ ਬੰਸੀਵਾਲ ਦੀ ਭੂਮਿਕਾ ਅਤੇ ਸੰਪਾਦਨਾ'' (ਸ੍ਰੀਮਤੀ ਪ੍ਰਕਾਸ਼ ਕੌਰ ਦੁਆਰਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਐਮ. ਏ. ਪੰਜਾਬੀ (ਭਾਗ ਦੂਜਾ) ਦੀ ਪ੍ਰੀਖਿਆ ਲਈ ਪੇਸ਼ ਕੀਤਾ ਖੋਜ-ਨਿਬੰਧ, 1967), ''ਸਾਧੂ ਦਯਾ ਸਿੰਘ ਆਰਿਫ਼'' (ਸ੍ਰੀ ਆਤਮਾ ਸਿੰਘ ਵੱਲੋਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਐਮ.ਏ. ਪੰਜਾਬੀ (ਭਾਗ ਦੂਜਾ) ਦੀ ਪ੍ਰੀਖਿਆ ਲਈ ਪੇਸ਼ ਕੀਤਾ ਖੋਜ-ਨਿਬੰਧ, 1969), ''ਭਗਵਾਨ ਸਿੰਘ ਦੀ ਕਵਿਤਾ : ਇੱਕ ਅਧਿਐਨ'' (ਸ੍ਰੀ ਅਜਮੇਰ ਸਿੰਘ ਵੱਲੋਂ ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ ਦੀ ਐਮ. ਏ. ਪੰਜਾਬੀ (ਭਾਗ ਦੂਜਾ) ਦੀ ਪ੍ਰੀਖਿਆ ਲਈ ਪੇਸ਼ ਕੀਤਾ ਖੋਜ ਨਿਬੰਧ, 1969) ''ਕਰਨੈਲ ਸਿੰਘ ਰਾਮੂਵਾਲੀਆ ਦੀ ਕਵਿਤਾ'' (ਸ੍ਰੀਮਤੀ ਕਰਮਜੀਤ ਕੌਰ ਦੁਆਰਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਐਮ. ਏ. ਪੰਜਾਬੀ (ਭਾਗ ਦੂਜਾ) ਦੀ ਪ੍ਰੀਖਿਆ ਲਈ ਪੇਸ਼ ਕੀਤਾ ਖੋਜ ਨਿਬੰਧ, 1973) ''ਪੰਡਤ ਪੂਰਨ ਚੰਦ ਦੇ ਪੌਰਾਣਿਕ ਕਿੱਸੇ'' (ਸ੍ਰੀ ਬਲਬੀਰ ਸਿੰਘ ਸਿੱਧੂ ਦੁਆਰਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਐਮ. ਏ. ਪੰਜਾਬੀ (ਭਾਗ ਦੂਜਾ) ਦੀ ਪ੍ਰੀਖਿਆ ਲਈ ਪੇਸ਼ ਕੀਤਾ ਖੋਜ, ਨਿਬੰਧ, 1974)'' ''ਕਿੱਸਾਕਾਰ ਦੌਲਤ ਰਾਮ'' (ਸ੍ਰੀਮਤੀ ਰਛਪਾਲ ਕੌਰ ਦੁਆਰਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਐਮ.ਏ. ਪੰਜਾਬੀ (ਭਾਗ ਦੂਜਾ) ਦੀ ਪ੍ਰੀਖਿਆ ਲਈ ਪੇਸ਼ ਕੀਤਾ ਖੋਜ-ਨਿਬੰਧ,1975)''ਕਿੱਸਾਕਾਰ ਭਗਵਾਨ ਸਿੰਘ— ਇਕ ਆਲੋਚਨਾਤਮਕ ਅਧਿਐਨ'' (ਸ੍ਰੀ ਸੁਖਜਿੰਦਰ ਸਿੰਘ ਦੁਆਰਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਐਮ. ਏ. (ਪੰਜਾਬੀ) (ਭਾਗ ਦੂਜਾ) ਦੀ ਪ੍ਰੀਖਿਆ ਲਈ ਪੇਸ਼ ਕੀਤਾ ਖੋਜ ਨਿਬੰਧ, 1977) ''ਲੋਕ ਕਵੀ ਬਾਬੂ ਰਜਬ

---

[1] ਇਸ ਸੈਮੀਨਾਰ ਵਿਚ ਪੜ੍ਹੇ ਗਏ ਪਰਚਿਆਂ ਅਤੇ 20 ਮਲਵਈ ਕਵੀਸ਼ਰਾਂ ਦੀ ਚੋਣਵੀਂ ਕਾਵਿ-ਰਚਨਾ ਉੱਤੇ ਆਧਾਰਿਤ ਪੁਸਤਕ ''ਮਾਲਵੇ ਦੀ ਕਵੀਸ਼ਰੀ ਪਰੰਪਰਾ'' (1988) ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਿਤ ਹੋ ਚੁੱਕੀ ਹੈ।

ਅਲੀ ਦੇ ਧਾਰਮਿਕ ਕਿੱਸਿਆਂ ਦਾ ਆਲੋਚਨਾਤਮਿਕ ਅਧਿਐਨ'' (ਸ੍ਰੀ ਰੁਲੀਆ ਸਿੰਘ ਦੁਆਰਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਐਮ. ਲਿਟ ਦੀ ਡਿਗਰੀ ਲਈ ਪੇਸ਼ ਕੀਤਾ ਗਿਆ ਸ਼ੋਧ-ਪ੍ਰਬੰਧ, 1975) ''ਪ੍ਰਤੀਨਿੱਧ ਕਿੱਸਾਕਾਰ ਕਿਸ਼ੋਰ ਚੰਦ – ਇਕ ਅਧਿਐਨ'' (ਸ੍ਰੀਮਤੀ ਬਲਜੀਤ ਕੌਰ ਗਰੇਵਾਲ ਦੁਆਰਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਐਮ. ਲਿਟ ਦੀ ਡਿਗਰੀ ਲਈ ਪੇਸ਼ ਕੀਤਾ ਗਿਆ ਸ਼ੋਧ-ਪ੍ਰਬੰਧ, 1976) ''ਕਿੱਸਾਕਾਰ ਰਣ ਸਿੰਘ – ਇਕ ਅਧਿਐਨ'' (ਸ੍ਰੀ ਰਵਿੰਦਰ ਸਿੰਘ ਦੁਆਰਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਐਮ. ਲਿਟ. ਦੀ ਡਿਗਰੀ ਲਈ ਪੇਸ਼ ਕੀਤਾ ਗਿਆ ਸ਼ੋਧ-ਪ੍ਰਬੰਧ, 1977), ''ਕਿੱਸਾਕਾਰ ਕਾਂਸ਼ੀ ਰਾਮ ਨਮੋਲ'' (ਸ੍ਰੀ ਹਰਿੰਦਰ ਸਿੰਘ ਦੁਆਰਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਐਮ. ਲਿਟ. ਦੀ ਡਿਗਰੀ ਪੇਸ਼ ਕੀਤਾ ਗਿਆ ਸ਼ੋਧ-ਪ੍ਰਬੰਧ, 1978) ਆਦਿ ਹਨ। ਸ੍ਰੀ ਲਾਭ ਸਿੰਘ ਨੇ 'ਪੰਜਾਬੀ ਕਵੀਸ਼ਰੀ ਦਾ ਰੂਪਕ ਵਿਵੇਚਨ'' (ਮਲਵਈ ਪਰੰਪਰਾ ਦੇ ਸੰਦਰਭ 'ਚ), ਖੋਜ-ਪ੍ਰਬੰਧ (1988) ਲਿਖਕੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪੀ-ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ ਹੈ। ਇਸ ਤੋਂ ਬਿਨਾਂ ''ਜ਼ਿਲ੍ਹਾ ਫੀਰੋਜ਼ਪੁਰ ਦੀ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਦੇਣ'' (ਸ੍ਰੀ ਆਤਮਾ ਸਿੰਘ ਦੁਆਰਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੂੰ ਪੀ-ਐਚ. ਡੀ. ਦੀ ਡਿਗਰੀ ਲਈ ਪੇਸ਼ ਕੀਤਾ ਗਿਆ ਸ਼ੋਧ-ਪ੍ਰਬੰਧ, 1974) ''ਮਾਲਵੇ ਦਾ ਲੋਕ-ਸਾਹਿਤ : ਇੱਕ ਆਲੋਚਨਾਤਮਿਕ ਅਧਿਐਨ'' (ਸ੍ਰੀ ਮਹਿੰਦਰ ਸਿੰਘ ਬਿਰਦੀ ਦੁਆਰਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਪੀ-ਐਚ.ਡੀ. ਦੀ ਡਿਗਰੀ ਲਈ ਪੇਸ਼ ਕੀਤਾ ਗਿਆ ਖੋਜ-ਪ੍ਰਬੰਧ, 1982) ''ਜ਼ਿਲ੍ਹਾ ਬਠਿੰਡਾ ਦਾ ਪੰਜਾਬੀ ਸਾਹਿਤ'' (ਸ੍ਰੀ ਮਹਿੰਦਰ ਸਿੰਘ ਬਿਰਦੀ ਦੁਆਰਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਐਮ. ਲਿਟ ਦੀ ਡਿਗਰੀ ਵਾਸਤੇ ਪੇਸ਼ ਕੀਤਾ ਗਿਆ ਖੋਜ-ਪ੍ਰਬੰਧ, 1974) ਅਤੇ ''ਪੁਰਾਣੀ ਰਿਆਸਤ ਫਰੀਦਕੋਟ ਦੀ ਪੰਜਾਬੀ ਸਾਹਿਤ ਨੂੰ ਦੇਣ'' (ਸ੍ਰੀ ਮਹਿੰਦਰ ਸਿੰਘ ਬਿਰਦੀ ਦੁਆਰਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਐਮ. ਏ. ਪੰਜਾਬੀ (ਭਾਗ ਦੂਜਾ) ਦੀ ਪ੍ਰੀਖਿਆ ਲਈ ਪੇਸ਼ ਕੀਤਾ ਗਿਆ ਖੋਜ-ਨਿਬੰਧ, 1969) ਵਿਚ ਵੀ ਮਾਲਵੇ ਦੇ ਕਿੱਸਾ-ਸਾਹਿਤ ਅਤੇ ਕਿੱਸਾਕਾਰਾਂ ਬਾਰੇ ਵਿਚਾਰ ਕੀਤਾ ਗਿਆ ਹੈ। ਇਸ ਉਪਰਾਲੇ ਵਿਚੋਂ ਸ੍ਰੀ ਆਤਮਾ ਸਿੰਘ (ਆਮ ਪ੍ਰਚੱਲਤ ਨਾਉਂ ਸ੍ਰੀ ਆਤਮ ਹਮਰਾਹੀ) ਦੀ ਰਚਨਾ ''ਸਾਧੂ ਦਯਾ ਸਿੰਘ ਆਰਿਫ਼'' ਅਤੇ ਸ੍ਰੀ ਅਜਮੇਰ ਸਿੰਘ ਕ੍ਰਿਤ ''ਭਗਵਾਨ ਸਿੰਘ ਦੀ ਕਵਿਤਾ : ਇੱਕ ਅਧਿਐਨ'' ਪੁਸਤਕ ਰੂਪ ਵਿੱਚ ਪ੍ਰਕਾਸ਼ਿਤ ਉਪਲਬਦ ਹਨ।

ਮਾਲਵੇ ਦੇ ਕਿੱਸਾ-ਸਾਹਿਤ ਦੀ ਖੋਜ-ਪੜਚੋਲ ਸਬੰਧੀ ਕੀਤੇ ਉਪਰੋਕਤ ਯਤਨ ਦੋ ਵੰਨਗੀਆਂ ਦੇ ਹਨ। ਪਹਿਲੀ ਵੰਨਗੀ ਦੀਆਂ ਪੁਸਤਕਾਂ ਵਿਚ ਕਿਸੇ ਕਿੱਸਾਕਾਰ ਅਤੇ ਉਸ ਦੀਆਂ ਰਚਨਾਵਾਂ ਬਾਰੇ ਜਾਣ-ਪਛਾਣ ਕਰਵਾਕੇ ਉਸਦੀ ਕਾਵਿ-ਦੇਣ ਦਾ ਮੁੱਲਾਂਕਣ ਕੀਤਾ ਗਿਆ ਹੈ ਅਤੇ ਦੂਜੀ ਵੰਨਗੀ ਦੀਆਂ ਪੁਸਤਕਾਂ ਵਿਚ ਕਵੀ ਬਾਰੇ ਜਾਣਕਾਰੀ ਦੇਣ ਦੇ ਨਾਲ ਉਸ ਦੀਆਂ ਰਚਨਾਵਾਂ ਦਾ ਪਾਠ ਸ਼ਾਮਲ ਕੀਤਾ ਗਿਆ ਹੈ। ਮਾਲਵੇ ਦੇ ਕਿੱਸਾ ਸਾਹਿਤ ਦੀ ਸਾਂਭ-ਸੰਭਾਲ ਅਤੇ ਮੁੱਲਾਂਕਣ ਦੀ ਦ੍ਰਿਸ਼ਟੀ ਤੋਂ ਦੋਹਾਂ ਵੰਨਗੀਆਂ ਦੇ ਉਪਰਾਲੇ ਜ਼ਰੂਰੀ ਅਤੇ ਸਲਾਹੁਣ-ਯੋਗ ਹਨ। ਇਸ ਵਿਸ਼ੇ ਬਾਰੇ ਖੋਜ ਕਰਨ ਵਾਲੇ ਹਰ ਖੋਜੀ ਵਿਦਵਾਨ ਨੂੰ ਉਨ੍ਹਾਂ ਔਕੜਾਂ ਵਿਚ ਦੀ ਗੁਜ਼ਰਨਾ ਪਿਆ ਹੈ, ਜਿਹੜੀਆਂ ਜਨ-ਹਿਰਦੇ ਦੀ ਝੀਲ ਵਿਚੋਂ ਲੋਕ-ਸਾਹਿਤ ਜਾਂ ਲੋਕ-ਪ੍ਰਿਯ ਸਾਹਿਤ ਰੂਪੀ ਮੋਤੀਆਂ ਦੀ ਚੋਗ ਢੂੰਡਣ ਵਾਲੇ ਹਰ ਹੰਸ ਰੂਪੀ ਖੋਜੀ ਨੂੰ ਵਿਆਪਦੀਆਂ ਹਨ।

ਬਦਲੀਆਂ ਪਰਿਸਥਿਤੀਆਂ ਕਾਰਨ ਮਲਵਈ ਕਿੱਸਾਕਾਰਾਂ ਦੇ ਛਪੇ ਹੋਏ ਕਿੱਸਿਆਂ ਦੀ ਪ੍ਰਾਪਤੀ ਹੁਣ ਸੁਲੱਭ ਨਹੀਂ। ਵੀਹਵੀਂ ਸਦੀ ਵਿਚ ਨਵੀਨ ਸਾਹਿਤ-ਰੂਪਾਂ ਵੱਲ ਧਿਆਨ ਕੇਂਦਰਿਤ ਹੋ ਜਾਣ ਅਤੇ ਧਾਰਮਿਕ ਪੁਨਰ-ਜਾਗ੍ਰਿਤੀ ਦੀ ਭਾਵਨਾ ਕਾਰਨ ਕਿੱਸਾ-ਕਾਵਿ ਨੂੰ ਨਿਮਨ ਪੱਧਰ ਦੀ ਰਚਨਾ ਮੰਨ ਲੈਣ ਦੀ ਰੁਚੀ ਕਾਰਨ ਇਨ੍ਹਾਂ ਨੂੰ ਸਾਂਭਣ ਦੀ ਲੋੜ ਨਹੀਂ ਸਮਝੀ ਗਈ। ਸਿੱਟੇ ਵੱਜੋਂ ਅੱਜ ਸਾਡੀਆਂ ਲਾਇਬ੍ਰੇਰੀਆਂ ਵਿਚ ਪ੍ਰਾਪਤ ਮਲਵਈ ਕਿੱਸਾਕਾਰਾਂ ਦੁਆਰਾ ਰਚੇ ਕਿੱਸੇ ਇਸ ਖੇਤਰ ਦੀਆਂ ਕਿੱਸਾ-ਰਚਨਾਵਾਂ ਵਿਚੋਂ ਆਟੇ ਵਿਚ ਲੂਣ ਸਮਾਨ ਹੀ ਹਨ। ਬਾਕੀ ਦੇ ਵਿਸ਼ਾਲ ਭੰਡਾਰ ਤੱਕ ਪਹੁੰਚ ਕਰਨ ਲਈ ਕਿੱਸੇ ਛਾਪਣ ਅਤੇ ਵੇਚਣ ਵਾਲੀਆਂ ਪੁਰਾਤਨ ਦੁਕਾਨਾਂ ਮਹੱਤਵਪੂਰਨ ਸੋਮਾ ਹਨ ਪਰ ਇਨ੍ਹਾਂ ਵਿਚੋਂ ਬਹੁਤੀਆਂ ਲਾਹੌਰ (ਪੱਛਮੀ ਪਾਕਿਸਤਾਨ) ਵਿਚ ਹੋਣ ਕਾਰਨ ਹੁਣ ਇਨ੍ਹਾਂ ਤਕ ਪਹੁੰਚ ਸੰਭਵ ਨਹੀਂ। ਏਧਰ ਅੰਮ੍ਰਿਤਸਰ, ਲੁਧਿਆਣਾ, ਪਟਿਆਲਾ ਆਦਿ ਸਥਿਤ ਪੁਰਾਤਨ ਪ੍ਰਕਾਸ਼ਕਾਂ ਨੇ ਕਿੱਸਿਆਂ ਦੀ ਦਿਨੋਂ ਦਿਨ ਘੱਟ ਰਹੀ ਲੋਕ-ਪ੍ਰਿਯਤਾ ਨੂੰ ਵੇਖ ਕੇ ਕਿੱਸਿਆਂ ਦੀ ਥਾਂ ਨਵੇਂ ਸਾਹਿਤ-ਰੂਪ ਛਾਪਣੇ ਸ਼ੁਰੂ ਕਰ ਦਿੱਤੇ ਹਨ। ਪੁਰਾਣੇ ਕਿੱਸਿਆਂ ਦੇ ਢੇਰ ਇਨ੍ਹਾਂ ਦੁਕਾਨਾਂ ਦੇ ਗੁਦਾਮਾਂ ਵਿਚ ਪਏ ਸਿਉਂਕ ਦੀ ਖੁਰਾਕ ਬਣ ਚੁੱਕੇ ਹਨ।

ਮਲਵਈ ਕਿੱਸਾਕਾਰਾਂ ਦੀਆਂ ਅਣਪ੍ਰਕਾਸ਼ਿਤ ਰਚਨਾਵਾਂ ਦੀ ਗਿਣਤੀ ਜੇ ਪ੍ਰਕਾਸ਼ਿਤ ਰਚਨਾਵਾਂ ਦੀ ਗਿਣਤੀ ਤੋਂ ਵੱਧ ਨਹੀਂ, ਤਾਂ ਉਨ੍ਹਾਂ ਦੇ ਸਮਾਨ ਜ਼ਰੂਰ ਹੋਵੇਗੀ। ਇਸ ਖੇਤਰ ਵਿਚ ਕਿੱਸਾਕਾਰੀ ਅਤੇ ਕਵੀਸ਼ਰੀ ਦਾ ਸਮਨਵਯ ਹੋਣ ਕਾਰਨ ਮਲਵਈ ਕਿੱਸਾਕਾਰ ਆਪਣੀਆਂ ਰਚਨਾਵਾਂ ਆਪ ਜਾਂ ਆਪਣੇ ਚੇਲਿਆਂ ਦੁਆਰਾ ਗਾਏ ਜਾਣ ਲਈ ਰਚਦੇ ਸਨ। ਜਿਹੜੀ ਰਚਨਾ ਪ੍ਰਕਾਸ਼ਿਤ ਕਿੱਸੇ ਦੇ ਰੂਪ ਵਿੱਚ ਪਾਠਕਾਂ ਦੇ ਹੱਥਾਂ ਤਕ ਪੁੱਜ ਜਾਂਦੀ, ਉਸ ਨੂੰ ਕਵੀਸ਼ਰਾਂ ਦੇ ਮੂੰਹੋਂ ਗਾਇਨ ਰੂਪ ਵਿਚ ਸੁਣਨ ਲਈ ਸਰੋਤਿਆਂ ਦੀ ਦਿਲਚਸਪੀ ਕੁਦਰਤੀ ਹੀ ਘੱਟ ਜਾਂਦੀ। ਸਿੱਟੇ ਵਜੋਂ ਬਹੁਤੇ ਕਿੱਸਾਕਾਰ ਆਪਣੀਆਂ ਰਚਨਾਵਾਂ ਨੂੰ ਛਾਪੇਖਾਨੇ ਦਾ ਮੂੰਹ ਨਾ ਵਿਖਾਉਂਦੇ। ਇਉਂ ਇਨ੍ਹਾਂ ਗੁਮੰਤਰੀ ਅਥਵਾ ਕਵੀਸ਼ਰ-ਕਿੱਸਾਕਾਰਾਂ ਦੀਆਂ ਹੱਥ-ਲਿਖਤ ਰਚਨਾਵਾਂ ਨੂੰ ਥਾਂ-ਕੁਥਾਂ ਪਿਆਂ ਸਿਉਂਕ ਖਾ ਗਈ ਜਾਂ ਉਹ ਪਾਟ ਗਈਆਂ। ਕਈ ਵਾਰ ਕਿੱਸਾਕਾਰਾਂ ਦੇ ਬੇਸਮਝ ਵਾਰਸਾਂ ਨੇ ਅਜਿਹੀਆਂ ਰਚਨਾਵਾਂ ਦੀ ਮਹੱਤਾ ਨੂੰ ਨਾ ਸਮਝਦਿਆਂ ਇਨ੍ਹਾਂ ਨੂੰ ਰੱਦੀ ਦਾ ਢੇਰ ਸਮਝ ਅਗਨ ਭੇਟ ਕਰਕੇ ਜਾਂ ਕਿਸੇ ਹੋਰ ਵਿਧੀ ਨਾਲ ਨਸ਼ਟ ਕਰਨ ਤੋਂ ਵੀ ਸੰਕੋਚ ਨਾ ਕੀਤਾ।

ਪੰਜਾਹਵਿਆਂ ਤਕ ਆਉਂਦਿਆਂ ਕਿੱਸਾ-ਕਾਵਿ ਦੀ ਜੋਤ ਬੁਝੂੰ ਬੁਝੂੰ ਕਰਨ ਲੱਗ ਪਈ ਸੀ। ਬਹੁਤੇ ਮਲਵੱਈ ਕਿੱਸਾਕਾਰ ਮਰ ਚੁੱਕੇ ਸਨ ਜਾਂ ਜੀਵਨ ਦੀਆਂ ਆਖਰੀ ਘੜੀਆਂ ਗਿਣ ਰਹੇ ਸਨ। ਜੀਵਿਤ ਕਿੱਸਾਕਾਰਾਂ ਬਾਰੇ ਖੋਜ ਕਰਨੀ ਕਾਫ਼ੀ ਠਰੰਮੇ ਅਤੇ ਸਿਰੜ ਦਾ ਕੰਮ ਹੈ। ਇਹ ਕਵੀਸ਼ਰ-ਕਿੱਸਾਕਾਰ ਇਸ ਗੱਲੋਂ ਡਰਦੇ ਹਨ ਕਿ ਕਿਤੇ ਕੋਈ ਵਿਅਕਤੀ ਉਨ੍ਹਾਂ ਦੀਆਂ ਰਚਨਾਵਾਂ ਲੈ ਕੇ, ਰਚਨਾ ਵਿਚ ਆਪਣਾ ਨਾਉਂ ਪਾ ਕੇ, ਗਾਉਣਾ ਨਾ ਸ਼ੁਰੂ ਕਰ ਦੇਵੇ ਜਾਂ ਆਪਣੇ ਨਾਉਂ ਅਧੀਨ ਛਪਵਾ ਨਾ ਲਵੇ। ਅਜਿਹੇ ਵਹਿਮ ਦਾ ਸ਼ਿਕਾਰ ਕਿੱਸਾਕਾਰਾਂ ਦੇ ਮਨ ਵਿਚ ਖੋਜ ਦੀ ਮਨਸ਼ਾ ਬਾਰੇ ਬਣੇ ਸ਼ੰਕੇ ਨਵਿਰਤ ਕਰਨੇ ਕਠਨ ਹੁੰਦੇ ਹਨ, ਜਿਸ ਕਾਰਨ ਉਨ੍ਹਾਂ ਪਾਸੋਂ ਮਤਲਬ ਦੀ ਕੋਈ ਚੀਜ਼

ਨਹੀਂ ਪ੍ਰਾਪਤ ਹੁੰਦੀ। ਕਾਲਵੱਸ ਹੋ ਚੁੱਕੇ ਕਿੱਸਾਕਾਰਾਂ ਦੀਆਂ ਬਹੁਤੀਆਂ ਰਚਨਾਵਾਂ ਸੰਭਾਲ ਖੁਣੋਂ ਨਸ਼ਟ ਹੋ ਚੁੱਕੀਆਂ ਹਨ ਅਤੇ ਰਹਿੰਦੀਆ ਖੂੰਦੀਆਂ ਨੂੰ ਪ੍ਰਾਪਤ ਕਰ ਸਕਣਾ ਵੀ ਕੋਈ ਆਸਾਨ ਕਾਰਜ ਨਹੀਂ। ਇਨ੍ਹਾਂ ਕਿੱਸਾਕਾਰਾਂ ਦੇ ਵਾਰਸਾਂ ਨੂੰ ਇਹ ਗੱਲ ਸਮਝ ਨਹੀਂ ਪੈਂਦੀ ਕਿ ਕਿਉਂ ਕੋਈ ਪੜ੍ਹਿਆ ਲਿਖਿਆ ਵਿਅਕਤੀ "ਚਿੱਠਿਆਂ" ਦੀ ਭਾਲ ਵਿਚ ਇਉਂ ਬੌਰਾ ਹੋਇਆ ਫਿਰਦਾ ਹੈ। ਉਹ ਇਸ ਭਾਲ ਦੇ ਪਿੱਛੇ ਕੋਈ ਸਵਾਰਥ ਸਿੱਧੀ ਜਾਂ ਆਰਥਿਕ ਲਾਭ ਸਮਝਦੇ ਹਨ। ਕਈਆਂ ਦੇ ਮਨਾਂ ਵਿਚ ਇਹ ਵਹਿਮ ਹੁੰਦਾ ਹੈ ਕਿ ਉਨ੍ਹਾਂ ਪਾਸੋਂ ਹੱਥ-ਲਿਖਤਾਂ ਹਥਿਆਉਣ ਪਿਛੋਂ ਉਨ੍ਹਾਂ ਨੂੰ ਛਪਵਾ ਕੇ ਅਜਿਹਾ ਵਿਅਕਤੀ, ਪਤਾ ਨਹੀਂ, ਕਿੰਨੀ ਕੁ ਕਮਾਈ ਕਰ ਲਵੇਗਾ। ਫਲਸਰੂਪ ਅਜਿਹੇ ਲੋਕ ਆਪਣੇ ਪਾਸ ਪਈਆਂ ਰਚਨਾਵਾਂ ਵਿਖਾਉਣ ਤੋਂ ਹੀ ਮੁੱਕਰ ਜਾਂਦੇ ਹਨ ਭਾਵੇਂ ਉਨ੍ਹਾਂ ਪਾਸ ਪਈਆਂ ਇਹ ਹੱਥ-ਲਿਖਤਾਂ ਅੱਧ-ਪਚੱਧੀਆਂ ਨਸ਼ਟ ਹੋ ਚੁੱਕੀਆਂ ਹੁੰਦੀਆਂ ਹਨ ਅਤੇ ਕੁੱਝ ਹੋਰ ਸਮਾਂ ਪਾ ਕੇ ਇਨ੍ਹਾਂ ਦੀ ਉੱਕਾ ਹੀ ਅਉਧ ਪੁੱਗ ਜਾਣ ਦਾ ਡਰ ਹੁੰਦਾ ਹੈ।

ਇਹ ਸੰਤੋਖ ਦੀ ਗੱਲ ਹੈ ਕਿ ਇਨ੍ਹਾਂ ਸਾਰੀਆਂ ਔਕੜਾਂ ਦੇ ਬਾਵਜੂਦ ਵੀ ਉਪਰੋਕਤ ਸਾਰੇ ਵਿਦਵਾਨਾਂ ਨੇ ਮਾਲਵੇ ਦੇ ਕਿੱਸਾ-ਸਾਹਿਤ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਚੰਗਾ ਹੋਣਾ ਸੀ, ਜੇ ਮਲਵਈ ਕਿੱਸਾ-ਕਾਵਿ ਬਾਰੇ ਅਜਿਹਾ ਖੋਜ-ਕਾਰਜ ਦੇਸ਼ ਵੰਡ ਤੋਂ ਪਹਿਲਾਂ ਹੀ ਛੋਹਿਆ ਜਾਂਦਾ। ਉਦੋਂ ਬਹੁਤ ਸਾਰੇ ਕਿੱਸਾਕਾਰ ਅਜੇ ਜਿਉਂਦੇ ਸਨ ਅਤੇ ਪ੍ਰਕਾਸ਼ਿਤ ਕਿੱਸਿਆਂ ਦੀ ਪ੍ਰਾਪਤੀ ਵੀ ਸਹਿਲ ਸੀ। ਸੁਤੰਤਰਤਾ ਪ੍ਰਾਪਤੀ ਪਿੱਛੋਂ ਪੰਜਾਬ ਵਿਚ ਵਾਪਰੀ ਸਮਾਜਿਕ, ਰਾਜ-ਨੀਤਿਕ ਆਦਿ ਤਬਦੀਲੀ ਦੇ ਫਲਸਰੂਪ ਕਿੱਸਾ-ਕਾਵਿ ਦਾ ਬਹੁਤ ਹੀ ਵੱਡਾ ਭਾਗ ਨਸ਼ਟ ਹੋ ਗਿਆ। ਵਿੱਦਿਆ ਦੇ ਪਸਾਰ ਕਾਰਨ ਉਪਜਿਆ ਨਵਾਂ ਪਾਠਕ-ਵਰਗ ਨਵੀਨ ਸਾਹਿਤ-ਰੂਪਾਂ ਵੱਲ ਰੁਚਿਤ ਹੈ ਅਤੇ ਇਉਂ ਕਿੱਸਾ-ਕਾਵਿ ਦੇ ਪਠਨ-ਪਾਠਨ ਨਾਲ ਸਾਹਿਤਕ ਤ੍ਰਿਪਤੀ ਕਰਨ ਵਾਲੇ ਪਾਠਕਾਂ ਦਾ ਘੇਰਾ ਦਿਨ ਪ੍ਰਤੀ ਦਿਨ ਸੁੰਗੜਦਾ ਗਿਆ ਹੈ, ਜਿਸ ਕਾਰਨ ਕਿੱਸਾ-ਕਾਵਿ ਦੇ ਅਲੋਪ ਹੋਣ ਦੀ ਪਰਕ੍ਰਿਆ ਹੋਰ ਵੀ ਗਤੀ ਫੜ ਗਈ ਹੈ। ਸੋ ਵੇਲਾ ਵਿਹਾਉਣ ਪਿੱਛੋਂ ਹੱਥ ਮਲਣ ਦੀ ਥਾਂ ਮਸਲੇ ਦੀ ਨਜ਼ਾਕਤ ਨੂੰ ਸਮਝਦਿਆਂ ਇਸ ਬਾਰੇ ਕਾਰਜ ਕਰਨ ਵੱਲ ਜੁੱਟ ਜਾਣਾ ਸਮੇਂ ਦੀ ਫੌਰੀ ਲੋੜ ਹੈ।

ਅਜਿਹੀ ਲੋੜ ਦੇ ਇਹਸਾਸ ਵਿਚੋਂ ਹੀ ਇਸ ਪੁਸਤਕ ਦਾ ਜਨਮ ਹੋਇਆ ਹੈ। ਅਸਲ ਵਿੱਚ ਅੱਜ ਤੋਂ ਦੋ ਢਾਈ ਦਹਾਕੇ ਪਹਿਲਾਂ ਮਹਿਕਮਾ ਪੰਜਾਬੀ (ਹੁਣ ਭਾਸ਼ਾ ਵਿਭਾਗ) ਨੇ ਇਹ ਖੋਜ ਕਾਰਜ ਪੰਜਾਬੀ ਸਾਹਿਤ ਸਭਾ, ਬਰਨਾਲਾ ਦੇ ਸਹਿਯੋਗ ਨਾਲ ਕਰਵਾਉਣ ਦੀ ਯੋਜਨਾ ਬਣਾਈ ਸੀ। ਪਰ ਫੇਰ ਪ੍ਰਕਾਸ਼ਨ-ਪੜਾ ਉੱਤੇ ਕਿਸੇ ਕਾਰਨ ਇਹ ਖੋਜ-ਕਾਰਜ ਵਿਭਾਗ ਦੀ ਕਾਰਜ-ਲੜੀ ਵਿਚ ਪਿੱਛੇ ਜਾ ਪਿਆ। ਇਹ ਖਰੜਾ,ਸ਼ਾਇਦ ਇਸ ਤਰ੍ਹਾਂ ਹੀ ਕਿਸੇ ਫਾਈਲ ਦਾ ਸ਼ਿੰਗਾਰ ਬਣਿਆ ਪਿਆ ਰਹਿੰਦਾ ਜੇਕਰ ਭਾਸ਼ਾ ਵਿਭਾਗ, ਪੰਜਾਬ ਦੇ ਸਾਬਕਾ ਨਿਰਦੇਸ਼ਕ ਸ: ਕਪੂਰ ਸਿੰਘ ਘੁੰਮਣ (ਸੁਰਗੀ) ਦੀ ਨਜ਼ਰ ਵਿਚ ਨਾ ਆਉਂਦਾ। ਸਾਹਿਤਕ ਇਤਿਹਾਸ ਦੀ ਦ੍ਰਿਸ਼ਟੀ ਤੋਂ ਇਸ ਸਮੱਗਰੀ ਦੇ ਮਹੱਤਵ ਨੂੰ ਸਮਝਣ ਦੇ ਨਾਲ-ਨਾਲ ਮਾਂ ਬੋਲੀ ਦੇ ਇਨ੍ਹਾਂ ਭੁੱਲੇ ਵਿੱਸਰੇ ਸੇਵਕਾਂ ਦੀ ਸਾਹਿਤ-ਦੇਣ ਨੂੰ ਯਾਦ ਕਰਨ ਦੀ ਜ਼ਰੂਰਤ ਅਤੇ ਫਰਜ਼ ਨੂੰ ਜਿੰਨੀ ਸ਼ਿੱਦਤ ਨਾਲ ਘੁੰਮਣ ਸਾਹਿਬ ਦੇ ਅੰਦਰਲੇ ਰਚਨਾਤਮਿਕ ਸਾਹਿਤਕਾਰ ਨੇ ਅਨੁਭਵ ਕੀਤਾ, ਉਸ ਨੂੰ ਕੋਈ ਸਾਹਿਤਕਾਰ ਹੀ ਅਨੁਭਵ ਕਰ ਸਕਦਾ ਸੀ। ਸਿੱਟੇ

ਵੱਜੋਂ ਉਨ੍ਹਾਂ ਨੇ ਕਾਫ਼ੀ ਸਮਾਂ ਪਹਿਲਾਂ ਤਿਆਰ ਕੀਤੇ ਗਏ ਖਰੜੇ ਨੂੰ ਸੋਧ-ਸੰਵਾਰ ਅਤੇ ਇਸ ਅਰਸੇ ਦੌਰਾਨ ਇਸ ਵਿਸ਼ੇ ਬਾਰੇ ਹੋ ਚੁੱਕੀ ਖੋਜ ਇਸ ਵਿਚ ਸ਼ਾਮਲ ਕਰਨੇ ਇਸ ਨੂੰ ਪ੍ਰਕਾਸ਼ਿਤ ਕਰਨ ਦੀ ਯੋਜਨਾ ਬਣਾਈ ਅਤੇ ਮੈਨੂੰ ਇਸ ਕਾਰਜ ਨਾਲ ਸਬੰਧਤ ਕਰਕੇ ਇਸ ਵਿਸ਼ੇ ਬਾਰੇ ਕੀਤੀ ਖੋਜ ਪੰਜਾਬੀ ਪਾਠਕਾਂ, ਪਿਆਰਿਆਂ ਅਤੇ ਵਿਦਵਾਨਾਂ ਦੇ ਸਨਮੁੱਖ ਪੇਸ਼ ਕਰ ਸਕਣ ਦਾ ਅਵਸਰ ਬਖਸ਼ਿਆ ।

ਪੁਸਤਕ ਦੇ ਮੁੱਢਲੇ ਰੂਪ ਅਨੁਸਾਰ ਇਸ ਦੀ ਭੂਮਿਕਾ ਵਿਚ ਮਾਲਵਾ ਖੇਤਰ ਅਤੇ ਇੱਥੇ ਰਚੇ ਗਏ ਪੰਜਾਬੀ ਸਾਹਿਤ ਬਾਰੇ ਬਹੁਤ ਹੀ ਸੰਖੇਪ ਚਰਚਾ ਕਰਨ ਉਪਰੰਤ ਇਸ ਖਿੱਤੇ ਨਾਲ ਸੰਬੰਧਤ ਸਤਾਈ ਕਿੱਸਾਕਾਰਾਂ ਬਾਰੇ ਲਗਭਗ ਇਕ ਦਰਜਨ ਲੇਖਕਾਂ ਵੱਲੋਂ ਲਿਖੇ ਖੋਜ-ਨਿਬੰਧ ਸ਼ਾਮਲ ਕੀਤੇ ਗਏ ਸਨ । ਇਕ ਤਾਂ ਕਿੱਸਾਕਾਰਾਂ ਦੀ ਚੋਣ ਉੱਦਮੀ-ਖੋਜੀਆਂ ਨੇ ਆਪੋ ਆਪਣੇ ਸਾਧਨਾਂ ਅਤੇ ਸਮੱਰਥਾ ਨੂੰ ਧਿਆਨ ਗੋਚਰੇ ਰੱਖਦਿਆਂ ਕੀਤੀ ਸੀ ਜਿਸ ਕਾਰਨ ਸੁਭਾਵਕ ਹੀ ਕੁੱਝ ਵਧੇਰੇ ਮਹੱਤਵਪੂਰਨ ਦੇਣ ਵਾਲੇ ਕਿੱਸਾਕਾਰ ਖੋਜ-ਕਾਰਜ ਤੋਂ ਬਾਹਰ ਰਹਿ ਗਏ ਸਨ, ਦੂਜੇ ਇਹ ਖੋਜ-ਨਿਬੰਧ ਵਿਭਿੰਨ ਲੇਖਕਾਂ ਦੁਆਰਾ ਲਿਖੇ ਜਾਣ ਕਾਰਨ ਇਨ੍ਹਾਂ ਵਿਚ ਖੋਜ-ਵਿਧੀ ਦੀ ਇਕਸਾਰਤਾ ਨਹੀਂ ਸੀ ਰਹਿ ਸਕੀ । ਪਾਠਕਾਂ ਨੂੰ ਇਸ ਵਿਸ਼ੇ ਦੀ ਵਿਸ਼ਾਲਤਾ ਅਤੇ ਮਹੱਤਾ ਤੋਂ ਜਾਣੂ ਕਰਵਾਉਣ ਲਈ ਇਕ ਵਿਸਤ੍ਰਿਤ ਭੂਮਿਕਾ ਲਿਖੇ ਜਾਣ ਦੀ ਲੋੜ ਸੀ । ਭਾਸ਼ਾ ਵਿਭਾਗ ਤੋਂ ਪ੍ਰਾਪਤ ਦਿਸ਼ਾ-ਨਿਰਦੇਸ਼ ਅਨੁਸਾਰ ਪੁਸਤਕ ਦੇ ਮੁੱਢਲੇ ਰੂਪ ਨੂੰ ਬਰਕਰਾਰ ਰੱਖਦਿਆਂ ਇਸ ਵਿਚ ਉਪਰੋਕਤ ਅਨੁਸਾਰ ਵਾਧਾ ਕੀਤਾ ਗਿਆ ਹੈ । ਪੁਸਤਕ ਦੇ ਵਰਤਮਾਨ ਰੂਪ ਵਿਚ ਇਸ ਨੂੰ ਦੋ ਭਾਗਾਂ ਵਿਚ ਵਿਭਾਜਿਤ ਕੀਤਾ ਗਿਆ ਹੈ । ਪਹਿਲੇ ਭਾਗ—''ਮਾਲਵੇ ਦਾ ਕਿੱਸਾ ਸਾਹਿਤ : ਸਾਹਿਤਕ ਅਧਿਐਨ''—ਦੇ ਪੰਜ ਅਧਿਆਇ ਹਨ । ਪਹਿਲੇ ਅਧਿਆਇ ਵਿੱਚ ਮਾਲਵਾ ਖੇਤਰ ਦੇ ਨਾਮਕਰਨ ਬਾਰੇ ਚਰਚਾ ਅਤੇ ਇਸ ਦੀ ਭੂਗੋਲਿਕ ਸਥਿਤੀ ਨਿਸ਼ਚਿਤ ਕਰਨ ਉਪਰੰਤ ਇਸ ਇਲਾਕੇ ਦੇ ਇਤਿਹਾਸਕ ਪਿਛੋਕੜ ਦਾ ਬਿਆਨ ਕੀਤਾ ਗਿਆ ਹੈ। ਦੂਜਾ ਅਧਿਆਇ ਮਾਲਵੇ ਦੇ ਕਿੱਸਾ-ਸਾਹਿਤ ਬਾਰੇ ਹੈ। ਇਸ ਅਧਿਆਇ ਦੇ ਆਰੰਭ ਵਿਚ 18ਵੀਂ ਸਦੀ ਤੱਕ ਮਾਲਵੇ ਵਿਚ ਸਾਹਿਤ-ਰਚਨਾ ਦੇ ਅਭਾਵ ਦੇ ਕਾਰਨ ਅਤੇ ਫਿਰ ਇਸ ਖੇਤਰ ਵਿਚ ਸਾਹਿਤ ਰਚਨਾ ਲਈ ਢੁੱਕਵੇਂ ਵਾਤਾਵਰਨ ਦੇ ਨਿਰਮਾਣ ਵਿੱਚ ਸਹਾਇਕ ਸ਼ਕਤੀਆਂ ਦਾ ਉਲੇਖ ਕੀਤਾ ਗਿਆ ਹੈ। ਉਪਰੰਤ ਮਾਲਵੇ ਦੇ ਕਿੱਸਾਕਾਰਾਂ ਦੀ ਨਾਮਾਵਲੀ ਦੇ ਕੇ ਉਨ੍ਹਾਂ ਦੁਆਰਾ ਰਚੇ ਚਰਚਿਤ ਕਿੱਸਿਆਂ ਨੂੰ ਸੂਚੀਬੱਧ ਕੀਤਾ ਗਿਆ ਹੈ । ਤੀਜੇ ਅਧਿਆਇ ਵਿਚ ਇਨ੍ਹਾਂ ਕਿੱਸਿਆਂ ਦਾ ਵਿਸ਼ੇਗਤ ਅਤੇ ਚੌਥੇ ਅਧਿਆਇ ਵਿਚ ਰੂਪਗਤ ਅਧਿਐਨ ਪੇਸ਼ ਕੀਤਾ ਗਿਆ ਹੈ । ਪੰਜਵੇਂ ਅਧਿਆਇ ਵਿਚ ਪੰਜਾਬੀ ਦੇ ਸਮੁੱਚੇ ਕਿੱਸਾ-ਸਾਹਿਤ ਦੇ ਸੰਦਰਭ ਵਿਚ ਮਾਲਵੇ ਦੇ ਕਿੱਸਾ-ਸਾਹਿਤ ਦੇ ਮਹੱਤਵ ਨੂੰ ਆਂਕਿਆ ਗਿਆ ਹੈ।

ਪੁਸਤਕ ਦੇ ਦੂਜੇ ਭਾਗ ''ਮਾਲਵੇ ਦਾ ਕਿੱਸਾ-ਸਾਹਿਤ : ਚੋਣਵੀਂ ਵੰਨਗੀ'' ਵਿਚ 43 ਮਲਵਈ ਕਿੱਸਾਕਾਰਾਂ ਨੂੰ ਪੇਸ਼ ਕੀਤਾ ਗਿਆ ਹੈ । ਪਹਿਲਾਂ ਹਰ ਕਵੀ ਦੀ ਜੀਵਨੀ ਅਤੇ ਰਚਨਾ ਨਾਲ ਸੰਖੇਪ ਪ੍ਰੀਚੈ ਕਰਵਾਇਆ ਗਿਆ ਹੈ ਅਤੇ ਫਿਰ ਵੰਨਗੀ ਵੱਜੋਂ ਉਸ ਦੀਆਂ ਵਿਭਿੰਨ ਰਚਨਾਵਾਂ ਵਿਚੋਂ ਚੋਣਵੀਆਂ ਕਾਵਿ-ਟੁਕੜੀਆਂ ਦਰਜ ਕੀਤੀਆਂ ਗਈਆਂ ਹਨ । ਅੰਤਿਕਾ ਵਿਚ ਮਲਵਈ ਕਿੱਸਾਕਾਰਾਂ ਦੀਆਂ ਪ੍ਰਕਾਸ਼ਿਤ ਰਚਨਾਵਾਂ ਦੀ ਸੂਚੀ ਪੇਸ਼ ਕੀਤੀ ਗਈ ਹੈ । ਇਉਂ ਇਸ ਪੁਸਤਕ ਮਾਲਵੇ ਨੂੰ

ਦੇ ਕਿੱਸਾ-ਸਾਹਿਤ ਬਾਰੇ ਜਾਣਕਾਰੀ ਦੇਣ ਵਾਲਾ ਪ੍ਰਮਾਣਿਕ ਸੋਮਾ ਬਣਾਉਣ ਦਾ ਯਤਨ ਕੀਤਾ ਗਿਆ ਹੈ । ਪਰ ਇਸ ਦੀ ਸੰਪੂਰਨਤਾ ਦਾ ਦਾਅਵਾ ਕਰਨਾ ਯੋਗ ਨਹੀਂ ਹੋਵੇਗਾ । ਮਾਲਵੇ ਦੇ ਕਿੱਸਾਕਾਰਾਂ ਅਤੇ ਕਿੱਸਾ-ਸਾਹਿਤ ਬਾਰੇ ਬੇਅੰਤ ਬਹੁਮੁੱਲੀ ਜਾਣਕਾਰੀ ਪ੍ਰਕਾਸ਼ਿਤ, ਖਰੜਿਆਂ ਜਾਂ ਕੰਠ-ਸਥ ਪਾਠ ਦੇ ਰੂਪ ਵਿਚ ਥਾਂ ਥਾਂ ਬਿਖਰੀ ਪਈ ਹੈ; ਜਿਸ ਦੀ ਸਾਂਭ ਸੰਭਾਲ ਦੇ ਲਈ ਵਿਅਕਤੀਗਤ ਯਤਨ ਨਾਕਾਫ਼ੀ ਹਨ । ਇਹ ਕਾਰਜ ਕਿਸੇ ਸਰਕਾਰੀ/ਅਰਧ ਸਰਕਾਰੀ ਸੰਸਥਾ ਦੇ ਹੱਥ ਵਿਚ ਲੈਣ ਦਾ ਹੈ । ਫਿਰ ਵੀ ਜੇ ਵਿਦਵਾਨ ਪਾਠਕ ਇਸ ਪੁਸਤਕ ਵਿੱਚ ਪ੍ਰਸਤੁਤ ਜਾਣਕਾਰੀ ਵਿਚ ਵਾਧਾ ਕਰਨ ਵਾਲੀ ਕੋਈ ਸੂਚਨਾ ਭੇਜਣ ਦੀ ਕ੍ਰਿਪਾ ਕਰਨਗੇ ਤਾਂ ਇਸ ਨੂੰ ਆਭਾਰ-ਸਹਿਤ ਸਵੀਕਾਰ ਕੀਤਾ ਜਾਵੇਗਾ ।

ਅੰਤ ਵਿਚ ਮੈਂ ਮਾਂ-ਪੰਜਾਬੀ ਦੇ ਸੁਹਿਰਦ ਸਪੂਤ, ਉੱਘੇ ਨਾਟਕਕਾਰ ਅਤੇ ਭਾਸ਼ਾ ਵਿਭਾਗ, ਪੰਜਾਬ ਦੇ ਸਾਬਕਾ ਡਾਇਰੈਕਟਰ, ਸੁਰਗੀ ਸ. ਕਪੂਰ ਸਿੰਘ ਘੁੰਮਣ ਪ੍ਰਤੀ ਹਾਰਦਿਕ ਆਭਾਰ ਪ੍ਰਗਟ ਕਰਦਾ ਹਾਂ ਜਿਨ੍ਹਾਂ ਨੇ ਇਸ ਮਹੱਤਵਪੂਰਨ ਵਿਸ਼ੇ ਬਾਰੇ ਇਹ ਪੁਸਤਕ ਲਿਖਣ ਲਈ ਪ੍ਰੇਰਨਾ ਦਿੱਤੀ। ਭਾਸ਼ਾ ਵਿਭਾਗ, ਪੰਜਾਬ ਦੇ ਵਰਤਮਾਨ ਡਾਇਰੈਕਟਰ ਸ. ਰਾਜਿੰਦਰ ਸਿੰਘ, ਸਹਾਇਕ ਡਾਇਰੈਕਟਰ (ਸੰਪਾਦਨ ਅਤੇ ਪ੍ਰਕਾਸ਼ਨ), ਸ. ਅਜੀਤ ਸਿੰਘ ਕੱਕੜ, ਜਿਨ੍ਹਾਂ ਨੇ ਸਾਰੇ ਖਰੜੇ ਨੂੰ ਵਾਚ ਕੇ ਬਹੁਮੁੱਲੇ ਸੁਝਾ ਦਿੱਤੇ, ਅਤੇ ਪ੍ਰਕਾਸ਼ਨ ਸ਼ਾਖਾ ਦੇ ਕਰਮਚਾਰੀ ਜਿਨ੍ਹਾਂ ਦੇ ਸਰਗਰਮ ਸਹਿਯੋਗ ਕਾਰਨ ਹੀ ਪੁਸਤਕ-ਪ੍ਰਕਾਸ਼ਨ ਦਾ ਕਾਰਜ ਸੰਪੰਨ ਹੋਇਆ ਹੈ ਮੇਰੇ ਧੰਨਵਾਦ ਦੇ ਪਾਤਰ ਹਨ । ਮੈਂ ਆਪਣੇ ਉਨ੍ਹਾਂ ਅਨੇਕ ਦੋਸਤਾਂ-ਮਿੱਤਰਾਂ,ਜਿਨ੍ਹਾਂ ਨੇ ਕਿੱਸਾਕਾਰਾਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਮੇਰੀਆਂ ਪੁੱਛਾਂ ਦੇ ਉੱਤਰ ਦੇ ਕੇ ਕ੍ਰਿਤਾਰਥ ਕੀਤਾ, ਦਾ ਤਾਂ ਜਿੰਨਾਂ ਵੀ ਧੰਨਵਾਦ ਕਰਾਂ, ਥੋੜ੍ਹਾ ਹੈ । ਆਪਣੀ ਸੁਪਤਨੀ ਨਵਤੇਜ ਕੌਰ ਦਾ ਧੰਨਵਾਦ ਸ਼ਬਦਾਂ ਵਿਚ ਬਿਆਨ ਕਰ ਦੇਣਾ ਮੇਰੇ ਲਈ ਸੰਭਵ ਨਹੀਂ । ਉਸਨੇ ਮੈਨੂੰ ਪਰਿਵਾਰਕ ਅਤੇ ਭਾਈਚਾਰਕ ਜ਼ਿੰਮੇਵਾਰੀਆਂ ਤੋਂ ਮੁਕਤ ਰੱਖ ਪਠਨ-ਪਾਠਨ ਦੇ ਕਾਰਜ ਵਿਚ ਨਿਰੰਤਰ ਗਤੀਸ਼ੀਲ ਰਹਿਣ ਲਈ ਜੋ ਸੁਵਿਧਾ ਦੇ ਰੱਖੀ ਹੈ, ਉਸਦਾ ਉਲੇਖ ਨਹੀਂ ਕੀਤਾ ਜਾ ਸਕਦਾ । ਮੇਰੀ ਸੰਪੂਰਨਤਾ ਆਪਣੀ ਇਸ 'ਅਰਧੰਗਨੀ' ਕਾਰਨ ਹੀ ਹੈ ਅਤੇ ਮੇਰੇ ਲਈ ਸੁਰਸਤੀ ਦੇਵੀ ਉਸ ਦੇ ਰੂਪ ਵਿਚ ਹੀ ਪ੍ਰਗਟ ਹੋਈ ਹੈ ।

—ਗੁਰਦੇਵ ਸਿੰਘ ਸਿੱਧੂ (ਡਾ.)

ੴ ਸਤਿਗੁਰ ਪ੍ਰਸਾਦਿ ।।

# ਅਕਾਲ ਪੁਰਖ

ਜੇਹੜੀ ਹਸਤੀ ਸਾਰੇ ਦਿਸਦੇ ਤੇ ਅਣ ਦਿਸਦੇ ਸੰਸਾਰ ਨੂੰ ਹੋਂਦ ਵਿਚ ਲਿਆਉਣ ਵਾਲੀ ਹੈ ਉਸਦਾ ਨਾਮ ਅਕਾਲ ਪੁਰਖ ਹੈ । ਗੁਰੂ ਨਾਨਕ ਜੀ ਨੇ ਉਸਦਾ ਸਰੂਪ ਇਨ੍ਹਾਂ ਸ਼ਬਦਾਂ ਵਿਚ ਕਥਨ ਕੀਤਾ ਹੈ:—

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ।

(ਜਪੁ ਮ: ੧)

ਉਹ ਹਸਤੀ ਕੇਵਲ ਇਕ ਹੈ । ਸਦਾ ਰਹਿਣ ਵਾਲੀ ਹੈ । ਸਭ ਵਸਤਾਂ ਵਿਚ ਵਿਆਪਕ ਹੋ ਕੇ ਸਭ ਨੂੰ ਧਾਰਨ ਵਾਲੀ ਹੈ । ਸਾਰੀਆਂ ਵਸਤਾਂ ਨੂੰ ਉਪਜਾਉਣ ਵਾਲੀ ਹੈ । ਆਪਣੀ ਸ੍ਰਿਸ਼ਟੀ ਵਿਚ ਵਿਆਪਕ ਹੈ । ਬਿਨਾ ਡਰ ਤੇ ਬਿਨਾ ਵੈਰ ਦੇ ਹੈ । ਉਸ ਹਸਤੀ ਪੁਰ ਸਮੇਂ ਦਾ ਅਸਰ ਨਹੀਂ । ਜਨਮ ਮਰਨ ਤੋਂ ਰਹਿਤ ਹੈ । ਉਸਦਾ ਪ੍ਰਕਾਸ਼ ਆਪਣੇ ਆਪ ਤੋਂ ਹੀ ਹੈ । ਗੁਰੂ ਦੀ ਕਿਰਪਾ ਦੁਵਾਰਾ (ਜਾਣੀ ਜਾਂਦੀ ਹੈ) ।

ਇਨ੍ਹਾਂ ਗੁਣਾਂ ਦੀ ਵਧੀਕ ਵਿਆਖਿਆ ਗੁਰਬਾਣੀ ਵਿਚ ਚੰਗੀ ਤਰਹ ਖੋਲ੍ਹ ਕੇ ਕੀਤੀ ਗਈ ਹੈ । ਕਈ ਵਿਚਾਰਵਾਨਾਂ ਦਾ ਖਿਆਲ ਹੈ ਕਿ 'ਪੁਰਸ਼' ਤੇ 'ਪ੍ਰਾਕ੍ਰਿਤੀ' ਦੋ ਅਨਾਦੀ ਹਸਤੀਆਂ ਹਨ ਅਤੇ ਦੋਹਾਂ ਤੋਂ ਸੰਸਾਰ ਦੀ ਉਤਪੱਤੀ ਹੈ । ਕਈ ਇਨ੍ਹਾਂ ਦੋਹਾਂ ਨਾਲ 'ਈਸ਼ਵਰ' ਤੀਜੀ ਹਸਤੀ ਜੋੜ ਕੇ ਤਿੰਨਾਂ ਨੂੰ ਅਨਾਦੀ ਮੰਨਦੇ ਹਨ ਤੇ ਇਨ੍ਹਾਂ ਤਿੰਨਾਂ ਤੋਂ ਇਸ ਸਾਰੀ ਖੇਡ ਦਾ ਅਰੰਭ ਦੱਸਦੇ ਹਨ । ਕਈ ਕਹਿੰਦੇ ਹਨ ਕਿ ਬ੍ਰਹਮ ਤੋਂ ਬਿਨਾ ਇਕ ਸਤਿ-ਅਸਤਿ ਹਸਤੀ ਮਾਇਆ ਹੈ ਜਿਸਦੇ ਬ੍ਰਹਮ ਨੂੰ

ਵਿਆਪਣ ਨਾਲ ਸ੍ਰਿਸ਼ਟੀ ਰਚੀ ਜਾਂਦੀ ਹੈ । ਪਰ ਸਤਿਗੁਰੂ ਕੇਵਲ ਇਕੋ ਹਸਤੀ ਨੂੰ ਅਨਾਦਿ ਤੇ ਸਾਰੀ ਉਤਪੱਤੀ ਦਾ ਆਦਿ ਕਾਰਨ ਮੰਨਦੇ ਹਨ:—

ਏਕਮ ਏਕੰਕਾਰੁ ਨਿਰਾਲਾ । ਅਮਰੁ ਅਜੋਨੀ ਜਾਤਿ ਨ ਜਾਲਾ ।
ਅਗਮ ਅਗੋਚਰੁ ਰੂਪੁ ਨਾ ਰੇਖਿਆ ।
ਖੋਜਤ ਖੋਜਤ ਘਟਿ ਘਟਿ ਦੇਖਿਆ ।

(ਬਿਲਾਵਲੁ ਮ: ੧ ਥਿਤੀ)

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ।
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ । ੨ । ਪਉੜੀ ।
ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ ।
ਤੁਧੁ ਬਿਨੁ ਦੂਜਾ ਕੋ ਨਹੀਂ ਤੂ ਰਹਿਆ ਸਮਾਈ ।
ਤੇਰੀ ਗਤਿ ਮਿਤਿ ਤੂਹੈ ਜਾਣਦਾ ਤੁਧੁ ਕੀਮਤਿ ਪਾਈ ।
ਤੂ ਅਲਖ ਅਗੋਚਰੁ ਅਗਮੁ ਹੈ ਗੁਰਮਤਿ ਦਿਖਾਈ । ੨੮ ।

(ਵਾਰ ਮਲਾਰ ਮ: ੧)

[1]ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ ।
ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ । ੧ ।
ਸਾਹਿਬੁ ਮੇਰਾ ਏਕੋ ਹੈ । ਏਕੋ ਹੈ ਭਾਈ ਏਕੋ ਹੈ । ੧ । ਰਹਾਉ ।
ਆਪੇ ਮਾਰੇ ਛੋਡੈ ਆਪੇ ਲੇਵੈ ਦੇਇ ।
ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ । ੨ ।
ਜੋ ਕਿਛੁ ਕਰਣਾ ਸੋ ਕਰਿ ਰਹਿਆ ਅਵਰੁ ਨ ਕਰਣਾ ਜਾਈ ।
ਜੈਸਾ ਵਰਤੈ ਤੈਸੋ ਕਹੀਐ ਸਭ ਤੇਰੀ ਵਡਿਆਈ । ੩ ।
ਕਲਿ ਕਲਵਾਲੀ [2]ਮਾਇਆ ਮਦੁ ਮੀਠਾ ਮਨੁ ਮਤਵਾਲਾ ਪੀਵਤੁ ਰਹੈ
ਆਪੇ ਰੂਪ ਕਰੇ ਬਹੁ ਭਾਂਤੀ ਨਾਨਕੁ ਬਪੁੜਾ ਏਵ ਕਹੈ । ੪ । ੫ ।

(ਆਸਾ ਮ: ੧)

'ਪੁਰਸ਼' ਤੇ 'ਪ੍ਰਾਕ੍ਰਿਤੀ' ਉਸਦੇ ਸਾਜੇ ਹੋਏ ਹਨ:—
[5]ਸਿਵ [4]ਸਕਤਿ ਆਪਿ ਉਪਾਇਕੈ ਕਰਤਾ ਆਪੇ ਹੁਕਮ ਵਰਤਾਏ । ੨੬ ।

(ਰਾਮ ਕਲੀ ਅਨੰਦ ਮ: ੩)

---

[1] ਜਿਤਨਾ ਸ਼ਬਦ ਹੈ ਉਤਨੀ ਹੀ ਤੇਰੀ ਧੁਨੀ ਦੀ ਗਿਆਤ ਹੈ । ਭਾਵ ਇਹ ਕਿ ਸਾਰੇ ਸ਼ਬਦਾਂ ਨੂੰ ਅਸੀਂ ਤੇਰੀ ਆਵਾਜ਼ ਜਾਣਦੇ ਹਾਂ । ਜਿਤਨਾ ਆਕਾਰ ਹੈ ਇਹ ਤੇਰਾ ਵਜੂਦ ਹੈ । ਸ਼ਬਦ ਨੂੰ ਉਚਾਰਨ ਵਾਲੀ ਰਸਨਾਂ ਵੀ ਤੂੰ ਹੀ ਹੈਂ, ਵਜੂਦ ਵਿਚ ਵਾਸ ਕਰਨ ਵਾਲਾ ਵੀ ਤੂੰ ਹੀ ਹੈਂ । ਹੇ ਭ੍ਰਾਈ ਕੋਈ ਹੋਰ ਦੂਜਾ ਨਾ ਆਖੋ ।

[2] ਕਲਵਾਲੀ=ਕਲਪਨਾ ਰੂਪ ਮਟਕੀ ਵਿਚ ।

[5] ਸਿਵ=ਚੇਤਨ, ਪੁਰਸ਼ ।

[4] ਸਕਤਿ=ਪ੍ਰਕ੍ਰਿਤੀ ।

ਮਾਇਆ ਤੇ ਮੋਹ ਵੀ ਉਸ ਨੇ ਪੈਦਾ ਕੀਤਾ ਹੈ:—

ਨਿਰੰਕਾਰਿ ਆਕਾਰੁ ਉਪਾਇਆ । ਮਾਇਆ ਮੋਹੁ ਹੁਕਮਿ ਬਣਾਇਆ ।
ਆਪੇ ਖੇਲ ਕਰੈ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ । ੧ । ੮ । ੨੨
(ਮਾਰੂ ਸੋਹਲੇ ਮ: ੩)

ਤ੍ਰੈ ਗੁਣ ਵੀ ਉਸਦੇ ਹੁਕਮ ਤੋਂ ਉਪਜੇ ਹਨ:—

ਆਪੇ ਆਪਿ ਨਿਰੰਜਨਾ ਜਿਨਿ ਆਪੁ ਉਪਾਇਆ ।
ਆਪੇ ਖੇਲੁ ਰਚਾਇਓਨੁ ਸਭੁ ਜਗਤੁ ਸਬਾਇਆ ।
ਤ੍ਰੈ ਗੁਣ ਆਪਿ ਸਿਰਜਿਅਨੁ ਮਾਇਆ ਮੋਹੁ ਵਧਾਇਆ ।
ਗੁਰ ਪਰਸਾਦੀ ਉਬਰੇ ਜਿਨ ਭਾਣਾ ਭਾਇਆ ।
ਨਾਨਕ ਸਚੁ ਵਰਤਦਾ ਸਭ ਸਚਿ ਸਮਾਇਆ । ੧ ।
(ਵਾਰ ਸਾਰੰਗ ਮ)

ਪੰਜ ਤੱਤ ਵੀ ਉਸ ਤੋਂ ਉਤਪਤ ਹੋਏ ਹਨ :—

ਪੰਚਭੂ [1]ਨਾਇਕੋ [2]ਆਪਿ ਸਿਰੰਦਾ ਜਿਨਿ ਸਚ ਕਾ ਪਿੰਡ ਸਵਾਰਿਆ । ੩ ।
(ਸੂਹੀ ਛੰਤ ਮ: ੧)

ਕਈ ਲੇਖਕ ਬ੍ਰਹਮਾ ਆਦਿ ਦੇਵਤਿਆਂ ਤੋਂ ਸ੍ਰਿਸ਼ਟੀ ਦੀ ਉਤਪੱਤੀ ਮੰਨਦੇ ਹਨ । ਸਤਿਗੁਰ ਫੁਰਮਾਉਂਦੇ ਹਨ ਕਿ ਬ੍ਰਹਮਾ, ਬਿਸ਼ਨ, ਮਹੇਸ਼, ਦਸ ਅਵਤਾਰ ਤੇ ਹੋਰ ਸਭ ਦੇਵਤੇ ਉਸਦੀ ਪੈਦਾਇਸ਼ ਹਨ :—

ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ । ਦੇਵੀ ਦੇਵ ਉਪਾਏ ਵੇਸਾ ।
[3]ਜੋਤੀ ਜਾਤੀ ਗਣਤ ਨ ਆਵੈ । ਜਿਨਿ ਸਾਜੀ ਸੋ ਕੀਮਤਿ ਪਾਵੈ ।
ਕੀਮਤਿ ਪਾਇ ਰਹਿਆ ਭਰਪੂਰਿ । ਕਿਸੁ ਨੇੜੈ ਕਿਸੁ ਆਖਾ ਦੂਰਿ । ੪ ।
(ਬਿਲਾਵਲ ਮ: ੧ ਥਿਤੀ)

ਹੁਕਮਿ ਉਪਾਏ ਦਸ ਅਵਤਾਰਾ । ਦੇਵ ਦਾਨਵ ਅਗਣਤ ਅਪਾਰਾ ।
ਮਾਨੈ ਹੁਕਮੁ ਸੁ ਦਰਗਹ [4]ਪੈਝੈ ਸਾਚਿ ਮਿਲਾਇ ਸਮਾਇਦਾ । ੧੩ । ੪ । ੧੬ ।
(ਮਾਰੂ ਸੋਲਹੇ ਮ: ੧)

---

[1] ਪੰਚਭੂ=ਪੰਜ ਤਤ ।
[2] ਨਾਇਕੋ=ਸਭ ਦਾ ਨੇਤਾ, ਸਰਦਾਰ ।
[3] ਜੋਤੀ ਜਾਤੀ=ਨਿਰੰਕਾਰ ਦੀ ਸ੍ਰਿਸ਼ਟੀ ਦਾ ।
[4] ਦਰਗਹ ਪੈਝੈ=ਦਰਗਹ ਵਿਚ ਪਹਿਨਾਇਆ ਜਾਂਦਾ ਭਾਵ ਉਸ ਨੂੰ ਖਿਲਅਤ ਮਿਲਦੀ ਹੈ, ਹਜ਼ੂਰੋਂ ਵਡਿਆਈ ਪ੍ਰਾਪਤ ਹੋਂਦੀ ਹੈ ।

ਕੋਟਿ ਬਿਸਨ ਕੀਨੇ ਅਵਤਾਰ । ਕੋਟਿ ਬ੍ਰਹਮੰਡ ਜਾਕੇ ਧ੍ਰਮਸਾਲ ।
ਕੋਟਿ ਮਹੇਸ ਉਪਾਇ ਸਮਾਏ । ਕੋਟਿ ਬ੍ਰਹਮੇ ਜਗੁ ਸਾਜਣ ਲਾਏ । ੧ ।
ਐਸੋ ਧਣੀ ਗੁਵਿੰਦ ਹਮਾਰਾ ।
ਬਰਨਿ ਨ ਸਾਕਉ ਗੁਣ ਬਿਸਥਾਰਾ । ੧ । ਰਹਾਉ । ੨ । ੫ ।

(ਭੈਰਉ ਅਸਟਪਦੀਆਂ ਮ: ੫)

ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ ।
ਬ੍ਰਹਮੇ ਦਿਤੇ ਬੇਦ ਪੂਜਾ ਲਾਇਆ ।
ਦਸ ਅਵਤਾਰੀ ਰਾਮੁ ਰਾਜਾ ਆਇਆ ।
ਦੈਤਾ ਮਾਰੇ ਧਾਇ ਹੁਕਮਿ ਸਬਾਇਆ ।
ਈਸ ਮਹੇਸਰੁ ਸੇਵ ਤਿਨ੍ਹੀ ਅੰਤੁ ਨ ਪਾਇਆ ।
ਸਚੀ ਕੀਮਤਿ ਪਾਇ ਤਖਤੁ ਰਚਾਇਆ ।
ਦੁਨੀਆ ਧੰਧੈ ਲਾਇ ਆਪੁ ਛਪਾਇਆ ।
ਧਰਮ ਕਰਾਏ ਕਰਮ ਧੁਰਹ ਫੁਰਮਾਇਆ । ੩ ।

(ਵਾਰ ਸਲਾਰ ਮ: ੧)

ਅਕਾਲ ਪੁਰਖ ਆਪ ਸਭ ਦੇਵਤਿਆਂ ਤੋਂ ਉੱਚਾ ਹੈ ; ਇਹ ਦੇਵਤੇ ਉਸਦਾ ਅੰਤ ਨਹੀਂ ਜਾਣਦੇ ।

ਮਹਿਮਾ ਨ ਜਾਨਹਿ ਬੇਦ । ਬ੍ਰਹਮੇ ਨਹੀ ਜਾਨਹਿ ਭੇਦ ।
ਅਵਤਾਰ ਨ ਜਾਨਹਿ ਅੰਤੁ । ਪਰਮੇਸੁਰ ਪਾਰਬ੍ਰਹਮ ਬੇਅੰਤੁ । ੧ ।
ਅਪਨੀ ਗਤਿ ਆਪਿ ਜਾਨੈ । ਸੁਣਿ ਸੁਣਿ ਅਵਰ ਵਖਾਨੈ । ੧ । ਰਹਾਉ ।
ਸੰਕਰਾ ਨਹੀਂ ਜਾਨਹਿ ਭੇਵ । ਖੋਜਤ ਹਾਰੇ ਦੇਵ ।
ਦੇਵੀਆ ਨਹੀ ਜਾਨੈ ਮਰਮ । ਸਭ ਉਪਰਿ ਅਲਖ ਪਾਰਬ੍ਰਹਮ । ੨ ।
ਆਪਨੈ ਰੰਗਿ ਕਰਤਾ ਕੇਲ । ਆਪਿ ਬਿਛੋਰੈ ਆਪੇ ਮੇਲੀ ।
ਇਕਿ ਭਰਮੇ ਇਕਿ ਭਗਤੀ ਲਾਏ । ਆਪਣਾ ਕੀਆ ਆਪਿ ਜਣਾਏ । ੩ ।
ਸੰਤਨ ਕੀ ਸੁਣਿ ਸਾਚੀ ਸਾਖੀ । ਸੋ ਬੋਲਹਿ ਜੋ ਪੇਖਹਿ ਆਖੀ ।
ਨਹੀ ਲੇਪੁ ਤਿਸੁ ਪੁੰਨਿ ਨਾ ਪਾਪਿ ।

ਨਾਨਕ ਕਾ ਪ੍ਰਭ ਆਪੇ ਆਪਿ । ੪ । ੨੫ । ੨੬ ।

(ਰਾਮਕਲੀ ਮ: ੫)

ਬ੍ਰਹਮਾ ਬਿਸਨ ਮਹੇਸੁ ਦੁਆਰੈ । ਊਭੇ ਸੇਵਹਿ ਅਲਖ ਅਪਾਰੈ ।
ਹੋਰ ਕੇਤੀ ਦਰ ਦੀਸੈ ਬਿਲਲਾਦੀ ਮੈ ਗਣਤ ਨ ਆਵੈ ਕਾਈਹੇ । ੧੪ । ੨ ।

(ਮਾਰੂ ਸੋਲਹੇ ਮ: ੧)

ਜਿਸ ਤਰਹ ਸਾਰੇ ਜੀਵ ਉਹਦੀ ਕਲਾ ਦਾ ਜ਼ਹੂਰ ਹਨ । ਇਹ ਹਸਤੀਆਂ ਵੀ ਵਖ ਵਖ ਨਾਉਂ ਉਹਦੀ ਕਲਾ ਦੇ ਹਨ:—

ਬ੍ਰਹਮਾ ਬਿਸਨੁ ਮਹੇਸੁ ਇਕ ਮੂਰਤਿ ਆਪੇ ਕਰਤਾ ਕਾਰੀ । ੧੨ । ੯ ।

(ਰਾਮਕਲੀ ਮ: ੧)

ਅਕਾਲ ਪੁਰਖ ਸਤ ਹੈ, ਸਦਾ ਰਹਿਣ ਵਾਲਾ ਹੈ: —

ਪ੍ਰੀਤਿ ਲਗੀ ਤਿਸੁ ਸਚ ਸਿਉ ਮਰੈ ਨ ਆਵੈ ਜਾਇ ।
ਨਾ ਵੇਛੋੜਿਆ ਵਿਛੁੜੈ ਸਭ ਮਹਿ ਰਹਿਆ ਸਮਾਇ ।
ਦੀਨ ਦਰਦ ਦੁਖ ਭੰਜਨਾ ਸੇਵਕ ਕੈ ਸਤਿ ਭਾਇ ।
ਅਚਰਜ ਰੂਪੁ ਨਿਰੰਜਨੋ ਗੁਰਿ ਮੇਲਾਇਆ ਮਾਇ । ੧ ।
ਭਾਈ ਰੇ ਮੀਤ ਕਰਹੁ ਪ੍ਰਭੁ ਸੋਇ ।
ਮਾਇਆ ਮੋਹਿ ਪਰੀਤਿ ਧ੍ਰਿਗੁ ਸੁਖੀ ਨ ਦੀਸੈ ਕੋਇ । ੧ । ਰਹਾਉ ।
ਦਾਨਾ ਦਾਤਾ ਸੀਲਵੰਤੁ ਨਿਰਮਲੁ ਰੂਪੁ ਅਪਾਰੁ ।
ਸਖਾ ਸਹਾਈ ਅਤਿ ਵਡਾ ਊਚਾ ਵਡਾ ਅਪਾਰੁ ।
ਬਾਲਕੁ ਬਿਰਧਿ ਨ ਜਾਣੀਐ ਨਿਹਚਲੁ ਤਿਸੁ ਦਰਵਾਰੁ ।
ਜੋ ਮੰਗੀਐ ਸੋਈ ਪਾਈਐ ਨਿਧਾਰਾ ਆਧਾਰੁ । ੨ ।
ਜਿਸੁ ਪੇਖਤ ਕਿਲਵਿਖ ਹਿਰਹਿ ਮਨ ਤਨ ਹੋਵੈ ਸਾਂਤਿ ।
ਇਕ ਮਨਿ ਏਕੁ ਧਿਆਈਐ ਮਨਿ ਕੀ ਲਾਹਿ ਭਰਾਂਤਿ[1] ।
ਗੁਣ ਨਿਧਾਨੁ ਨਵਤਨੁ[2] ਸਦਾ ਪੂਰਨ ਜਾ ਕੀ ਦਾਤਿ ।
ਸਦਾ ਸਦਾ ਆਰਾਧੀਐ ਦਿਨੁ ਵਿਸਰਹੁ ਨਹੀਂ ਰਾਤਿ । ੩ । ੧੨ । ੮੩ ।

(ਸ੍ਰੀ ਰਾਗ ਮ: ੫)

ਸਾਹਿਬੁ ਮੇਰਾ ਸਦਾ ਹੈ ਦਿਸੈ ਸਬਦੁ ਕਮਾਇ ।
ਓਹੁ[3] ਅਉਹਾਣੀ ਕਦੇ ਨਾਹਿ ਨਾ ਆਵੈ ਨਾ ਜਾਇ ।

---

[1] ਭਰਾਂਤਿ—ਭਰਮ ।

[2] ਨਵਤਨੁ—ਨਵਾਂ, ਭਾਵ ਇਹ ਹੈ ਕਿ ਸੇਵਕ ਨੂੰ ਨਿੱਤ ਨਵੇਂ ਗੁਣ ਨਿਰੰਕਾਰ ਦੇ ਪ੍ਰਗਟ ਹੁੰਦੇ ਹਨ ।

[3] ਅਉਹਾਣੀ—ਨਾਸ਼ ।

ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ।
ਅਵਰ ਦੂਜਾ ਕਿਉ ਸੇਵੀਐ ਜੰਮੈ ਤੇ ਮਰਿ ਜਾਇ ।੨।

(ਸਲੋਕ ਮ: ੩ ਵਾਰ ਗੁਜਰੀ ਮ: ੩)

ਨਿਕਟਿ ਜੀਅ ਕੈ ਸਦ ਹੀ ਸੰਗਾ ।
ਕੁਦਰਤਿ ਵਰਤੈ ਰੂਪ ਅਰੁ ਰੰਗਾ ।੧।
ਕਰ੍ਹੈ ਨ ਝੁਰੈ ਨਾ ਮਨੁ ਰੋਵਨ ਹਾਰਾ ।
ਅਵਿਨਾਸੀ ਅਵਿਗਤੁ ਅਗੋਚਰੁ ਸਦਾ ਸਲਾਮਤਿ ਖਸਮੁ ਹਮਾਰਾ ।੧।੨੧।

(ਆਸਾ ਮ: ੫)

ਕਈ ਵਿਦਵਾਨ ਪਾਰਬ੍ਰਹਮ ਨੂੰ ਅਕਰਤ੍ਰੀ ਮੰਨਦੇ ਹਨ ਤੇ ਕਹਿੰਦੇ ਹਨ ਕਿ ਸ੍ਰਿਸ਼ਟੀ ਰਚਨਾ ਪ੍ਰਕ੍ਰਿਤੀ ਜਾਂ ਮਾਇਆ ਦਾ ਕੰਮ ਹੈ। ਪਰ ਗੁਰੂ ਜੀ ਅਕਾਲ ਪੁਰਖ ਨੂੰ ਕਰਤਾ ਮੰਨਦੇ ਹਨ ਤੇ ਫੁਰਮਾਉਂਦੇ ਹਨ ਕਿ ਉਸ ਇਕ ਹਸਤੀ ਤੋਂ ਹੀ ਸਾਰੀ ਸ੍ਰਿਸ਼ਟੀ ਹੋਂਦ ਵਿਚ ਆਈ ਹੈ ।

ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ।
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ।੧।੨੧।

(ਗਉੜੀ ਸੁਖਮਨੀ ਮ: ੫)

ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ ।੧।੧੦।

(ਗਉੜੀ ਸੁਖਮਨੀ ਮ: ੫)

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ।
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ।
ਤੂੰ ਜਾਣੋਈ ਸਭ ਸੈ ਦੇ ਲੈਸਹਿ ਜਿੰਦੁ ਕਵਾਉ ।
ਕਰਿ ਆਸਣੁ ਡਿਠੋ ਚਾਉ ।੧।

(ਵਾਰ ਆਸਾ ਮ: ੧)

[1]ਕਈ ਸੱਜਣ ਜਦੋਂ ਸੰਸਾਰ ਵਿਚ ਪਾਪ ਜਾਂ ਬੁਰਾਈ ਵੇਖਦੇ ਹਨ ਤਾਂ ਸੰਸੇ ਵਿਚ ਪੈ ਜਾਂਦੇ ਹਨ। ਕਈ ਪੁਰਾਣੇ ਮੱਤਾਂ ਨੇ ਨੇਕੀ ਤੇ ਬਦੀ ਦੇ ਦੋ ਰੱਬ ਮੰਨੇ ਹਨ। ਪਰ ਸਤਿਗੁਰੂ ਫਰਮਾਉਂਦੇ ਹਨ ਕਿ ਭਲੇ ਜਾਂ ਬੁਰੇ ਪਾਸੇ ਜਾਣ ਵਾਲੀ ਜੋ ਵੀ ਸ੍ਰਿਸ਼ਟੀ ਨਜ਼ਰ ਪੈਂਦੀ ਹੈ ਸਭ ਉਸ ਇਕ ਦੀ

1 ਬੁਰਾਈ ਕੀ ਹੈ ? ਇਹ ਵਿਚਾਰ ਅਗੇ ਵਿਸਥਾਰ ਨਾਲ ਕੀਤੀ ਜਾਵੇਗੀ।

ਪੈਦਾਇਸ਼ ਹੈ !

ਕਈ ਕੋਟਿ ਹੋਏ ਪੂਜਾਰੀ । ਕਈ ਕੋਟਿ ਆਚਾਰ ਬਿਉਹਾਰੀ ।
ਕਈ ਕੋਟਿ ਭਏ ਤੀਰਥ ਵਾਸੀ । ਕਈ ਕੋਟਿ ਬਨ ਭ੍ਰਮਹਿ ਉਦਾਸੀ ।
ਕਈ ਕੋਟਿ ਬੇਦ ਕੇ ਸ੍ਰੋਤੇ । ਕਈ ਕੋਟਿ ਤਪੀਸੁਰ ਹੋਤੇ ।
ਕਈ ਕੋਟਿ ਆਤਮ ਧਿਆਨੁ ਧਾਰਹਿ ।
ਕਈ ਕੋਟਿ ਕਬਿ ਕਾਬਿ ਬੀਚਾਰਹਿ ।
ਕਈ ਕੋਟਿ ਨਵਤਨ ਨਾਮ ਧਿਆਵਹਿ ।
ਨਾਨਕ ਕਰਤੇ ਕਾ ਅੰਤੁ ਨ ਪਾਵਹਿ । ੧ ।
ਕਈ ਕੋਟਿ ਭਏ ਅਭਿਮਾਨੀ । ਕਈ ਕੋਟਿ ਅੰਧ ਅਗਿਆਨੀ ।
ਕਈ ਕੋਟਿ ਕਿਰਪਨ ਕਠੋਰ । ਕਈ ਕੋਟਿ ਅਭਿਗ ਆਤਮ ਨਿਕੋਰ ।
ਕਈ ਕੋਟਿ ਪਰ ਦਰਬ ਕਉ ਹਿਰਹਿ ।
ਕਈ ਕੋਟਿ ਪਰ ਦੂਖਨਾ ਕਰਹਿ ।
ਕਈ ਕੋਟਿ ਮਾਇਆ ਸ੍ਰਮ ਮਾਹਿ । ਕਈ ਕੋਟਿ ਪਰਦੇਸ ਭ੍ਰਮਾਹਿ ।
ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ।
ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ। ੨ । ੧੦ ।

(ਗਉੜੀ ਸੁਖਮਨੀ ਮ: ੫)

ਸਭ ਜੀਵਾਂ ਦੇ ਅੰਦਰ ਉਸ ਇਕ ਵਾਸ ਹੈ ਤੇ ਉਹੀ ਸਭ ਜੀਵਾਂ ਨੂੰ ਸੱਤਾ ਪ੍ਰਦਾਤਾ ਹੈ ।

ਸਭ ਮਹਿ ਜੀਉ ਜੀਉ ਹੈ ਸੋਈ ਘਟਿ ਘਟਿ ਰਹਿਆ ਸਮਾਈ । ੭੧ ॥

(ਮਲਾਰ ਅਸ਼ਟਪਦੀਆਂ ਮ: ੧)

ਪਾਰਬ੍ਰਹਮ ਕੇ ਸਗਲੇ ਠਾਉ ।
ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ।
ਆਪੇ ਕਰਨ ਕਰਾਵਨ ਜੋਗੁ । ਪ੍ਰਭ ਭਾਵੈ ਸੋਈ ਫੁਨਿ ਹੋਗੁ ।
ਪਸਰਿਓ ਆਪਿ ਹੋਇ ਅਨਤ ਤਰੰਗ
ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗਿ । ੮ । ੯ ।

(ਗਉੜੀ ਸੁਖਮਨੀ ਮ: ੫)

ਨਾ ਕੇਵਲ ਸਭ ਕੁਝ ਉਸਨੇ ਹੀ ਪੈਦਾ ਕੀਤਾ ਹੈ ਉਹ ਆਪ ਹੀ ਸਾਰੀ ਸ੍ਰਿਸ਼ਟੀ ਨੂੰ ਧਾਰ ਰਹਿਆ ਹੈ ਤੇ ਸਭ ਦਾ ਪ੍ਰਬੰਧ ਕਰ ਰਹਿਆ ਹੈ ।

ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ । ੧੦ ।

(ਵਾਰ ਆਸਾ ਮ: ੧)

ਸਗਲ ਸਮਗ੍ਰੀ ਅਪਨੈ ਸੂਤਿ ਧਾਰੈ । ੩ । ੧੦ ।

(ਗਉੜੀ ਸੁਖਮਨੀ ਮ: ੫)

ਰਚਿ ਰਚਨ ਅਪਨੀ ਕਲ ਧਾਰੀ । ੮ । ੧੮ ।

(ਗਉੜੀ ਸੁਖਮਨੀ ਮ: ੫)

ਸਗਲ ਸਮਗ੍ਰੀ ਜਾਕੈ ਸੂਤਿ ਪਰੋਈ ।
ਘਟ ਘਟ ਅੰਤਰਿ ਰਵਿਆ ਸੋਈ । ੨ ।
ਓਪਤਿ ਪਰਲਉ ਖਿਨ ਮਹਿ ਕਰਤਾ ।
ਆਪਿ ਅਲੇਪਾ ਨਿਰਗੁਨੁ ਰਹਤਾ । ੩ ।
ਕਰਨ ਕਰਾਵਨ ਅੰਤਰ ਜਾਮੀ ।
ਅਨੰਦ ਕਰੈ ਨਾਨਕ ਕਾ ਸੁਆਮੀ । ੪ । ੧੩ । ੬੪ ।

(ਆਸਾ ਮ: ੫)

ਇਹ ਪਾਲਨਾ ਤੇ ਇਹ ਪ੍ਰਬੰਧ ਉਹ ਸ੍ਰਿਸ਼ਟੀ ਤੋਂ ਅਡਰਾ ਹੋ ਕੇ ਨਹੀਂ ਕਰ ਰਿਹਾ। ਉਹ ਆਪਣੀ ਸ੍ਰਿਸ਼ਟੀ ਦੇ ਜ਼ਰੇ ਜ਼ਰੇ ਵਿਚ ਭਰਪੂਰ ਹੈ । ਸਭ ਅੱਖਾਂ ਵਿਚੋਂ ਉਹ ਆਪ ਵੇਖਦਾ ਹੈ । ਸਾਰਾ ਬ੍ਰਹਿਮੰਡ ਉਸ ਦਾ ਸਰੀਰ ਹੈ ।

ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ ।
ਅੰਤਰਿ ਬਾਹਰਿ ਸੰਗਿ ਹੈ ਨਾਨਕ ਕਾਇ ਦੁਰਾਇ । ੪੬ ।

(ਗਉੜੀ ਬਾਵਨ ਅਖਰੀ ਮ: ੫)

ਸਰਬ ਭੂਤ ਆਪਿ ਵਰਤਾਰਾ । ਸਰਬ ਨੈਨ ਆਪਿ ਪੇਖਨ ਹਾਰਾ ।
ਸਗਲ ਸਮਗ੍ਰੀ ਜਾ ਕਾ ਤਨਾ । ੬ । ੨੩ ।

(ਗਉੜੀ ਸੁਖਮਨੀ ਮ: ੫)

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ।
ਊਚ ਨੀਚ ਮਹਿ ਜੋਤ ਸਮਾਣੀ ਘਟਿ ਘਟਿ ਮਾਧਉ ਜੀਆ । ੧ ।
ਸੰਤਹੁ ਘਟਿ ਘਟਿ ਰਹਿਆ ਸਮਾਹਿਓ ।
ਪੂਰਨ ਪੂਰਿ ਰਹਿਓ ਸਰਬ ਮਹਿ ਜਲਿ ਥਲਿ ਰਮੀਆ ਆਹਿਓ । ੧ । ਰਹਾਉ ।
ਗੁਣ ਨਿਧਾਨ ਨਾਨਕੁ ਜਸੁ ਗਾਵੈ ਸਤਿਗੁਰਿ ਭਰਮੁ ਚੁਕਾਇਓ ।
ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਆ ਸਮਾਇਓ । ੨ ।

(ਸੋਰਿਠ ਮ: ੫ ਘਰ ੨ ਦੁਪਦੇ)

ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ ।
ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ । ੨ । ੪ । ੩੭ ।

(ਸ੍ਰੀ ਰਾਗ ਮ: ੩)

ਬਲਿਹਾਰੀ ਕੁਦਰਤਿ ਵਸਿਆ ।
ਤੇਰਾ ਅੰਤੁ ਨ ਜਾਈ ਲਖਿਆ । ੧ । ਰਹਾਉ ।
[1]ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ।
ਅਕਲ ਕਲਾ ਭਰਪੂਰਿ ਰਹਿਆ । ੨ । ੧੨ ।

(ਵਾਰ ਆਸਾ ਮ: ੧)

ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ ।
ਨਾਨਕ ਕਾ ਪਾਤਸਾਹੁ ਦਿਸੈ ਜਾਹਰਾ । ੪ । ੩ । ੧੦੫ ।

(ਆਸਾ ਮ: ੫)

ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ ।
ਸਚੜਾ ਦੂਰਿ ਨ ਭਾਲੀਐ ਘਟਿ ਘਟਿ [2]ਸਬਦੁ ਪਛਾਣੋਵਾ । ੧ । ੪ ।

(ਅਲਾਹਣੀਆਂ ਵਡਹੰਸ ਮ: ੧)

ਪਰ ਸਭ ਵਿਚ ਵਸਦਾ ਹੋਇਆ ਉਹ ਸਭ ਤੋਂ ਅੱਡਰਾ ਹੈ ।
ਸਭ ਕੈ ਮਧਿ ਸਭ ਹੂ ਤੇ ਬਾਹਰਿ ਰਾਗ ਦੋਖ ਤੇ ਨਿਆਰੋ । ੩ । ੧ । ੧੧

(ਸੂਹੀ ਛੰਤ ਮ: ੧)

[3]ਆਪਿ ਖੜੋਵਹਿ ਆਪਿ ਕਰਿ ਆਪੀਣੈ ਆਪਾਹੁ । ੧ । ੧੦ ।

(ਸਲੋਕ ਮ: ੧ ਵਾਰ ਸੂਹੀ)

ਸਭਕੈ ਮਧਿ ਅਲਿਪਤੋ ਰਹੈ । ਜੋ ਕਿਛੁ ਕਰਣਾ ਸੁ ਆਪੇ ਕਹੈ । ੬ । ੨੩ ।

(ਗਉੜੀ ਸੁਖਮਨੀ ਮ: ੫)

ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ।
ਸਹਸ ਪਦ ਬਿਮਲ ਨਨ ਏਕ ਪਦ [4]ਗੰਧ ਬਿਨੁ ।
ਸਹਸ ਤਵ ਗੰਧ ਇਵ ਚਲਤ ਮੋਹੀ । ੩ । ੭ । ੯ ।

(ਧਨਾਸਰੀ ਮ: ੧)

ਪਰ ਕਈ ਵਿਦਵਾਨਾਂ ਨੇ ਕੁਝ ਇਕ ਨਿਰਜੀਵ ਤੇ ਅਚੇਤ ਵਸਤੂਆਂ ਵੀ ਸਦਾ ਰਹਿਣ ਵਾਲੀਆਂ ਤੇ ਸਰਬ ਵਿਆਪਕ ਮੰਨੀਆਂ ਹਨ ਜੇਹਾ ਕਿ ਆਕਾਸ਼ । ਪਰੰਤੂ ਸਤਿਗੁਰ ਜੀ ਦੀ ਦੱਸੀ

1 ਸ੍ਰਿਸ਼ਟੀ ਵਿਚ ਉਹ ਜੋਤ ਹੈ ਤੇ ਉਸ ਜੋਤ ਵਿਚ ਸ੍ਰਿਸ਼ਟੀ ਇਸਥਿਤ ਹੈ ।

2 ਸ਼ਬਦੁ—ਨਾਮ ਦੀ ਸ਼ਕਲ ਵਿਚ ।

3 ਆਪ ਸ੍ਰਿਸ਼ਟੀ ਸਾਜ ਕੇ ਉਸਦੇ ਵਿਚ ਖੜੋਤਾ ਹੈਂ ਪਰ ਅਸੰਗ ਹੈ ।

4 ਗੰਧ—ਨਕ ।

ਸਰਬ ਵਿਆਪਕ ਤੇ ਸਦਾ ਰਹਿਣ ਵਾਲੀ ਹਸਤੀ ਅਰਥਾਤ ਅਕਾਲ ਪੁਰਖ ਚੇਤਨ ਹੈ । ਉਸਦੇ ਵਿਚ ਬੁੱਝਣਾ, ਵੇਖਣਾ ਤੇ ਵਿਚਾਰ ਕਰਨਾ ਸਾਰੇ ਗੁਣ ਚੇਤਨ ਹਸਤੀ ਦੇ ਹਨ ।

ਬੂਝੈ ਦੇਖੈ ਕਰੈ ਬਿਬੇਕ । ਆਪਹਿ ਏਕ ਆਪਹਿ ਅਨੇਕ ।
ਮਰੈ ਨ ਬਿਨਸੈ ਆਵੈ ਨ ਜਾਇ ।
ਨਾਨਕ ਸਦ ਹੀ ਰਹਿਆ ਸਮਾਇ । ੬ । ੧੨ ।

(ਗਉੜੀ ਸੁਖਮਨੀ ਮ: ੫)

ਪਪੈ ਪਾਤਿਸਾਹੁ ਪਰਮੇਸਰੁ ਵੇਖਨ ਕਉ ਪਰਪੰਚੁ ਕੀਆ ।
ਦੇਖੈ ਬੂਝੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ । ੨੪ ।

(ਪਟੀ ਆਸਾ ਮ: ੧)

ਵਵੈ ਵਾਸੁਦੇਉ ਪਰਮੇਸੁਰ ਵੇਖਣਕਉ ਜਿਨਿ ਵੇਸੁ ਕੀਆ ।
ਵੇਖੈ ਚਾਖੈ ਸਭੁ ਕਿਛੁ ਜਾਣੈ ਅੰਤਰਿ ਰਵਿ ਰਹਿਆ । ੩੨ ।

(ਪਟੀ ਆਸਾ ਮ: ੧)

ਆਪਿ ਉਪਾਵਣੁ ਹਾਰ ਆਪੇ ਹੀ ਮਾਰਦਾ ।
ਸਭੁ ਕਿਛੁ ਜਾਣੈ ਜਾਣੁ ਬੁਝਿ ਵੀਚਾਰਦਾ ।
ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ । ੪ ।

(ਵਾਰ ਗੂਜਰੀ ਮ: ੫)

ਸਭ ਵਿਚ ਚੇਤਨਤਾ ਦੀ ਰੌਸ਼ਨੀ ਉਸ ਤੋਂ ਹੈ । ਸਭ ਨੂੰ ਸੱਤਾ ਦੇ ਕੇ ਧਾਰ ਰਹਿਆ ਹੈ । ਨਾਲ ਹੀ ਚਰਮਾਂ ਦਾ ਸਾਖੀ ਤੇ ਫਲ ਪ੍ਰਦਾਤਾ ਵੀ ਉਹੋ ਹੀ ਹੈ ।

ਹਰਿ ਜੀਉ ਅੰਤਰਜਾਮੀ ਜਾਨ ।
ਕਰਤ ਬੁਰਾਈ ਮਾਨੁਖ ਤੇ ਛਪਾਈ ਸਾਖੀ ਭੂਤ [1]ਪਵਾਨ । ੧ । ਰਹਾਉ । ੨ ।
ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ।
ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ । ੩ । ੫ । ੧੭ ।

(ਗਉੜੀ ਚੇਤੀ ਮ: ੧)

ਤੂ ਭਰਪੂਰਿ ਜਾਨਿਆ ਮੈ ਦੂਰਿ । ਜੋ ਕਛੁ ਕਰੀ ਸੁ ਤੇਰੈ ਹਦੂਰਿ ।

1 ਪਵਾਨ—ਪਵਨ ਵਾਂਗ ਸਾਰੇ ਭਰਪੂਰ ਹੋ ਸਾਡੇ ਕਰਮਾਂ ਦਾ ਸਾਖੀ ਹੈ ।

ਤੂ ਦੇਖਹਿ ਹਰੈ ਮੁਰਤਿ ਪਾਉ । ਤੇਰੈ ਕੰਮਿ ਨ ਤੇਰੈ ਨਾਇ ।੨।੨੧।

(ਸ੍ਰੀ ਰਾਗੁ ਮ: ੧)

ਥਾਨ ਥਨੰਤਰਿ ਰਵਿ ਰਹਿਆ ਮੇਰੀ ਜਿੰਦੁੜੀਏ ਪਾਰਬ੍ਰਹਮੁ ਪ੍ਰਭੁਦਾਤਾ ਰਾਮ ।
ਤਾਕਾ ਅੰਤੁ ਨ ਪਾਈਐ ਮੇਰੀ ਜਿੰਦੁੜੀਏ ਪੂਰਨ ਪੁਰਖੁ[1] ਬਿਧਾਤਾ ਰਾਮ । ੪ । ੬ ।

(ਬਿਹਾਗੜਾ ਛੰਤ ਮ: ੪)

ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ ।
ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ । ੧ ।

(ਫੁਨਹ ਮ: ੫)

ਸਭ ਕੁਝ ਉਸ ਦੇ ਹੁਕਮ ਵਿਚ ਚਲ ਰਹਿਆ ਹੈ ਪਰ ਹੁਕਮ ਦੀ ਕਲਮ ਜੀਵਾਂ ਦੇ ਕਰਮਾਂ ਅਨੁਸਾਰ ਵਗਦੀ ਹੈ ।

ਭੈ ਵਿਚਿ ਸਭੁ ਆਕਾਰੁ ਹੈ ਨਿਰਭਉ ਹਰਿ ਜੀਉ ਸੋਇ । ੧ । ੨ ।

(ਸਲੋਕ ਮ: ੩ ਵਾਰ ਵਡਹੰਸ ਮ: ੫)

ਹੁਕਮੀ ਹੁਕਮੁ ਚਲਾਏ ਰਾਹੁ । ੩ । (ਜਪੁ ਮ: ੧)
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ । ੨ ।

(ਜਪੁ ਮ: ੧)

ਸਭੇ ਸੁਰਤੀ ਜੋਗ ਸਭਿ ਸਭੇ ਬੇਦ ਪੁਰਾਨ ।
ਸਭੇ ਕਰਣੇ ਤਪ ਸਭਿ ਸਭੇ ਗੀਤ ਗਿਆਨ ।
ਸਭੇ ਬੁਧੀ ਸੁਧਿ ਸਭਿ ਸਭਿ ਤੀਰਥ ਸਭਿ ਥਾਨ ।
ਸਭਿ ਪਾਤਸਾਹੀਆਂ ਅਮਰ ਸਭਿ ਸਭਿ ਖੁਸੀਆ ਸਭਿ ਖਾਨ ।
ਸਭੇ ਮਾਣਸ ਦੇਵ ਸਭਿ ਸਭੇ ਜੋਗ ਧਿਆਨ ।
ਸਭੇ ਪੁਰੀਆ ਖੰਡ ਸਭਿ ਸਭੇ ਜੀਅ ਜਹਾਨ ।
ਹੁਕਮਿ ਚਲਾਏ ਆਪਣੇ ਕਰਮੀ ਵਹੈ[2] ਕਲਾਮ ।
ਨਾਨਕ ਸਚਾ ਸਚਿ ਨਾਇ ਸਚ ਸਭਾ ਦੀਬਾਨੁ । ੨ । ੯ ।

(ਸਲੋਕ ਮ: ੧ ਵਾਰ ਸਾਰੰਗ ਮ: ੪)

ਜਨਮ ਮਰਨ ਉਸਦੇ ਹੁਕਮ ਵਿਚ ਹੈ ।
ਐਸਾ ਸਾਚਾ ਤੂੰ ਏਕੋ ਜਾਣੁ ।
ਜੰਮਣ ਮਰਣਾ ਹੁਕਮੁ ਪਛਾਣੁ । ੧ ਰਹਾਉ । ੩ ।

(ਆਸਾ ਮ: ੧ ਅਸਪਟਦੀਆਂ)

---

[1] ਬਿਧਾਤਾ—ਫਲ ਪ੍ਰਦਾਤਾ

[2] ਕਲਾਮ—ਕਲਮ

ਆਵਣੁ ਤ ਜਾਣਾ ਤਿਨਹਿ ਕੀਆ ਜਿਨਿ ਮੇਦਨਿ ਸਿਰਜੀਆ ।੧।੧।

(ਬਿਹਾਗੜਾ ਛੰਤ ਮ: ੫ ਘਰ ੧)

ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ।੩ । ੧੮ ।

(ਵਾਰ ਆਸਾ ਮ: ੧)

ਉਸਦ ਹੁਕਮ ਵਿਚ ਹੋਰ ਕਿਸੇ ਦੀ ਸਲਾਹ ਨਹੀਂ ਚਲਦੀ, ਨਾ ਹੀ ਉਥੇ ਧਨੀ ਜਾਂ ਕੰਗਾਲ ਦੀ ਤਮੀਜ਼ ਹੈ।

ਰੰਕੁ ਰਾਉ ਜਾਕੈ ਏਕ ਸਮਾਨਿ । ਕੀਟ ਹਸਤਿ ਸਗਲ[1] ਪੂਰਾਨ ।
ਬੀਓ ਪੂਛਿ ਨ ਮਸਲਤਿ ਧਰੈ । ਜੋ ਕਿਛੁ ਕਰੈ ਸੁ ਆਪਹਿ ਕਰੈ । ੨।
ਜਾਕਾ ਅੰਤੁ ਨ ਜਾਨਸਿ ਕੋਇ । ਆਪੇ ਆਪਿ ਨਿਰੰਜਨ ਸੋਇ ।
ਆਪਿ ਅਕਾਰ ਆਪਿ ਨਿਰੰਕਾਰ ।
ਘਟ ਘਟ ਘਟਿ ਸਭ ਘਟ ਆਧਾਰੁ ।.੩ । ੩੫ ।

(ਗੋਂਡ ਮ: ੫)

ਹਰਨ ਭਰਨ ਜਾਕਾ ਨੇਤ੍ਰ ਫੋਰੁ । ਤਿਸ ਕਾ ਮੰਤ੍ਰ ਨਾ ਜਾਨੈ ਹੋਰੁ । ੧ । ੧੬ ।

(ਗਉੜੀ ਸੁਖਮਨੀ ਮ: ੫)

ਕਈ ਵਿਚਾਰਵਾਨ ਅਕਾਲ ਪੁਰਖ ਨੂੰ ਸੰਸਾਰ ਉੱਤਪਤੀ ਦਾ ਇਕ ਕਾਰਨ ਮੰਨਦੇ ਹਨ ਜਿਸ ਨੂੰ ਸ੍ਰਿਸ਼ਟੀ ਸਾਜਣ ਲਈ ਹੋਰ ਕਾਰਨਾਂ ਦੀ ਵੀ ਲੋੜ ਹੈ। ਸਤਿਗੁਰ ਫੁਰਮਾਉਂਦੇ ਹਨ ਕਿ ਉਹ ਇਕੱਲਾ ਹੀ ਸ੍ਰਿਸ਼ਟੀ ਸਾਜਣ ਦੇ ਸਮਰਥ ਹੈ ਸਾਰੇ ਹੋਰ ਕਾਰਨ ਉਸਦੇ ਹਥ ਵਿਚ ਹਨ ।

ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ।
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ । ੧ । ੧੧ ।

(ਗਉੜੀ ਸੁਖਮਨੀ ਮ: ੫)

ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ।
ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ । ੨ ।

(ਸਲੋਕ ਸਹਸਕ੍ਰਿਤੀ ਮ: ੧)

ਉਹ ਸਾਰੇ ਸੰਸਾਰ ਨੂੰ ਉਤਪਨ ਤੇ ਨਾਸ ਕਰਦਾ ਹੋਇਆ ਆਪ ਨਿਰਭਉ, ਨਿਰਵੈਰ ਤੇ ਜਨਮ ਮਰਨ ਤੋਂ ਰਹਿਤ ਹੈ।

---

1 ਪੂਰਾਨ—ਪੂਰਨ, ਭਰਪੂਰ ।

ਓਅੰ ਗੁਰਮੁਖਿ ਕੀਓ ਅਕਾਰਾ । ਏਕਹਿ ਸੂਤਿ ਪਰੋਵਨ ਹਾਰਾ ।
ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ । ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ।
ਸਗਲ ਭਾਂਤਿ ਕਰਿ[1] ਕਰਹਿ ਉਪਾਇਓ ।
ਜਨਮ ਮਰਨ ਮਨ ਮੋਹੁ ਬਢਾਇਓ ।
ਦੁਹੂ ਭਾਤਿ ਤੇ ਆਪਿ ਨਿਰਾਰਾ । ਨਾਨਕ ਅੰਤੁ ਨਾ ਪਾਰਾਵਾਰਾ ।

(ਗਉੜੀ ਬਾਵਨ ਅਖਰੀ ਮ: ੫)

ਅਲਖ ਅਪਾਰ ਅਗੰਮ ਅਗੋਚਰਿ ਨ ਤਿਸੁ ਕਾਲੁ ਨ ਕਰਮਾ ।
ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ । ੧ ।
ਸਾਚੇ ਸਚਿਆਰ ਵਿਟਹੁ ਕੁਰਬਾਣੁ ।
ਨ ਤਿਸੁ ਰੂਪ ਵਰਨੁ ਨਹੀਂ ਰੇਖਿਆ ਸਾਚੈ ਸਬਦਿ ਨੀਸਾਣੁ । ੧ । ਰਹਾਉ ।
ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨ ਤਿਸੁ ਕਾਮੁ ਨ ਨਾਰੀ ।
ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ । ੨ । ੬ ।

(ਸੋਰਿਠ ਮ: ੧)

ਸਗਲ ਪਰਾਧ ਦੇਹਿ[2]ਲੋਰੋਨੀ ।
ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ । ੩ ।
ਜਨਮਿ ਨ ਮਰੈ ਨ ਆਵੈ ਨ ਜਾਇ ।
ਨਾਨਕ ਕਾ ਪ੍ਰਭੁ ਰਹਿਓ ਸਮਾਇ । ੪ । ੧ ।

(ਭੈਰਉ ਮ: ੫)

ਉਹਦਾ ਕਰਤਾ ਕੋਈ ਨਹੀਂ । ਨਾ ਹੀ ਉਸਦੀ ਕੋਈ ਮੂਰਤੀ ਹੈ ਤੇ ਉਸ ਦੀਆਂ ਮੂਰਤੀਆਂ ਥਾਪ ਕੇ ਪੂਜਣਾ ਭੁਲੇਖਾ ਹੈ ।

ਆਪਨ ਆਪੁ ਆਪਹਿ ਉਪਾਇਓ । ੧ ।

(ਗਉੜੀ ਬਾਵਨ ਅਖਰੀ ਮ: ੫)

ਥਾਪਿਆ ਨ ਜਾਇ ਕੀਤਾ ਨ ਹੋਇ । ਆਪੇ ਆਪਿ ਨਿਰੰਜਨੁ ਸੋਇ । ੫ ।

(ਜਪੁ ਮ: ੧)

ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ । ੧ । ੧੬ ।

(ਗਉੜੀ ਸੁਖਮਨੀ ਮ: ੫)

ਘਰਿ ਨਾਰਾਇਣੁ ਸਭਾ ਨਾਲਿ । ਪੂਜ ਕਰੇ ਰਖੈ ਨਾਵਾਲਿ ।
ਕੁੰਗੂ ਚੰਨਣੁ ਫੁਲ ਚੜਾਏ । ਪੈਰੀ ਪੈ ਪੈ ਬਹੁਤੁ ਮਨਾਏ ।

---

[1] ਕਰਹਿ ਉਪਾਇਓ—ਉਪਾਵਨਾ ਕੀਤਾ, ਪੈਦਾ ਕੀਤਾ ।

[2] ਲੋਰੋਨੀ—ਲੋਰੀ ! ਜੋ ਠਾਕਰਾਂ ਨੂੰ ਪੰਘੂੜੇ ਵਿਚ ਪਾ ਕੇ ਨਿਰੰਕਾਰ ਦਾ ਰੂਪ ਸਮਝਕੇ ਲੋਰੀ ਦੇਂਦੇ ਹਨ ਉਹ ਸਾਰੇ ਅਪਰਾਧਾਂ ਦੇ ਭਾਗੀ ਹਨ ।

[1]ਮਾਣੂਆ ਮੰਗਿ ਮੰਗਿ ਪੈਨੈ ਖਾਇ । ਅੰਧੀ ਕੰਮੀ ਅੰਧ ਸਜਾਇ ।
ਭੁਖਿਆ ਦੇਇ ਨਾ ਮਰਦਿਆ ਰਖੈ । ਅੰਧਾ ਝਗੜਾ ਅੰਧੀ ਸਥੈ । ੧ । ੯ ।

(ਸਲੋਕ ਮ: ੧ ਵਾਰ ਸਾਰੰਗ ਮ: ੪)

ਸਾਰੇ ਸੰਸਾਰ ਦਾ ਪ੍ਰਬੰਧ ਕਰਦਾ ਹੋਇਆ ਉਹ ਅਨੰਦ ਰੂਪ ਹੈ । ਨ ਅਕੇਵਾ ਹੈ । ਨਾ ਥਕੇਵਾ ।

ਹੁਕਮੀ ਹੁਕਮੁ ਚਲਾਏ ਰਾਹੁ । ਨਾਨਕ ਵਿਗਸੈ ਵੇਪਰਵਾਹੁ । ੩ ।

(ਜਪੁ ਮ: ੧)

ਅਨਦ ਰੂਪ ਮੰਗਲ ਸਦ ਜਾਕੈ ।
ਸਰਬ ਥੋਕ ਸੁਨਿਅਹਿ ਘਰਿ ਤਾਕੈ । ੧ । ੧੬

(ਗਉੜੀ ਸੁਖਮਨੀ ਮ: ੫)

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ।
ਹਉ ਸੰਮਲਿ ਥਕੀ ਜੀ ਓਹੁ ਕਦੇ ਨਾ ਬੋਲੈ ਕਉਰਾ ।
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗੁਣੁ ਕੋ ਨ ਚਿਤਾਰੇ ।
ਪਤਿਤ ਪਾਵਨੁ ਹਰ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੈ । ੧ । ੧੧ ।

(ਸੂਹੀ ਛੰਤ ਮ: ੫)

ਨਾ ਕੇਵਲ ਕਰਮਾਂ ਅਨੁਸਾਰ ਨਿਰਨਾ ਹੀ ਕਰਦਾ ਹੈ ਸਗੋਂ ਉਹ ਪਰਮ ਦਿਆਲੂ ਹੋਣ ਭੁੱਲੇ ਜੀਵਾਂ ਨੂੰ ਰਾਹ ਭੀ ਪਾਂਦਾ ਹੈ ।

ਆਪੇ ਉਝੜ ਪਾਇਦਾ ਪਿਆਰਾ ਆਪਿ ਵਿਖਾਲੇ ਰਾਹੁ । ੨ ।੧ ।

(ਸੋਰਠਿ ਮ: ੪ ਘਰੁ ੧)

ਜਿਸਨੋ ਤੂੰ ਜਾਣਾਇਹਿ ਸੋਈ ਜਨੁ ਜਾਣੈ । ੩ । ੨ ।

(ਆਸਾ ਮ: ੪)

ਹਉ ਵਾਰੀ ਵੰਞਾ ਘੋਲੀ ਵੰਞਾ ਤੂ ਪਰਬਤੁ ਮੇਰਾ ਓਲ੍ਹਾ ਰਾਮ ।
ਹਉ ਬਲਿ ਜਾਈ ਲਖ ਲਖ ਲਖਬਰੀਆ ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ ।੪। ੧੪ ।

(ਸੂਹੀ ਮ: ੫ ਛੰਤ)

ਟੂਟੀ ਗਾਢਨ ਹਾਰ ਗੁਪਾਲ । ਸਰਬ ਜੀਆ ਆਪੇ ਪ੍ਰਤਿਪਾਲ ।
ਸਗਲ ਕੀ ਚਿੰਤਾ ਜਿਸੁ ਮਨ ਮਾਹਿ ।
ਤਿਸ ਤੇ ਬਿਰਥਾ ਕੋਈ ਨਾਹਿ । ੧ । ੧੫ ।

(ਗਉੜੀ ਸੁਖਮਨੀ ਮ. ੫)

---

[1] ਮਾਣੂਆਂ—ਮਨੁਖਾਂ ਪਾਸੋਂ । ਘਰ ਵਿਚ ਨਾਰਾਇਣ ਦੀ ਮੂਰਤੀ (ਜਿਸਨੂੰ ਉਹ ਨਾਰਾਇਣ ਮੰਨ ਰਹਿਆ ਹੈ) ਰੱਖੀ ਹੈ ਪਰ ਖਾਣ ਲਈ ਹੋਰਨਾਂ ਪਾਸੋਂ ਪਿੰਨਦਾ ਹੈ ।

ਹੁਣ ਇਹ ਸੰਸਾ ਹੋ ਸਕਦਾ ਹੈ ਕਿ ਆਇਆ ਸਚ ਮੁਚ ਇਨ੍ਹਾਂ ਗੁਣਾਂ ਵਾਲੀ ਕੋਈ ਹਸਤੀ ਹੈ ਜ਼ਾਂ ਐਵੇਂ ਹੀ ਸੰਸਾਰ ਦੀ ਖੇਡ ਨੂੰ ਸੁਲਝਾਣ ਲਈ ਇਕ ਦਲੀਲੀ ਮਨੌਤ ਹੈ ਅਥਵਾ ਕੇਵਲ ਮਨ ਦਾ ਵਹਿਮ ਹੈ। ਜੇ ਹੈ ਤਾਂ ਉਸਨੂੰ ਜਾਣੀਏ ਕਿਸ ਤਰਹ।

ਇਹ ਤਾਂ ਸਤਿਗੁਰ ਦਸ ਚੁਕੇ ਹਨ ਕਿ ਉਹ ਹਸਤੀ ਸਾਥੋਂ ਅੱਡ ਨਹੀਂ, ਜਿਸਨੂੰ ਅਸੀਂ 'ਆਪਣਾ ਆਪ' ਕਹਿੰਦੇ ਹਾਂ ਉਸਦਾ ਮੂਲ ਉਹ ਸੱਤਾ ਹੈ। ਇਸ ਲਈ ਆਪਣੇ ਤੋਂ ਅੱਡ ਵਸਤਾਂ ਦਾ ਗਿਆਨ ਜਿਸ ਤਰਹ ਸਾਨੂੰ ਹੋਂਦਾ ਹੈ, ਉੱਦਾਂ ਦਾ ਗਿਆਨ ਨਿਰੰਕਾਰ ਦਾ ਸਾਨੂੰ ਨਹੀਂ ਹੋ ਸਕਦਾ।

ਤਾਕੀ ਗਤਿ ਮਿਤਿ ਕਹੀ ਨਾ ਜਾਇ।
ਦੂਸਰੁ ਹੋਇ ਤ ਸੋਝੀ ਪਾਇ। ੭। ੨੩।

(ਗਉੜੀ ਸੁਖਮਨੀ ਮ: ੫)

ਅਤੁਲੁ ਕਿਉ ਤੋਲਿਆ ਜਾਇ। ਦੂਜਾ ਹੋਇ ਤ ਸੋਝੀ ਪਾਇ।
ਤਿਸਤੇ ਦੂਜਾ ਨਾਹੀ ਕੋਇ। ਤਿਸਦੀ ਕੀਮਤਿ ਕਿਕੂ ਹੋਇ। ੧। ੨।

(ਬਿਲਾਵਲ ਮ: ੩)

ਪਰ ਹੈ ਉਹ ਸਤਿ। ਨਿਰਾ ਦਲੀਲੀ ਮਨੌਤ ਜਾਂ ਮਨ ਦਾ ਵਹਿਮ ਨਹੀਂ। ਅਤੇ ਜਿਸ ਤਰ੍ਹਾਂ ਅਸੀਂ ਆਪਣੀ ਹੋਂਦ ਨੂੰ ਅਨੁਭਵ ਕਰਦੇ ਹਾਂ, ਇਸੇ ਤਰਹ ਅੰਤਰ ਆਤਮੇ ਅਸੀਂ ਉਸਦੀ ਹੋਂਦ ਨੂੰ ਵੀ ਮਹਿਸੂਸ ਕਰ ਸਕਦੇ ਹਾਂ।

ਸਜਣ ਸਚੁ ਪਰਖਿ ਮੁਖਿ ਅਲਾਵਣੁ ਥੋਥਰਾ।
ਮੰਨ ਮਝਾਹੂ ਲਖਿ ਤੁਧਹੁ ਦੂਰਿ ਨ ਸੁ ਪਿਰੀ। ੩। ੧੭।

(ਡਖਣੇ ਮ: ੫ ਵਾਰ ਮਾਰੂ ਮ: ੫)

ਸੰਤ ਸੰਗਿ ਅੰਤਰਿ ਪ੍ਰਭੁ ਡੀਠਾ। ੧। ੨੩।

(ਗਉੜੀ ਸੁਖਮਨੀ ਮ: ੫)

ਪਰ ਉਹ ਅੱਖਾਂ ਹੋਰ ਹਨ ਜਿਨ੍ਹਾਂ ਦ੍ਵਾਰੇ ਦਰਸ਼ਨ ਹੋਂਦੇ ਹਨ।

ਨਾਨਕ ਸੇ ਅਖੜੀਆਂ ਬਿਅਨਿ ਜਿਨੀ ਡਿਸੰਦੋ ਮਾਪਿਰੀ। ੩। ੧੬।

(ਡਖਣੇ ਮ: ੫ ਵਾਰ ਮਾਰੂ ਮ: ੫)

ਤੇ ਉਹ ਅੱਖਾਂ ਗੁਰ ਸ਼ਬਦ ਪੁਰ ਤੁਰਦੀਆਂ ਖੁਲ੍ਹਦੀਆਂ ਹਨ।

ਜਲਿ ਥਲਿ ਮਹੀਅਲਿ ਗੁਪਤੋ ਵਰਤੈ ।
ਗੁਰ ਸਬਦੀ ਦੇਖਿ ਨਿਹਾਰੀ ਜੀਉ । ਰਹਾਉ । ੮ ।

(ਸੋਰਠਿ ਮ: ੫)

ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ।
ਸਭਿ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ ।
ਪੂਰੇ ਗੁਰਿ ਵੇਖਾਲਿਆ ਸਬਦੇ ਸੋਝੀ ਪਾਈ ।
ਪੁਰਖੈ ਸੇਵਹਿ ਸੇ ਪੁਰਖੁ ਹੋਵਹਿ ਜਿਨੀ ਹਉਮੈ ਸਬਦਿ ਜਲਾਈ !
ਤਿਸੁ ਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ ।
ਨਿਹਚਲ ਰਾਜੁ ਹੈ ਸਦਾ ਤਿਸੁ ਕੇਰਾ ਨਾ ਆਵੈ ਨਾ ਜਾਈ । ੨ । ੧੫ ।

(ਸਲੋਕ ਮ: ੩ ਵਾਰ ਵਡਹੰਸ ਮ: ੪)

ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ ।
ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ ।
ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ । ੧ । ੧੦ ।

(ਵਾਰ ਸੋਰਠਿ ਮ: ੪)

ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ ।
ਹਉ ਸਤਿਗੁਰ ਕੈ ਬਲਿਹਾਰੀਐ । ੪ । ੧ ।

(ਤੁਖਾਰੀ ਛੰਤ ਮ: ੪)

ਅਦ੍ਰਿਸਟੁ ਦਿਸੈ ਤਾ ਕਹਿਆ ਜਾਇ ।
ਬਿਨੁ ਦੇਖੇ ਕਹਣਾ ਬਿਰਥਾ ਜਾਇ ।
ਗੁਰਮੁਖਿ ਦੀਸੈ ਸਹਜਿ ਸੁਭਾਇ ।
ਸੇਵਾ ਸੁਰਤਿ ਏਕ ਲਿਵ ਲਾਇ । ੨ । ੮ । ੪ ।

(ਗਉੜੀ ਗੁਆਰੇਰੀ ਮ: ੪)

ਸਤਿਗੁਰੂ ਹੁਣ ਆਪਣੀ ਉਗਾਹੀ ਦੇਂਦੇ ਹਨ ਕਿ ਅਸਾਂ ਉਸ ਹਸਤੀ ਨੂੰ ਡਿੱਠਾ ਹੈ । ਉਹ ਵਹਿਮੀ ਜਾਂ ਦਲੀਲੀ ਨਹੀਂ ।

ਹਰਿ ਕੇ ਸੰਤ ਸੁਣਹੁ ਜਨ ਭਾਈ ਹਰਿ ਸਤਿਗੁਰ ਕੀ ਇਕ ਸਾਖੀ ।
ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ ਤਿਨਿ ਜਨਿ ਲੈ ਹਿਰਦੈ ਰਾਖੀ ।
ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰਬਚਨੀ ਸਹਜੇ ਚਾਖੀ ।
ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿ ਰਾਖੀ ।
ਅਦ੍ਰਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ । ੧੨ ।

(ਵਾਰ ਸ੍ਰੀ ਰਾਗ ਮ: ੪)

ਕਿਸ ਰੂਪ ਵਿਚ ਉਹਦੀ ਹੋਂਦ ਨੂੰ ਅਨੁਭਵ ਕੀਤਾ ਹੈ ? ਆਪਣੀ ਸ੍ਰਿਸ਼ਟੀ ਵਿਚ ਵਿਆਪਕ, ਹੁਕਮ ਵਿਚ ਚਲਾਉਂਦਾ ਤੇ ਵਿਗਸਦਾ ।

ਸੋ ਅੰਤਰਿ ਸੋ ਬਾਹਰਿ ਅਨੰਤ ।
ਘਟਿ ਘਟਿ ਬਿਆਪਿ ਰਹਿਆ ਭਗਵੰਤ ।
ਧਰਨਿ ਮਾਹਿ ਆਕਾਸ ਪਇਆਲ । ਸਰਬ ਲੋਕ ਪੂਰਨ ਪ੍ਰਤਿਪਾਲ ।
ਬਨਿ ਤਿਨਿ ਪਰਬਤ ਹੈ ਪਾਰਬ੍ਰਹਮ । ਜੈਸੀ ਆਗਿਆ ਤੈਸਾ ਕਰਮੁ ।
ਪਉਣ ਪਾਣੀ ਬੈਸੰਤਰ ਮਾਹਿ । ਚਾਰਿ ਕੁੰਟ ਦਹ ਦਿਸੇ ਸਮਾਹਿ ।
ਤਿਸ ਤੇ ਭਿੰਨ ਨਹੀ ਕੋ ਠਾਉ । ਗੁਰ ਪ੍ਰਸਾਦਿ ਨਾਨਕ ਸੁਖੁ ਪਾਉ । ੨ ।
ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ।
ਸਸੀਅਰ ਸੂਰ ਨਖ੍ਯਤ੍ਰ ਮਹਿ ਏਕੁ ।
ਬਾਣੀ ਪ੍ਰਭ ਕੀ ਸਭੁ ਕੋ ਬੋਲੈ । ਆਪਿ ਅਡੋਲੁ ਨ ਕਬਹੂ ਡੋਲੈ ।
ਸਰਬ ਕਲਾ ਕਰਿ ਖੇਲੈ ਖੇਲ । ਮੋਲਿ ਨ ਪਾਈਐ ਗੁਣਹ ਅਮੋਲ ।
ਸਰਬ ਜੋਤਿ ਮਹਿ ਜਾਕੀ ਜੋਤਿ । ਧਾਰਿ ਰਹਿਓ ਸੁਆਮੀ ਓਤਿ ਪੋਤਿ ।
ਗੁਰ ਪਰਸਾਦਿ ਭਰਮ ਕਾ ਨਾਸੁ ।
ਨਾਨਕ ਤਿਨ ਮਹਿ ਏਹੁ ਬਿਸਾਸੁ । ੩ । ੨੩ ।

(ਗਉੜੀ ਸੁਖਮਨੀ ਮ: ੫)

ਆਪੇ ਰਾਜਨੁ ਆਪੇ ਲੋਗਾ । ਆਪਿ ਨਿਰਬਾਣੀ ਆਪੇ ਭੋਗਾ ।
ਆਪੇ ਤਖਤਿ ਬਹੈ ਸਚੁ ਨਿਆਈ ।
ਸਭ ਚੂਕੀ ਕੂਕ ਪੁਕਾਰਿਆ ਜੀਉ । ੩ ।
ਜੇਹਾ ਡਿਠਾ ਮੈਂ ਤੇਹੋ ਕਹਿਆ ।
ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ ।
ਜੋਤੀ ਜੋਤਿ ਮਿਲੀ ਸੁਖੁ ਪਾਇਆ
ਜਨ ਨਾਨਕ ਇਕੁ ਪਸਾਰਿਆ ਜੀਉ । ੪ । ੩ । ੧੦ ।

(ਮਾਝ ਮ: ੫)

ਜੈਸਾ ਸਾ ਤੈਸਾ ਦ੍ਰਿਸਟਾਇਆ ।
ਅਪੁਨੇ ਕਾਰਜ ਮਹਿ ਆਪਿ ਸਮਾਇਆ ।
ਸੋਧਤ ਸੋਧਤ ਸੋਧਤ ਸੀਝਿਆ । ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ।
ਜਬ ਦੇਖਉ ਤਬ ਸਭੁ ਕਿਛੁ ਮੂਲੁ ।
ਨਾਨਕ ਸੋ ਸੂਖਮੁ ਸੋਈ ਅਸਥੂਲੁ । ੫ । ੧੪ ।

(ਗਉੜੀ ਸੁਖਮਨੀ ਮ: ੫)

ਇਹ ਗੁਣ ਉਸ ਹਸਤੀ ਦੇ ਗੁਰਬਾਣੀ ਵਿੱਚ ਦੱਸੇ ਗਏ ਹਨ, ਜਿਸ ਹਸਤੀ ਤੋਂ ਇਸ ਸੰਸਾਰ ਦੀ ਉਤਪੱਤੀ ਹੈ ਤੇ ਮਨੁਖੀ ਜੀਵਨ ਦਾ ਅਰਥ ਸਤਿਗੁਰੂ ਇਹ ਦੱਸਦੇ ਹਨ ਕਿ ਮਨੁੱਖ ਉਸ ਨੂੰ ਸਾਖਿਆਤ ਕਰੇ ਕਿਉਂ ਜੋ ਪੱਛਮੀ ਵਿੱਦਿਆ ਦੇ ਅਸਰ ਹੇਠ ਆਏ ਕਈ ਸੱਜਣ ਸਾਇੰਸ ਦੀ ਖ਼ੋਜ ਨੂੰ ਪਰਮਾਣ ਮੰਨਦੇ ਹਨ। ਸਾਡੇ ਪਾਠਕਾਂ ਲਈ ਉਸ ਖੋਜ ਤੋਂ ਜਾਣੂ ਹੋਣਾ ਦਿਲਚਸਪੀ ਤੋਂ ਖਾਲੀ ਨਹੀਂ ਹੋਵੇਗਾ।

[1]ਅਜ ਕਲ ਦੀ ਖੋਜ ਅਨੁਸਾਰ ਤੱਤ [2]੯੨ ਹਨ, ਪਰ ਹੁਣ ਇਹ ਗੱਲ ਮੰਨੀ ਜਾ ਚੁੱਕੀ ਹੈ ਕਿ ਮਾਦੇ ਦੀਆਂ ਸਾਰੀਆਂ ਜਿਨਸਾਂ ਅੰਤ ਦੋ ਪਦਾਰਥਾਂ ਤੋਂ ਬਣੀਆਂ ਹੋਈਆਂ ਹਨ ਪ੍ਰੋਟੋਨ ਤੇ ਈਲੈਕਟਰਾਨ। ਇਹ ਦੋ ਅੰਤਮ ਪਦਾਰਥ ਹਨ। ਇਹਨਾਂ ਨੂੰ ਬਿਜਲੀ ਦੇ ਅਣੂ ਸਮਝੋ। ਪ੍ਰੋਟੋਨ ਮੁਸਬਤ ਬਿਜਲੀ ਹੈ ਤੇ ਈਲੈਕਟਰਾਨ ਮਨਫ਼ੀ। ਸਿਵਾਏ ਹਾਈਡਰੋਜਨ ਦੇ ਪ੍ਰਮਾਣੂ ਦੇ ਜਿਹਦੇ ਵਿੱਚ ਇਕ ਪ੍ਰੋਟੋਨ ਤੇ ਇਕ ਈਲੈਕਟਰਾਨ ਹੋਂਦਾ ਹੈ ਬਾਕੀ ਦੇ ਇਕਾਨਵੇਂ ਤੱਤਾਂ ਦੇ ਪ੍ਰਮਾਣੂਆਂ ਵਿੱਚ ਪ੍ਰੋਟੋਨ ਤੇ ਕੁਝ ਈਲੈਕਟਰਾਨ ਜੁੜੇ ਹੋਏ ਮੱਧ ਵਿਚ ਹੋਂਦੇ ਹਨ। ਤੇ ਬਾਕੀ ਜਿੰਨੇ ਇਲੈਕਟਰਾਨ ਉਸ ਪ੍ਰਮਾਣੂ ਦੀ ਬਣਤਰ ਲਈ ਲੋੜੀਂਦੇ ਹੁੰਦੇ ਹਨ,ਉਹ ਉਸ ਕੇਂਦਰ ਦੇ ਚੁਗਿਰਦੇ ਇਕਰਾਂ ਘੁੰਮਦੇ ਰਹਿੰਦੇ ਹਨ ਜਿੱਦਾਂ ਸੂਰਜ ਦੇ ਗਿਰਦੇ ਪ੍ਰਿਥਵੀ ਤੇ ਹੋਰ ਗ੍ਰਹਿ। ਇਸ ਲਈ ਪ੍ਰਮਾਣੂ ਨਿੱਗਰ ਨਹੀਂ ਹੁੰਦੇ। ਉਨ੍ਹਾਂ ਵਿਚ ਉਕਰ ਦਾ ਪੁਲਾੜ ਹੈ ਜੇਹਾ ਅਸੀਂ ਸੂਰਜ ਤੇ ਪ੍ਰਿਥਵੀ ਆਦਿ ਗ੍ਰਹਿਆਂ ਦੇ ਵਿਚਕਾਰ ਦੇਖਦੇ ਹਾਂ। ਕਦੀ ਅਸੀਂ ਇਕ ਮਨੁੱਖ ਦੇ ਜਿਸਮ ਦੇ ਖਾਲੀ ਪੁਲਾੜ ਨੂੰ ਕੱਢ ਦੇਈਏ ਤਾਂ ਸਾਰੇ ਪ੍ਰੋਟੋਨਾਂ ਤੇ ਈਲੈਕਟਰਾਨਾਂ ਨੂੰ ਇਕ ਥਾਂ ਇਕੱਠਾ ਕਰੀਏ ਤਾਂ ਇਹ ਸਰੀਰ ਇੰਨੇ ਛੋਟੇ ਜ਼ਰੇ ਦੇ ਰੂਪ ਵਿੱਚ ਹੋ ਜਾਏਗਾ ਜਿਹੜਾ ਖੁਰਦਬੀਨ ਨਾਲ ਮਸਾਂ ਦਿਸੇਗਾ।

ਹੁਣ ਸਵਾਲ ਇਹ ਰਹਿਆ ਕਿ ਉਹ ਅੰਤਮ ਪਦਾਰਥ ਜਿਸ ਨੇ ਅੱਡ ਅੱਡ ਕਿਸਮ ਦੇ ਮਾਦੇ ਦਾ ਰੂਪ ਧਾਰਿਆ ਹੋਇਆ ਹੈ ਨਿਰਜੀਵ ਤੇ ਅਚੇਤ ਹੈ ਜਾਂ ਜੀਵ ਸਹਿਤ ਤੇ ਚੇਤਨ। ਇਹ ਖਿਆਲ ਕਿ ਸਮਾਂ ਪਾ ਕੇ ਨਿਰਜੀਵ ਮਾਦੇ ਵਿਚ ਜੀਵ ਪੈਦਾ ਹੋ ਗਇਆ, ਹੁਣ ਸਾਰੇ ਸਾਇੰਸਵੇਤਾ ਨਹੀਂ ਮੰਨਦੇ ਕਿਉਂ ਜੁ ਕੋਈ ਸਾਇੰਸਵੇਤਾ ਇਹ ਗੱਲ ਪਰਤਾਵਾ ਕਰਕੇ ਵਿਖਾ ਨਹੀਂ ਸਕਿਆ। [3]ਨਾ ਹੀ

---

[1] ਇਹ ਲੇਖ "The Nature of Physical World" by Eddington ਦੇ ਆਧਾਰ ਪੁਰ ਹੈ, ਮਿਸਟਰ ਐਡਿੰਗਟਨ ਇੰਗਲੈਂਡ ਦਾ ਇਕ ਸਭ ਤੋਂ ਉੱਘਾ ਸਾਇੰਸਵੇਤਾ ਹੈ।

[2] ਇਹ ਗਿਣਤੀ ਹੁਣ ਹੋਰ ਵਧ ਗਈ ਹੈ।

[3] Thought and emotion, as we know them, are absolutely **sui generis**, and we do not get the least nearer to an understanding of them by believing (or for that matter by disbelieving) that they are results of brain processes.

(The New Psychology, Tansley. Page 62,)

ਖਿਆਲ ਤੇ ਭਾਵ, ਜਿਨਾ ਕੁ ਸਾਨੂੰ ਮਲੂਮ ਹੈ, ਉੱਕਾ ਹੀ ਅੱਡਰੀ ਜਿਨਸ ਹਨ ਤੇ ਇਹ ਮੰਨਕੇ, (ਜਾਂ ਨਾਂ ਮੰਨਕੇ) ਕਿ ਇਹ ਮਗਜ਼ ਦੇ ਖ਼ਾਸ ਅਮਲਾਂ ਦਾ ਸਿੱਟਾ ਹਨ ਅਸੀਂ ਉਨ੍ਹਾਂ ਦੇ ਗਿਆਨ ਦੇ ਰਤਾ ਵੀ ਵਧੀਕ ਨੇੜੇ ਨਹੀ ਪੁਜਦੇ।

(ਟੈਨਸਲੇ, ਨੀਉ ਸਾਈਕਾਲੋਜੀ ਪੰਨਾ 26)

The secret of the connection of mind and brain remains as dark as ever.

(Page 30 **ibid**)

ਅੰਤਹਕਰਨ ਤੇ ਦਿਮਾਗ ਦੇ ਸੰਬੰਧ ਦਾ ਭੇਦ ਅਜੇ ਉੱਨਾਂ ਹੀ ਗੁੱਝਾ ਹੈ ਜਿੰਨਾਂ ਪਹਿਲੇਂ ਸੀ।

[ਉਤਲੀ ਕਿਤਾਬ, ਪੰਨਾ 30)

ਇਹ ਗੱਲ ਮੰਨੀ ਜਾਂਦੀ ਹੈ ਕਿ ਚੇਤਨਤਾ ਮਗਜ਼ ਦੇ ਪ੍ਰਮਾਣੂਆਂ ਵਿੱਚ ਹਿਲ ਜੁਲ ਨਾਲ ਪੈਦਾ ਹੋਂਦੀ ਹੈ। ਭਾਵੇਂ ਇਹ ਗੱਲ ਠੀਕ ਹੈ ਕਿ ਜਦੋਂ ਸਾਡੇ ਅੰਦਰ ਚੇਤਨਤਾ ਦੀ ਰੌ ਚਲਦੀ ਹੁੰਦੀ ਹੈ, ਸਾਡੇ ਮਗਜ਼ ਦੇ ਪ੍ਰਮਾਣੂ ਵੀ ਹਰਕਤ ਵਿੱਚ ਹੁੰਦੇ ਹਨ। ਪਰ ਹੁਣ ਸਾਇੰਸਵੇਤਾ ਮੰਨਦੇ ਹਨ ਕਿ ਚੇਤਨਤਾ ਇਕ ਉੱਕੀ ਅੱਡਰੀ ਸ਼ੈ ਹੈ [1]ਇਨ੍ਹਾਂ ਸਾਰੀਆਂ ਗੱਲਾਂ ਦੇ ਆਧਾਰ ਤੇ ਮਿ: ਐਡਿੰਗਟਨ ਲਿਖਦਾ ਹੈ ਕਿ ਜਿਸ ਨਤੀਜੇ ਤੇ ਅਸੀਂ ਪੁਜਦੇ ਹਾਂ ਉਸ ਨੂੰ ਮੋਟੇ ਲਫ਼ਜ਼ਾਂ ਵਿਚ ਬਿਆਨ ਕਰੀਏ ਤਾਂ ਇਹ ਹੈ ਕਿ ਜਿਸ ਮਸਾਲੇ ਤੋਂ ਦੁਨੀਆ ਬਣੀ ਹੈ ਉਹ ਉਹੀ ਹੈ ਜੋ ਅੰਤਹਕਰਣ ਦੀ ਬਣਤਰ ਦਾ ਮਸਾਲਾ ਹੈ। ਨਿਰਸੰਦੇਹ ਸੰਸਾਰ ਦਾ ਚੇਤਨਾ ਮਸਾਲਾ ਸਾਡੇ ਸ਼ਖ਼ਸੀ ਚੇਤਨ ਅੰਤਹਕਰਨਾਂ ਨਾਲੋਂ ਵਧੀਕ ਵਿਆਪਕ ਹੈ ਪਰ ਅਸੀਂ ਇਹ ਖਿਆਲ ਕਰ ਸਕਦੇ ਹਾਂ ਕਿ ਇਹਦਾ ਅਸਲਾ ਸਾਡੀ ਚੇਤਨਤਾ ਵਿੱਚ ਜੋ ਭਾਵ ਉਠਦੇ ਹਨ, ਉਨ੍ਹਾਂ ਨਾਲੋਂ ਉੱਕਾ ਵੱਖਰਾ ਨਹੀਂ।

ਹੇਠ ਦਿੱਤੇ ਹਵਾਲੇ ਇਸ ਮਸਾਲੇ ਤੇ ਵਧੀਕ ਚਾਨਣ ਪਾਣਗੇ ਤੇ ਪਾਠਕਾਂ ਨੂੰ ਪਤਾ ਲਗੇਗਾ ਕਿ ਕਈ ਸਾਇੰਸਵੇਤਾ ਏਹ ਮੰਨਣ ਲਗ ਪਏ ਹਨ ਕਿ ਜਗਤ ਪਸਾਰਾ ਚੇਤਨ ਹਸਤੀ ਤੋਂ ਹੈ।

In science we study the linkage of pointer readings with pointer readings. The terms link together in endless cycle with the same inscrutable nature running through the whole. There is nothing to prevent the assemblage of atoms constituting a brain from being of itself a thinking object in virtue of that nature which physics leaves undetermined and undeterminab'e. If we must embed our schedule of indicator readings in some kind of background, at least let us accept the only hint we have received as to the significance of the background—namely that it has a nature capable of manifesting itself as mental activity.

(Eddington Page 260.)

''ਸਾਇੰਸ ਵਿਚ ਅਸੀਂ ਅੱਡ ਅੱਡ ਭਾਂਤ ਦੇ ਪਰੀਮਾਣਾਂ ਦੇ ਆਪੋ ਵਿਚ ਦੀ ਸੰਬੰਧ ਦਾ ਮੁਤਾਲਿਆ ਕਰਦੇ ਹਾਂ। ਨਾਵਾਂ ਦਾ ਇਕ ਅਤੁੱਟ ਚੱਕਰ ਬੱਝ ਜਾਂਦਾ ਹੈ ਤੇ ਉਹੋ ਅਲੱਖ ਤੱਤ ਸਾਰੇ ਚੱਕ੍ਰ ਦਾ ਧਾਗਾ ਹੈ। ਪਦਾਰਥ ਵਿੱਦਿਆ ਪਦਾਰਥਾਂ ਦੇ ਜਿਸ ਅਸਲੇ ਨੂੰ ਅਗੋਚਰ ਤੇ ਅਲੱਖ ਮੰਨਦੀ ਹੈ, ਉਹਦੀ ਸ਼ਕਤੀ ਦਵਾਰਾ ਪ੍ਰਮਾਣੂਆਂ ਦਾ ਇਕੱਠ, ਜਿਸ ਤੋਂ ਦਿਮਾਗ ਦੀ ਬਣਤਰ ਹੈ, ਆਪਣੇ ਆਪ ਹੀ ਇਕ ਚੇਤਨ ਹਸਤੀ ਹੋ ਸਕਦਾ ਹੈ। ਜੇ ਸਾਡੇ ਲਈ ਇਹ ਜ਼ਰੂਰੀ ਹੈ ਕਿ ਦਿਸਦੇ ਪਰੀਮਾਣਾਂ ਦੇ ਨਕਸ਼ੇ ਦੀ ਜੜ੍ਹ ਕਿਸੇ ਭੂਮੀ ਵਿਚ ਗੱਡੀਏ ਤਾਂ ਘੱਟੋ ਘੱਟ ਸਾਨੂੰ ਉਸ ਸੈਣਤ ਨੂੰ ਪਰਵਾਨ ਕਰ

[1] To put the conclusion crudely, the stuff of the world is mind stuff ..... The mind stuff of the world is, of course, something more general than our individual conscious minds; but we may think of its nature as not altogether foreign to the feelings in our consciousness.

(Eddington, Page 276)

ਲੈਣਾ ਚਾਹੀਦਾ ਹੈ ਜੋ ਉਸ ਭੂਮੀ ਦੇ ਅਸਲ ਬਾਬਤ ਸਾਨੂੰ ਮਿਲੀ ਹੈ। ਅਰਥਾਤ ਇਹ ਕਿ ਇਹਦੇ ਅਸਲੇ ਵਿਚ ਇਹ ਸ਼ਕਤੀ ਹੈ ਕਿ ਮਾਨਸਿਕ ਕਿਰਿਆ ਦੇ ਰੂਪ ਵਿਚ ਆਪਣੇ ਆਪ ਨੂੰ ਜ਼ਾਹਿਰ ਕਰ ਸਕੇ।''

ਇਸਦਾ ਭਾਵ ਮੋਟੇ ਲਫਜ਼ਾਂ ਵਿਚ ਇਹ ਹੈ ਸਾਇੰਸ ਮਾਦੇ ਦੇ ਕੁਝ ਇਕ ਗੁਣਾਂ ਦੀ ਖੋ ਕਰਦਾ ਹੈ। ਅਸਲ ਤੱਤ ਜਿਸ ਤੋਂ ਮਾਦਾ ਬਣਿਆ ਹੈ, ਦਾ ਸਾਰਾ ਹਾਲ ਸਾਇੰਸ ਨੂੰ ਮਲੂਮ ਨਹੀਂ ਤੇ ਹੋ ਸਕਦਾ ਹੈ ਉਸ ਅਸਲ ਤੱਤ ਵਿਚ ਚੇਤਨਤਾ ਵੀ ਹੋਵੇ। ਜੋ ਇਸ਼ਾਰੇ ਪਦਾਰਥਕ ਖੋਜ ਤੋਂ ਮਿਲਦੇ ਹਨ ਉਨ੍ਹਾਂ ਦਾ ਸਿੱਟਾ ਈਹੋ ਹੈ।

We know that in the mind there are memories not in consciousness at the moment but capable of being summoned into consciousness We are vaguely aware that things we canot recall are lying somewhere about and may come into the mind at any moment. Consciousness is not sharply defined: but fades into sub-consciousness and beyond that we must postulate something indefinite but yet continuous with our mental nature. This I take to be the world stuff. We liken it to our conscious feelings because now that we are convinced of the formal and symbolic character of the entities of physics, there is nothing else to liken it to.

(Eddington, page 280.)

ਅਸੀਂ ਜਾਣਦੇ ਹਾਂ ਕਿ ਸਾਡੇ ਅੰਤਹਰਕਨ ਵਿਚ ਕਈ ਚੇਤੇ ਹਨ ਜੋ ਇਸ ਖਿਣ ਚੇਤਨਤਾ ਵਿਚ ਨਹੀਂ ਪਰ ਚੇਤਨਤਾ ਵਿਚ ਸੱਦੇ ਜਾ ਸਕਦੇ ਹਨ। ਸਾਨੂੰ ਝਾਵਲਾ ਪੈਂਦਾ ਹੈ ਕਿ ਜਿਨ੍ਹਾਂ ਗੱਲਾਂ ਨੂੰ ਅਸੀਂ ਚੇਤੇ ਨਹੀਂ ਕਰ ਸਕਦੇ ਉਹ ਕਿਧਰੇ ਇਧਰ ਉਧਰ ਪਈਆਂ ਹਨ ਤੇ ਕਿਸੇ ਖਿਣ ਮਨ ਵਿਚ ਆ ਸਕਦੀਆਂ ਹਨ। ਚੇਤਨਤਾ ਦੀ ਨਿਖੇੜਵੀਂ ਹੱਦ ਕੋਈ ਨਹੀਂ। ਇਹ ਹੱਦ ਅੰਤਹਕਰਨ ਦੇ ਅਚੇਤ ਹਿੱਸੇ ਵਿਚ ਜਾ ਰਲਦੀ ਹੈ ਤੇ ਉਸ ਤੋਂ ਪਰੇ ਸਾਨੂੰ ਕੋਈ ਹੋਂਦ ਮੰਨਣੀ ਪੈਂਦੀ ਹੈ ਜੋ ਅਗੋਚਰ ਹੈ ਪਰ ਸਾਡੇ ਮਾਨਸਿਕ ਅਸਲੇ ਨਾਲ ਇਕਸਾਰ ਹੈ। ਮੈਂ ਇਸਨੂੰ ਸੰਸਾਰ ਦਾ ਮਸਾਲਾ ਮੰਨਦਾ ਹਾਂ। ਮੈਂ ਇਸ ਨੂੰ ਚੇਤਨ ਭਾਵਾਂ ਵਰਗਾ ਕਹਿੰਦਾ ਹਾਂ, ਕਿਉਂਕਿ ਹੁਣ ਜਦੋਂ ਸਾਨੂੰ ਪਦਾਰਥ ਵਿਦਿਆ ਦੇ ਪਦਾਰਥਾਂ ਬਾਬਤ ਨਿਸਚਾ ਹੋ ਗਇਆ ਹੈ ਕਿ ਨਾਮ ਮਾਤ੍ਰ ਤੇ ਕਲਪਿਤ ਹਨ, ਕੋਈ ਹੋਰ ਪਦਾਰਥ ਬਾਕੀ ਨਹੀਂ ਰਹਿਆ ਜਿਸ ਵਰਗਾ ਮੈਂ ਉਸ ਨੂੰ ਆਖਾਂ।

(ਪੰਨਾ 280, ਐਡਿੰਗਟਨ)

If I were to Try to put into words the essential truth revealed in the mystic experience, it would be that our minds are not apart from the world, and the feelings that we have of gladness and melancholy and our yet deeper feelings are not of ourselves alone, but are glimpses of a reality transcending the narrow limits of our particular consciousness—that the harmony and beauty of nature is at root one with the gladness that transfigures the face of man. We try to express much the same truth when we say that the physical entities are only an extract of pointer readings and beneath them is a nature continuous with our own.

[Eddington, Page 321]

ਜੇ ਕਦੀ ਮੈਂ ਰਹਸਾਤਮਕ ਤਜਰਬੇ ਦਵਾਰਾ ਜੋ ਸਚਾਈ ਸਾਡੇ ਪੁਰ ਪਰਗਟ ਹੁੰਦੀ ਹੈ ਉਸਨੂੰ ਲਫ਼ਜ਼ਾਂ ਵਿਚ ਬਿਆਨ ਕਰਨ ਦਾ ਜਤਨ ਕਰਾਂ ਤਾਂ ਇਹੋ ਹੀ ਕਹਾਂਗਾ ਕਿ ਸਾਡੇ ਅੰਤਹਰਕਨ ਸੰਸਾਰ ਨਾਲੋਂ ਵੱਖਰੇ ਨਹੀਂ। ਖੁਸ਼ੀ ਅਤੇ ਗ਼ਮੀ ਦੇ ਜੋ ਭਾਵ ਸਾਡੇ ਅੰਦਰ ਵਰਤਦੇ ਹਨ, ਅਤੇ ਉਸ ਤੋਂ ਵੀ ਡੂੰਘੇ ਭਾਵ ਇਹ ਨਿਰੇ ਨਿਵੇਕਲੇ ਸਾਡੇ ਹੀ ਨਹੀਂ। ਇਹ ਇਕ ਅਸਲੀਅਤ ਦੇ ਝਾਕੇ ਹਨ ਜੋ ਸਾਡੀ ਮਖ਼ਸੂਸ ਚੇਤਨਤਾ ਦੀਆਂ ਤੰਗ ਹੱਦਾਂ ਤੋਂ ਪਰੇ ਹੈ। ਕੁਦਰਤ ਦੇ ਸੁਹਣਪ ਤੋਂ ਇਕਸੁਰਤਾ ਅਸਲ ਵਿਚ ਉਸ ਹਰਖ ਨਾਲ ਇਕਮਿਕ ਹਨ ਜਿਸ ਹਰਖ ਦਵਾਰਾ ਮਨੁਖ ਦਾ ਚਿਹਰਾ ਖਿੜ ਜਾਂਦਾ ਹੈ। ਅਸੀਂ ਇਸੇ ਸਚਾਈ ਨੂੰ ਜ਼ਾਹਿਰ ਕਰਨ ਦਾ ਜਤਨ ਕਰਦੇ ਹਾਂ ਜਦੋਂ ਅਸੀਂ ਕਹਿੰਦੇ ਹਾਂ ਕਿ ਮਾਦੀ ਪਦਾਰਥ ਪਰਿਮਾਣਾਂ ਦਾ ਇਕ ਸੰਖੇਪ ਹਨ ਤੇ ਉਨ੍ਹਾਂ ਦੀ ਤਹਿ ਵਿਚ ਇਕ ਅਸਲਾ ਹੈ ਜੋ ਸਾਡੇ ਅਸਲੇ ਨਾਲ ਇਕਸਾਰ ਹੈ।

(ਐਡਿੰਗਟਨ, ਪੰਨਾ 321)

I think that even a materialist must reach a conclusion not unlike ours if he fairly faces the problem. He will need in the physical world something to stand for a symbolic unity of the atoms associated with an individual consciousness, which does not exist for atoms not so associated, a unity which naturally upsets physical prediction based on the hypothesis of random disconnection. For he has not only to translate into material configurations the multifarious thoughts and images of mind, but must surely not neglect to find some physical substitute for the ego. (Eddington, Page 315)

"ਮੇਰਾ ਖਿਆਲ ਹੈ ਕਿ ਮਾਦਾ ਪਰੱਸਤ ਵੀ ਜੇ ਇਸ ਮਾਮਲੇ ਤੇ ਪੱਖਪਾਤ ਤੋਂ ਰਹਿਤ ਵਿਚਾਰ ਕਰੇ ਤਾਂ ਸਾਥੋਂ ਵੱਖਰੇ ਸਿੱਟੇ ਤੇ ਨਹੀਂ ਅਪੜੇਗਾ। ਮਾਦੀ ਸੰਸਾਰ ਵਿਚ ਉਸ ਨੂੰ ਅਜੇਹੀ ਹੋਂਦ ਦੀ ਲੋੜ ਪਏਗੀ ਜੋ ਇਕ ਸ਼ਖ਼ਸੀ ਚੇਤਨਤਾ ਨਾਲ ਸੰਬੰਧਿਤ ਪ੍ਰਮਾਣੂਆਂ ਦੀ ਏਕਤਾ ਦਾ ਚਿੰਨ੍ਹ ਹੋਵੇ,

ਜਿਹੜੀ ਏਕਤਾ ਕਿ ਉਨ੍ਹਾਂ ਪ੍ਰਮਾਣੂਆਂ ਦੀ ਹਾਲਤ ਵਿਚ ਨਹੀਂ ਜਿਹੜੇ ਸ਼ਖਸੀਅਤ ਨਾਲ ਸੰਬੰਧ ਨਹੀਂ ਰਖਦੇ, ਤੇ ਜਿਹੜੀ ਏਕਤਾ ਸੁਭਾਵਕ ਹੀ ਉਨ੍ਹਾਂ ਪਦਾਰਥਕ ਪੇਸ਼ੀਨਗੋਈਆਂ ਨੂੰ ਗਲਤ ਕਰ ਦੇਂਦੀ ਹੈ ਜੋ ਅਚਣਚੇਤੀ ਅਸੰਬੰਧਤ ਦੀ ਮਨੌਤ ਦੀ ਨੀਂਹ ਪੁਰ ਕੀਤੀਆਂ ਗਈਆਂ ਹਨ। ਕਿਉਂਕਿ ਨਿਰਾ ਉਸਨੂੰ ਅੰਤਹਕਰਨ ਦੇ ਬੇ ਓੜਕ ਖਿਆਲਾਂ ਨੇ ਨਕਸ਼ਿਆਂ ਲਈ ਮਾਦੀ ਰੂਪ ਲੱਭਣ ਦੀ ਹੀ ਲੋੜ ਨਹੀਂ, ਉਸ ਲਈ ਇਹ ਜ਼ਰੂਰੀ ਹੈ ਕਿ ਹਉਮੈਂ ਲਈ ਵੀ ਕੋਈ ਪਦਾਰਥਕ ਇਵਜ਼ੀ ਢੂੰਡੇ।"

ਮੁਕਦੀ ਗੱਲ ਸਾਰੇ ਸਾਇੰਸਵੇਤਾ ਸੰਸਾਰ ਦੀ ਹਸਤੀ ਇਕ ਸੱਤਾ ਤੋਂ ਤਾਂ ਹੁਣ ਮੰਨਦੇ ਹੀ ਹਨ ਪਰ ਇਨ੍ਹਾਂ ਹਵਾਲਿਆਂ ਤੋਂ ਸਪਸ਼ਟ ਹੈ ਕਿ ਬਾਜੇ ਹੁਣ ਇਸ ਖਿਆਲ ਵਲ ਝੁਕ ਰਹੇ ਹਨ ਕਿ ਸੰਸਾਰ ਦੀ ਖੇਡ ਦਾ ਅਰੰਭ ਜਿਸ ਇਕ ਹਸਤੀ ਤੋਂ ਹੈ ਉਹ ਚੇਤਨ ਹੈ।

# ਸ੍ਰਿਸ਼ਟੀ ਰਚਨਾ

ਕਈ ਮਤ ਇਹ ਮੰਨਦੇ ਹਨ ਕਿ ਸੰਸਾਰ ਦੀ ਖੇਡ ਇਕ ਅਨਾਦੀ ਪਰਵਾਹ ਹੈ। ਭਾਵ ਇਹ ਰਚਨਾ ਸਦਾ ਤੋਂ ਇਸੇ ਤਰਹ ਰਹੀ ਹੈ ਤੇ ਇਸੇ ਤਰਹ ਤੁਰੀ ਰਹੇਗੀ। ਉਹ ਸ੍ਰਿਸ਼ਟੀ ਦਾ ਨਾ ਆਦਿ ਮੰਨਦੇ ਹਨ ਨਾ ਅੰਤ। ਗੁਰਮਤ ਦਾ ਇਹ ਸਿਧਾਂਤ ਨਹੀਂ। ਗੁਰੂ ਸਾਹਿਬ ਆਪਣੀ ਬਾਣੀ ਵਿੱਚ ਇਕ ਐਸੇ ਸਮੇਂ ਦਾ ਜ਼ਿਕਰ ਕਰਦੇ ਹਨ ਜਦੋਂ ਇਹ ਰਚਨਾ ਨਹੀਂ ਸੀ ਅਤੇ ਨਿਰੰਕਾਰ ਹੀ ਕੇਵਲ ਸੀ।

ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ।
ਮਤਾ [1]ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ।
ਤਦਹੁ ਆਕਾਸੁ ਨ ਪਾਤਾਲੁ ਹੈ ਨ ਤ੍ਰੈ ਲੋਈ।
ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ।
ਜਿਉ ਤਿਸੁ ਭਾਵੈ ਤਿਵੈ ਕਰੇ ਤਿਸੁ ਬਿਨੁ ਅਵਰੁ ਨ ਕੋਈ ।  ੧

(ਵਾਰ ਗੂਜਰੀ ਮ: ੩)

ਜੁਗ ਛਤੀਹ ਗੁਬਾਰੁ ਕਰਿ ਵਰਤਿਆ [2]ਸੁੰਨਾਹਰਿ।
ਓਥੈ ਵੇਦ ਪੁਰਾਨ ਨ ਸਾਸਤਾ ਆਪੇ ਹਰਿ ਨਰਹਰਿ।
ਬੈਠਾ ਤਾੜੀ ਲਾਇ ਆਪਿ ਸਭਦੂ ਹੀ ਬਾਹਰਿ।  ੧੯  ।

(ਵਾਰ ਬਿਹਾਗੜਾ ਮ: ੪)

[3]ਅਰਬਦ ਨਰਬਦ ਧੁੰਧੂਕਾਰਾ। ਧਰਣਿ ਨ ਗਗਨਾ ਹੁਕਮੁ ਅਪਾਰਾ।
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ( ੧ )
ਖਾਣੀ ਨ ਬਾਣੀ ਪਉਣ ਨ ਪਾਣੀ। ਓਪਤਿ ਖਪਤਿ ਨ ਆਵਣ ਜਾਣੀ।

---

[1]ਮਸੂਰਤਿ—ਮਸ਼ਵਰਾ, ਸਲਾਹ।
[2]ਸੁੰਨ—ਅਫੁਰ, ਉਹਦੇ ਫੁਰਨੇ ਨਾਲ ਰਚਨਾ ਰਚੀ ਜਾਂਦੀ ਹੈ। ਜਦੋਂ ਰਚਨਾ ਨਹੀਂ ਸੀ ਜਾਣੋ ਉਹ ਅਫੁਰ ਅਵਸਥਾ ਵਿਚ ਸੀ।
[3]ਅਰਬਦ ਨਰਬਦ—ਅਗਿਣਤ ਜੁਗਾਂ ਪ੍ਰਯੰਤ।

**ਖੰਡ ਪਤਾਲ** ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ । ੨ ।
ਨਾ ਤਦਿ ਸੁਰਗੁ ਮਛੁ ਪਇਆਲਾ । ਦੋਜਕੁ ਭਿਸਤੁ ਨਹੀ ਖੈ ਕਾਲਾ ।
ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ । ੩ ।
ਬ੍ਰਹਮਾ ਬਿਸਨੁ ਮਹੇਸੁ ਨ ਕੋਈ । ਅਵਰੁ ਨਾ ਦੀਸੈ ਏਕੋ ਸੋਈ ।
ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ । ੪ ।
ਨਾ ਤਦਿ ਜਤੀ ਸਤੀ ਬਨਵਾਸੀ । ਨਾ ਤਦਿ ਸਿਧ ਸਾਧਿਕ ਸੁਖ ਵਾਸੀ ।
ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ । ੫ ।
ਜਪ ਤਪ ਸੰਜਮ ਨਾ ਬ੍ਰਤ ਪੂਜਾ । ਨਾ ਕੋ ਆਖਿ ਵਖਾਣੈ ਦੂਜਾ ।
ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ । ੬ ।
ਨਾ ਸੁਚਿ ਸੰਜਮੁ ਤੁਲਸੀ ਮਾਲਾ । ਗੋਪੀ ਕਾਨੁ ਨ ਗਊ ਗੁੋਆਲਾ
ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ । ੭ ।
ਕਰਮ ਧਰਮ ਨਹੀ ਮਾਇਆ ਮਾਖੀ । ਜਾਤਿ ਜਨਮੁ ਨਹੀ ਦੀਸੈ ਆਖੀ ।
ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ । ੮ ।
ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ । ਨਾ ਤਦਿ ਗੋਰਖੁ ਨਾ ਮਾਛਿੰਦੋ ।
ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨ ਕੋ ਗਣਤ ਗਣਾਇਦਾ । ੯ ।
ਵਰਨ ਭੇਖ ਨਹੀ ਬ੍ਰਹਮਣ ਖਤ੍ਰੀ । ਦੇਉ ਨ ਦੇਹੁਰਾ ਗਊ ਗਾਇਤ੍ਰੀ ।
ਹੋਮ ਜਗ ਨਹੀ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ । ੧੦ ।
ਨਾ ਕੋ ਮੁਲਾ ਨਾ ਕੋ ਕਾਜੀ । ਨਾ ਕੋ ਸੇਖੁ ਮਸਾਇਕੁ ਹਾਜੀ ।
ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ । ੧੧ ।
ਭਾਉ ਨ ਭਗਤੀ ਨ ਸਿਵ ਸਕਤੀ । ਸਾਜਨੁ ਮੀਤੁ ਬਿੰਦੁ ਨਹੀ ਰਕਤੀ ।
ਆਪੇ ਸਾਹੁ ਆਪੇ ਵਣਜਾਰਾ ਸਾਚੇ ਇਹੋ ਭਾਇਦਾ । ੧੨ ।
ਬੇਦ ਕਤੇਬ ਨ ਸਿੰਮ੍ਰਿਤਿ ਸਾਸਤ । ਪਾਠ ਪੁਰਾਣ ਉਦੈ ਨਹੀ ਆਸਤ ।
ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ । ੧੩ ।
ਜਾ ਤਿਸੁ ਭਾਣਾ ਤਾ ਜਗਤੁ ਉਪਾਇਆ । ਬਾਝੁ ਕਲਾ ਆਡਾਣੁ ਰਹਾਇਆ ।
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ । ੧੪ ।
ਵਿਰਲੇ ਕਉ ਗੁਰ ਸਬਦੁ ਸੁਣਾਇਆ । ਕਰਿ ਕਰਿ ਦੇਖੈ ਹੁਕਮੁ ਸਬਾਇਆ ।
ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ । ੧੫ ।
ਤਾ ਕਾ ਅੰਤੁ ਨਾ ਜਾਣੈ ਕੋਈ । ਪੂਰੇ ਗੁਰ ਤੇ ਸੋਝੀ ਹੋਈ ।
ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ । ੧੬ । ੩ । ੧੫ ।

(ਮਾਰੂ ਅੰਜਲੀ ਮ: ੧)

ਰਚਨਾ ਕਦੋਂ ਤੇ ਕਿਸ ਤਰਹ ਹੋਈ ? ਇਹਦੇ ਉਤ੍ਰ ਵਿੱਚ ਫੁਰਮਾਇਆ ਹੈ ਕਿ ਇਹ ਮਨੁੱਖ ਨਹੀਂ ਜਾਣ ਸਕਦਾ, ਸਾਜਨਹਾਰ ਹੀ ਜਾਣਦਾ ਹੈ।

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ।
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ।
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ।
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ।
ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ।
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ । ੨੧ ।

(ਜਪੁ ਮ: ੧)

ਸਿੱਧ ਗੋਸ਼ਟ ਵਿਚ ਜਦੋਂ ਸਿੱਧਾਂ ਰਚਨਾ ਦੇ ਅਰੰਭ ਸੰਬੰਧੀ ਇਹ ਪ੍ਰਸ਼ਨ ਕੀਤਾ ਕਿ :—

ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰਿ ਵਾਸੋ । ੨੧

ਅਰਥਾਤ ਤੁਸੀਂ ਸ੍ਰਿਸ਼ਟੀ ਆਰੰਭ ਦਾ ਕੀ ਬੀਚਾਰ ਕਥਨ ਕਰਦੇ ਹੋ। ਉਦੋਂ ਅਫੁਰ (ਨਿਰੰਕਾਰ) ਦਾ ਨਿਵਾਸ ਕਿੱਥੇ ਸੀ ? ਤਾਂ ਗੁਰੂ ਜੀ ਉਤ੍ਰ ਦਿਤਾ ।

ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ । ੨੩ ।

ਜਿਸਦਾ ਭਾਵ ਇਹ ਹੈ ਕਿ ਅਰੰਭ ਦਾ ਬੀਚਾਰ ਬਿਸਮਾਦ ਹੈ। ਅਰਥਾਤ ਜੇ ਅਰੰਭ ਦੇ ਵਿਸ਼ੇ ਪੁਰ ਸੋਚੀਏ ਤਾਂ ਸਵਾਏ ਹੈਰਾਨੀ ਦੇ ਹੋਰ ਕੁਝ ਹੱਥ ਨਹੀ ਆਉਂਦਾ। ਅਫੁਰ ਦਾ ਵਾਸ ਹਰ ਥਾਂ ਸੀ। ਭਾਵ ਅਫੁਰ ਅਵਸਥਾ ਵਿਚ ਵੀ ਨਿਰੰਕਾਰ ਸਰਬ ਵਿਆਪਕ ਸੀ। ਫਿਰ ਦਸਮ ਪਾਤਸ਼ਾਹ ਨੇ ਚੌਪਈ ਵਿਚ ਇਉਂ ਫੁਰਮਾਇਆ ਹੈ ।

ਤੁਮਰਾ ਲਖਾ ਨ ਜਾਇ ਪਾਸਾਰਾ । ਕਿਹ ਬਿਧਿ ਸਜਾ ਪ੍ਰਥਮ ਸੰਸਾਰਾ । ੧੭ ।

ਅਸੀਂ ਨਹੀਂ ਜਾਣ ਸਕਦੇ ਕਿ ਪਹਿਲੋਂ ਰਚਨਾ ਕਿਕੁਰ ਬਣੀ।

ਵੱਖ ਵੱਖ ਮਤਾਂ ਨੇ ਸੰਸਾਰ ਦੇ ਰਚੇ ਜਾਣ ਦੇ ਕਈ ਕਾਰਣ ਲਿਖੇ ਹਨ । ਪ੍ਰਕ੍ਰਿਤੀ ਇਸ ਲਈ ਸ੍ਰਿਸ਼ਟੀ ਰਚਨਾ ਕਰਦੀ ਹੈ ਕਿ ਪੁਰਸ਼ ਨੂੰ ਗਿਆਨ ਹੋ ਜਾਏ। ਮਾਇਆ ਜਦੋਂ ਬ੍ਰਹਮ ਨੂੰ ਵਿਆਪਦੀ ਹੈ ਤਦੋਂ ਸੰਸਾਰ ਰਚਨਾ ਹੋ ਜਾਂਦੀ ਹੈ। ਜੀਵਾਂ ਦੇ ਕਰਮ ਇਸ ਰਚਨਾ ਦਾ ਹੇਤੂ ਹਨ। ਪਰ ਗੁਰੂ ਸਾਹਿਬ ਸੰਸਾਰ ਰਚਨਾ ਨੂੰ ਹੁਕਮ ਦੀ ਖੇਡ ਮੰਨਦੇ ਹਨ। ਭਲਾ ਹੁਣ ਤਾਂ ਜਨਮ ਮਰਨ ਜੀਵਾਂ ਨੂੰ ਕਰਮਾਂ ਅਨੁਸਾਰ ਹੈ ਪਰ ਮੁੱਢ ਵਿਚ ਕਰਮ ਕਿੱਥੋਂ ਆਏ ।

ਜਬ ਅਕਾਰੁ ਇਹੁ ਕਿਛੁ ਨ ਦ੍ਰਿਸਟੇਤਾ । ਪਾਪ ਪੁੰਨ ਤਬ ਕਹ ਤੇ ਹੋਤਾ ।
ਜਬ ਧਾਰੀ ਆਪਨ ਸੁੰਨ ਸਮਾਧਿ । ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ ।
ਜਬ ਇਸ ਕਾ ਬਰਨੁ ਚਿਹਨੁ ਨ ਜਾਪਤ ।

ਤਬ ਹਰਖ ਸੋਗ ਕਹੁ ਕਿਸਹਿ ਬਿਆਪਤ ।
ਜਬ ਆਪਨ ਆਪ ਆਪਿ ਪਾਰਬ੍ਰਹਮ । ਤਬ ਮੋਹ ਕਹਾ ਕਿਸੁ ਹੋਵਤ ਭਰਮ ।
ਆਪਨ ਖੇਲੁ ਆਪਿ ਵਰਤੀਜਾ । ਨਾਨਕ ਕਰਨੈਹਾਰ ਨ ਦੂਜਾ । ੧ । ੨੧ ।

(ਗਉੜੀ ਸੁਖਮਨੀ ਮ: ੫)

ਪੁਨ :

ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ ।
ਤਹ ਬਿਨੁ ਮੈਲੁ ਕਹਹੁ ਕਿਆ ਧੋਤਾ ।
ਜਹ ਨਿਰੰਜਨ ਨਿਰੰਕਾਰ ਨਿਰਬਾਨ ।
ਤਹ ਕਉਨ ਕਉ ਮਾਨ ਕਉਨ ਅਭਿਮਾਨ ।
ਜਹ ਸਰੂਪ ਕੇਵਲ ਜਗਦੀਸ । ਤਹ ਛਲ ਛਿਦ੍ਰ ਲਗਤ ਕਹੁ ਕੀਸ ।
ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ । ਤਹ ਕਿਸਹਿ ਭੂਖ ਕਵਨ ਤ੍ਰਿਪਤਾਵੈ ।
ਕਰਨ ਕਰਾਵਨ ਕਰਨੈ ਹਾਰੁ । ਨਾਨਕ ਕਰਤੇ ਕਾ ਨਾਹਿ ਸੁਮਾਰੁ । ੪ । ੨੧ ।
ਜਹ ਅਛਲ ਅਛੇਦ ਅਭੇਦ ਸਮਾਇਆ ।
ਊਹ ਕਿਸਹਿ ਬਿਆਪਤ ਮਾਇਆ ।
ਆਪਸ ਕਉ ਆਪਹਿ ਆਦੇਸੁ । ਤਿਹੁ ਗੁਣ ਕਾ ਨਾਹੀ ਪਰਵੇਸੁ । ੬ । ੨੧ ।

(ਗਉੜੀ ਸੁਖਮਨੀ ਮ: ੫)

ਇਹ ਸਾਰੇ ਸਿਧਾਂਤ ਮਨੁੱਖਾਂ ਨੇ ਰਚਨਾ ਦੇ ਰਚੇ ਜਾਣ ਮਗਰੋਂ ਥਾਪੇ ਹਨ ।

ਜਹ ਆਪਿ ਰਚਿਓ ਪਰਪੰਚ ਅਕਾਰੁ । ਤਿਹੁ ਗੁਣ ਮਹਿ ਕੀਨੋ ਬਿਸਥਾਰੁ ।
ਪਾਪੁ ਪੁੰਨ ਤਹ ਭਈ ਕਹਾਵਤ । ਕੋਊ ਨਰਕ ਕੋਊ ਸੁਰਗ ਬੰਛਾਵਤ ।
ਆਲ ਜਾਲ ਮਾਇਆ ਜੰਜਾਲ । ਹਉਮੈ ਮੋਹ ਭਰਮ ਭੈ ਭਾਰ ।
ਦੂਖ ਸੂਖ ਮਾਨ ਅਪਮਾਨ । ਅਨਿਕ ਪ੍ਰਕਾਰ ਕੀਓ ਬਖ੍ਯਾਨ ।
ਆਪਨ ਖੇਲੁ ਆਪਿ ਕਰ ਦੇਖੈ । ਖੇਲੁ ਸੰਕੋਚੈ ਤਉ ਨਾਨਕ ਏਕੈ । ੭ । ੨੧ ।

[ਗਉੜੀ ਸੁਖਮਨੀ ਮ: ੫

ਗੁਰਮਤ ਦਾ ਸਿਧਾਂਤ ਇਹ ਹੈ ਕਿ ਸੰਸਾਰ ਹੁਕਮ ਤੋਂ ਉਪਜਦਾ ਹੈ ।

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ।
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ । ੨ ।

(ਜਪੁ ਮ: ੧)

ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ । ਅਪਨੈ ਭਾਣੈ ਲਏ ਸਮਾਏ ।
ਤੁਮ ਤੇ ਭਿੰਨ ਨਹੀ ਕਿਛੁ ਹੋਇ । ਆਪਨ ਸੂਤਿ ਸਭੁ ਜਗਤੁ ਪਰੋਇ । ੧ । ੨੨ ।

(ਗਉੜੀ ਸੁਖਮਨੀ ਮ: ੫)

ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ ।
ਕਰਨੈਹਾਰ ਨਾਨਕ ਇਕੁ ਜਾਨਿਆ । ੩ । ੨੨ ।

(ਗਉੜੀ ਸੁਖਮਨੀ ਮ: ੫)

ਇਸ ਸੰਸਾਰ ਦੇ ਰਚਨ ਵਿਚ ਉਸ ਨੂੰ ਕਿਸੇ ਦੀ ਸਲਾਹ, ਕਿਸੇ ਪੁਰਸ਼ ਜਾਂ ਚੀਜ਼ ਦੀ ਸਹੈਤਾ ਦੀ ਲੋੜ ਨਹੀਂ । ਉਹ ਆਪਣੇ ਆਪ ਸਮਰਥ ਹੈ ।

ਜਦਹੁ ਆਪੇ ਥਾਟੁ ਕੀਆ ਬਹਿ ਕਰਤੈ ਤਦਹੁ ਪੁਛਿ ਨ ਸੇਵਕੁ ਬੀਆ ।
ਤਦਹੁ ਕਿਆ ਕੋ ਲੇਵੈ ਕਿਆ ਕੋ ਦੇਵੈ ਜਾਂ ਅਵਰੁ ਨ ਦੂਜਾ ਕੀਆ ।
ਫਿਰਿ ਆਪੇ ਜਗਤੁ ਉਪਾਇਆ ਕਰਤੈ ਦਾਨੁ ਸਭਨਾ ਕਉ ਦੀਆ ।
ਆਪੇ ਸੇਵ ਬਣਾਈਅਨੁ ਗੁਰਮੁਖਿ ਆਪੇ ਅੰਮ੍ਰਿਤ ਪੀਆ ।
ਆਪਿ ਨਿਰੰਕਾਰ ਆਕਾਰੁ ਹੈ ਆਪੇ ਆਪੇ ਕਰੈ ਸੁ ਥੀਆ । ੭ ।

(ਵਾਰ ਬਿਹਾਗੜਾ ਮ: ੪)

ਏਕਸ ਤੇ ਸਭਿ ਰੂਪ ਹਹਿ ਰੰਗਾ ।
ਪਉਣ ਪਾਣੀ ਬੈਸੰਤਰੁ ਸਭਿ [1]ਸਹਲੰਗਾ ।
ਭਿੰਨ ਭਿੰਨ ਵੇਖੈ ਹਰਿ ਪ੍ਰਭ ਰੰਗਾ । ੧ ।
ਏਕੁ ਅਚਰਜੁ ਏਕੋ ਹੈ ਸੋਈ ।
ਗੁਰਮੁਖਿ ਵੀਚਾਰੇ ਵਿਰਲਾ ਕੋਈ । ੧ । ਰਹਾਉ । ੯ । ੨੯ ।

(ਗਉੜੀ ਗਵਾਰੇਰੀ ਮ: ੩)

ਮਾਇਆ, ਮੋਹੁ, ਭਰਮ ਜਿਨ੍ਹਾਂ ਨੂੰ ਨਿਰੰਕਾਰ ਤੋਂ ਛੁਟ ਰਚਨਾ ਦਾ ਕਾਰਨ ਮੰਨਿਆ ਜਾਂਦਾ ਹੈ ਉਹ ਉਸ ਦੇ ਪੈਦਾ ਕੀਤੇ ਹੋਏ ਹਨ ।

ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ । ੧ । ੫ । ੨੨ ।

(ਸ੍ਰੀ ਰਾਗ ਮ: ੩ ਅਸਟਪਦੀਆਂ)

ਛਛੈ ਛਾਇਆ ਵਰਤੀ ਸਭ ਅੰਤਰਿ ਤੇਰਾ ਕੀਆ ਭਰਮੁ ਹੋਆ ।
ਭਰਮੁ ਉਪਾਇ ਭੁਲਾਈਅਨੁ ਆਪੇ
ਤੇਰਾ ਕਰਮੁ ਹੋਆ ਤਿਨ ਗੁਰੂ ਮਿਲਿਆ । ੧੦ ।

(ਆਸਾ ਮ: ੧ ਪੱਟੀ)

ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ।
ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ । ੧੦ ।

(ਰਾਮਕਲੀ ਮ: ੩ ਅਨੰਦੁ)

---

[1]ਮਿਲਿਆ ਹੋਇਆ ।

ਮਾਇਆ ਕਾ ਰੂਪੁ ਸਭੁ ਤਿਸ ਤੇ ਹੋਇ । ੩ । ੨ ।

(ਬਿਲਾਵਲੁ ਮ: ੩)

ਮੁਕਦੀ ਗੱਲ, ਇਹ ਰਚਨਾ ਉਸਦਾ ਆਪਣਾ ਪਸਾਰਾ ਹੈ ।

ਤੂੰ ਪੇਡੁ ਸਾਖ ਤੇਰੀ ਫੂਲੀ । ਤੂੰ ਸੂਖਮੁ ਹੋਆ ਅਸਥੂਲੀ ।
ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ ।
ਤੁਧ ਬਿਨੁ ਅਵਰੁ ਨ ਭਾਲੀਐ ਜੀਉ । ੧ ।
ਤੂੰ ਸੂਤੁ ਮਣੀਏ ਭੀ ਤੂੰ ਹੈ । ਤੂੰ ਗੰਠੀ ਮੇਰੁ ਸਿਰਿ ਤੂੰ ਹੈ ।
ਆਦਿ ਮਧਿ ਅੰਤਿ ਪ੍ਰਭੁ ਸੋਈ,
ਅਵਰੁ ਨ ਕੋਇ ਦਿਖਾਲੀਐ ਜੀਉ । ੨ । ੨੧ । ੨੮ ।

[ਮਾਝ ਮ: ੫]

ਆਪੇ ਪੇਡੁ ਬਿਸਥਾਰੀ ਸਾਖ । ਅਪਨੀ ਖੇਤੀ ਆਪੇ ਰਾਖ । ੧ ।
ਜਤ ਕਤ ਪੇਖਉ ਏਕੈ ਓਹੀ । ਘਟ ਘਟ ਅੰਤਰਿ ਆਪੇ ਸੋਈ । ੧ । ਰਹਾਉ ।
ਆਪੇ ਸੂਰੁ ਕਿਰਣਿ ਬਿਸਥਾਰੁ । ਸੋਈ ਗੁਪਤੁ ਸੋਈ ਆਕਾਰੁ । ੨ ।
ਸਰਗੁਣ ਨਿਰਗੁਣ ਥਾਪੈ ਨਾਂਉ । ਦੁਹ ਮਿਲਿ ਏਕੈ ਕੀਨੋ ਠਾਉ । ੩ ।
ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ ।
ਅਨਦ ਰੂਪੁ ਸਭੁ ਨੈਨ ਅਲੋਇਆ । ੪ । ੧੭ । ੬੮ ।

(ਆਸਾ ਮ: ੫)

ਗੁਰੂ ਮੱਤ ਦਾ ਸਿਧਾਂਤ ਇਹ ਹੈ ਕਿ ਆਪਣੀ ਸ਼ਕਤੀ ਦੁਆਰਾ ਉਸ ਨੇ ਇਹ ਖੇਡ ਰਚ ਦਿਤੀ ਹੈ । ਦ੍ਵੈਤ ਦੇ ਵੱਸ ਆਏ ਜੀਵਾਂ ਨੂੰ ਜੜ੍ਹ ਤੇ ਚੇਤਨ ਦੀ ਭਿੰਨਤਾ ਦਿਸਦੀ ਹੈ ਪਰ ਅਸਲ ਵਿਚ ਸਭ ਸੱਤਾ ਉਸੇ ਦੀ ਹੈ ।

ਮਾਇਆ ਮੋਹਿ ਨਟਿ ਬਾਜੀ ਪਾਈ । ਮਨਮੁਖ ਅੰਧ ਰਹੇ ਲਪਟਾਈ ।
ਗੁਰਮੁਖਿ ਅਲਿਪਤ ਰਹੇ ਲਿਵ ਲਾਈ । ੫ । ੩ ।

(ਗਉੜੀ ਗਵਾਰੇਰੀ ਮ: ੩ ਅਸਟਪਦੀਆਂ)

ਬਾਜੀਗਰਿ ਜੈਸੇ ਬਾਜੀ ਪਾਈ । ਨਾਨਾ ਰੂਪ ਭੇਖ ਦਿਖਲਾਈ ।
ਸਾਂਗੁ ਉਤਾਰਿ ਥੰਮਿ੍ਓ ਪਾਸਾਰਾ । ਤਬ ਏਕੋ ਏਕੰਕਾਰਾ । ੧ ।
ਕਵਨ ਰੂਪ ਦ੍ਰਿਸਟਿਓ ਬਿਨਸਾਇਓ ।
ਕਤਹਿ ਗਇਓ ਉਹੁ ਕਤ ਤੇ ਆਇਓ । ੧ । ਰਹਾਉ ।
ਜਲ ਤੇ ਊਠਹਿ ਅਨਿਕ ਤਰੰਗਾ । ਕਨਿਕ ਭੂਖਨ ਕੀਨੇ ਬਹੁ ਰੰਗਾ ।
ਬੀਜੁ ਬੀਜਿ ਦੇਖਿਓ ਬਹੁ ਪ੍ਰਕਾਰਾ । ਫਲ ਪਾਕੇ ਤੇ ਏਕੰਕਾਰਾ । ੨

ਸਹਸ ਘਟਾ ਮਹਿ ਏਕੁ ਆਕਾਸੁ । ਘਟ ਫੂਟੇ ਤੇ ਓਹੀ ਪ੍ਰਗਾਸੁ ।
ਭਰਮ ਲੋਭ ਮੋਹ ਮਾਇਆ ਵਿਕਾਰ। ਭ੍ਰਮ ਛੂਟੇ ਤੇ ਏਕੰਕਾਰੁ । ੩ ।
ਓਹੁ ਅਬਿਨਾਸੀ ਬਿਨਸਤ ਨਾਹੀ । ਨਾ ਕੋ ਆਵੈ ਨਾ ਕੋ ਜਾਹੀ ।
ਗੁਰਿ ਪੂਰੈ ਹਉਮੈ ਮਲੁ ਧੋਈ । ਕਹੁ ਨਾਨਕ ਮੇਰੀ ਪਰਮ ਗਤਿ ਹੋਈ । ੪ । ੧ ।

(ਸੂਹੀ ਮ: ੫)

ਮਾਇਆ ਦਾ ਸਰੂਪ ਹੀ ਏਹੋ ਹੈ ਕਿ ਉਸ ਦੇ ਪ੍ਰਭਾਉ ਨਾਲ ਅਸਲੀਅਤ ਵਿਸਰ ਜਾਂਦੀ ਹੈ ਤੇ ਦ੍ਵੈਤ ਦਾ ਕੇਂਦ੍ਰ ਬੱਝ ਜਾਂਦਾ ਹੈ ।

ਇਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ । ੧੯ ।

(ਰਾਮ ਕਲੀ ਮ: ੩ ਅਨੰਦੁ)

ਗੁਰਮੱਤ ਸਿਧਾਂਤ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਜਗਤ ਦੀ ਉਤਪੱਤੀ ਦਾ ਜਰੀਆ ਹਉਮੈ ਹੈ । ਹੁਕਮ ਦੁਆਰਾ ਹਉਮੈ ਸਾਜੀ ਗਈ ਜਿਸ ਤੋਂ ਅੱਗੇ ਸੰਸਾਰ ਦੀ ਖੇਡ ਤੁਰ ਪਈ ।

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ।
ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ । ੩੮ ।

(ਸਿਧ ਗੋਸਟਿ ਰਾਮਕਲੀ ਮ: ੧)

ਜਦੋਂ ਗੁਰ ਉਪਦੇਸ਼ ਦੁਆਰਾ ਹਉਮੈ ਦਾ ਨਾਸ ਹੋ ਜਾਂਦਾ ਹੈ ਤਾਂ ਇਹ ਜਗਤ ਜਿਸ ਵਿਚ ਚੇਤਨ ਤੇ ਜੜ੍ਹ ਦੋ ਅੱਡ ਅੱਡ ਭਾਸ ਰਹੇ ਹਨ, ਸਭ ਇਕ ਚੇਤਨ ਦੀ ਖੇਡ ਦਿਸਦੀ ਹੈ ਤੇ ਪਤਾ ਲਗਦਾ ਹੈ ਕਿ ਜਨਮ ਮਰਨ ਇਕ ਚਲਿਤ੍ਰ ਹੈ ।

ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ।
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ । ੬੮ ।

(ਸਿਧ ਗੋਸਟਿ ਰਾਮਕਲੀ ਮ: ੧)

ਫਿਰ ਦ੍ਵੈਤ ਦਾ ਨਾਸ ਹੋ ਜਾਂਦਾ ਹੈ ਤੇ ਜਗਤ ਜੀਵਨ ਦੀ ਰੌ ਅੰਤਰ ਆਤਮੇ ਤੁਰ ਪੈਂਦੀ ਹੈ ।

ਦੂਜੀ ਮਾਇਆ ਜਗਤ ਚਿਤ ਵਾਸ । ਕਾਮ ਕ੍ਰੋਧ ਅਹੰਕਾਰ ਬਿਨਾਸੁ ।
ਦੂਜਾ ਕਉਣ ਕਹਾ ਨਹੀ ਕੋਈ । ਸਭ ਮਹਿ ਏਕੁ ਨਿਰੰਜਨ ਸੋਈ । ੧ । ਰਹਾਉ ।
ਦੂਜੀ ਦੁਰਮਤਿ ਆਖੈ ਦੋਇ । ਆਵੈ ਜਾਇ ਮਰਿ ਦੂਜਾ ਹੋਇ । ੨ ।
ਧਰਣਿ ਗਗਨ ਨਹ ਦੇਖਉ ਦੋਇ । ਨਾਰੀ ਪੁਰਖ ਸਬਾਈ ਲੋਇ । ੩ ।
ਰਵਿ ਸਸਿ ਦੇਖਉ ਦੀਪਕ ਉਜਿਆਲਾ ।
ਸਰਬ ਨਿਰੰਤਰਿ ਪ੍ਰੀਤਮੁ ਬਾਲਾ । ੪ ।
ਕਰਿ ਕਿਰਪਾ ਮੇਰਾ ਚਿਤੁ ਲਾਇਆ ।

ਸਤਿਗੁਰਿ ਮੋ ਕਉ ਏਕੁ ਬੁਝਾਇਆ । ੫ ।
ਏਕੁ ਨਿਰੰਜਨ ਗੁਰਮੁਖਿ ਜਾਤਾ । ਦੂਜਾ ਮਾਰਿ ਸਬਦਿ ਪਛਾਤਾ । ੬ ।
ਏਕੋ ਹੁਕਮੁ ਵਰਤੈ ਸਭ ਲੋਈ । ਏਕਸੁ ਤੇ ਸਭ ਓਪਤਿ ਹੋਈ । ੭ ।
ਰਾਹ ਦੋਵੈ ਖਸਮੁ ਏਕੋ ਜਾਣੁ । ਗੁਰ ਕੈ ਸਬਦਿ ਹੁਕਮੁ ਪਛਾਣੁ । ੮ ।
[1]ਸਗਲ ਰੂਪ ਵਰਨ ਮਨ ਮਾਹੀ । ਕਹੁ ਨਾਨਕ ਏਕੋ ਸਾਲਾਹੀ । ੯ । ੫ ।

(ਗਉੜੀ ਗਵਾਰੇਰੀ ਮ: ੧)

ਫਿਰ ਮੌਤ ਇਕ ਤਬਦੀਲੀ ਦਿਸਦੀ ਹੈ । ਇਕ ਹਾਲਤ ਵਿਚੋਂ ਦੂਜੀ ਵਿਚ ਲੈ ਜਾਣ ਲਈ ਇਹ ਖੇਡ ਨਿਰੰਕਾਰ ਨੇ ਰਚ ਦਿਤੀ ਹੈ ।

ਆਵਨ ਜਾਨੁ ਇਕੁ ਖੇਲੁ ਬਨਾਇਆ ।
ਆਗਿਆਕਾਰੀ ਕੀਨੀ ਮਾਇਆ । ੬ । ੨੩ ।

(ਗਉੜੀ ਸੁਖਮਨੀ ਮ: ੫)

ਨਹ ਕਿਛੁ ਜਨਮੈ ਨਹ ਕਿਛੁ ਮਰੈ । ਆਪਨ ਚਲਿਤੁ ਆਪ ਹੀ ਕਰੈ ।
ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ।
ਆਗਿਆਕਾਰੀ ਧਾਰੀ ਸਭ ਸ੍ਰਿਸਟਿ ।
ਆਪੇ ਆਪਿ ਸਗਲ ਮਹਿ ਆਪਿ ।
ਅਨਿਕ ਜੁਗਤਿ ਰਚਿ ਥਾਪਿ ਉਥਾਪਿ । ੬ । ੧੪ ।

(ਗਉੜੀ ਸੁਖਮਨੀ ਮ: ੫)

ਇਸੇ ਖਿਆਲ ਨੂੰ ਹੋਰ ਲਫ਼ਜ਼ਾਂ ਵਿਚ ਵੀ ਬਿਆਨ ਕੀਤਾ ਗਇਆ ਹੈ । ਨਿਰੰਕਾਰ ਨੇ ਹਉਮੇ ਉਪਾ ਕੇ ਜੀਵਾਂ ਵਿਚ ਭਿੰਨਤਾ ਪੈਦਾ ਕਰ ਦਿਤੀ । ਹਉਮੇ ਦਾ ਰੂਪ ਹੀ ਈਹੋ ਹੈ ਕਿ ਇਹਦੇ ਅਸਰ ਹੇਠ ਆਇਆ ਜੀਵ ਅਪਣੱਤ ਬਣਾ ਲੈਂਦਾ ਹੈ ਤੇ ਆਪਣੇ ਆਪ ਨੂੰ ਹੋਰਨਾਂ ਨਾਲੋਂ ਵਖ ਸਮਝਦਾ ਹੈ । ਇਸ ਨਿਖੇੜਨ ਦੇ ਅਮਲ ਦਾ ਨਾਮ ਵਿਜੋਗ ਰੱਖਿਆ ਹੈ । ਜੀਵਾਂ ਦੀ ਉਤਪੱਤੀ ਦਾ ਮੁਦਆ ਇਹ ਹੈ ਕਿ ਉਹ ਫਿਰ ਆਪਣੇ ਸਿਰਜਣਹਾਰ ਨਾਲ ਸੰਜੋਗ ਕਰਨ । ਸੰਸਾਰ ਦੀ ਕਾਰ ਇਨ੍ਹਾ ਦੋਹਾਂ ਵਿਚ ਹੈ ।

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ । ੨੯ ।

[ਜਪੁ ਮ: ੧]

---

[1]Cf: the modern scientific theory that colour and form are given to things by mind.

"Thus the colour which is so vivid to us is in our minds and cannot be embodied in a legitimate conception of the substantial object itself."

[Eddington, Page 273.)

ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲ ਰਚਾਇਆ ।
ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ ।
ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ[1] ।
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ ।
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ । ੨ ।

(ਵਾਰ ਗੂਜਰੀ ਮ: ੩)

ਜਿਸ ਵੇਲੇ ਮਨੁਖ ਨੂੰ ਇਹ ਪਤਾ ਲਗਦਾ ਹੈ ਕਿ ਸੰਸਾਰ ਉਹ ਕੁਝ ਨਹੀਂ ਜੋ ਕੁਝ ਉਹ ਸਮਝਦਾ ਰਹਿਆ ਹੈ ਤਾਂ ਕਈ ਲੋਕ ਇਹ ਕਹਿ ਦੇਂਦੇ ਹਨ ਕਿ ਇਹ ਸੰਸਾਰ ਨਿਰਾ ਇਕ ਭ੍ਰਮ ਹੈ । ਇਹ ਕਦੀ ਨਾ ਹੋਇਆ ਨਾ ਹੈ, ਨਾ ਹੋਵੇਗਾ । ਗੁਰਮੱਤ ਇਹ ਦਸਦੀ ਹੈ ਕਿ ਇਹ ਖੇਡ ਨਿਰਾ ਭ੍ਰਮ ਨਹੀਂ । ਇਹ ਸਤਿ ਹੈ ।

ਆਪ ਸਤਿ ਕੀਆ ਸਭੁ ਸਤਿ । ਆਪੇ ਜਾਨੈ ਅਪਨੀ ਮਿਤਿ ਗਤਿ । ੨ । ੧੬ ।

(ਗਉੜੀ ਸੁਖਮਨੀ ਮ: ੫)

ਆਪਿ ਸਤਿ ਸਤਿ ਸਭ ਧਾਰੀ । ਆਪੇ ਗੁਣ ਆਪੇ ਗੁਣਕਾਰੀ । ੧ । ੧੭ ।

(ਗਉੜੀ ਸੁਖਮਨੀ ਮ: ੫)

ਸਤਿ ਕਰਮੁ ਜਾਕੀ ਰਚਨਾ ਸਤਿ । ਮੂਲੁ ਸਤਿ ਸਤਿ ਉਤਪਤਿ । ੬ । ੧੬ ।

(ਗਉੜੀ ਸੁਖਮਨੀ ਮ: ੫)

ਸਚੇ ਤੇਰੇ ਖੰਡ ਸਚੇ ਬ੍ਰਹਮੰਡ । ਸਚੇ ਤੇਰੇ ਲੋਅ ਸਚੇ ਆਕਾਰ ।
ਸਚੇ ਤੇਰੇ ਕਰਣੇ ਸਰਬ ਬੀਚਾਰ । ੧ । ੨ ।

[ਸਲੋਕ ਮ: ੧, ਵਾਰ ਆਸਾ ਮ: ੧]

ਇਥੇ ਇਹ ਸੰਸਾ ਉੱਠ ਸਕਦਾ ਹੈ ਕਿ ਗੁਰਬਾਣੀ ਵਿਚ ਹੀ ਇਸ ਜਗਤ ਨੂੰ 'ਸੁਪਨਾ' ਤੇ ਧੂਏਂ ਕਾ ਪਹਾੜ' ਕਰਕੇ ਵਰਨਣ ਕੀਤਾ ਗਇਆ ਹੈ । ਫਿਰ ਸਤਿ ਕਿਕੂਰ ਹੋਇਆ ? 'ਸੁਪਨਾ' ਤੇ ਧੂਏਂ ਕਾ ਪਹਾੜ' ਦਾ ਮਤਲਬ ਇਹ ਹੈ ਕਿ ਜਿਦਾਂ ਅਸੀਂ ਇਸ ਸੰਸਾਰ ਨੂੰ ਥਿਰ ਤੇ ਸਦਾ ਰਹਿਣ ਵਾਲਾ ਮੰਨਦੇ ਹਾਂ ਇਹ ਗਲਤ ਹੈ ਪਰ ਇਸਦਾ ਇਹ ਭਾਵ ਨਹੀਂ ਕਿ ਸੰਸਾਰ ਅਸਲੋਂ ਹੈ ਹੀ ਨਹੀਂ । ਅਜੇਹੇ ਸ਼ਬਦਾਂ ਦਾ ਇਹ ਭਾਵ ਹੈ ਕਿ ਜੋ ਕੁਝ ਅਸੀਂ ਸਮਝਦੇ ਹਾਂ ਉਹ ਕੁਝ ਇਹ ਸੰਸਾਰ ਨਹੀਂ ।

ਗੁਰਮੱਤ ਤੋਂ ਇਹ ਪਤਾ ਲਗਾ ਕਿ ਨਿਰੰਕਾਰ ਨੇ ਆਪਣੇ ਹੁਕਮ ਤੋਂ ਇਹ ਜਗਤ ਉਤਪੱਤ ਕੀਤਾ ਹੈ । ਤਾਂ ਇਹਦੇ ਵਿਚ ਪਾਪ ਤੇ ਬੁਰਿਆਈ ਕਿੱਥੋਂ ਆ ਗਈ । ਗੁਰੂ ਸਾਹਿਬ ਦਸਦੇ ਹਨ ਕਿ ਜਿਸ ਨੂੰ ਅਸੀਂ ਪਾਪ, ਬੁਰਿਆਈ ਜਾਂ ਧਰਮ ਦੇ ਰਾਹ ਵਿਚ ਰੋਕ ਸਮਝਦੇ ਹਾਂ ਉਹ ਨਿਰੰਕਾਰ ਨੇ ਆਪ ਪੈਦਾ ਕੀਤੀ ਹੈ ।

---

[1]ਪਾਇਆ — ਰਖਿਆ ।

ਬਿਖੁ ਅੰਮ੍ਰਿਤੁ ਕਰਤਾਰਿ ਉਪਾਏ ।
ਸੰਸਾਰ ਬਿਰਖ ਕਉ ਦੁਇ ਫਲ ਲਾਏ । ੩ । ੧ ।

[ ਬਸੰਤੁ ਮ: ੩]

ਇਹ ਮਾਇਆ, ਭਰਮ, ਰੋਕ ਪਾਪ ਜੋ ਵੀ ਇਹਦਾ ਨਾਮ ਰਖੋ ਕਿਉਂ ਪੈਦਾ ਕੀਤੇ ਗਏ ? ਸਰੀਰਕ ਬਲ ਤਦੋਂ ਹੀ ਵਧਦਾ ਹੈ ਜਦੋਂ ਮਾਦੀ ਰੋਕਾਂ ਤੇ ਫਤਹ ਪਾਈਏ । ਇਖਲਾਕੀ ਗੁਣ ਤਦੋਂ ਹੀ ਆਂਵਦੇ ਹਨ ਜਦੋਂ ਸਾਡੇ ਸਾਹਮਣੇ ਪਰਤਾਵੇ ਆਵਣ ਤੇ ਅਸੀਂ ਉਨ੍ਹਾਂ ਦੇ ਕਾਬੂ ਵਿਚ ਨਾ ਆਈਏ । ਸਾਡੀ ਆਤਮਕ ਉੱਨਤੀ ਇਸੇ ਵਿਚ ਹੈ ਕਿ ਅਸੀਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਮਮਤਾ ਜੋ ਹਉਮੇ ਦਾ ਰੂਪ ਹਨ, ਇਹਨਾਂ ਤੇ ਫਤਹ ਪਾਈਏ । ਪੰਜਵੇਂ ਗੁਰੂ ਜੀ ਨੇ ਐਉਂ ਫੁਰਮਾਇਆ ਹੈ :

ਹਉ ਗੋਸਾਈ ਦਾ ਪਹਿਲਵਾਨੜਾ । ਮੈ ਗੁਰ ਮਿਲਿ ਉਚ ਦੁਮਾਲੜਾ ।
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ । ੧੭ ।
ਵਾਤ ਵਜਨਿ ਟੰਮਕ ਭੇਰੀਆ । ਮਲ ਲਥੇ ਲੈਦੇ ਫੇਰੀਆ ।
ਨਿਹਤੇ ਪੰਜਿ ਜੁਆਨ ਮੈ, ਗੁਰਿ ਥਾਪੀ ਦਿਤੀ ਕੰਡਿ ਜੀਉ । ੧੮ ।
ਸਭ ਇਕਠੇ ਹੋਇ ਆਇਆ । ਘਰਿ ਜਾਸਨਿ ਵਾਟ ਵਟਾਇਆ ।
ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ । ੧੯ । ੨ । ੨੯ ।

(ਸ੍ਰੀ ਰਾਗ ਮ: ੫)

ਗੁਰੂ ਜੀ ਦੀ ਸਿਖਿਆ ਅਨੁਸਾਰ ਇਹ ਰੋਕਾਂ ਆਤਮਕ ਉੱਨਤੀ ਲਈ ਰੱਖੀਆਂ ਹਨ ਤਾਂ ਜੁ ਇਹਨਾਂ ਨਾਲ ਜੋਧਨ ਕਰ ਕਰਕੇ ਸਾਡੀ ਆਤਮਾ ਬਲਵਾਨ ਹੋ ਜਾਵੇ, ਤੇ ਜੋ ਮਨੁੱਖ ਗੁਰਮਤਿ ਧਾਰਕੇ ਇਨ੍ਹਾਂ ਨੂੰ ਜ਼ੇਰ ਕਰਦੇ ਹਨ, ਉਹ ਜੀਵਨ ਸਫਲ ਕਰ ਜਾਂਦੇ ਹਨ । ਮਨਮੁਖ ਇਹਨਾਂ ਦੇ ਵਸ ਵਿਚ ਆ ਕੇ ਜੋ ਮੂੜੀ ਮਿਲੀ ਹੈ ਉਸ ਨੂੰ ਵੀ ਗਵਾ ਜਾਂਦੇ ਹਨ ।

ਕਈ ਨਵੀਨ ਵਿਚਾਰਵਾਨਾਂ ਦਾ ਇਹ ਖਿਆਲ ਹੈ ਇਹ ਸ੍ਰਿਸ਼ਟੀ ਇਕੋ ਵਾਰ ਨਹੀਂ ਰਚੀ ਗਈ । ਰਚਨਾ ਬਰਾਬਰ ਜਾਰੀ ਹੈ । ਪਰ ਹੁਣ ਸਾਰੇ ਸਾਇੰਸਵੇਤਾ ਪੁਰਸ਼ਾਂ ਦਾ ਇਹ ਖਿਆਲ ਨਹੀਂ ਰਹਿਆ[1] । ਗੁਰੂ ਜੀ ਦਸਦੇ ਹਨ :

---

[1]But no doubt can be entertained that the genesis of the stars is a single process of evolution, which has passed and is passing over the primordial distribution.

(Eddington, Page 168.)

"ਪਰ ਇਹਦੇ ਵਿਚ ਕੋਈ ਸੰਦੇਹ ਨਹੀਂ ਹੋ ਸਕਦਾ ਕਿ ਤਾਰਿਆਂ ਦੀ ਉਤਪੱਤੀ 'ਵਿਕਾਸ' (evolution) ਦਾ ਇਕੋ ਅਮਲ ਹੈ ਜੋ ਆਦਿ ਵੰਡ ਉਤੋਂ ਦੀ ਲੰਘਿਆ ਤੇ ਲੰਘ ਰਹਿਆ ਹੈ ।

There is evidence that the present stars at any rate are producers of one evolutionary process which swept across primordial matter and caused it to aggregate; they were not formed individually by haphazard collisions having no particular time connection which one another.

"ਇਸ ਗੱਲ ਲਈ ਸਬੂਤ ਮੌਜੂਦ ਹੈ ਕਿ ਘੱਟੋ ਘੱਟ ਮੌਜੂਦਾ ਤਾਰੇ ਇਕੋ ਵਿਕਾਸੀ ਅਮਲ ਦੀ ਪੈਦਾਵਾਰ ਹਨ ਜੋ ਆਦਿ ਮਾਦੇ ਉਤੋਂ ਲੰਘਿਆ ਹੈ ਤੇ ਜਿਸ ਅਮਲ ਨੇ ਉਸ ਮਾਦੇ ਨੂੰ ਇਕ ਥਾਂ ਕੀਤਾ ਹੈ । ਇਹ ਤਾਰੇ ਅਚਣਚੇਤੀ ਟੱਕਰਾਂ ਦੁਵਾਰਾ ਜਿਨ੍ਹਾਂ ਦਾ ਪਰਸਪਰ ਕੋਈ ਸਮੇਂ ਦਾ ਸੰਬੰਧ ਨਹੀਂ ਅੱਡਰੇ-੨ ਨਹੀਂ ਬਣੇ ।"

ਕੀਤਾ ਪਸਾਉ ਏਕੋ ਕਵਾਉ । ਤਿਸ ਤੇ ਹੋਏ ਲਖ ਦਰੀਆਉ । ੧੬।

(ਜਪੁ ਮ; ੧)

ਭਾਵ ਇਹ ਕਿ ਇਹ ਪਸਾਰਾ ਇਕ ਬੋਲ ਤੋਂ ਹੋਇਆ ਹੈ ਤੇ ਉਸ ਬੋਲ ਤੋਂ ਜੀਵਨ ਦੇ ਲੱਖਾਂ ਦਰੀਆ ਹੋਂਦ ਵਿਚ ਆ ਗਏ ।

ਇਹ ਰਚਨਾ ਬੇਅੰਤ ਹੈ ਤੇ ਕਈ ਵਾਰੀ ਰਚੀ ਗਈ ਜਿਨ੍ਹਾਂ 'ਕਈ ਵੇਰਾਂ' ਵਿਚੋਂ ਹੁਣ ਵਾਲਾ ਰਚਨਾ ਦਾ ਨਜ਼ਾਰਾ ਇਕ ਹੈ ।

ਜਾਕੀ ਲੀਲਾ ਕੀ ਮਿਤਿ ਨਾਹਿ ।

ਸਗਲ ਦੇਵ ਹਾਰੇ ਅਵਗਾਹਿ । ੧ । ੧੬ ।

(ਗਉੜੀ ਸੁਖਮਨੀ ਮ: ੫)

ਅਸੰਖ ਨਾਵ ਅਸੰਖ ਥਾਵ । ਅਗੰਮ ਅਗੰਮ ਅਸੰਖ ਲੋਅ ।

ਅਸੰਖ ਕਹਹਿ ਸਿਰਿ ਭਾਰੁ ਹੋਇ । ੧੯ ।

(ਜਪੁ ਮ: ੧)

ਅਤੇ

ਕਈ ਬਾਰ ਪਸਰਿਓ ਪਾਸਾਰ । ਸਦਾ ਸਦਾ ਇਕੁ ਏਕੰਕਾਰ । ੭ । ੧੦ ।

(ਗਉੜੀ ਸੁਖਮਨੀ ਮ: ੫)

ਕਾਹਦੇ ਲਈ ਏਹ ਰਚਨਾ ਹੈ ? ਬੀਜ ਰੂਪ ਕਰਕੇ ਜੋ ਜੋਤ ਸਭ ਜੀਵਾਂ ਵਿਚ ਹੈ ਉਹਨੂੰ ਉਹ ਜੀਵ ਵਧਾਕੇ ਉਸ ਨਿਰੰਕਾਰ ਵਿਚ ਜਾ ਮਿਲਣ ।

ਸੰਤ ਹੇਤਿ ਪ੍ਰਭਿ ਤ੍ਰਿਭਵਨ ਧਾਰੇ ।

(ਗਉੜੀ ਗਵਾਰੇਰੀ ਮ: ੫)

ਇਹ ਉੱਨਤੀ ਗੁਰਮੱਤ ਅਨੁਸਾਰ ਸਿਮਰਨ ਦੁਵਾਰਾ ਹੁੰਦੀ ਹੈ, ਇਸ ਲਈ ਦੂਜੇ ਲਫ਼ਜ਼ਾਂ ਵਿਚ ਪ੍ਰਯੋਜਨ ਇਹ ਦੱਸਿਆ ਹੈ ।

---

[1] **The practical measure of the random element which can increase in the universe but can never decrease is called Entropy.**

(Eddington, Page 74.)

[1]ਬੇਤਰਤੀਬੀ ਦੇ ਅੰਸ਼ ਦੇ ਅਮਲੀ ਮਾਪ ਨੂੰ ਸੋ ਸੰਸਾਰ ਵਿਚ ਵਧ ਸਕਦਾ ਹੈ ਪਰ ਕਦੀ ਘਟ ਨਹੀਂ ਸਕਦਾ 'ਐਨਟ੍ਰੋਪੀ' ਕਹਿੰਦੇ ਹਨ ।

ਹਰਿ ਸਿਮਰਨਿ ਧਾਰੀ ਸਭ ਧਰਨਾ । ੮ । ੧ ।

(ਗਉੜੀ ਸੁਖਮਨੀ ਮ: ੫)

ਅੰਤ ਵਿਚ ਇਹ ਦੱਸਣਾ ਪਾਠਕਾਂ ਲਈ ਗੁਣਕਾਰੀ ਹੋਵੇਗਾ ਕਿ ਸਾਰੇ ਸਾਇੰਸਵੇਤਾ ਹੁਣ ਇਹ ਨਹੀਂ ਮੰਨਦੇ ਕਿ ਇਹ ਸੰਸਾਰ ਅਨਾਦੀ ਤੇ ਅਨੰਤ ਹੈ । ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਪ੍ਰਮਾਣੂਆਂ ਦੀ ਤਰਤੀਬ ਤੇ ਜਥੇਬੰਦੀ ਵਿਚ ਵਿਘਨ ਵਧ ਰਿਹਾ ਹੈ । ਇਹ ਤਰਤੀਬ ਤੇ ਜਥੇਬੰਦੀ ਇਕੇਰਾਂ ਟੁੱਟੀ ਹੋਈ ਮੁੜ ਆਪਣੇ ਆਪ ਆਪਣੀ ਅਸਲੀ ਹਾਲਤ ਤੇ ਨਹੀਂ ਆ ਸਕਦੀ । ਇਸ ਵਿਘਨ ਦੇ ਮਾਪ ਦਾ ਨਾਉਂ ਉਨ੍ਹਾਂ ਐਨਟ੍ਰੋਪੀ (Eutropy) ਰਖਿਆ ਹੈ ਤੇ ਦਸਿਆ ਹੈ ਕਿ ਇਹ ਐਨਟ੍ਰੋਪੀ ਜਗਤ ਵਿਚ ਵਧ[1] ਸਕਦੀ ਹੈ ਪਰ ਘਟ ਕਦੀ ਨਹੀਂ ਸਕਦੀ । ਜਦੋਂ ਤਰਤੀਬ ਤੇ ਜੱਥੇਬੰਦੀ ਦਾ ਅੰਤ ਹੋ ਗਇਆ ਜਗਤ ਦੀ ਮੌਜੂਦਾ ਸੂਰਤ ਵੀ ਨਾਸ ਹੋ ਜਾਏਗੀ । ਨਾਲ ਹੀ ਉਹ ਸਮਾ ਭੀ ਮੰਨਣਾ ਪੈਂਦਾ ਹੈ ਜਦੋਂ ਤਰਤੀਬ ਤੇ ਜਥੇਬੰਦੀ ਪੂਰਨ ਤੇ ਨਿਰਵਿਘਨ ਸੀ । ਇਸ ਘੜੀ ਨੂੰ ਕਦੀ ਚਾਬੀ ਲਗੀ ਹੈ, ਹੌਲੀ ਹੌਲੀ ਕਮਾਨੀ ਖੁਲ੍ਹ ਰਹੀ ਹੈ ਤੇ ਅੰਤ ਚਾਲ ਬੰਦ ਹੋ ਜਾਏਗੀ । ਇਸ ਲਈ ਇਸ ਦਿਸ ਰਹੇ ਜਗਤ ਦਾ ਆਦਿ ਵੀ ਹੈ ਤੇ ਅੰਤ ਵੀ ।

---

[2]There is no doubt that the scheme of physics as it has stood for the last three-quarters of a century postulates a date at which either the entities of the universe were created in a state of high organisation or pre-existing entitees were endowed with that organisation which they have been squandering ever since. Moreover, this organisation is admittedly the antithesis of chance. It is something which could not occur fortuitously.

(Eddington, Page 84.

"ਨਿਰਸੰਦੇਹ ਪਿਛਲੇ ਪਚਹਤ੍ਰ ਵਰ੍ਹਿਆਂ ਤੋਂ ਬੱਝੀ ਪਦਾਰਥਕ ਸਕੀਮ ਇਹ ਮੰਨਦੀ ਹੈ ਕਿ ਇਕ ਦਿਨ ਇਹ ਸੰਸਾਰਕ ਵਸਤਾਂ ਜਾਂ ਤਾਂ ਉੱਤਮ ਜਥੇਬੰਦੀ ਦੀ ਹਾਲਤ ਵਿਚ ਸਾਜੀਆਂ ਗਈਆਂ ਜਾਂ ਉਹ ਜਥੇਬੰਦੀ ਅਗੇ ਹੁੰਦੀਆਂ ਵਸਤੂਆਂ ਨੂੰ ਦਿੱਤੀ ਗਈ ਤੇ ਉਸ ਦਿਨ ਤੋਂ ਉਹ ਵਸਤਾਂ ਉਸ ਜਥੇਬੰਦੀ ਨੂੰ ਜਾਇਆ ਕਰ ਰਹੀਆਂ ਹਨ । ਨਾਲੇ ਮੰਨਣਾਂ ਪਵੇਗਾ ਕਿ ਇਹ ਜਥੇਬੰਦੀ ਅਚਣਚੇਤਪੁਣੇ ਦਾ ਐਨ ਉਲਟ ਹੈ । ਇਹ ਅਜੇਹੀ ਚੀਜ਼ ਹੈ ਜਿਹੜੀ ਇਤਫਾਕਨ ਨਹੀਂ ਹੋ ਸਕਦੀ ।"

# ਮਨੁਖ

ਜਿੰਦ ਤੇ ਚੇਤਨਤਾ ਤਾਂ ਸ੍ਰਿਸ਼ਟੀ ਵਿਚ ਘਟ ਵਧ ਕਈ ਰੂਪਾਂ ਵਿਚ ਦਿਸਦੀਆਂ ਹਨ ਪਰ ਮਨੁਖੀ ਖੋਜ ਦਾ ਸਿੱਟਾ ਇਹ ਹੈ ਕਿ ਜਿੰਨੀ ਪੂਰਨਤਾ ਨੂੰ ਇਹ ਮਨੁਖ ਦੇਹੀ ਵਿਚ ਪੁੱਜੀਆਂ ਹਨ, ਉੱਨੀ ਪੂਰਨਤਾ ਹੋਰ ਕਿਸੇ ਜੂਨ ਵਿਚ ਨਹੀਂ ।

ਅਵਰ ਜੋਨਿ ਤੇਰੀ ਪਨਿਹਾਰੀ ।
ਇਸੁ ਧਰਤੀ ਮਹਿ ਤੇਰੀ ਸਿਕਦਾਰੀ । ੪ । ੧੨ ।

(ਆਸਾ ਮ: ੫)

ਨਾਲੇ ਮਨੁਖਾਂ ਵਿਚ ਹੀ ਉੱਨਤੀ, ਧਰਮ ਆਦਿ ਦੇ ਖਿਆਲ ਹਨ । ਹੋਰ ਕਿਤੇ ਨਹੀਂ ਦਿਸਦੇ, ਇਸ ਲਈ ਜ਼ਰੂਰੀ ਹੈ ਕਿ ਮਨੁਖੀ ਹਸਤੀ ਤੇ ਵਿਚਾਰ ਕੀਤੀ ਜਾਵੇ ।

ਗੁਰਮਤ ਇਹ ਦਸਦੀ ਹੈ ਕਿ ਮਨੁਖ ਨਿਰਾ ਸਰੀਰ ਹੀ ਨਹੀਂ । ਇਹਦੇ ਵਿਚ ਜੋਤਿ ਹੈ ਜੋ ਨਿਰੰਕਾਰ ਨੇ ਰਖੀ ਹੈ ।

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ
ਤਾ ਤੂ ਜਗ ਮਹਿ ਆਇਆ । ੩੩ ।

(ਰਾਮਕਲੀ ਮ: ੩ ਅਨੰਦੁ)

ਅਜਕਲ ਦੇ ਸਾਇੰਸ ਅਨੁਸਾਰ ਮਨੁਖ ਨੂੰ ਜਿਕੁਰ ਬਾਹਰਲੀਆਂ ਵਸਤਾਂ ਦਾ ਗਿਆਨ ਪ੍ਰਾਪਤ ਹੁੰਦਾ ਹੈ ਉਸ ਤੋਂ ਬੀ ਸੈਣਤ ਮਿਲਦੀ ਹੈ ਕਿ ਮਨੁਖ ਦੀ ਬਣਤਰ ਨਿਰਾ ਮਾਦੀ ਨਹੀਂ ।

Mr. X knows a table, but the point of contact with mind is not in the material of the table. Light waves are propagated from the table to the eye: chemical changes occur in the retina, propagation of some kind occurs in the optic nerves; atomic changes follow in the brain.

Just where the final leap into conciousness occurs is not clear. We do not know the last stage of the message in the physical world before it becomes a sensation consoiousness.

(Eddington, Page 267.)

'ਕੋਈ ਸਜਣ ਇਕ ਮੇਜ ਵੇਖਦਾ ਹੈ। ਪਰੰਤੂ ਮੇਜ ਦੇ ਮਾਦੀ ਹਿਸੇ ਵਿਚ ਉਹ ਨੁਕਤਾ ਨਹੀਂ ਜਿਥੇ ਅੰਤਹਕਰਨ ਦੀ ਛੋਹ ਮੇਜ ਨਾਲ ਹੈ। ਮੇਜ ਤੋਂ ਰੋਸ਼ਨੀ ਦੀਆਂ ਲਹਿਰਾਂ ਉੱਠਕੇ ਅੱਖਾਂ ਤੀਕ ਅਪੜਦੀਆਂ ਹਨ। ਪੁਤਲੀ ਵਿਚ ਰਸਾਇਣਿਕ ਤਬਦੀਲੀਆਂ ਪੈਦਾ ਹੁੰਦੀਆਂ ਹਨ। ਫੇਰ ਵੇਖਣ ਨਾਲ ਸੰਬੰਧ ਰਖਣ ਵਾਲੀਆਂ ਨਸਾਂ ਵਿਚ ਕੋਈ ਆਮਲ ਹੁੰਦਾ ਹੈ ਫਿਰ ਦਿਮਾਗ ਦੇ ਪ੍ਰਮਾਣੂਆਂ ਵਿਚ ਅਦਲਾ ਬਦਲੀ ਹੋਂਦੀ ਹੈ। ਚੇਤਨਤਾ ਵਿਚ ਅੰਤਮ ਛਾਲ ਕਦੋਂ ਵਜਦੀ ਹੈ ਇਹ ਸਪਸ਼ਟ ਨਹੀਂ। ਅਸੀਂ ਪਦਾਰਥਕ ਸੰਸਾਰ ਦੇ ਸਨੇਹੇ ਦੀ ਅੰਤਲੀ ਪਉੜੀ ਨੂੰ ਨਹੀਂ ਜਾਣਦੇ, ਪੇਸ਼ਤਰ ਏਹਦੇ ਕਿ ਉਹ ਸੁਨੇਹਾ ਚੇਤਨਤਾ ਵਿਚ ਇਕ ਹਿਸ ਦਾ ਰੂਪ ਧਾਰਦਾ ਹੈ ?''

ਬਾਹਰ ਦੇ ਸੁਨੇਹੇ ਮਨ ਦੇ ਦਰਵਾਜਿਆਂ ਤੀਕ ਹੀ ਅਪੜਦੇ ਹਨ। ਇਹ ਦਰਵਾਜ਼ੇ ਗਿਆਨ ਇੰਦ੍ਰੇ ਹਨ। ਅੰਦਰ ਬੈਠਾ ਰਾਜਾ ਕਿਕੁਰ ਇਸ ਖਟ ਖਟ ਤੋਂ ਸੁਨੇਹਾ ਬੁਝ ਲੈਂਦਾ ਹੈ ਇਹ ਪਦਾਰਥ ਵਿਦਿਆ ਦੇ ਖੋਜੀਆਂ ਨੂੰ ਅਜੇ ਪੂਰੀ ਤਰਹ ਪਤਾ ਨਹੀਂ ਲਗਾ।

Symbolically we may follow the influences of the physical world up to the door of mind; they ring the door-bell and depart.

(Eddington, Page 89.)

'ਪਦਾਰਥਕ ਸੰਸਾਰ ਦੇ ਅਸਰਾਂ ਦੇ ਖੋਜ ਮਗਰ ਅਸੀਂ ਅੰਤਹਕਰਨ ਦੇ ਦੂਰ ਤੀਕ ਜਾ ਸਕਦੇ ਹਾਂ। ਉਥੋਂ ਦਰਵਾਜ਼ਾ ਖਟਖਟਾ ਕੇ ਉਹ ਤੁਰ ਜਾਂਦੇ ਹਨ।'

ਅੰਤਹਕਰਨ ਨੂੰ ਮਾਦੇ ਦੇ ਪ੍ਰਮਾਣੂਆਂ ਪੁਰ ਵਸੀਕਾਰ ਹੈ। ਇਥੋਂ ਤੀਕ ਵੀ ਸਾਇੰਸ ਦੀ ਖੋਜ ਖਾਸੀ ਹੱਦ ਤਕ ਅਪੜ ਚੁਕੀ ਹੈ।

It seems that we must attribute to the mind power not only to decide the behaviour of the atoms individually but to affect systematically large groups—in fact to temper with the odds on atomic behaviour.

(Eddington, Page 313.)

''ਮਲੂਮ ਹੁੰਦਾ ਹੈ ਕਿ ਸਾਨੂੰ ਅੰਤਹਕਰਨ ਵਿਚ ਅਜੇਹੀ ਤਾਕਤ ਮੰਨਣੀ ਜ਼ਰੂਰੀ ਹੈ ਜਿਸ ਦ੍ਵਾਰਾ ਉਹ ਨਿਰਾ ਵਖੋ ਵਖਰੇ ਪ੍ਰਮਾਣੂਆਂ ਦੇ ਰਵਈਏ ਦਾ ਹੀ ਫੈਸਲਾ ਨਹੀਂ ਕਰਦਾ ਸਗੋਂ ਵੱਡੇ ਪ੍ਰਮਾਣੂਆ ਦੇ ਸੰਬੂਹਾਂ ਤੇ ਬਾਕਾਇਦਾ ਅਸਰ ਪਾ ਸਕਦਾ ਹੈ। ਅਰਥਾਤ ਉਸਦੇ ਵਿਚ ਇਹ ਸ਼ਕਤੀ ਹੈ ਕਿ ਉਹ ਪ੍ਰਮਾਣੂਆਂ ਦੇ ਸੰਭਵ ਸਿਟਿਆਂ ਨੂੰ ਬਦਲ ਦੇਵੇ।''

ਸਤਿਗੁਰ ਦਸਦੇ ਹਨ ਕਿ ਸਰੀਰ ਨਾਸ ਹੋ ਜਾਂਦਾ ਹੈ ਪਰ ਜੋ ਕੁਝ ਸਰੀਰ ਦੇ ਵਿਚ ਵਸਦਾ ਹੈ ਉਹ ਸਰੀਰ ਦੇ ਨਾਲ ਨਾਸ ਨਹੀਂ ਹੋਂਦਾ ।

ਮੇਰਾ ਮੇਰਾ ਕਰਿ ਬਿਲਲਾਹੀ ।
ਮਰਣਹਾਰੁ ਇਹੁ ਜੀਅਰਾ ਨਾਹੀ । ੩ । ੪੩ । ੧੧੨ ।

(ਗਉੜੀ ਗਵਾਰੇਰੀ ਮ: ੫)

ਨਾਸ ਦੇਹ ਹੋਂਦੀ ਹੈ ।

[1]ਠੰਡੀ ਤਾਤੀ ਮਿਟੀ ਖਾਈ । ਓਹੁ ਨ ਬਾਲਾ ਬੂਢਾ ਭਾਈ । ੧ । ੨੩ ।

(ਆਸਾ ਮ: ੫)

ਜੀਵ ਆਤਮਾ ਨਾਸ ਨਹੀਂ ਹੋਂਦਾ ।

ਓਹੁ ਬੈਰਾਗੀ ਮਰੈ ਨ ਜਾਇ ।
ਹੁਕਮੇ ਬਾਧਾ ਕਾਰ ਕਮਾਇ । ੪ । ੩੧ : ੯੨ ।

(ਆਸਾ ਮ: ੧)

ਕਾਇਆ ਹੰਸ ਕਿਆ ਪ੍ਰੀਤਿ ਹੈ ਜਿ ਪਇਆ ਹੀ ਛਡਿ ਜਾਇ ।
ਏਸ ਨੂੰ ਕੂੜੁ ਬੋਲਿ ਕਿ ਖਵਾਲੀਐ ਜਿ ਚਲਦਿਆ ਨਾਲਿ ਨ ਜਾਇ ।
ਕਾਇਆ ਮਿਟੀ ਅੰਧੁ ਹੈ ਪਉਣੈ ਪੁਛਹੁ ਜਾਇ ।
ਹਉ ਤਾ ਮਾਇਆ ਮੋਹਿਆ ਫਿਰਿ ਫਿਰਿ ਆਵਾ ਜਾਇ ।
ਨਾਨਕ ਹੁਕਮੁ ਨ ਜਾਤੋ ਖਸਮ ਕਾ ਜਿ ਰਹਾ ਸਚਿ ਸਮਾਇ । ੭ ।

(ਸੂਹੀ ਮ: ੩ ਵਾਰ ਗੁਜਰੀ ਮ: ੩)

[2]ਚੇਤਨਤਾ ਤੇ ਨਿਰਨਾ ਕਰਨ ਦਾ ਗੁਣ ਸਰੀਰ ਵਿਚ ਨਹੀਂ । ਇਹ ਆਤਮਾ ਵਿਚ ਹਨ ।

---

[1]ਮਿਟੀ, ਦੇਹੀ ਨੂੰ ਜੋ ਠੰਡੀ ਜਾਂ ਤੱਤੀ ਹੋ ਸਕਦੀ ਹੈ, ਖਾਂਦੀ ਹੈ ।

[2]ਇਸ ਸੰਬੰਧੀ ਸਾਇੰਸ ਦੀ ਹੇਠ ਲਿਖੀ ਖੋਜ ਸੁਆਦਲੀ ਪ੍ਰਤੀਤ ਹੋਵੇਗੀ ।

The materialist view was that the motions which appear to be caused by our volition are really reflex actions controlled by the material proceses in the brain, the act of will being an inessential side phenomenon occurring simultaneously with the physical phenomenon. But this assumes that the result of applying physical laws to the brain is fully determinate. It is meaningless to say the behaviour of a conscious brain is precisely the some as that of a mechanical brain if the behaviour of a mechanical brain is left undetermind. If the laws of physics are not strictly casual the most that can be said is that the

(ਅਗੇ ਦੇਖੋ ਸਫਾ 38)

ਇਹ ਆਤਮਾ ਕੀ ਹੈ ? ਕਈ ਕਹਿੰਦੇ ਹਨ ਕਿ ਆਤਮਾ ਹੀ ਬ੍ਰਹਮ ਹੈ । ਗੁਰੂ ਸਾਹਿਬ ਇਹ ਨਹੀਂ ਮੰਨਦੇ ਕਿ ਜੀਵ ਆਤਮਾ ਜਿਸ ਹਾਲਤ ਵਿਚ ਹੈ ਇਹ ਬ੍ਰਹਮ ਹੈ । ਇਸ ਨੂੰ ਨਿਰੰਕਾਰ ਨੇ ਆਪਣੀ ਜੋਤ ਵਿਚੋਂ ਪੈਦਾ ਕੀਤਾ ਹੈ । ਇਹ ਬ੍ਰਹਮ ਰੂਪ ਹੋ ਸਕਦਾ ਹੈ ਅਰ ਉਹਦੇ ਨਾਲ ਅਸਲਾ ਇਕੋ ਹੋਣ ਕਰਕੇ ਨਿਰੰਕਾਰ ਨਾਲ ਮਿਲ ਸਕਦਾ ਹੈ, ਪਰ ਨਿਰੰਕਾਰ ਪੂਰਾ ਹੈ ਤੇ ਜੀਵ ਊਰਾ । ਅਤੇ ਜਦੋਂ ਨਿਰੰਕਾਰ ਵਿਚ ਇਹ ਲੀਨ ਹੋਵੇਗਾ ਤਾਂ ਵੀ ਨਿਰੰਕਾਰ ਬੇਅੰਤ ਹੀ ਰਹੇਗਾ ।

ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ । ੨ । ੫ ।

(ਸੋਰਿਠ ਮ: ੧)

ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ।

ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ । ੨੩ ।

(ਜਪੁ ਮ: ੧)

ਧਿਆਇ ਧਿਆਇ ਭਗਤਹ ਸੁਖੁ ਪਾਇਆ ।

ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ । ੨ । ੧੬ ।

(ਗਉੜੀ ਸੁਖਮਨੀ ਮ: ੫)

ਨਿਰੰਕਾਰ ਸਰਬ ਸ਼ਕਤੀਮਾਨ ਹੈ । ਜੀਵ ਆਤਮਾ ਵਿਚ ਉਹ ਸਮਰਥਾ ਨਹੀਂ ।

---

behaviour of conscious brain is one of the possible behaviours of a mechanical brain. Precisely so, and the decision between the possible behaviours is what we call volition.

(Eddington, Page 311.)

"ਨਿਰਾ ਮਾਦੇ ਦੀ ਹਸਤੀ ਮੰਨਣ ਵਾਲਿਆਂ ਦਾ ਇਹ ਖਿਆਲ ਹੈ ਕਿ ਹਰਕਤਾਂ, ਜਿਹੜੀਆ ਸਾਡੀ ਇਛਾ ਪੈਦਾ ਕਰਦੀ ਪ੍ਰਤੀਤ ਹੁੰਦੀ ਹੈ, ਅਸਲ ਵਿਚ ਸਾਡੇ ਦਿਮਾਗ ਵਿਚ ਦੇ ਮਾਦੀ ਅਮਲਾਂ ਦੀਆਂ ਪ੍ਰਤੀਬਿੰਬਕ ਕਿਰਿਆ ਹਨ । ਇਛਾ ਦੀ ਕਿਰਿਆ ਪਦਾਰਥਕ ਅਮਲ ਦਾ ਇਕ ਗੈਰ ਜ਼ਰੂਰੀ ਗੌਣ ਸਿਟਾ ਹੈ ਜੋ ਉਸ ਅਮਲ ਵੇਲੇ ਪੈਦਾ ਹੋ ਜਾਂਦਾ ਹੈ । ਪਰ ਇਹ ਨਤੀਜਾ ਇਸ ਮਨੌਤ ਪੁਰ ਨਿਰਭਰ ਰੱਖਦਾ ਹੈ ਕਿ ਪਦਾਰਥਕ ਨਿਯਮਾਂ ਦੀ ਦਿਮਾਗ ਪੁਰ ਵਰਤੋਂ ਅਸੀਂ ਪੂਰੀ ਤਰ੍ਹਾਂ ਜਾਣਦੇ ਹਾਂ ! ਇਹ ਕਹਿਣਾ ਕਿ ਇਕ ਚੇਤਨ ਦਿਮਾਗ ਦਾ ਰਵਈਆ ਐਨ ਉਕਰਦਾ ਹੀ ਹੈ ਜੇਹੋ ਜੇਹਾ ਇਕ ਮਸ਼ੀਨੀ ਦਿਮਾਗ ਦਾ, ਕੋਈ ਅਰਥ ਨਹੀਂ ਰਖਦਾ ਜੇ ਕਰ ਮਸ਼ੀਨੀ ਦਿਮਾਗ ਦੇ ਰਵਈਏ ਤੋਂ ਅਸੀਂ ਅਗਿਆਤ ਹੋਈਏ । ਜੇ ਕਦੀ ਪਦਾਰਥ ਵਿਦਿਆ ਦੇ ਨਿਯਮ ਬਿਲਕੁਲ ਅਜੇਹੇ ਨਹੀਂ ਕਿ ਇਕ ਸਿਟਾ ਇਕੋ ਕਾਰਨ ਤੋਂ ਨਿਕਲੇ ਤਾਂ ਵਧੀਕ ਤੋਂ ਵਧੀਕ ਅਸੀਂ ਈਹੋ ਕਹਿ ਸਕਦੇ ਹਾਂ ਕਿ ਚੇਤਨ ਦਿਮਾਗ ਦਾ ਰਵਈਆ ਮਸ਼ੀਨੀ ਦਿਮਾਗ ਦੇ ਕਈ ਸੰਭਵ ਰਵਈਆ ਵਿਚੋਂ ਇਕ ਹੈ । ਐਨ ਠੀਕ ਈਹੋ ਹੀ ਗਲ ਹੈ ਤੇ ਸੰਭਵ ਰਵਈਆ ਵਿਚੋਂ ਚੋਣ ਕਰਨ ਨੂੰ ਹੀ ਅਸੀਂ ਇਛਾ ਆਖਦੇ ਹਾਂ ।

ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ ।

ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ । ੧ ।

ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ।

ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ

ਜਿਉ ਭਾਵੈ ਤਿਵੈ ਬਖਸਿ । ੧ । ਰਹਾਉ ।

ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰ ਲਾਇਆ ।
ਜੇਹਾ ਤੂ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ
ਜੇਹਾ ਤੁਧੁ ਧੁਰਿ ਲਿਖਿ ਪਾਇਆ । ੨ ।

ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ

ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ।

ਇਕਨਾ ਸਤਿਗੁਰ ਮੇਲਿ ਤੂ ਬੁਝਾਵਹਿ

ਇਕਿ ਮਨਮੁਖ ਕਰਹਿ ਸਿ ਰੋਵੈ । ੩ । ੪ । ੧੫ । ੨੪ ।

ਜਿਤਨੀ ਪਦਾਰਥਕ ਉੱਨਤੀ ਸੰਸਾਰ ਵਿਚ ਹੋਈ ਹੈ ਉਹ ਕੇਵਲ ਇਸ ਗਲ ਵਿਚ ਹੈ ਜੋ ਕੁਦਰਤੀ ਨੇਮ ਰਚਨਾ ਵਿਚ ਕੰਮ ਕਰ ਰਹੇ ਹਨ ਮਨੁਖ ਨੇ ਉਨ੍ਹਾਂ ਨੂੰ ਲੱਭ ਲਇਆ ਹੈ ਤੇ ਉਨ੍ਹਾਂ ਨੇਮਾਂ ਅਨੁਸਾਰ ਚਲਣ ਕਰਕੇ ਸਫਲਤਾ ਪ੍ਰਾਪਤ ਕਰ ਰਹਿਆ ਹੈ । ਮਾਦੀ ਦੁਨੀਆਂ ਵਿਚ ਮਨੁਖ ਦੀ ਵਧਦੀ ਤਾਕਤ ਨਿਰੰਕਾਰੀ ਨੇਮਾਂ ਅਨੁਸਾਰ ਚਲਣ ਕਰਕੇ ਹੈ । ਇਸੇ ਤਰਹ ਆਤਮਕ ਉੱਨਤੀ ਵੀ ਨਿਰੰਕਾਰੀ ਹੁਕਮ ਉਪਰ ਤੁਰਦਿਆਂ ਪ੍ਰਾਪਤ ਹੁੰਦੀ ਹੈ । ਜਿਸ ਤਰਹ ਹੋਰ ਨਿਰਜੀਵ ਵਸਤਾਂ ਨਿਰੰਕਾਰੀ ਨੇਮਾਂ ਦੇ ਵਸ ਵਿਚ ਹਨ ਉਸੇ ਤਰਹ ਚੇਤਨ ਮਨੁਖ ਵੀ ਹੈ । ਮਨੁਖ ਵਿਚ ਇਹ ਸਮਰਥਾ ਨਹੀਂ ਕਿ ਨੇਮਾਂ ਨੂੰ ਉਲੰਘਣ ਕਰ ਸਕੇ । ਜਾਂ ਹੋਰ ਨਵੇਂ ਨੇਮ ਬਣਾ ਸਕੇ ।

ਮਾਧਉ ਹਰਿ ਹਰਿ ਹਰਿ ਮੁਖਿ ਕਹੀਐ ।

ਹਮ ਤੇ ਕਛੂ ਨ ਹੋਵੈ ਸੁਆਮੀ ਜਿਉ ਰਾਖਹੁ ਤਿਉ ਰਹੀਐ । ੧ । ਰਹਾਉ ।

ਕਿਆ ਕਿਛੁ ਕਰੈ ਕਿ ਕਰਣੈਹਾਰਾ ਕਿਆ ਇਸੁ ਹਾਥਿ ਬਿਚਾਰੇ ।

ਜਿਤੁ ਤੁਮ ਲਾਵਹੁ ਤਿਤ ਹੀ ਲਾਗਾ ਪੂਰਨ ਖਸਮ ਹਮਾਰੇ । ੧ ।

ਕਰਹੁ ਕ੍ਰਿਪਾ ਸਰਬ ਕੇ ਦਾਤੇ ਏਕ ਰੂਪ ਲਿਵ ਲਾਵਹੁ ।

ਨਾਨਕ ਕੀ ਬੇਨੰਤੀ ਹਰਿ ਪਹਿ ਅਪੁਨਾ ਨਾਮੁ ਜਪਾਵਹੁ । ੧ । ੭ । ੧੬੫ ।

(ਗਉੜੀ ਮਾਲਾ ਮ: ੫)

ਕਹੁ ਮਨੁਖ ਤੇ ਕਿਆ ਹੋਇ ਆਵੈ । ੩ । ੧੧ ।

(ਗਉੜੀ ਸੁਖਮਨੀ ਮ: ੫)

ਇਸਕਾ ਬਲੁ ਨਾਹੀ ਇਸੁ ਹਾਥ । ੪ । ੧੧ ।

(ਗਉੜੀ ਸੁਖਮਨੀ ਮ: ੫)

ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ ।
ਨਾਨਕ ਇਨ ਕੈ ਕਛੂ ਨ ਹਾਥ । ੮ । ੬ ।

(ਗਉੜੀ ਸੁਖਮਨੀ ਮ: ੫)

ਜੋ ਤਾਕਤਾਂ ਨਿਰੰਕਾਰ ਨੇ ਜੀਵ ਨੂੰ ਦਿਤੀਆਂ ਹਨ ਉਨ੍ਹਾਂ ਦੇ ਵਿਚ ਮਨੁਖ ਨੂੰ ਵਰਤਣ ਦੀ ਖੁਲ੍ਹ ਹੈ । ਪਰ ਹੁਕਮ ਤੋਂ ਇਧਰ ਉਧਰ ਨਹੀਂ ਹੋ ਸਕਦਾ ।

ਕੀਤਾ ਕਹਾ ਕਰੇ ਮਨਿ ਮਾਨੁ । ਦੇਵਣ ਹਾਰੇ ਕੈ ਹਥਿ ਦਾਨੁ ।
ਭਾਵੈ ਦੇਇ ਨ ਦੇਈ ਸੋਇ । ਕੀਤੇ ਕੈ ਕਹਿਐ ਕਿਆ ਹੋਇ । ੧ । ੩ । ੩੨ ।

(ਸ੍ਰੀ ਰਾਗ ਮ: ੧)

ਸਰਬ ਜੀਆ ਸਿਰਿ ਲੇਖੁ ਧੁਰਾਹੂ ਬਿਨੁ ਲੇਖੈ ਨਹੀਂ ਕੋਈ ਜੀਉ ।
ਆਪਿ ਅਲੇਖੁ ਕੁਦਰਤਿ ਕਰਿ ਦੇਖੈ,
ਹੁਕਮਿ ਚਲਾਏ ਸੋਈ ਜੀਉ । ੧ । ੧੧ ।

[ਸੋਰਿਠ ਮ: ੫]

ਜੀਵ ਆਤਮਾ ਵਿਚ ਨਿਰੰਕਾਰ ਨੇ ਜੋ ਜੋਤਿ ਦਾ ਬੀਜ ਰਖਿਆ ਹੈ ਉਹਨੂੰ ਪ੍ਰਫੁੱਲਤ ਕਰਕੇ ਮਨੁਖੀ ਜੀਵ ਨਿਰੰਕਾਰ ਨਾਲ ਮਿਲ ਸਕਦਾ ਹੈ ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲ ਪਛਾਣੁ ।
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ।
ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ।
ਗੁਰਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ।
ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ।
ਇਉ ਕਹੈ ਨਾਨਕ ਮਨ ਤੂੰ ਜੋਤਿ ਸਰੂਪ ਹੈ ਅਪਣਾ ਮੂਲੁ ਪਛਾਣੁ । ੫ । ੨ । ੭ ।

(ਆਸਾ ਮ: ੩ ਛੰਤ)

ਬੀਜ ਮੰਤ੍ਰੁ ਸਰਬ ਕੋ ਗਿਆਨ । ਚਹੁ ਵਰਨਾ ਮਹਿ ਜਪੈ ਕੋਊ ਨਾਮੁ ।
ਜੋ ਜੋ ਜਪੈ ਤਿਸ ਕੀ ਗਤਿ ਹੋਇ । ਸਾਧ ਸੰਗਿ ਪਾਵੈ ਜਨੁ ਕੋਇ । ੫ । ੯ ।

(ਗਉੜੀ ਸੁਖਮਨੀ ਮ: ੫)

ਸਤਿਗੁਰ ਦਸਦੇ ਹਨ ਕਿ ਇਕ ਹੈਰਾਨ ਕਰਨ ਵਾਲੀ ਗਲ ਇਹ ਹੈ ਕਿ ਸਦਾ ਰਹਿਣ ਵਾਲੀ ਨਿਰੰਕਾਰੀ ਜੋਤਿ ਹਰ ਇਕ ਅੰਤਹਕਰਨ ਵਿਚ ਸਦਾ ਵਿਆਪਕ ਪਰ ਨਿਰਲੇਪ ਰਹਿੰਦੀ ਹੈ ।

ਅਚਰਜ ਕਥਾ ਮਹਾ ਅਨੂਪ । ਪ੍ਰਾਤਮਾ ਪਾਰਬ੍ਰਹਮ ਕਾ ਰੂਪੁ । ੧ । ਰਹਾਉ ।
ਨਾ ਇਹੁ ਬੂਢਾ ਨਾ ਇਹੁ ਬਾਲਾ । ਨਾ ਇਸੁ ਦੂਖ ਨਹੀ ਜਮ ਜਾਲਾ ।

---

[1]ਪ੍ਰਾਤਮਾ—ਪਰਮਾਤਮਾ

ਨਾ ਇਹੁ ਬਿਨਸੈ ਨਾ ਇਹੁ ਜਾਇ । ਆਦਿ ਜੁਗਾਦੀ ਰਹਿਆ ਸਮਾਇ । ੧ ।
ਨਾ ਇਸੁ ਉਸਨੁ ਨਹੀ ਇਸੁ ਸੀਤੁ । ਨਾ ਇਸੁ ਦੁਸਮਨੁ ਨਾ ਇਸੁ ਮੀਤੁ ।
ਨਾ ਇਸੁ ਹਰਖੁ ਨਹੀ ਇਸੁ ਸੋਗੁ । ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ । ੨ ।
ਨਾ ਇਸੁ ਬਾਪੁ ਨਹੀ ਇਸੁ ਮਾਇਆ । ਇਹੁ ਅਪਰੰਪਰੁ ਹੋਤਾ ਆਇਆ ।
ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ।
ਘਟ ਘਟ ਅੰਤਰਿ ਸਦ ਹੀ ਜਾਗੈ । ੩ । ੧੯ । ੨੧ ।

(ਗੋਂਡ ਮ: ੫)

ਸੱਤਾ ਤੇ ਚੇਤਨਤਾ ਇਸ 'ਰਾਮ ਦੀ ਅੰਸ' ਤੋਂ ਹੈ ਤੇ ਇਸ ਅੰਸ ਦਾ ਕਦੀ ਨਾਸ ਨਹੀਂ ।

ਸਾਧੋ ਇਹੁ ਤਨੁ ਮਿਥਿਆ ਜਾਨਉ ।
ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ । ੧ । ਰਹਾਉ । ੧ ।

(ਬਸੰਤ ਹਿੰਡੋਲ ਮ: ੯)

ਜੀਵਤ ਭਾਵ ਹਉਮੈ ਵਿਚ ਹੈ । ਹਉਮੈ ਨਾਸ ਹੋਣ ਨਾਲ ਜੀਵ ਜਿਸ ਨਿਰੰਕਾਰ ਤੋਂ ਉਪਜਿਆ ਹੈ ਉਹਦਾ ਰੂਪ ਹੋ ਜਾਂਦਾ ਹੈ ।

ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ।

ਅਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ।
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ।
ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ।
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ । ੨ ।

(ਵਾਰ ਬਸੰਤ ਮ: ੫)

ਹਉਮੈ ਰੂਪ ਘੜੇ ਵਿਚ ਜਦ ਤੀਕ ਸੱਤਾ ਤੇ ਚੇਤਨਤਾ ਬੰਦ ਹੈ ਤਦ ਤੀਕ ਭਿੰਨਤਾ ਤੇ ਵਖੇਵਾਂ ਹੈ ।

ਜੈਸੇ ਕੁੰਭ ਉਦਕ ਪੂਰਿਆਨਿਓ ਤਬ ਓਹੁ ਭਿੰਨ ਦ੍ਰਿਸਟੋ ।
ਕਹੁ ਨਾਨਕ ਕੁੰਭੁ ਜਲੈ ਮਹਿ ਡਾਰਿਓ ਅੰਭੈ ਅੰਭ ਮਿਲੋ । ੪ । ੩ ।

(ਸਾਰੰਗ ਮ: ੫)

ਇਹ ਪੂਰਨਤਾ ਮਨੁਖੀ ਜੀਵਨ ਨੂੰ ਨਾਮ ਦੇ ਤਾਪ ਤੋਂ ਹਾਸਲ ਹੁੰਦੀ ਹੈ ਜਿਸ ਦਾ ਜ਼ਾਹਿਰ ਅਸਰ ਇਹ ਹੁੰਦਾ ਹੈ ਕਿ ਮੁਨਖ ਹੁਕਮ ਵਿਚ ਤੁਰਦਾ ਹੈ ।

ਜੋ ਹਰਿ ਜਨ ਨਾਮ ਧਿਆਇਦੇ ਹਰਿ ਹਰਿ ਜਨ ਇਕ ਸਮਾਨਿ । ੧ । ੨੫ ।

(ਸਲੋਕ ਮ: ੪ ਵਾਰ ਸੋਰਿਠ ਮ: ੪)

ਜੇਹਾ ਸੇਵੈ ਤੇਹੋ ਹੋਵੈ ਜੇ ਚਲੈ ਤਿਸੈ ਰਜਾਇ । ੨ । ੩ ।

(ਸਲੋਕ ਮ: ੩ ਵਾਰ ਬਿਹਾਗੜਾ ਮ: ੪)

ਪੁਨਾ :—

ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ ।
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ । ੧ । ੬ । ੧੦੮ ।

(ਆਸਾ ਮ: ੫)

ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ । ੩ । ੪ ।

(ਧਨਾਸਰੀ ਮ: ੪)

ਜੋ ਤੁਧੁ ਸੇਵਹਿ ਸੇ ਤੂਹੈ ਹੋਵਹਿ ਤੁਧੁ ਸੇਵਕ ਪੈਜ ਰਖਾਈ । ੨੦ ।

(ਸੂਹੀ ਮ: ੪ ਅਸਟਪਦੀਆਂ)

ਜੀਵ ਆਤਮਾ ਇਸ ਪੂਰਨਤਾ ਤੀਕ ਪੁਜਣ ਲਈ ਹੀ ਦੇਹੀ ਵਿਚ ਆਇਆ ਹੈ । ਜਦ ਤੀਕ ਨਾਮ ਨ ਸਿਮਰੇ ਦੇਹ ਨਿਹਫਲ ਹੈ ਜੇ ਸਿਮਰਨ ਵਿਚ ਲਗ ਪਏ ਤਾਂ ਦੇਹੀ ਪਾਲਣ ਜੋਗ ਹੈ ।

ਹਰਿਨਾਮੁ ਨ ਸਿਮਰਹਿ ਸਾਧਸੰਗਿ ਤੈ ਤਨਿ ਉਡੈ ਖੇਹ ।
ਜਿਨਿ ਕੀਤੀ ਤਿਸੈ ਨ ਜਾਣਈ ਨਾਨਕ ਫਿਟੁ ਅਲੂਣੀ ਦੇਹ । ੧ ।
ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ।
ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ । ੨ । ੧੪ ।

(ਸਲੋਕ ਮ: ੫ ਵਾਰ ਬਿਹਾਗੜਾ ਮ: ੪)

ਜਦ ਤੀਕ ਮਨੁਖੀ ਜੀਵ ਪੂਰਨਤਾ ਤੀਕ ਨਹੀਂ ਪੁਜਦਾ ਜੰਮਦਾ ਮਰਦਾ ਰਹਿੰਦਾ ਹੈ ਤੇ ਜੇਹੋ ਜੇਹੇ ਕਰਮ ਕਰਦਾ ਹੈ ਉਹੋ ਜੇਹੇ ਸੰਸਕਾਰ ਇਹਦੇ ਅੰਦਰ ਪੈਂਦੇ ਜਾਂਦੇ ਹਨ ਤੇ ਉੱਕਰ ਦਾ ਸੁਭਾਵ ਬਣਦਾ ਜਾਂਦਾ ਹੈ ।

ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ ।
ਆਪਿ ਬੀਜਿ ਆਪ ਹੀ ਖਾਵਣਾ ਕਹਣਾ ਕਛੂ ਨ ਜਾਇ । ੭ । ੧ । ੩ ।

(ਸੂਹੀ ਮ: ੩ ਅਸਟਪਦੀਆਂ)

ਜੇਹੇ ਕਰਮ ਕਮਾਇ ਤੇਹਾ ਹੋਇਸੀ । ੧ । ੪ । ੬ ।

(ਸੂਹੀ ਮ: ੧ ਘਰ ੨)

ਜੈਸਾ ਕਰੇ ਸੁ ਤੈਸਾ ਪਾਵੈ । ਆਪਿ ਬੀਜਿ ਆਪੇ ਹੀ ਖਾਵੈ । ੫ । ੭ ।

(ਧਨਾਸਰੀ ਮ: ੧)

ਇਕ ਪ੍ਰਸ਼ਨ ਇਹ ਹੋ ਸਕਦਾ ਹੈ ਕਿ ਦੇਹਾਂ ਦੇ ਸਾਜੇ ਜਾਣ ਤੋਂ ਪਹਿਲਾਂ ਜੀਵ ਆਤਮਾ ਦਾ ਵਾਸ ਕਿਥੇ ਸੀ । ਸਿਧ ਗੋਸਟ ਵਿਚ ਐਉਂ ਕਿਹਾ ਹੈ ।

ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੈ ਰਹਤਾ ।
ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ ।
ਰੂਪੁ ਨ ਹੋਤੋ ਰੇਖ ਨ ਕਾਈ ਤਾ ਸਬਦਿ ਕਹਾ ਲਿਵ ਲਾਈ ।
ਰੰਕਤੁਬਿੰਦੁ ਕੀ ਮੜੀ ਨ ਹੋਤੀ ਮਿਤਿ ਕੀਮਤਿ ਨਹੀ ਪਾਈ।

ਇਨ੍ਹਾਂ ਪ੍ਰਸ਼ਨਾਂ ਦਾ ਉਤ੍ਰ ਸਤਿਗੁਰ ਇਹ ਫੁਰਮਾਉਂਦੇ ਹਨ ।

ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ[1] ਸੁੰਨਿ ਰਹੈ ਬੈਰਾਗੀ ।
ਨਾਭਿ ਕਮਲ ਅਸਥੰਭੁ ਤਾ ਹੋਤੋ ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ ।
ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦ ਸੁ ਸਾਰੁ ।
ਗਉਨੁ ਗਗਨੁ ਜਬ ਤਬਹਿ ਨ ਹੋਤਉ ਤ੍ਰਿਭਵਣ ਜੋਤਿ ਆਪੇ ਨਿਰੰਕਾਰੁ । ੬੭ ।

[ਰਾਮਕਲੀ ਮ: ੧ ਸਿਧ ਗੋਸ਼ਟ]

ਭਾਵ ਇਹ ਕਿ ਚੰਗਿਆੜੇ ਅੱਗ ਵਿਚੋਂ ਅੱਡ ਹੋਣ ਤੋਂ ਪਹਿਲਾਂ ਅੱਗ ਵਿਚ ਹੀ ਸਮਾਏ ਹੋਏ ਹੁੰਦੇ ਹਨ । ਇਕੁਰ ਹੀ ਇਨ੍ਹਾਂ ਜੀਵ ਆਤਮਾਂ ਦੀ ਹਸਤੀ ਨਿਰੰਕਾਰ ਵਿਚ ਹੀ ਸੀ ।

ਇਥੇ ਉਨ੍ਹਾਂ ਸਜਨਾਂ ਦੇ ਵਿਚਾਰ ਵਿਚ ਜੋ ਮਾਦੇ ਤੋਂ ਹੀ ਸਾਰੀ ਦੁਨੀਆਂ ਦਾ ਪਸਾਰਾ ਮੰਨਦੇ ਹਨ ਤੇ ਗੁਰਮੱਤ ਵਿਚ ਜਿਸ ਵਿਚ ਸਾਰੀ ਖੇਡ ਦੀ ਉਤਪਤੀ ਨਿਰੰਕਾਰ ਤੋਂ ਮੰਨੀ ਗਈ ਹੈ ਭੇਦ ਦਸਣਾ ਗੁਣਕਾਰੀ ਹੋਵੇਗਾ । ਪਹਿਲੀ ਕਿਸਮ ਦੇ ਲੋਕ ਇਹ ਮੰਨਦੇ ਹਰ ਕਿ ਸਰੀਰ ਦੀ ਉਤਪੱਤੀ ਪਹਿਲੋਂ ਹੈ । ਸ੍ਰੀਰਕ ਲੋੜਾਂ ਲਈ ਹਿਲ ਜੁਲ ਨੇ ਮਾਨਸਿਕ ਕਿਰਿਆ ਦੀ ਨੀਂਹ ਰੱਖੀ । ਸਾਡੀ ਮਾਨਸਿਕ ਕਿਰਿਆ ਨੇ ਹੌਲੀ ਹੌਲੀ ਚੇਤਨਤਾ ਦਾ ਰੂਪ ਧਾਰਿਆ ਜਿਸਦੇ ਵਿਚ ਵਿਚਾਰ ਤੇ ਨਿਰਣਾ ਸ਼ਕਤੀ ਸਮੇਂ ਸਿਰ ਆ ਗਈਆਂ । ਸੰਖੇਪ ਇਹ ਕਿ ਸਰੀਰ ਪਹਿਲੋਂ ਬਣਿਆ ਤੇ ਉਹਦੀਆਂ ਲੋੜਾਂ ਲਈ ਇਹ ਅੰਤ੍ਰੀਵ ਹਥਿਆਰ ਉਗਮਦੇ ਗਏ । ਗੁਰਮੱਤ ਇਹ ਦਸਦੀ ਹੈ ਕਿ ਚੇਤਨ ਸਤਾ ਤੋਂ ਸਰੀਰ ਹਸਤੀ ਵਿਚ ਆਏ ਤੇ ਜਿਉਂ ਜਿਉਂ ਆਤਮਾ ਉੱਚ ਪਦਵੀ ਵਿਚ ਅਪੜਦੀ ਗਈ ਸਰੀਰ ਜੋ ਇਹਦਾ ਹਥਿਆਰ ਹੈ ਨਾਲ ਹੀ ਉੱਚਾ ਹੁੰਦਾ ਗਇਆ । ਸਾਰੀ ਪੈਦਾਇਸ਼ ਆਤਮ ਉੱਨਤੀ ਲਈ ਹੈ । ਪਹਿਲੇ ਲੋਕ ਸ਼ਖਸੀ ਆਤਮਾ ਦੀ ਹਸਤੀ ਨਹੀਂ ਮੰਨਦੇ । ਮਨੁਖ ਜਾਤੀ ਇਨ੍ਹਾਂ ਦੇ ਭਾਣੇ 'ਵਿਕਾਸ'/ਦੀ ਮੌਜੂਦਾ ਉੱਚੀ ਤੋਂ ਉੱਚੀ ਸਿਖਰ ਹੈ । ਮਨੁਖ ਕੱਲੇ ਕੱਲੇ ਹਸਤੀ ਵਿਚ ਆਂਵਦੇ ਤੇ ਨਾਸ ਹੁੰਦੇ ਰਹਿੰਦੇ ਹਨ ਪਰ ਜਾਤੀ ਕਾਇਮ ਰਹਿੰਦੀ ਹੈ । ਕਿਸੇ ਇਕ ਮਨੁਖ ਦੀ ਸ਼ਖਸੀਅਤ ਉਸਦੇ ਸਰੀਰ ਦੀ ਕਾਇਮੀ ਤੀਕ ਹੀ ਰਹਿੰਦੀ ਹੈ । ਸਰੀਰ ਨਾਸ ਹੋਣ ਤੇ ਉਹਦੀ ਹੋਂਦ ਮਿਟ ਜਾਂਦੀ ਹੈ ! ਪਰ ਸਤਿਗੁਰ ਇਹ ਦਸਦੇ ਹਨ ਕਿ ਸ਼ਖਸੀ ਆਤਮਾ ਮਨੁਖ ਦੇਹੀ ਵਿਚ ਆਵਣ ਤੋਂ ਪਹਿਲੋਂ ਵੀ ਸੀ ਤੇ ਨਾਸ ਹੋਣ ਦੇ ਮਗਰੋਂ ਵੀ ਰਹੇਗੀ ਤੇ ਆਪਣੀ ਹਾਲਤ ਅਨੁਸਾਰ ਜਾਂ ਹੋਰ

[1]ਸੁਨ—ਅਫੁਰ ਨਿਰੰਕਾਰ ਵਿਚ ।

ਸਰੀਰਾਂ ਵਿਚ ਜਾ ਜਨਮ ਲਏਗੀ ਜਾਂ ਕਿਸੇ ਮਨੁਖੀ ਹਾਲਤ ਨਾਲੋਂ ਵਧੀਕ ਉਚੇਰੀ ਹਾਲਤ ਵਿਚ ਅਪੜੇਗੀ। ਪਹਿਲੀ ਭਾਂਤ ਦੇ ਵਿਚਾਰਵਾਨ ਮਨੁਖ ਜਾਤੀ ਦੇ ਚਲਣ ਲਈ ਸਾਰਾ ਰਸਤਾ ਮਨੁਖੀ ਵਿਚਾਰ ਤੋਂ ਬੰਨ੍ਹਦੇ ਹਨ ਜਿਹੜਾ ਹੋਰ ਤਜਰਬੇ ਨਾਲ ਬਦਲਦਾ ਰਹੇਗਾ। ਪਰ ਗੁਰਮੱਤ ਸਿਧਾਂਤ ਇਹ ਹੈ ਕਿ ਸਤਿਗੁਰੂ ਹੁਕਮ ਅਨੁਸਾਰ ਸੰਸਾਰ ਵਿਚ ਆ ਕੇ ਆਤਮ ਉੱਨਤੀ ਦਾ ਰਾਹ ਪਰਗਟ ਕਰਦੇ ਹਨ ਤੇ ਆਪਣੀ ਮਤ ਛੱਡਕੇ ਜਦ ਜੀਵ ਉਸ ਅਨੁਸਾਰ ਜੀਵਨ ਬਿਤਾਂਦਾ ਹੈ ਤਦੋਂ ਉਸ ਲਈ ਬੇਹੱਦ ਉੱਨਤੀ ਦਾ ਰਾਹ ਖੁਲ੍ਹ ਜਾਂਦਾ ਹੈ। ਥਾਂ ਥਾਂ ਸਿਰ ਇੰਨਾਂ ਗੁਰਮਤ ਸਿਧਾਂਤਾਂ ਦੇ ਪਰਮਾਣ ਦਿਤੇ ਜਾ ਚੁਕੇ ਹਨ ਤੇ ਬਾਕੀ ਅਗੇ ਥਾਂ ਥਾਂ ਸਿਰ ਦਿਤੇ ਜਾਣਗੇ।

—0—

# ਸ਼ਖਸੀ ਜੀਵਨ ਦਾ ਮਨੋਰਥ

ਸਾਡੇ ਹਰ ਇਕ ਦੇ ਜੀਵਨ ਦਾ ਮਨੋਰਥ ਕੀ ਹੈ ? ਇਸ ਦਾ ਉਤ੍ਰ ਇਸ ਪ੍ਰਸ਼ਨ ਦੇ ਹਲ ਤੇ ਨਿਰਭਰ ਰਖਦਾ ਹੈ ਕਿ ਮਨੁਖ ਦੀ ਹਸਤੀ ਕੀ ਹੈ ? ਜੇ ਇਕ ਮਨੁਖ ਦੀ ਹਸਤੀ ਉਹਦੇ ਸਰੀਰ ਦੇ ਨਾਸ ਹੋ ਜਾਣ ਨਾਲ ਅੰਤ ਹੋ ਜਾਂਦੀ ਹੈ ਤਾਂ ਜੀਵਨ ਦਾ ਮਨੋਰਥ ਬਿਨਾਂ ਇਸ ਦੇ ਹੋਰ ਕੀ ਹੋ ਸਕਦਾ ਹੈ ਕਿ ਮਨੁਖ ਜਦ ਤੀਕ ਹੋ ਸਕਦਾ ਹੈ ਸਰੀਰ ਨੂੰ ਬਣਿਆ ਰਖੇ ਤੇ ਜਿਹੜੇ ਵਿਸ਼ੇ ਸਰੀਰ ਨੂੰ ਅਨੰਦਦਾਇਕ ਪ੍ਰਤੀਤ ਹੁੰਦੇ ਹਨ ਉਹ ਜਿੰਨੇ ਹੋ ਸਕਣ ਭੋਗੇ। ਸਾਡੇ ਦੇਸ਼ ਵਿਚ ਚਾਰ ਵਾਕੀਏ ਹੋਏ ਹਨ ਜਿਹੜੇ ਸਰੀਰ ਦੇ ਨਾਸ ਹੋਣ ਨਾਲ ਮਨੁਖੀ ਹਸਤੀ ਦਾ ਅੰਤ ਮੰਨਦੇ ਸਨ ਤੇ ਉਹ ਸਾਫ਼ ਕਹਿੰਦੇ ਸਨ ਕਿ ਇਸ ਜੀਵਨ ਦੇ ਮਗਰੋਂ ਹੋਰ ਕੋਈ ਜੀਵਨ ਨਹੀਂ ਇਸ ਲਈ ਨਰਕਾਂ ਤੋਂ ਡਰਦੇ ਜਾਂ ਸਵਰਗਾਂ ਦੇ ਲਾਲਚ ਕਰਕੇ ਵਰਤਮਾਨ ਅਨੰਦਾਂ ਦਾ ਤਿਆਗ ਨਾ ਕਰੋ।

بابر بہ عیش کوش کہ عالم دوبارہ نیست

ਅਜ ਕਲ ਦੇ ਕਈ ਵਿੱਦਵਾਨ ਜੋ ਅਚੇਤ ਮਾਦੇ ਤੋਂ ਸ੍ਰਿਸ਼ਟੀ ਦੀ ਪੈਦਾਇਸ਼ ਮੰਨਦੇ ਹਨ ਇਸ ਖਿਆਲ ਤੋਂ ਜ਼ਰਾ ਉਚੇਰੇ ਜਾਂਦੇ ਹਨ। ਉਹ ਕਹਿੰਦੇ ਹਨ ਕਿ ਸ੍ਰਿਸ਼ਟੀ ਰਚਨ ਦਾ ਮਨੋਰਥ ਐਵੋਲੀਊਸ਼ਨ (Evolution) ਹੈ ਜਿਸਦਾ ਭਾਵ ਇਹ ਹੈ ਕਿ ਸਮਾਂ ਪਾ ਕੇ ਹਰ ਇਕ ਜਿਨਸ ਅਗੇ ਨਾਲੋਂ ਬਿਹਤਰ ਹੋਵੇ। ਇਸ ਐਵੋਲੀਊਸ਼ਨ (ਵਿਕਾਸ) ਦੀ ਚਾਲ ਵਿਚ ਸ਼ਖਸੀਅਤ ਦੀ ਕੋਈ ਪਰਵਾਹ ਨਹੀਂ। ਕੁਦਰਤ ਨਿਰਾ ਜਿਨਸ (type) ਦੇ ਕਾਇਮ ਰਖਣ ਅਤੇ ਚੰਗੇਰਾ ਕਰਨ ਦੇ ਜਤਨ ਵਿਚ ਹੈ। ਸ਼ਖਸੀਅਤਾਂ ਬਥੇਰੀਆਂ ਬਣਦੀਆਂ ਤੇ ਟੁਟਦੀਆਂ ਰਹਿੰਦੀਆਂ ਹਨ। ਥੋੜ੍ਹਾ ਚਿਰ ਹਸਤੀ ਵਿਚ ਆ ਕੇ ਮੁਕ ਜਾਂਦੀਆਂ ਹਨ। ਕੇਵਲ ਜਿਨਸ ਕਾਇਮ ਰਹਿੰਦੀ ਹੈ। ਪਰ ਇਨ੍ਹਾਂ ਵਿਚਾਰਵਾਨਾਂ ਅਜੇ ਇਕ ਪ੍ਰਸ਼ਨ ਦਾ ਉਤਰ ਨਹੀਂ ਦਿੱਤਾ। 'ਇਹ ਸਰਸ ਹੈ,' 'ਇਹ ਨਿਰਸ ਹੈ,' ਇਸ ਚੋਣ ਦੀ

ਤਾਕਤ ਅਚੇਤ ਮਾਦੇ ਵਿਚ ਕਿਸ ਤਰਹ ਹੋ ਸਕਦੀ ਹੈ ? ਅੰਨ੍ਹਾ ਮਾਦਾ ਜਿਸ ਲੀਹੇ ਪੈ ਜਾਏ ਤੁਰਿਆ ਜਾਏਗਾ । ਇਸ ਨਾਲੋਂ ਚੰਗੇਰੀ ਲੀਹ ਵਿਚ ਜਾਵਾਂ, ਇਹ ਖਿਆਲ ਤੇ ਚੰਗੇਰੀ ਲੀਹ ਦੀ ਚੋਣ ਦੀ ਤਾਕਤ ਇਹ ਚੇਤਨ ਹਸਤੀ ਵਿਚ ਹੀ ਹੋ ਸਕਦੀ ਹੈ । ਇਸ ਲਈ ਜੇ ਸੰਸਾਰ ਦਾ ਮਨੋਰਥ ਐਵੋਲੀਊਸ਼ਨ (ਵਿਕਾਸ) ਵੀ ਮੰਨਿਆ ਜਾਏ ਤਾਂ ਮੰਨਣਾ ਪੈਂਦਾ ਹੈ ਕਿ ਸੰਸਾਰ ਵਿਚ ਕੋਈ ਚੇਤਨ ਸੱਤਾ ਸਾਰੀ ਖੇਡ ਨੂੰ ਬਿਹਤਰੀ ਵੱਲ ਤੋਰ ਰਹੀ ਹੈ ।

ਜਿਹੜੇ ਮੱਤ ਸਰੀਰ ਤੋਂ ਛੁਟ ਰੂਹ ਜਾਂ ਆਤਮਾ ਦੀ ਹਸਤੀ ਨੂੰ ਮੰਨਦੇ ਹਨ, ਉਨ੍ਹਾਂ ਵਿਚ ਵੀ ਮੋਟੇ ਮੋਟੇ ਦੋ ਖਿਆਲ ਹਨ । ਇਕ ਖਿਆਲ ਤਾਂ ਇਹ ਹੈ ਕਿ ਨਿਰੰਕਾਰ ਨੇ ਅੱਡ ਅੱਡ ਸੁਭਾ ਦੀਆਂ ਕਈ ਰੂਹਾਂ ਪੈਦਾ ਕਰ ਦਿੱਤੀਆਂ ਤੇ ਉਹਦੇ ਹੁਕਮ ਨਾਲ ਉਹ ਸਰੀਰਾਂ ਵਿਚ ਆ ਗਈਆਂ । ਜਨਮ ਤੋਂ ਲੈ ਕੇ ਮਰਣ ਪ੍ਰਯੰਤ ਰੂਹ ਵਿਚ ਕਿਸੇ ਕਿਸਮ ਦੀ ਤਬਦੀਲੀ ਨਹੀਂ ਹੋਂਦੀ । ਉਨ੍ਹਾਂ ਰੂਹਾਂ ਦੀ ਅਗਵਾਈ ਲਈ ਰੱਬ ਨੇ ਨਬੀਆਂ ਤੇ ਹੋਰ ਅਵਤਾਰਾਂ ਦੀ ਰਾਹੀਂ ਆਪਣੇ ਹੁਕਮ ਘਲ ਦਿੱਤੇ ਹਨ । ਜਿਹੜੇ ਮਨੁਖ ਉਨ੍ਹਾਂ ਕਰਮਾਂ ਨੂੰ ਕਰਨਗੇ ਜਿਹੜੇ ਘੱਲੇ ਗਏ ਹੁਕਮਾਂ ਦੀ ਰਾਹੀਂ ਚੰਗੇ ਕਹੇ ਗਏ ਹਨ, ਸਰੀਰਾਂ ਦੇ ਨਾਸ ਹੋਣ ਮਗਰੋਂ ਉਨ੍ਹਾਂ ਦੀਆਂ ਰੂਹਾਂ ਨੂੰ ਰੱਬ ਸਵਰਗ ਜਾਂ ਬਹਿਸ਼ਤ ਵਿਚ ਘੱਲ ਦੇਵੇਗਾ ਜਿਥੇ ਉਹ ਤਰਹ ਤਰਹ ਦੇ ਸੁਖ ਮਾਣਨਗੀਆਂ । ਜਿਹੜੀਆਂ ਰੂਹਾਂ ਉਹ ਚੰਗੇ ਕਰਮ ਨਹੀਂ ਕਰਨਗੀਆਂ ਸਗੋਂ ਵਰਜੇ ਹੋਏ ਮੰਦ ਕਰਮਾਂ ਵਿਚ ਪਰਵਿਰਤ ਰਹਿਣਗੀਆਂ ਉਨ੍ਹਾਂ ਨੂੰ ਨਰਕਾਂ ਜਾਂ ਦੋਜ਼ਖਾਂ ਵਿਚ ਘਲਿਆ ਜਾਊ ਜਿਥੇ ਭਾਂਤ ਭਾਂਤ ਦੇ ਦੁਖਾਂ ਦੇ ਨਕਸ਼ੇ ਬੰਨ੍ਹੇ ਗਏ ਹਨ । ਬਹੁਤ ਕਰਕੇ ਸਵਰਗ ਤੇ ਨਰਕ ਇਨ੍ਹਾਂ ਮੱਤਾਂ ਦੇ ਭਾਣੇ ਥਾਵਾਂ ਹਨ ਜਿਥੇ ਸੁਖ ਤੇ ਦੁਖ ਦੇ ਬਾਹਰਲੇ ਸਮਿਆਨਾਂ ਦੁਆਰਾ ਭਲੀਆਂ ਰੂਹਾਂ ਨੂੰ ਸੁਖ ਤੇ ਬੁਰੀਆਂ ਰੂਹਾਂ ਨੂੰ ਦੁਖ ਮਿਲੇਗਾ ।

ਦੂਜਾ ਖਿਆਲ ਇਹ ਹੈ ਕਿ ਸਭ ਰੂਹਾਂ ਦਾ ਅਸਲਾ ਇਕ ਹੈ । ਸੰਗ ਦੋਖ ਕਰਕੇ ਇਨ੍ਹਾਂ ਵਿਚ ਅੱਡਰੇ ਅੱਡਰੇ ਸੁਭਾਵ ਪੈਦਾ ਹੋ ਗਏ ਹਨ । ਜੋ ਕਰਮ ਮਨੁਖ ਕਰਦੇ ਹਨ ਉਨ੍ਹਾਂ ਦੇ ਸੰਸਕਾਰ ਆਤਮਾ ਪੁਰ ਪੈਂਦੇ ਹਨ ਤੇ ਸੁਭਾਵਾਂ ਵਿਚ ਤਬਦੀਲੀ ਹੁੰਦੀ ਰਹਿੰਦੀ ਹੈ । ਸੁਖ ਤੇ ਦੁਖ ਦੀ ਜੜ੍ਹ ਆਦਮੀ ਦੇ ਆਤਮਾ ਦੇ ਅੰਦਰ ਹੈ । ਜਦੋਂ ਸੁਭਾਉ ਵਿਚੋਂ ਔਗੁਣ ਚੁਕ ਗਏ ਮਨੁਖ ਸਦਾ ਲਈ ਸੁਖੀ ਹੋ ਗਏ । ਨਹੀਂ ਤਾਂ ਜਦ ਤੀਕ ਔਗੁਣ ਹਨ ਇਹ ਉਨ੍ਹਾਂ ਦਾ ਬੱਧਾ ਦੁਖੀ ਹੈ । ਇਹ ਮੰਨਣ ਵਾਲਿਆਂ ਦੇ ਵੀ ਅੱਗੋਂ ਕਈ ਮੱਤ ਹਨ । ਸਾਂਖ ਵਾਲੇ ਮੰਨਦੇ ਹਨ ਕਿ ਅਨਾਦੀ ਅਗਿਆਨ ਦਾ ਜੀਵ ਨੂੰ ਸੰਗ ਦੋਸ਼ ਹੈ, ਜਿਸ ਕਰਕੇ ਪੁਰਸ਼ ਦੁਖੀ ਹਨ । ਜਦੋਂ ਅਗਿਆਨ ਦਾ ਅਭਾਵ ਹੋਇਆ, ਦੁਖ ਦਾ ਭੀ ਨਾਸ ਹੋਇਆ । ਇਹ ਦੁਖ ਦਾ ਅਭਾਵ ਹੀ ਅਨੰਦ ਹੈ । ਵੇਦਾਂਤ ਵਾਲੇ ਮੰਨਦੇ ਹਨ ਕਿ ਆਤਮਾ ਅਸਲ ਵਿਚ ਅਨੰਦ ਰੂਪ ਹੈ । ਮਾਇਆ ਦੇ ਭੁਲੇਖੇ ਨਾਲ ਇਹ ਦੁਖ ਵਿਚ ਫਿਰ ਰਹੀ ਹੈ । ਜਦੋਂ ਮਾਇਆ ਦਾ ਭੁਲੇਖਾ ਚੁੱਕਿਆ ਇਹ ਅਨੰਦ ਰੂਪ ਤਾਂ ਹੈ ਹੀ, ਸਦਾ ਦਾ ਅਨੰਦ ਇਹਨੂੰ ਪ੍ਰਾਪਤ ਹੋ ਜਾਏਗਾ । ਇਹ ਮੰਨਦੇ ਹਨ ਕਿ ਆਤਮਾ ਸਵੈ ਸਰੂਪ ਦੀ ਸਿੰਞਾਣ ਤੇ ਬ੍ਰਹਮ ਹੋ ਜਾਂਦੀ ਹੈ ।

ਇਹ ਅਸੀਂ ਦਸ ਚੁਕੇ ਹਾਂ ਕਿ ਮਨੁਖੀ ਆਤਮਾ ਨੂੰ ਸਾਂਖ ਵਾਂਗ ਸਤਿਗੁਰ ਅਨਾਦੀ ਨਹੀਂ

ਮੰਨਦੇ ਨਾ ਹੀ ਸਤਿਗੁਰ ਇਹ ਮੰਨਦੇ ਹਨ ਕਿ ਮਨੁਖੀ ਆਤਮਾ ਬ੍ਰਹਮ ਹੈ। ਹਾਂ ਸੱਤਾ ਤੇ ਚੇਤਨਤਾ ਦੇ ਲਿਹਾਜ਼ ਨਾਲ ਇਹਦਾ ਅਸਲਾ ਉਸ ਪਰਮ ਜੋਤ ਵਰਗਾ ਹੈ ਤੇ ਹਉਮੈ ਤੇ ਮਮਤਾ ਨੂੰ (ਜੋ ਮਾਇਆ ਜਾਂ ਭੁਲੇਖੇ ਦਾ ਰੂਪ ਹਨ ਜੋ ਕਰਤਾਰ ਨੇ ਆਪ ਉਪਾ ਕੇ ਸਾਡੇ ਰਾਹ ਵਿਚ ਰਖਿਆ ਹੈ) ਨਾਸ ਕਰਨ ਤੇ ਇਹ ਅਨੰਦ ਰੂਪ ਨਾਲ ਇਕ ਮਿਕ ਹੋ ਕੇ ਸਦਾ ਦਾ ਅਨੰਦ ਹਾਸਲ ਕਰਦੀ ਹੈ। ਜੇ ਅੱਜ ਕਲ ਦੀ ਸਾਇੰਸ ਦੀ ਬੋਲੀ ਵਰਤੀਏ ਤਾਂ ਮਨੁਖੀ ਆਤਮਾ ਵਿਕਾਸ ਦਵਾਰਾ ਪਰਮਾਤਮ ਰੂਪ ਹੋ ਸਕਦੀ ਹੈ।

ਅੱਗੇ ਤੁਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਗੁਰਮੱਤ ਅਨੁਸਾਰ ਅਸੀਂ ਮਨੁਖੀ ਹਸਤੀ ਨੂੰ ਸਮਝੀਏ। ਉਹ ਨਿਰੰਕਾਰ ਜਿਸ ਤੋਂ ਆਤਮਾ ਸਾਜੀ ਗਈ ਹੈ ਉਹ ਆਤਮਾ ਦੇ ਅੰਦਰ ਵਸਦਾ ਹੈ। ਆਤਮਾ ਦੀ ਚੇਤਨਤਾ ਤੇ ਸੱਤਾ ਦੀ ਨੀਂਹ ਉਹੋ ਹੈ।

ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ।
ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣ ਜਾਈ।
ਸਤਿਗੁਰੁ ਸੇਵੇ ਸਦਾ ਸੁਖੁ ਪਾਏ ਸਤਿਗੁਰਿ ਅਲਖੁ ਦਿਤਾ ਲਖਾਈ। ੩। ੨।

(ਸੂਹੀ ਮ: ੩ ਅਸਟਪਦੀਆਂ)

ਇਸੁ ਗੜ ਮਹਿ ਹਰਿ ਰਾਮ ਰਾਇ ਹੈ ਕਿਛੁ ਸਾਦੁ ਨ ਪਾਵੈ ਧੀਠਾ।
ਹਰਿ ਦੀਨ ਦਇਆਲਿ ਅਨੁਗ੍ਰਹੁ ਕੀਆ
ਹਰਿ ਗੁਰ ਸਬਦੀ ਚਖਿ ਡੀਠਾ। ੧। ੯। ੨੩। ੬੧।

(ਗਉੜੀ ਪੂਰਬੀ ਮ: ੪)

ਸਭਿ ਕਿਛੁ ਘਰ ਮਹਿ ਬਾਹਰਿ ਨਾਹੀ। ਬਾਹਰਿ ਟੋਲੈ ਸੋ ਭਰਮਿ ਭੁਲਾਹੀ।
ਗੁਰਪਰਸਾਦੀ ਜਿਨੀ ਅੰਤਰਿ ਪਾਇਆ
ਸੋ ਅੰਤਰਿ ਬਾਹਰਿ ਸੁਹੇਲਾ ਜੀਉ। ੧।
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ। ਮਨੁ ਪੀਵੈ ਸੁਨਿ ਸਬਦੁ ਬੀਚਾਰਾ।
ਅਨਦ ਬਿਨੋਦ ਕਰੇ ਦਿਨ ਰਾਤੀ। ਸਦਾ ਸਦਾ ਹਰਿ ਕੇਲਾ ਜੀਉ।੨।
ਜਨਮ ਜਨਮ ਕਾ ਵਿਛੁੜਿਆ ਮਿਲਿਆ। ਸਾਧ ਕ੍ਰਿਪਾ ਤੇ ਸੂਕਾ ਹਰਿਆ।
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ। ੩।
ਜਲ ਤਰੰਗੁ ਜਿਉ ਜਲਹਿ ਸਮਾਇਆ।
ਤਿਉ ਜੋਤੀ ਸੰਗਿ ਜੋਤਿ ਮਿਲਾਇਆ।
ਕਹੁ ਨਾਨਕ ਭ੍ਰਮ ਕਟੇ ਕਿਵਾੜਾ।
ਬਹੁੜਿ ਨ ਹੋਈਐ ਜਉਲਾ ਜੀਉ। ੪। ੧੯। ੨੬।

(ਮਾਝ ਮ: ੫)

ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ।
ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿਨਾਮੁ ਪੜੁ ।
ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ ।
ਮਨਮੁਖਿ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ ।
ਸਭਨਾ ਸਾਹਿਬੁ ਏਕੁ ਹੈ ਪੂਰੈ ਭਾਗਿ ਪਾਇਆ ਜਾਈ । ੧੨ ।

(ਵਾਰ ਰਾਮਕਲੀ ਮ: ੩)

ਕਾਹੇ ਰੇ ਬਨ ਖੋਜਨ ਜਾਈ ।
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ । ੧ । ਰਹਾਉ ।
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ।
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ । ੧ ।
ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ।
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ । ੧ । ੪ ।

(ਧਨਾਸਰੀ ਮ: ੯)

ਚੇਤਨਤਾ ਤੇ ਸੱਤਾ ਦੇ ਇਸ ਸਮੁੰਦਰ ਵਿਚ ਹੁਕਮ ਨਾਲ ਇਕ ਬੁਦਬੁਦਾ ਉਪਜਿਆ ਹੈ ਜਿਸਦੇ ਇਰਦ ਗਿਰਦ ਹਉਮੈ ਦੀ ਕੰਧ ਹੈ । ਇਸ ਹਉਮੈ ਦੀ ਕੰਧ ਨੇ ਸ਼ਖਸੀਅਤ [1] ਦੀ ਹੱਦ ਕਾਇਮ ਕਰ ਦਿੱਤੀ ਹੈ ਤੇ ਹਉਮੈ ਸਹਿਤ ਚੇਤਨਤਾ ਤੇ ਸੱਤਾ ਇਹ ਮਨੁਖੀ ਜੀਵ ਆਤਮਾ ਹੈ । ਇਸ ਹਉਮੈ ਨੇ ਮਨੁਖ ਨੂੰ ਪਰੀਪੂਰਨ ਜੋਤ ਤੋਂ ਨਿਖੇੜਿਆ ਹੈ ਤੇ ਇਹ ਹਉਮੈ ਹੁਕਮ ਤੋਂ ਉਪਜੀ ਹੈ ।

ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ।
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ । ੧ ।
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ।
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ । ੨ ।
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ।
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ । ੩ ।
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧ ਸੰਗਤਿ ਲਿਵ ਲਾਈ ।
ਪੰਚ ਜਨਾ ਮਿਲਿ ਮੰਗਲੁ ਗਾਇਆ,
ਹਰਿ ਨਾਨਕ ਭੇਦੁ ਨ ਭਾਈ । ੪ । ੧ । ੨੨ ।

(ਗਉੜੀ ਪੂਰਬੀ ਮ: ੫)

---

[1] Individuality

[1]ਧਨ [2]ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ।
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ। ੪। ੧।

(ਮਲਾਰ ਮ: ੪)

ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ। ਦੁਬਿਧਾ ਮਾਰਿ ਬ੍ਰਹਮੁ ਬੀਚਾਰੇ। ੧।
ਇਸੁ ਮਨ ਕਉ ਕੋਈ ਖੋਜਹੁ ਭਾਈ।
ਮਨੁ ਖੋਜਤ ਨਾਮੁ ਨਉ ਨਿਧਿ ਪਾਈ। ੧। ਰਹਾਉ।
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ।
ਮਮਤਾ ਲਾਇ ਭਰਮਿ ਭੁੋ ਲਾਇਆ। ੨।
ਇਸੁ ਮਨ ਕੇ ਸਭ ਪਿੰਡ ਪਰਾਨਾ।
ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ। ੩।
ਕਰਮੁ ਹੋਵੈ ਗੁਰੁ ਕਿਰਪਾ ਕਰੈ।
ਇਹ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ। ੪।
ਮਨ ਕਾ ਸੁਭਾਉ ਸਦਾ ਬੈਰਾਗੀ। ਸਭ ਮਹਿ ਵਸੈ ਅਤੀਤੁ ਅਨਰਾਗੀ। ੫।
ਕਹਤ ਨਾਨਕੁ ਜੋ ਜਾਣੈ ਭੇਉ। ਆਦਿ ਪੁਰਖੁ ਨਿਰੰਜਨ ਦੇਉ। ੬। ੫

(ਭੈਰਉ ਮ: ੩)

ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ।
ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ।
ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ।
ਇਸੁ ਮਨ ਕਉ ਮਮਤਾ ਕਿਥਹੁ ਲਾਗੀ। ੧।
ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ।
ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ। ੧। ਰਹਾਉ।
ਮਾਇਆ ਮਮਤਾ ਕਰਤੈ ਲਾਈ। ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ।
ਗੁਰ ਪਰਸਾਦੀ ਬੂਝਹੁ ਭਾਈ। ਸਦਾ ਰਹਹੁ ਹਰਿ ਕੀ ਸਰਣਾਈ ੨। ੧। ੧੦

(ਮਲਾਰ ਮ: ੩)

ਜਦੋਂ ਹਉਮੈ ਦੁਆਰਾ ਸ਼ਖਸੀਅਤ ਕਾਇਮ ਹੋ ਗਈ ਤਾਂ ਇਸ ਨੇ ਸੱਤਾ ਹੋਣ ਕਰਕੇ ਕੁਝ ਨ ਕੁਝ ਕਰਨਾ ਹੋਇਆ। ਫਿਰ ਕਰਮ ਅਰੰਭ ਹੋ ਗਏ। ਇਨ੍ਹਾਂ ਕਰਮਾਂ ਕਰਕੇ ਫਿਰ ਹਉਮੈ ਜਨਮ ਮਰਨ ਤੇ ਜੂਨਾਂ ਵਿਚ ਫਿਰਨ ਦਾ ਕਾਰਨ ਬਣੀ।

---

[1]ਧਨ – ਜੀਵ ਆਤਮਾ।
[2]ਪਿਰ—ਨਿਰੰਕਾਰ।

ਹਉਮੈ ਏਹਾ [1]ਜਾਤਿ ਹੈ ਹਉਮੈ ਕਰਮ ਕਮਾਹਿ ।
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ।
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ।
ਹਉਮੈ ਏਹੋ ਹੁਕਮੁ ਹੈ ਪਇਐ ਕਿਰਿਤਿ ਫਿਰਾਹਿ ।
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ।
ਕਿਰਪਾ ਕਰੇ ਜਿ ਆਪਣੀ ਤਾ ਗੁਰ ਕਾ ਸਬਦੁ ਕਮਾਹਿ ।
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ । ੩ । ੭ ।

(ਵਾਰ ਆਸਾ ਮ: ੧)

ਏਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ ।
ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ ।
ਸਤਗੁਰ ਸੇਵਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਈ । ੨ । ੧੨ । ੪੫ ।

(ਸ੍ਰੀ ਰਾਗ ਮ: ੩)

ਕਾਇਆ ਅੰਦਰਿ ਹਉਮੈ ਮੇਰਾ । ਜੰਮਣ ਮਰਣੁ ਨ ਚੂਕੈ ਫੇਰਾ ।
ਗੁਰਮੁਖਿ ਹੋਵੈ ਸੁ ਹਉਮੈ ਮਾਰੇ ਸਚੋ ਸਚੁ ਧਿਆਵਣਿਆ । ੩ । ੨੭ । ੨੮ ।

(ਮਾਝ ਮ: ੩)

ਮਾਇਆ ਦਾ ਸਰੂਪ ਹੀ ਇਹੋ ਹੈ ਕਿ ਜੀਵ ਸਰੀਰ ਦੇ ਦੁਖਾਂ ਸੁਖਾਂ ਵਿਚ ਬੱਧਾ ਹੋਇਆ ਹੈ ਤੇ ਹਉਮੈ ਵਿਚ ਕਰਮ ਕਮਾਂਦਾ ਹੈ ।

ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ।
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ।
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ । ੬ । ੪ । ੨੧ ।

(ਸ੍ਰੀ ਰਾਗ ਮ: ੩)

ਜੀਵ ਹਉਮੈ ਦੇ ਆਧਾਰ ਤੇ ਕਰਮ ਕਰਦਾ ਹੈ ਤੇ ਉਹ ਕਰਮ ਸ਼ਖ਼ਸੀਅਤ ਦੇ ਖਿਆਲ ਨੂੰ ਹੋਰ ਦ੍ਰਿੜ੍ਹ ਕਰਦੇ ਹਨ । ਸ਼ਖ਼ਸੀਅਤ ਦਾ ਖਿਆਲ ਆਪਣੇ ਆਪ ਨੂੰ ਮਮਤਾ ਦੇ ਰੂਪ ਵਿਚ ਪਰਗਟ ਕਰਦਾ ਹੈ । ਮਮਤਾ ਦਾ ਅਰਥ ਹੈ ਆਪਣੇ ਤੋਂ ਛੁਟ ਹੋਰ ਚੀਜ਼ਾਂ ਨੂੰ ਅਪਨਾਉਣ ਦਾ ਜਤਨ ਕਰਨਾ । ਇਹ ਮਮਤਾ ਜੀਵ ਨੂੰ ਕਾਮ ਕ੍ਰੋਧ ਲੋਭ ਵਿਚ ਪਰਵਿਰਤ ਕਰਦੀ ਹੈ ਤੇ ਹੌਲੀ ਹੌਲੀ ਇਹ ਔਗੁਣ ਅਜੇਹੇ ਤਕੜੇ ਬੰਧਨ ਹੋ ਜਾਂਦੇ ਹਨ ਕਿ ਇਨ੍ਹਾਂ ਤੋਂ ਛੁਟਣਾ ਜੀਵ ਨੂੰ ਔਖਾ ਹੋ ਜਾਂਦਾ ਹੈ ਤੇ ਇਨ੍ਹਾਂ ਦੇ ਨਚਾਇਆਂ ਨੱਚਦਾ ਤੇ ਦੁਖ ਪਾਉਂਦਾ ਹੈ । ਗੁਰੂ ਜੀ ਦੇ ਹੇਠ ਲਿਖੇ ਸ਼ਬਦ ਇਨ੍ਹਾਂ ਭਾਵਾਂ ਨੂੰ ਸਪਸ਼ਟ ਕਰਦੇ ਹਨ ।

---

[1]ਜਾਤਿ : ਮਨੁਖੀ ਸ਼ਖ਼ਸੀਅਤ

ਮਤਿ ਪੰਖੇਰੂ ਕਿਰਤੁ ਸਾਥਿ ਕਬ ਉਤਮ ਕਬ ਨੀਚ ।
ਕਬ ਚੰਦਨਿ ਕਬ ਅਕਿ ਡਾਲਿ ਕਬ ਉਚੀ ਪਰੀਤਿ ।
ਨਾਨਕ ਹੁਕਮ ਚਲਾਈਐ ਸਾਹਿਬ ਲਗੀ ਰੀਤਿ । ੨ । ੨੧ ।

(ਸਲੋਕ ਮ: ੧ ਵਾਰ ਮਾਝ)

ਜੇਹੇ ਕਰਮ ਕਮਾਇ ਤੇਹਾ ਹੋਇਸੀ । ੧ । ੪ । ੬ ।

(ਸੂਹੀ ਮ: ੧ ਘਰ ੩)

ਕਾਇਆ ਕਾਗਦ ਪੁਰ ਲਿਖੇ ਕਰਮ ਮਨ ਰੂਪੀ ਪਰਵਾਨਾ ਤਿਆਰ ਕਰਦੇ ਹਨ । ਪਰਵਾਨੇ ਦੇ ਲੇਖ ਕਰਮਾਂ ਅਨੁਸਾਰ ਰੱਬੀ ਹੁਕਮ ਨਾਲ ਲਿਖੇ ਜਾਂਦੇ ਹਨ ।

ਕਾਇਆ ਕਾਗਦੁ ਮਨੁ ਪਰਵਾਣਾ । ਸਿਰ ਕੇ ਲੇਖ ਨ ਪੜੈ ਇਆਣਾ ।
ਦਰਗਹ ਘੜੀਅਹਿ ਤੀਨੇ ਲੇਖ । ਖੋਟਾ ਕਾਮਿ ਨ ਆਵੈ ਵੇਖੁ । ੧ ।
ਨਾਨਕ ਜੇ ਵਿਚਿ ਰੁਪਾ ਹੋਇ ।
ਖਰਾ ਖਰਾ ਆਖੈ ਸਭੁ ਕੋਇ । ੫ । ੭ ।

(ਧਨਾਸਰੀ ਮ: ੧)

ਅਜ ਕਲ ਦੀ ਸਾਇੰਸ ਦੀ ਬੋਲੀ ਵਿਚ ਇਨ੍ਹਾਂ ਖਿਆਲਾਂ ਨੂੰ ਵਰਣਨ ਕਰੀਏ ਤਾਂ ਐਉਂ ਸਮਝੋ ਕਿ ਨਿਰੰਕਾਰ ਨੇ ਹੁਕਮ ਅਨੁਸਾਰ ਸ਼ਖਸੀਅਤ ਦਾ ਇਕ ਕੇਂਦਰ ਰਚ ਦਿੱਤਾ । ਉਹ ਜੀਵ ਜਿਨ੍ਹਾਂ ਹਾਲਤਾਂ ਵਿਚ ਆਪਣੇ ਆਪ ਨੂੰ ਪਾਉਂਦਾ ਹੈ ਕਿਰਿਆ (activity) ਅਰੰਭ ਦੇਂਦਾ ਹੈ । ਉਹ ਕਿਰਿਆ ਉਹਦਾ ਤਜਰਬਾ ਬਣਾਂਦੀ ਹੈ ਜਿਸ ਤੋਂ ਸੁਭਾਉ ਬਣਦਾ ਜਾਂਦਾ ਹੈ । ਤੇ ਫਿਰ ਅੱਗੋਂ ਜੋ ਵੀ ਕਰਮ ਉਹ ਕਰਦਾ ਹੈ ਪਿਛਲੇ ਕਰਮਾਂ ਅਨੁਸਾਰ ਸੰਚਿਤ ਸੁਭਾਉ ਦੇ ਆਸਰੇ ਕਰਦਾ ਹੈ । ਸ਼ਖਸੀਅਤ ਦਾ ਖਿਆਲ ਜਿਉਂ ਜਿਉਂ ਪੱਕਾ ਹੁੰਦਾ ਹੈ ਹੋਰਨਾਂ ਜੀਵਾਂ ਨਾਲ ਭੇਦ ਵਧਦਾ ਹੈ । ਇਸ ਨੂੰ ਗੁਰਮੱਤ ਵਿਚ ਦ੍ਵੈਤ ਭਾਵ ਕਹਿਆ ਹੈ । ਫਿਰ ਉਹ ਰਾੜ ਅਰੰਭ ਹੋ ਜਾਂਦੀ ਹੈ ਜਿਸ ਨੂੰ ਅਜ ਕਲ ਦੀ ਬੋਲੀ ਵਿਚ (Struggle for existence) ਅਰਥਾਤ 'ਥਿਰਤਾ ਲਈ ਪ੍ਰਯਤਨ' ਆਖਦੇ ਹਾਂ । ਆਪਣੇ ਪਰਾਏ ਦੇ ਖਿਆਲ ਉਪਜ ਕੇ ਕਬਜ਼ੇ ਦੇ ਖਿਆਲ ਪੈਦਾ ਕਰ ਦੇਂਦੇ ਹਨ ਅਤੇ ਜੀਵ ਸੁਤੰਤਰ ਜੀਵਨ ਦਾ ਅਨੰਦ ਲੈਣ ਦੀ ਥਾਂ ਏਨ੍ਹਾਂ ਜਾਲਾਂ ਵਿਚ ਫਸ ਜਾਂਦਾ ਹੈ ਤੇ ਦੁਖੀ ਹੁੰਦਾ ਹੈ । ਦੁਖ ਆਪਣੇ ਕਮਾਣੇ ਦਾ ਫਲ ਹੈ ਪਰ ਇਹ ਦੁਖ ਦੀ ਜੜ੍ਹ ਹੋਰਨਾਂ ਨੂੰ ਸਮਝਦਾ ਹੈ ।

ਦੋਸੁ ਨ ਦੀਜੈ ਕਾਹੂ ਲੋਗ । ਜੋ ਕਮਾਵਨੁ ਸੋਈ ਭੋਗੁ ।
ਆਪਨ ਕਰਮ ਆਪੇ ਹੀ ਬੰਧ ।
ਆਵਨੁ ਜਾਵਨੁ ਮਾਇਆ ਧੰਧ । ੧ । ੮ । ੧੯ ।

(ਰਾਮਕਲੀ ਮ: ੫)

ਹਉ ਹਉ ਕਰਮ ਕਮਾਣੇ । ਤੇਰੇ ਬੰਧ ਗਲਾਣੇ ।
ਮੇਰੀ ਮੇਰੀ ਧਾਰੀ । ਓਹਾ ਪੈਰਿ ਲੋਹਾਰੀ । ੩ । ੧ । ੧੭ ।

(ਮਾਰੂ ਮ: ੫)

ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ । ੧ । ੧।

(ਜੈਤਸਰੀ ਮ: ੯)

ਲਬੁ ਅਧੇਰਾ ਬੰਦੀ ਖਾਨਾ ਅਉਗਣ ਪੈਰਿ ਲਹਾਰੀ । ੩ । ੧ । ੮ ।

(ਬਸੰਤ ਮ: ੧ ਅਸਟਪਦੀਆਂ)

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ । ੪ । ੧ ।

(ਸੋਰਠਿ ਮ: ੧)

ਇਸ ਸਾਰੀ ਖੇਡ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮੁੱਚੇ ਤੌਰ ਤੇ ਐਉਂ ਵਰਣਨ ਕੀਤਾ ਹੈ ।

[1]ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲਖ ਪਏ ।
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ । ੧ ।
ਚਿਤ ਚੇਤਸਿ ਕੀ ਨਹੀ ਬਾਵਰਿਆ ।
ਹਰਿ ਬਿਸਰਤਿ ਤੇਰੇ ਗੁਣ ਗਲਿਆ । ੧ । ਰਹਾਉ ।
ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ।
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ । ੨ ।
ਕਾਇਆ[2] ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ।
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨੀ ਚਿੰਤ ਭਈ । ੩ ।
ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜਿ ਗੁਰੁ ਮਿਲੈ ਤਿਨੇਹਾ ।
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ । ੪ । ੩ ।

(ਮਾਰੂ ਮ: ੧)

ਤੇ ਇਹ ਖੇਡ ਕੋਈ ਇਕ ਜਨਮ ਤੋਂ ਨਹੀਂ । ਕਈ ਜਨਮ ਜੀਵ ਦੇ ਇਸੇ ਵਿਚ ਬੀਤ ਚੁਕੇ ਹਨ ।

ਬੈਰ ਬਿਰੋਧ ਕਾਮ ਕ੍ਰੋਧ ਮੋਹ । ਝੂਠ ਬਿਕਾਰ ਮਹਾ ਲੋਭ ਧ੍ਰੋਹ ।
ਇਆਹੂ ਜੁਗਤਿ ਬਿਹਾਨੇ ਕਈ ਜਨਮ ।
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ । ੭ । ੪ ।

(ਗਉੜੀ ਸੁਖਮਨੀ ਮ: ੫)

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ।

---

[1]ਕਰਣੀ ਕਾਗਦੁ ਮਨੁ ਮਸਵਾਣੀ—ਮਨ ਕਾਗਦ ਹੈ ਤੇ ਸਾਡੇ ਅਮਲ ਸਿਆਹੀ ਹਨ ।
[2]ਆਰਣੁ—ਲੁਹਾਰ ਦੀ ਭਠੀ ।

[1]ਖੰਨਲੀ ਧੋਤੀ ਉਜਲੀ ਨਾ ਹੋਵਈ ਜੇ ਸਉ ਧੋਵਣਿ ਪਾਹੁ ।

ਪਰ ਗੁਰੂ ਜੀ ਅਗਲੀ ਤੁਕ ਵਿਚ ਦਸਦੇ ਹਨ ਕਿ ਮੈਲ ਸਾਫ ਹੋ ਸਕਦੀ ਹੈ ਜੇ ਜੀਵ ਗੁਰੂ ਦੀ ਮੱਤ ਧਾਰਨ ਕਰੇ ਤੇ ਆਪਣੀ ਮਤ ਛਡ ਦੇਵੇ ।

ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ ।
ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ । ੧ । ੨੨ ।

(ਸਲੋਕ ਮ: ੩ ਵਾਰ ਸੋਰਠਿ)

ਮਨੁਖੀ ਹਸਤੀ ਦਾ ਇਹ ਵੇਰਵਾ ਦੱਸਕੇ ਸਤਿਗੁਰੂ ਹੁਣ ਮਨੁਖ ਨੂੰ ਉਹਦੇ ਜਨਮ ਦਾ ਪ੍ਰਯੋਜਨ ਦਸਦੇ ਹਨ ।

ਅਸੀਂ ਦਸ ਚੁਕੇ ਹਾਂ ਸਤਿਗੁਰ ਇਸ ਸਾਰੀ ਖੇਡ ਦੀ ਰਚਨਾ ਇਕ ਚੇਤਨ ਸੱਤਾ ਤੋਂ ਮੰਨਦੇ ਹਨ । ਨਾਲ ਇਹ ਭੀ ਵਰਨਣ ਕੀਤਾ ਜਾ ਚੁਕਾ ਹੈ ਕਿ ਗੁਰਮੱਤ ਅਨੁਸਾਰ ਮਨੁਖੀ ਹਸਤੀ ਨਿਰਾ ਸਰੀਰ ਦੇ ਨਾਸ ਹੋਣ ਨਾਲ ਨਹੀਂ ਮੁੱਕ ਜਾਂਦੀ । ਇਸ ਲਈ ਸਤਿਗੁਰ ਸਰੀਰਕ ਵਿਸ਼ਿਆਂ ਦੀ ਇਕੱਤਰਤਾ ਜਾਂ ਭੋਗ ਇਸ ਮਨੁਖੀ ਜੀਵਨ ਦਾ ਮਨੋਰਥ ਨਹੀਂ ਮੰਨਦੇ ।[2] ਸਗੋਂ ਇਹ ਕਹਿੰਦੇ ਹਨ ਕਿ ਜੋ ਮਨੁਖ ਇਸ ਪਾਸੇ ਲਗ ਪੈਂਦਾ ਹੈ ਉਹ ਆਪਣਾ ਜੀਵਨ ਅਜਾਈਂ ਗੰਵਾਂਦਾ ਹੈ ।

ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ ਭੁਲੁ ।
ਇਸ ਕਾ ਰੰਗੁ ਦਿਨ ਥੋੜਿਆ ਛੋਛਾ ਇਸ ਦਾ ਮੁਲੁ ।
ਦੂਜੈ ਲਗੇ ਪਚਿ ਮੁਏ ਮੂਰਖ ਅੰਧ ਗਵਾਰ ।

Psychologically, the formation of an ideal always involves a passing beyond the primitive ends of the instincts, the creation of **Secondary ends and values** apart form the primary values attaching to the ends of instinctive activities, and the formation of these secondary ends, representing as they do all the higher mental aesthetic, thical and spiritual values is an indispensable condition of the higher developments of the mind and personality and of what is called human progress.

[Tansley, Page 161]

[1]**ਖੰਨਲੀ**—ਤੇਲੀ ਦਾ ਨੱਤਾ । ਉਹ ਟਾਕੀ ਜਿਸਦੇ ਨਾਲ ਤੇਲੀ ਘਾਣੀ ਸਾਫ਼ ਕਰਦਾ ਰਹਿੰਦਾ ਹੈ । ਉਹਦੇ ਨਾਲ ਥਿੰਧਿਆਈ ਤੇ ਮੈਲ ਦੋਵੇਂ ਹੁੰਦੇ ਹਨ । ਥਿੰਧਿਆਈ ਕਰਕੇ ਪਾਣੀ ਦਾ ਅਸਰ ਨਹੀ ਹੁੰਦਾ ।

[2] ਵਰਤਮਾਨ ਮਨ ਦੇ ਖੋਜੀ ਵੀ ਇਹੋ ਦਸਦੇ ਹਨ ਕਿ ਨਿਰਾ ਵਿਸ਼ਿਆ ਵਿਚ ਗਰਕ ਰਹਿਣਾ ਇਹਨੂੰ ਉਚੇਰਾ ਨਹੀਂ ਕਰਦਾ ।

''ਮਾਨਸਿਕ ਵਿਗਿਆਨ ਦੁਆਰਾ (ਗੱਲ ਕਰੀਏ ਤਾਂ) ਕੋਈ ਆਦਰਸ਼ ਬਣਾ ਲੈਣਾ ਸਾਨੂੰ ਸੁਭਾਵਾਂ (ਕਾਮ, ਹਉਮੈ ਤੇ ਲੋਕਾਚਾਰ) ਦੇ ਮੁਢਲੇ ਕੰਮਾਂ 'ਤੋਂ, ਭਾਵ ਪਸ਼ੂਬ੍ਰਿਤੀ ਦੀ ਕਿਰਿਆ ਤੋਂ, ਉਤਾਹਾਂ ਲੈ ਜਾਂਦਾ ਹੈ। ਸੁਭਾਵਕ ਕਿਰਿਆ ਦੇ ਮਨੋਰਥਾਂ ਨਾਲ ਸੰਬੰਧ ਰੱਖਣ ਵਾਲੇ ਮੁਢਲੇ ਕਰਮਾਂ ਦੇ (ਭਾਵ ਪਸ਼ੂਬ੍ਰਿਤੀ ਦੇ) ਲਾਭਾਂ ਤੋਂ ਛੁੱਟ ਦੂਜੇ ਮਨੋਰਥ ਤੇ ਲਾਭ ਸਾਡੇ ਸਾਹਮਣੇ ਆ ਜਾਂਦੇ ਹਨ, ਅਤੇ ਇਨ੍ਹਾਂ ਦੂਜੇ ਮਨੋਰਥਾਂ ਨੂੰ ਸਾਹਮਣੇ ਰੱਖ ਲੈਣਾ, ਜਿਨ੍ਹਾਂ ਵਿਚ ਕਿ ਉਚੇਰੇ ਮਾਨਸਿਕ, ਸੁਹੱਪਣ ਸਬੰਧੀ, ਸਦਾਚਾਰਕ ਤੇ ਆਤਮਕ ਲਾਭ ਸ਼ਾਮਲ ਹਨ, ਸਾਡੀ ਜ਼ਾਤ ਤੇ ਮਨ ਦੀ ਉਚੇਰੀ ਘਾੜਤ ਤੇ ਮਨੁੱਖਾਂ ਦੀ ਉੱਨਤੀ ਲਈ ਇਕ ਅਵੱਸ਼ ਸ਼ਰਤ ਹੈ।''

ਬਿਸਟਾ ਅੰਦਰਿ ਕੀਟ ਸੇ ਪਇ ਪਚਹਿ ਵਾਰੋ ਵਾਰ। ੨। ੮।

(ਸ੍ਰੀ ਰਾਗ ਕੀ ਵਾਰ ਮ: ੩)

ਕਿਨ ਬਿਧਿ ਕੁਸਲੁ ਹੋਤ ਮੇਰੇ ਭਾਈ।
ਕਿਉ ਪਾਈਐ ਹਰਿ ਰਾਮ ਸਹਾਈ। ੧। ਰਹਾਉ।
ਕੁਸਲੁ ਨ ਗ੍ਰਿਹਿ ਮੇਰੀ ਸਭ ਮਾਇਆ। ਊਚੇ ਮੰਦਰ ਸੁੰਦਰ ਛਾਇਆ।
ਝੂਠੇ ਲਾਲਚਿ ਜਨਮੁ ਗਵਾਇਆ। ੧।
ਹਸਤੀ ਘੋੜੇ ਦੇਖਿ ਵਿਗਾਸਾ। ਲਸਕਰ ਜੋੜੇ ਨੇਬ ਖਵਾਸਾ।
ਗਲਿ ਜੇਵੜੀ ਹਉਮੈ ਕੇ ਫਾਸਾ। ੨।
ਰਾਜੁ ਕਮਾਵੈ ਦਹ ਦਿਸ ਸਾਰੀ। ਮਾਣੈ ਰੰਗ ਭੋਗ ਬਹੁ ਨਾਰੀ।
ਜਿਉ ਨਰਪਤਿ ਸੁਪਨੈ ਭੇਖਾਰੀ। ੩। ੭੦।

(ਗਉੜੀ ਗਵਾਰੇਰੀ ਮ: ੫)

ਗ੍ਰਿਹ ਰਚਨਾ ਅਪਾਰੰ ਮਨਿ ਬਿਲਾਸ ਸੁਆਦੰ ਰਸਹ।
ਕਦਾਂਚ ਨਹ ਸਿਮਰੰਤਿ ਨਾਨਕ ਤੇ ਜੰਤ ਬਿਸਟਾ ਕ੍ਰਿਮਹ।
ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ।
ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ।
ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ।
ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ।
ਬਿਨੁ ਹਰਿਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ। ੬।

(ਵਾਰ ਜੈਤਸਰੀ ਮ: ੫)

ਸਰੀਰਕ ਵਿਸ਼ੇ ਭੋਗਣ ਨਾਲ ਵਿਸ਼ਿਆਂ ਦੀ ਅੱਗ ਹੋਰ ਭੜਕਦੀ ਹੈ, ਬੁਝਦੀ ਨਹੀਂ।

ਅਨਿਕ ਭੋਗ ਬਿਖਿਆ ਕੇ ਕਰੈ । ਨਹ ਤ੍ਰਿਪਤਾਵੈ ਖਪਿ ਖਪਿ ਮਰੈ ।
ਬਿਨਾ ਸੰਤੋਖ ਨਹੀਂ ਕੋਊ ਰਾਜੈ । ਸੁਪਨ ਮਨੋਰਥ ਬ੍ਰਿਥੇ ਸਭਿ ਕਾਜੈ । ੫੧੨ ।

(ਗਉੜੀ ਸੁਖਮਨੀ ਮ: ੫)

ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ ।
ਲਪਟਿ ਰਹੇ ਮਾਇਆ ਰੰਗਿ ਮਾਤੇ ਲੋਚਨ ਕਛੂ ਨ ਸੂਝੀ । ੧ ।
ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ ।
ਜਿਉ ਪਾਵਕੁ ਈਧਨਿ ਨਹੀ, ਧ੍ਰਾਪੈ ਬਿਨੁ ਹਰਿ ਕਹਾ ਅਘਾਈ । ੧ । ਰਹਾਉ ।

(ਧਨਾਸਰੀ ਮ: ੫)

[1] ਮੁਕਤਿ ਮਾਲ [2] ਕਨਿਕ ਲਾਲ ਹੀਰਾ ਮਨ ਰੰਜਨ ਕੀ ਮਾਇਆ ।
ਹਾ ਹਾ ਕਰਤ ਬਿਹਾਨੀ ਅਵਧਹਿ ਤਾ ਮਹਿ ਸੰਤੋਖੁ ਨਾ ਪਾਇਆ । ੨ । ੧ ।

(ਜੈਤਸਰੀ ਮ: ੫, ਘਰ ੩)

ਮਾਨੁਖੁ ਬਿਨੁ ਬੂਝੈ ਬਿਰਥਾ ਆਇਆ ।
ਅਨਿਕ ਸਾਜ ਸੀਗਾਰ ਬਹੁ ਕਰਤਾ ਜਿਉ ਮਿਰਤਕੁ ਓਢਾਇਆ । ੧ । ਰਹਾਉ ।
ਧਾਇ ਧਾਇ ਕ੍ਰਿਪਨ [3] ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ ।
ਦਾਨੁ ਪੁੰਨ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨਾ ਆਇਆ । ੧ ।
ਕਰਿ ਆਭਰਣ ਸਵਾਰੀ ਸੇਜਾ ਕਾਮਨਿ ਥਾਟੁ ਬਨਾਇਆ ।
ਸੰਗੁ ਨ ਪਾਇਓ ਅਪੁਨੇ ਭਰਤੇ ਪੇਖਿ ਪੇਖਿ ਦੁਖੁ ਪਾਇਆ । ੨ ।
ਸਾਰੋ ਦਿਨਸੁ ਮਜੂਰੀ ਕਰਤਾ ਤੁਹ ਮੂਸਲਹਿ ਛਰਾਇਆ ।
ਖੇਦ ਭਇਓ ਬੇਗਾਰੀ ਨਿਆਈ ਘਰ ਕੈ ਕਾਮਿ ਨ ਆਇਆ । ੩ ।
ਭਇਓ ਅਨੁਗ੍ਰਹੁ ਜਾ ਕਉ ਪ੍ਰਭ ਕੋ, ਤਿਸੁ ਹਿਰਦੈ ਨਾਮੁ ਵਸਾਇਆ ।
ਸਾਧ ਸੰਗਤਿ ਕੈ ਪਾਛੈ ਪਰਿਅਉ
ਜਨ ਨਾਨਕ ਹਰਿ ਰਸੁ ਪਾਇਆ । ੪ । ੧ । ੪ ।

(ਟੋਡੀ ਮ: ੫)

ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ ।
ਏਹੁ ਮਾਇਆ ਰੰਗੁ ਕਸੁੰਭ ਖਿਨ ਮਹਿ ਲਹਿ ਜਾਵਣਾ ।
ਚਲਦਿਆ ਨਾਲਿ ਨ ਚਲੈ ਸਿਰਿ ਪਾਪ ਲੈ ਜਾਵਣਾ ।
ਜਾਂ ਪਕੜਿ ਚਲਾਇਆ ਕਾਲਿ ਤਾਂ ਖਰਾ ਡਰਾਵਣਾ ।
ਓਹ ਵੇਲਾ ਹਥਿ ਨਾ ਆਵੈ ਫਿਰਿ ਪਛੁਤਾਵਣਾ । ੬ ।

(ਵਾਰ ਸੋਰਠਿ ਮ: ੪)

---

[1] ਮੁਕਤਿ—ਮੋਤੀ
[2] ਕਨਿਕ—ਸੋਨਾ
[3] ਸ੍ਰਮੁ—ਮਿਹਨਤ

**ਮਨੁਖੀ ਜੀਵਨ** ਦਾ ਪ੍ਰਯੋਜਨ ਸਤਿਗੁਰੂ ਇਹ ਦਸਦੇ ਹਨ ਕਿ ਜੋ ਦੈਵੀ ਚਿਣਗ ਸਾਡੇ ਅੰਦਰ ਰੱਖੀ ਗਈ ਹੈ ਉਸਨੂੰ ਪ੍ਰਜਵਲਤ ਕਰੀਏ ਤੇ ਜਿਸ ਨਿਰੰਕਾਰ ਤੋਂ ਉਪਜੇ ਹਾਂ ਤੇ ਜੋ ਹਰਦਮ ਸਾਡੇ ਅੰਦਰ ਵਸਦਾ ਹੈ, ਉਹਦੇ ਨਾਲ ਮਿਲ ਜਾਈਏ।

ਭਈ ਪਰਾਪਤਿ ਮਾਨੁਖ ਦੇਹੁਰੀਆ।
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।
ਅਵਰਿ ਕਾਜ ਤੇਰੈ ਕਿਤੈ ਨ ਕਾਮ।
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ। ੧। ੨੯।

(ਆਸਾ ਮ: ੫)

ਦੇਹੀ ਦੀਆਂ ਸਾਰੀਆਂ ਤਾਕਤਾਂ ਨੂੰ ਇਸ ਲਈ ਵਰਤੋ ਕਿ ਜੋਤਿ ਅੰਦਰ ਜਗ ਪਵੇ।

ਘੋੜੀ ਤੇਜਣਿ ਦੇਹ ਰਾਮਿ ਉਪਾਈਆ ਰਾਮ।
ਜਿਤੁ ਹਰਿ ਪ੍ਰਭੁ ਜਾਪੈ ਸਾ ਧਨੁ ਧੰਨੁ ਤਖਾਈਆ ਰਾਮ।
ਜਿਤੁ ਹਰਿ ਪ੍ਰਭੁ ਜਾਪੈ ਸਾ ਧੰਨੁ ਸਾਬਾਸੈ।
ਧੁਰਿ ਪਾਇਆ ਕਿਰਤੁ ਜੁੜੰਦਾ।
ਚੜਿ ਦੇਹੜਿ ਘੋੜੀ ਬਿਖਮੁ ਲਘਾਏ
ਮਿਲਿ ਗੁਰਮੁਖਿ ਪਰਮਾਨੰਦਾ। ੪। ੧। ੫।

(ਵਡਹੰਸ ਮ: ੪ ਘੋੜੀਆਂ)

ਆਤਮ ਰਸੁ ਨੂੰ ਜਾਣਨਾ ਇਹੋ ਹੀ ਜੀਵਨ ਦਾ ਪ੍ਰਯੋਜਨ ਹੈ।

ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ।
ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਨੁ। ੧। ੧੩।

(ਸਲੋਕ ਮ: ੫, ਛੰਤ ਘਰੁ ੭)

ਇਸ ਪਰਮ ਪਦ (ਹਰੀ ਦੇ ਮੇਲ) ਦਾ ਸਰੂਪ ਕਈ ਪਹਿਲੂਆਂ ਤੋਂ ਗੁਰਮੱਤ ਵਿਚ ਵਰਣਨ ਕੀਤਾ ਗਇਆ ਹੈ। ਓਂ ਤਾਂ ਸਤਿਗੁਰ ਕਹਿੰਦੇ ਹਨ ਕਿ ਉਹ ਅਵਸਥਾ ਕਥਨ ਤੋਂ ਬਾਹਰ ਹੈ।

ਮਿਲਿ ਸਖੀਆ ਪੁਛਹਿ ਕਹੁ ਕੰਤ ਨੀਸਾਣੀ।
ਰਸਿ ਪ੍ਰੇਮ ਭਰੀ ਕਛੁ ਬੋਲਿ ਨ ਜਾਣੀ। ੩। ੧। ੧੦।

(ਆਸਾ ਮ: ੫, ਛੰਤ ਘਰ ੭)

ਪਰ ਜਿੰਨਾ ਕੁਝ ਲਫਜ਼ਾਂ ਵਿਚ ਬਿਆਨ ਹੋ ਸਕਦਾ ਹੈ ਉਸਨੂੰ ਨਿਗਾਹ ਦੇ ਕਈ ਨੁਕਤਿਆਂ ਤੋਂ ਦਸਿਆ ਹੈ। ਪੂਰਨਤਾ ਵਿਚ ਮਨੁੱਖੀ ਮਰਜ਼ੀ ਉਸ ਨਿਰੰਕਾਰ ਦੇ ਹੁਕਮ ਦੇ ਤਾਬੇ ਹੋ ਜਾਂਦੀ ਹੈ। ਭਾਣਾ ਮੰਨਣਾ ਉਸ ਅਵਸਥਾ ਦਾ ਇਕ ਗੁਣ ਹੈ।

ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ। ਮਾਨੈ ਹੁਕਮੁ ਤਜੈ ਅਭਿਮਾਨੈ।
ਪ੍ਰਿਅ ਸਿਉ ਰਾਤੀ ਰਲੀਆ ਮਾਨੈ। ੧।

ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ ।
ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ । ੧ । ਰਹਾਉ । ੧ ।

(ਸੂਹੀ ਮ: ੫)

ਨਿਰੰਕਾਰ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣਾ, ਸਰੀਰਕ ਸੁੱਖ ਦੇ ਲਾਲਚ ਜਾਂ ਦੁਖ ਦੇ ਡਰ ਨਾਲ ਸੱਚ ਨੂੰ ਨਾ ਛੱਡਣਾ, ਸੋਨਾ ਤੇ ਮਿੱਟੀ ਇਕੋ ਜੇਹਾ ਹੋਣਾ, ਨਾ ਅੰਮ੍ਰਿਤ ਦੇ ਲਾਲਚ ਲਈ ਰਾਹ ਤੋਂ ਉਕਣਾ ਨਾ ਜ਼ਹਿਰ ਦੇ ਡਰ ਨਾਲ ਉਹਨੂੰ ਛੱਡਣਾ ਅਰਥਾਤ ਇਕ ਰਸ ਦ੍ਰਿੜ੍ਹਤਾ ਇਕ ਹੋਰ ਨਿਸ਼ਾਨੀ ਉਸ ਅਵਸਥਾ ਦੀ ਹੈ ।

ਪ੍ਰਭ ਕੀ ਆਗਿਆ ਆਤਮ ਹਿਤਾਵੈ । ਜੀਵਨ ਮੁਕਤਿ ਸੋਊ ਕਹਾਵੈ ।
ਤੈਸਾ ਹਰਖੁ ਤੈਸਾ ਉਸ ਸੋਗੁ । ਸਦਾ ਅਨੰਦੁ ਤਹ ਨਾਹੀ ਬਿਓਗੁ ।
ਤੈਸਾ ਸੁਵਰਨੁ ਤੈਸੀ ਉਸੁ ਮਾਟੀ । ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ।
ਤੈਸਾ ਮਾਨੁ ਤੈਸਾ [1]ਅਭਿਮਾਨੁ । ਤੈਸਾ ਰੰਕੁ ਤੈਸਾ ਰਾਜਾਨੁ ।
ਜੋ ਵਰਤਾਏ ਸਾਈ ਜੁਗਤਿ ।
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ । ੭, ੯ ।

(ਗਉੜੀ ਸੁਖਮਨੀ ਮ: ੫)

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ।
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ । ੧ । ਰਹਾਉ ।
ਨਹਿ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ।
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ । ੧ ।
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ।
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ । ੧ ।
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ।
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ । ੧ । ੧੭ ।

(ਸੋਰਠਿ ਮ: ੯)

ਕ੍ਰਿਪਾ ਨਿਧਿ ਬਸਹੁ ਰਿਦੈ ਹਰਿ ਨੀਤ ।
ਤੈਸੀ ਬੁਧਿ ਕਰਹੁ ਪਰਗਾਸਾ ਲਾਗੈ ਪ੍ਰਭ ਸੰਗਿ ਪ੍ਰੀਤਿ । ਰਹਾਉ ।
ਦਾਸ ਤੁਮਾਰੇ ਕੀ ਪਾਵਉ ਧੂਰਾ ਮਸਤਕਿ ਲੇ ਲੇ ਲਾਵਉ ।
ਮਹਾ ਪਤਿਤ ਤੇ ਹੋਤ ਪੁਨੀਤਾ ਹਰਿ ਕੀਰਤਨ ਗੁਨ ਗਾਵਉ । ੧ ।
ਆਗਿਆ ਤੁਮਰੀ ਮੀਠੀ ਲਾਗਉ ਕੀਉ ਤੁਹਾਰੋ ਭਾਵਉ ।

---

[1] ਅਭਿਮਾਨ—ਅਪਮਾਨ, ਨਿਰਾਦਰ ।

ਜੋ ਤੂ ਦੇਹਿ ਤਹੀ ਇਹੁ ਤ੍ਰਿਪਤੈ ਆਨ ਨ ਕਤਹੂ ਧਾਵਉ । ੨ ।
ਸਦ ਹੀ ਨਿਕਟਿ ਜਾਨਉ ਪ੍ਰਭ ਸੁਆਮੀ ਸਗਲ ਰੇਣ ਹੋਇ ਰਹੀਐ ।
ਸਾਧੂ ਸੰਗਤਿ ਹੋਇ ਪਰਾਪਤਿ ਤਾ ਪ੍ਰਭੁ ਅਪੁਨਾ ਲਹੀਐ । ੩ ।
ਸਦਾ ਸਦਾ ਹਮ ਛੋਹਰੇ ਤੁਮਰੇ ਤੂ ਪ੍ਰਭ ਹਮਰੋ ਮੀਰਾ ।
ਨਾਨਕ ਬਾਰਿਕ ਤੁਮ ਮਾਤ ਪਿਤਾ ।
ਮੁਖਿ ਨਾਮੁ ਤੁਮਾਰੋ ਖੀਰਾ । ੧ । ੧ । ੫ ।

(ਟੋਡੀ ਮ: ੫)

ਜੀਵਤ ਮਰੈ ਬੁਝੈ ਪ੍ਰਭੁ ਸੋਇ । ਤਿਸੁ ਜਨ ਕਰਮਿ ਪਰਾਪਤਿ ਹੋਇ । ੧ ।
ਸੁਣਿ ਸਾਜਨ ਇਉ ਦੁਤਰੁ ਤਰੀਐ ।
ਮਿਲਿ ਸਾਧੂ ਹਰਿਨਾਮੁ ਉਚਰੀਐ । ੧ ਰਹਾਉ ।
ਏਕ ਬਿਨਾ ਦੂਜਾ ਨਹੀ ਜਾਨੈ । ਘਟ ਘਟ ਅੰਤਰਿ ਪਾਰਬ੍ਰਹਮੁ ਪਛਾਨੈ । ੨ ।
ਜੋ ਕਿਛੁ ਕਰੈ ਸੋਈ ਭਲ ਮਾਨੈ । ਆਦਿ ਅੰਤ ਕੀ ਕੀਮਤਿ ਜਾਨੈ ।੩।
ਕਹੁ ਨਾਨਕ ਤਿਸੁ ਜਨ ਬਲਿਹਾਰੀ ।
ਜਾਕੈ ਹਿਰਦੈ ਵਸਹਿ ਮੁਰਾਰੀ । ੫ । ੧੫ । ੨੨ ।

(ਸੂਹੀ ਮ: ੫, ਘਰ 3)

ਜਹ ਬੈਸਾਲਹਿ ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ ।
ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿਤ ਹਹਿ ਥਾਵਾ । ੧ ।
ਬਾਬਾ ਦੇਹਿ ਵਸਾ ਸਚ ਗਾਵਾ । ਜਾ ਤੇ ਸਹਜੇ ਸਹਜਿ ਸਮਾਵਾ । ੧ । ਰਹਾਉ ।
ਬੁਰਾ ਭਲਾ ਕਿਛੁ ਆਪਸ ਤੇ ਜਾਨਿਆ ਏਈ ਸਗਲ ਵਿਕਾਰਾ ।
ਇਹੁ ਫੁਰਮਾਇਆ ਖਸਮ ਕਾ ਹੋਆ ਵਰਤੈ ਇਹੁ ਸੰਸਾਰਾ । ੨ ।
ਇੰਦ੍ਰੀ ਧਾਤੁ ਸਬਲ ਕਹੀਅਤ ਹੈ ਇੰਦ੍ਰੀ ਕਿਸ ਤੇ ਹੋਈ ।
ਆਪੇ ਖੇਲ ਕਰੈ ਸਭਿ ਕਰਤਾ ਐਸਾ ਬੂਝੈ ਕੋਈ । ੩ ।
ਗੁਰ ਪਰਸਾਦੀ ਏਕ ਲਿਵ ਲਾਗੀ ਦੁਬਿਧਾ ਤਦੇ ਬਿਨਾਸੀ ।
ਜੋ ਤਿਸੁ ਭਾਣਾ ਸੋ ਸਤਿ ਕਰਿ ਮਾਨਿਆ ਕਾਟੀ ਜਮ ਕੀ ਫਾਸੀ । ੪ ।
ਭਣਤਿ ਨਾਨਕੁ ਲੇਖਾ ਮਾਗੈ ਕਵਨਾ ਜਾ ਚੂਕਾ ਮਨਿ ਅਭਿਮਾਨਾ ।
ਤਾਸੁ ਤਾਸੁ ਧਰਮਰਾਇ ਜਪਤੁ ਹੈ ਪਏ ਸਚੇ ਕੀ ਸਰਨਾ । ੫ । ੧ ।

(ਮਾਰੂ ਮ: ੩)

ਹੋਦਾ ਫੜੀਅਗੁ ਨਾਨਕ ਜਾਣੁ । ਨਾ ਹਉ ਨ ਮੈ ਜੂਨੀ ਪਾਣੁ । ੨ । ੨੪ ।

(ਸਲੋਕ ਮ: ੧ ਵਾਰ ਮਲਾਰ ਮ: ੧)

ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ।
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ । ੧੪ ।

(ਸਲੋਕ ਮ: ੯)

ਆਪਣੀ ਮਰਜ਼ੀ ਨਿਰੰਕਾਰ ਦੇ ਤਾਬੇ ਕਰਕੇ ਉਸ ਅਵਸਥਾ ਵਿਚ ਸਰਬ ਵਿਆਪਕ ਜੋਤਿ ਨਾਲ ਏਕਤਾ ਮਹਿਸੂਸ ਹੁੰਦੀ ਹੈ ।

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ।
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ।
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ।
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ।
ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ।
ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ । ੪ । ੨ ।

(ਬਿਲਾਵਲੁ ਮ: ੫: ਛੰਤ)

ਜਿਉ ਜਲ ਮਹਿ ਜਲੁ ਆਇ ਖਟਾਨਾ । ਤਿਉ ਜੋਤੀ ਸੰਗਿ ਜੋਤਿ ਸਮਾਨਾ ।
ਮਿਟਿ ਗਏ ਗਵਨ ਪਾਏ ਬਿਸ੍ਰਾਮ । ਨਾਨਕ ਪ੍ਰਭ ਕੈ ਸਦ ਕੁਰਬਾਨ । ੮ । ੧੧ ।

(ਗਉੜੀ ਸੁਖਮਨੀ ਮ: ੪)

ਉਹ ਅਵਸਥਾ [1]ਸਦਾ ਸੁਖ ਦੀ ਹੈ । ਉਸ ਹਾਲਤ ਦਾ ਨਾਸ ਨਹੀਂ ।

ਸੂਖ ਮਹਲ ਜਾਕੇ ਊਚ ਦੁਆਰੇ । ਤਾ ਮਹਿ ਵਾਸਹਿ ਭਗਤ ਪਿਆਰੇ । ੧ ।
ਸਹਜ ਕਥਾ ਪ੍ਰਭ ਕੀ ਅਤਿ ਮੀਠੀ । ਵਿਰਲੈ ਕਾਹੂ ਨੇਤ੍ਰਹੁ ਡੀਠੀ । ੧ । ਰਹਾਉ ।
ਤਹ ਗੀਤ ਨਾਦ ਅਖਾਰੇ ਸੰਗਾ । ਊਹਾ ਸੰਤ ਕਰਹਿ ਹਰਿ ਰੰਗਾ । ੧ ।
ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ । ਸਾਚ ਨਾਮ ਕੀ ਅੰਮ੍ਰਿਤ ਵਰਖਾ । ੩ ।
ਗੁਹਜ ਕਥਾ ਇਹ ਗੁਰ ਤੇ ਜਾਣੀ । ਨਾਨਕੁ ਬੋਲੈ ਹਰਿ ਹਰਿ ਬਾਣੀ । ੪ । ੬ । ੧੨ ।

(ਸੂਹੀ ਮ: ੫ ਘਰ ੩)

ਕਹਨ ਕਹਾਵਨ ਕਉ ਕਈ ਕੇਤੈ ।
ਐਸੋ ਜਨੁ ਬਿਰਲੋ ਹੈ ਸੇਵਕੁ ਜੋ ਤਤ ਜੋਗ ਕਉ ਬੇਤੈ । ੧ । ਰਹਾਉ ।
ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕ ਏਕੀ [1]ਨੇਤੈ ।
ਬੁਰਾ ਨਹੀਂ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ । ੧ ।

---

[1]Cf : The striving after mental harmony is a fundamental attribute of mind. It represents the effort to keep the poise and balance without which the mind becomes a chaos of conflicting instincts.

(Tansely, Page 197.)

"ਮਨ ਦਾ ਸੁਭਾਵਕ ਗੁਣ ਹੈ ਕਿ ਉਹ ਮਾਨਸਿਕ ਇਕਸੁਰਤਾ ਲਈ ਜਤਨ ਕਰੇ ਇਹ ਸਮਤਾ ਤੇ ਤੁਲਤਾ ਦੇ ਜਤਨ ਦਾ ਲਖਾਇਕ ਹੈ ਜਿਸ ਬਿਨਾ ਮਨ ਵਿਚ ਵਿਰੋਧੀ ਸੁਝਾਵਾਂ ਦਾ ਅੰਧਕਾਰ ਮਚ ਜਾਂਦਾ ਹੈ ।"

ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ ।
ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ । ੨੬ । ੨੨ ।

(ਕਾਨੜਾ ਮ: ੫)

ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ।
ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ।
ਨਾਨਕ ਦੁਖ ਸੁਖ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ । ੧੧ ।

(ਸਲੋਕ ਵਾਰਾਂ ਤੋਂ ਵਧੀਕ, ਸਲੋਕ ਮ: ੩)

ਪੰਚ ਸਬਦ ਤਹ ਪੂਰਨ ਨਾਦ । ਅਨਹਦ ਬਾਜੇ ਅਚਰਜ ਬਿਸਮਾਦ ।
ਕੇਲ ਕਰਹਿ ਸੰਤ ਹਰਿਲੋਗ । ਪਾਰਬ੍ਰਹਮ ਪੂਰਨ ਨਿਰਜੋਗ । ੧ ।
ਸੂਖ ਸਹਜ ਆਨੰਦ ਭਵਨ ।

ਸਾਧ ਸੰਗ ਬੈਸਿ ਗੁਣ ਗਾਵਹਿ ਤਹ ਰੋਗ ਸੋਗ ਨਹੀ ਜਨਮ ਮਰਨ । ੧ । ਰਹਾਉ ।
ਊਹਾ ਸਿਮਰਹਿ ਕੇਵਲ ਨਾਮੁ । ਬਿਰਲੇ ਪਾਵਹਿ ਓਹੁ ਬਿਸ੍ਰਾਮੁ ।
ਭੋਜਨੁ ਭਾਉ ਕੀਰਤਨ ਅਧਾਰੁ । ਨਿਹਚਲ ਆਸਨੁ ਬੇਸੁਮਾਰੁ । ੨ ।
ਡਿਗਿ ਨ ਡੋਲੈ ਕਤਹੂ ਧਾਵੈ । ਗੁਰ ਪ੍ਰਸਾਦਿ ਕੋ ਇਹੁ ਮਹਲੁ ਪਾਵੈ ।
ਭ੍ਰਮ ਭੈ ਮੋਹ ਨ ਮਾਇਆ ਜਾਲ । ਸੁੰਨ ਸਮਾਧਿ ਪ੍ਰਭੂ ਕਿਰਪਾਲ । ੩ ।
ਤਾ ਕਾ ਅੰਤੁ ਨਾ ਪਾਰਾਵਾਰੁ । ਆਪੇ ਗੁਪਤੁ ਆਪੇ ਪਾਸਾਰੁ ।
ਜਾ ਕੈ ਅੰਤਰਿ ਹਰਿ ਹਰਿ ਸੁਆਦੁ ।
ਕਹਨੁ ਨ ਜਾਈ ਨਾਨਕ ਬਿਸਮਾਦੁ । ੪ । ੯ । ੨੦ ।

(ਰਾਮਕਲੀ ਮ: ੫)

ਹੋਰ ਜਿਤਨੇ ਬੀ ਅਸਥਾਨ ਹਨ ਉਨ੍ਹਾਂ ਨੂੰ ਨਾਸਵੰਤ ਦਸ ਕੇ ਗੁਰੂ ਜੀ ਪਰਮ ਪਦ ਨੂੰ ਨਾਮ ਰਹਿਤ ਕਥਨ ਕਰਦੇ ਹਨ ।

ਪ੍ਰਥਮੇ ਗਰਭ ਵਾਸ ਤੇ ਟਰਿਆ । ਪੁਤ੍ਰ ਕਲਤ੍ਰ ਕੁਟੰਬ ਸੰਗਿ ਜੁਰਿਆ ।
ਭੋਜਨੁ ਅਨਿਕ ਪ੍ਰਕਾਰ ਬਹੁ ਕਪਰੇ । ਸਰਪਰੁ ਗਵਨੁ ਕਰਹਿਗੇ ਬਪੁਰੇ । ੧ ।
ਕਵਨੁ ਅਸਥਾਨੁ ਜੋ ਕਬਹੁ ਨ ਟਰੈ ।
ਕਵਨੁ ਸਬਦੁ ਜਿਤੁ ਦੁਰਮਤਿ ਹਰੈ । ੧ । ਰਹਾਉ ।
ਇੰਦ੍ਰਪੁਰੀ ਮਹਿ ਸਰਪਰ ਮਰਣਾ । ਬ੍ਰਹਮਪੁਰੀ ਨਿਹਚਲੁ ਨਹੀ ਰਹਿਣਾ ।
ਸਿਵਪੁਰੀ ਕਾ ਹੋਇਗਾ ਕਾਲਾ । ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ । ੧ ।
ਗਿਰਿ ਤਰ ਧਰਣਿ ਗਗਨ ਅਰੁ ਤਾਰੇ । ਰਵਿ ਸਸਿ ਪਵਣੁ ਪਾਵਕੁ ਨੀਰਾਰੇ ।

---

[1]ਨੇਤੇ—ਨੇਤ੍ਰੌਂ, ਅੱਖਾਂ ਦਵਾਰਾ ।

ਦਿਨਸੁ ਰੈਣਿ ਬਰਤ ਅਰੁ ਬੇਦਾ । ਸਾਸਤ ਸਿੰਮ੍ਰਿਤਿ ਬਿਨਸਹਿਗੇ ਬੇਦਾ । ੩ ।
ਤੀਰਥ ਦੇਵ ਦੇਹੁਰਾ ਪੋਥੀ । ਮਾਲਾ ਤਿਲਕੁ ਸੋਚ ਪਾਕ ਹੋਤੀ ।
ਧੋਤੀ ਡੰਡਉਤਿ ਪਰਸਾਦਨ ਭੋਗਾ । ਗਵਨੁ ਕਰੈਗੋ ਸਗਲੋ ਲੋਗਾ । ੪ ।
ਜਾਤਿ ਵਰਨ ਤੁਰਕ ਅਰੁ ਹਿੰਦੂ । ਪਸੁ ਪੰਖੀ ਅਨਿਕ ਜੋਨ ਜਿੰਦੂ ।
ਸਗਲ ਪਾਸਾਰੁ ਦੀਸੈ ਪਾਸਾਰਾ । ਬਿਨਸਿ ਜਾਇਗੋ ਸਗਲ ਆਕਾਰਾ । ੫ ।
ਸਹਜ ਸਿਫਤਿ ਭਗਤਿ ਤਤੁ ਗਿਆਨਾ ।
ਸਦਾ ਅਨੰਦੁ ਨਿਹਚਲ ਸਚੁ ਥਾਨਾ ।
ਤਹਾ ਸੰਗਤਿ ਸਾਧ ਗੁਣ ਰਸੈ । ਅਨਭਉ ਨਗਰ ਤਹਾ ਸਦ ਵਸੈ । ੬ ।
ਤਹ ਭਉ ਭਰਮਾ ਸੋਗੁ ਨ ਚਿੰਤਾ । ਆਵਣੁ ਜਾਵਣੁ ਮਿਰਤੁ ਨ ਹੋਤਾ ।
ਤਹ ਸਦਾ ਅਨੰਦ ਅਨਹਤ ਆਖਾਰੇ । ਭਗਤ ਵਸਹਿ ਕੀਰਤਨ ਆਧਾਰੇ । ੭ ।
ਪਾਰਬ੍ਰਹਮ ਕਾ ਅੰਤੁ ਨ ਪਾਰੁ । ਕਉਣੁ ਕਰੈ ਤਾ ਕਾ ਬੀਚਾਰੁ ।
ਕਹੁ ਨਾਨਕ ਜਿਸੁ ਕਿਰਪਾ ਕਰੈ । ਨਿਹਚਲ ਥਾਨੁ ਸਾਧ ਸੰਗਿ ਤਰੈ । ੮ । ੪ ।

(ਗਉੜੀ ਮ: ੫)

ਸੁਖਾਂ ਦੇ ਅਸਥਾਨ ਨੂੰ ਬੈਕੁੰਠ ਕਹਿੰਦੇ ਸਨ । ਸਤਿਗੁਰ ਆਪਣੇ ਬੈਕੁੰਠ ਦਾ ਨਕਸ਼ਾ ਬੰਨ੍ਹਦੇ ਹਨ

ਬੈਕੁੰਠ ਨਗਰੁ ਜਹਾ ਸੰਤ ਵਾਸਾ ।
ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ । ੧ ।
ਸੁਣਿ ਮਨ ਤਨ ਤੁਝੁ ਸੁਖੁ ਦਿਖਲਾਵਉ ।
ਹਰਿ ਅਨਿਕ ਬਿੰਜਨ ਤੁਝੁ ਭੋਗ ਭੁੰਚਾਵਉ । ੧ । ਰਹਾਉ ।
ਅੰਮ੍ਰਿਤ ਨਾਮੁ ਭੁੰਚੁ ਮਨ ਮਾਹੀ । ਅਚਰਜ ਸਦਾ ਤਾਕੇ ਬਰਨੇ ਨ ਜਾਹੀ । ੨ ।
ਲੋਭੁ ਮੂਆ ਤ੍ਰਿਸਨਾ ਬੁਝਿ ਥਾਕੀ । ਪਾਰਬ੍ਰਹਮ ਕੀ ਸਰਣਿ ਜਨ ਤਾਕੀ । ੩ ।
ਨਾਨਕ ਦਾਸ ਪ੍ਰਭ ਕਿਰਪਾ ਧਾਰੇ । ੪ । ੨੧ । ੧੭ ।

(ਸੂਹੀ ਮ: ੫ ਘਰ ੩)

ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ । ੨ । ੮ । ੫੫ ।

(ਸੂਹੀ ਮ: ੩)

ਅਠਸਠਿ ਤੀਰਥ ਜਹ ਸਾਧ ਪਗ ਧਰਹਿ ।
ਤਹ ਬੈਕੁੰਠੁ ਜਹ ਨਾਮੁ ਉਚਰਹਿ । ੩ । ੧੪ । ੨੫ ।

(ਰਾਮਕਲੀ ਮ: ੫)

---

[1]ਬਿੰਜਨ—ਚੰਗੇ ਚੰਗੇ ਖਾਣੇ । ਚਾਵਲ

ਨਿਰੰਕਾਰ ਵਿਚ ਅਤੁਟ ਲਿਵ ਲਗਣਾ ਹੀ ਮੁਕਤੀ ਹੈ।

ਸੋ ਜਨੁ ਮੁਕਤੁ ਜਿਸੁ ਏਕੁ ਲਿਵ ਲਾਗੀ ਸਦਾ ਰਹੈ ਹਰਿ ਨਾਲੇ। ੩। ੯।

(ਬਿਲਾਵਲੁ ਮ: ੫)

ਏਹ ਤਾਂ ਦੱਸਣ ਦੀ ਲੋੜ ਨਹੀਂ ਭਾਸਦੀ ਕਿ ਸਦਾਚਾਰਕ ਔਗੁਣ ਉਸ ਅਵਸਥਾ ਦੇ ਨੇੜੇ ਨਹੀਂ ਫਟਕਦੇ ਤੇ ਸਾਰੇ ਹੀ ਸਦਾਚਾਰਕ ਗੁਣਾਂ ਦਾ ਪੁਰਸ਼ ਸੋਮਾ ਬਣ ਜਾਂਦਾ ਹੈ।

ਕਾਮ ਕ੍ਰੋਧ ਮਾਇਆ ਮਦ ਮਸਤਰ ਏ ਖੇਲਤ ਸਭਿ ਜੂਐ ਹਾਰੇ।
ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ। ੧।

ਜਨਮ ਮਰਨ ਚੂਕੇ ਸਭਿ ਭਾਰੇ।
ਮਿਲਤ ਸੰਗਿ ਭਇਓ ਮਨੁ ਨਿਰਮਲ,
ਗੁਰਿ ਪੂਰੈ ਲੈ ਖਿਨ ਮਹਿ ਤਾਰੇ। ੧। ਰਹਾਉ।
ਸਭ ਕੀ ਰੇਨੁ ਹੋਇ ਰਹੈ ਮਨੂਆ ਸਗਲੇ ਦੀਸਹਿ ਮੀਤ ਪਿਆਰੇ।
ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤ ਸਭਿ ਜੀਆ ਸਮ੍ਹਾਰੇ। ੨।
ਏਕੋ ਏਕੁ ਆਪਿ ਇਕੁ ਏਕੈ ਏਕੈ ਹੈ ਸਗਲਾ ਪਾਸਾਰੇ।
ਜਪਿ ਜਪਿ ਹੋਏ ਸਗਲ ਸਾਧ ਜਨ
ਏਕੁ ਨਾਮੁ ਧਿਆਇ ਬਹੁਤੁ ਉਧਾਰੇ। ੩। ੩੯।

(ਆਸਾ ਮ: ੫)

ਮਿਥਿਆ ਨਾਹੀ ਰਸਨਾ ਪਰਸ। ਮਨ ਮਹਿ ਪ੍ਰੀਤਿ ਨਿਰੰਜਨ ਦਰਸ।
ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ। ਸਾਧ ਕੀ ਟਹਲ ਸੰਤ ਸੰਗਿ ਹੇਤ।
ਕਰਨ ਨ ਸੁਨੈ ਕਾਹੂ ਕੀ ਨਿੰਦਾ। ਸਭ ਤੇ ਜਾਨੈ ਆਪਸ ਕਉ ਮੰਦਾ।
ਗੁਰ ਪ੍ਰਸਾਦਿ ਬਿਖਿਆ ਪਰਹਰੈ। ਮਨ ਕੀ ਬਾਸਨਾ ਮਨ ਤੇ ਟਰੈ।
ਇੰਦ੍ਰੀ ਜਿਤਿ ਪੰਚ ਦੋਖ ਤੇ ਰਹਤ।
ਨਾਨਕ ਕੋਟਿ ਮਧੇ ਕੋ ਐਸਾ ਅਪਰਸ। ੧। ੯।

(ਗਉੜੀ ਸੁਖਮਨੀ ਮ: ੫)

ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ। ਸੰਤ ਜਨਾ ਕੈ ਹਿਰਦੈ ਸਭਿ ਧਰਮ।
ਸੰਤ ਜਨਾ ਸੁਨਹਿ ਸੁਭ ਬਚਨ। ਸਰਬ ਬਿਆਪੀ ਰਾਮ ਸੰਗਿ ਰਚਨ।
ਜਿਨ ਜਾਤਾ ਤਿਸਕੀ ਇਹ ਰਹਤ। ਸਤਿ ਬਚਨ ਸਾਧੂ ਸਭਿ ਕਹਤ। ੪। ੨੩।

(ਗਉੜੀ ਸੁਖਮਨੀ ਮ: ੫)

ਸਮੁਚੇ ਤੌਰ ਪੁਰ ਇਹ ਸ਼ਬਦ ਉਸ ਸਮੇਂ ਦੀ ਆਤਮਕ ਅਵਸਥਾ ਦਾ ਨਕਸ਼ਾ ਖਿੱਚਦਾ ਹੈ।

ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ।
ਭ੍ਰਮ ਕਾਟੇ ਗੁਰਿ ਆਪਣੈ ਪਾਇ ਬਿਸਰਾਮਾ।੧।

ਓਇ ਬਿਖਾਦੀ ਦੋਖੀਆ ਤੇ ਗੁਰ ਤੇ ਹੂਟੇ ।
ਹਮ ਛੂਟੇ ਅਬ ਉਨ੍ਹਾ ਤੇ ਓਇ ਹਮ ਤੇ ਛੂਟੇ । ੧ । ਰਹਾਉ ।
ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ ।
ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ । ੨ ।
ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ।
ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ । ੩ ।
ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ ।
ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ । ੪ । ੧੭ । ੧੧੯ ।

(ਆਸਾ ਮ: ੫)

ਪਰਮ ਪਦ ਵਿਚ ਪੁੱਜਕੇ ਕਰਮ ਹਉਮੈ ਦੇ ਆਸਰੇ ਨਹੀਂ ਰਹਿੰਦੇ । ਮੈਂ ਤੇ ਮੇਰੀ ਦਾ ਖ਼ਿਆਲ ਰਹਿ ਜਾਂਦਾ ਹੈ ਇਸ ਲਈ,

ਬ੍ਰਹਮ ਗਿਆਨੀ ਪਰ ਉਪਕਾਰ ਉਮਾਹਾ । ੪ । ੮ ।

(ਗਉੜੀ ਸੁਖਮਨੀ ਮ: ੫)

ਪਰਉਪਕਾਰ ਨਿਤ ਚਿਤਵਤੇ ਨਾਹੀ ਕਿਛੁ ਪੋਚ । ੨ । ੨੯ । ੫੯ ।

(ਬਿਲਾਵਲੁ ਮ: ੫)

ਅੱਗੇ ਜਾ ਕੇ ਜਦੋਂ ਪਰਮ ਪਦ ਤੇ ਪੁੱਜਣ ਦੇ ਸਾਧਨਾਂ ਤੇ ਵਿਚਾਰ ਕੀਤੀ ਜਾਏਗੀ ਤਾਂ ਹੋਰ ਲੱਖਣ ਬੀ ਇਸ ਪਦ ਦੇ ਦਸੇ ਜਾਣਗੇ ਹਾਲਾਂ ਕੁਝ ਇਕ ਨਕਸ਼ਾ ਬੰਨ੍ਹ ਕੇ ਇਹਨੂੰ ਇਥੇ ਹੀ ਛੱਡਦਾ ਹਾਂ । ਪਰ ਇਸ ਵਿਚਾਰ ਦੇ ਖਤਮ ਕਰਨ ਤੋਂ ਪਹਿਲੋਂ ਇਕ ਸ਼ੰਕੇ ਦਾ ਉਤ੍ਰ ਦੇਣਾ ਜ਼ਰੂਰੀ ਹੈ ਜੋ ਕਈ ਗੁਰਬਾਣੀ ਦੇ ਪਾਠੀਆਂ ਦੇ ਮਨ ਵਿਚ ਉਪਜ ਸਕਦਾ ਹੈ । ਉਨ੍ਹਾਂ ਨੂੰ ਕਈ ਐਸੇ ਸ਼ਬਦ ਯਾਦ ਆ ਜਾਣਗੇ ਜਿਨ੍ਹਾਂ ਵਿਚ ਜੀਵ ਨੂੰ ਨਿਰੰਕਾਰ ਤੋਂ ਭਿੰਨ ਨਹੀਂ ਦੱਸਿਆ । ਜੇ ਉਹ ਗਹੁ ਨਾਲ ਉਨ੍ਹਾਂ ਸ਼ਬਦਾਂ ਨੂੰ ਪੜ੍ਹਨਗੇ ਤਾਂ ਪਤਾ ਲਗੇਗਾ ਕਿ ਹਰੀਜਨਾਂ, ਗੁਰਮੁਖਾਂ, ਸਾਧਾਂ, ਸੰਤਾਂ, ਬ੍ਰਹਮ ਗਿਆਨੀਆਂ ਨੂੰ ਹਰੀ ਰੂਪ ਕਹਿਆ ਗਇਆ ਹੈ । ਤੇ ਜਦੋਂ ਪਰਮ ਪਦ ਨੂੰ ਪੁੱਜੇ ਹੋਏ ਮਨੁੱਖਾਂ ਦਾ ਨੁਕਤਾ ਨਿਗਾਹ ਬਿਆਨ ਕੀਤਾ ਹੈ ਤਾਂ ਕਹਿਆ ਹੈ ਕਿ ਉਹ ਨਿਰੰਕਾਰ ਦੇ ਸਿਵਾ ਹੋਰ ਕੁਝ ਨਹੀਂ ਵੇਖਦੇ । ਇਕ ਸਾਇੰਸਵੇਤਾ ਇਹ ਕਹਿੰਦਾ ਹੈ ਕਿ ਰੰਗ ਕੋਈ ਸ਼ੈ ਨਹੀਂ । ਇਹ [1]ਅਲੈਕਟਰੋਮੈਗ਼ਨੈਟਿਕ ਲਹਿਰਾਂ ਦਾ ਇਕ ਕੌਤਕ ਹੈ । ਪਰ ਇਹ ਨਾ ਆਮ ਪੁਰਸ਼ਾਂ ਦੀ ਸਮਝ ਹੈ ਨਾ ਉਨ੍ਹਾਂ ਦਾ ਨੁਕਤਾ ਨਿਗਾਹ ਹੈ । ਸਾਇੰਸਵੇਤਾ ਨਿਰੋਲ ਸੱਚ ਕਹਿ ਰਹਿਆ ਹੈ ਪਰ ਆਮ ਪੁਰਸ਼ਾਂ ਪੁਰ ਇਹ ਸਚਾਈ ਤਦੋਂ ਹੀ ਉਘੜੇਗੀ ਜਦੋਂ ਉਹ ਸਾਇੰਸ ਪਰਤਾਵਿਆਂ ਸਹਿਤ ਪੜ੍ਹ ਲੈਣਗੇ । ਇਸੇ ਤਰਹ ਬ੍ਰਹਮ-ਗਿਆਨੀ ਦੇ ਮਹਿਸੂਸਾਤ ਤੇ ਭਾਵ ਸੁਣ ਕੇ ਅਸੀਂ ਇਹ ਨਹੀਂ ਕਹਿ ਸਕਦੇ 'ਬ੍ਰਹਮ ਗਿਆਨੀ ਇਕ ਮਨੁਖ ਹੈ,ਇਸ ਲਈ ਸਾਰੇ ਮਨੁਖ ਬ੍ਰਹਮ ਗਿਆਨੀ ਹਨ' । ਇਤਿਹਾਸ ਵਿਚ ਪ੍ਰਸਿੱਧ ਸਾਖੀ ਹੈ ਕਿ ਗੁਰੂ

[1]ਬਿਜਲੀਜ ਚੁੰਬਕੀ ਲਹਿਰਾਂ ।

ਅਰਜਨ ਦੇਵ ਜੀ ਨੇ ਭਗਤ ਕਾਨ੍ਹੇ ਦਾ ਇਹ ਸ਼ਬਦ ਦਰਜ ਕਰਨੋਂ ਨਾਂਹ ਕਰ ਦਿਤੀ

ਮੈਂ ਓਹੀ ਰੇ । ਮੈਂ ਓਹੀ ਰੇ ।
ਜਾ ਕਉ ਸੁਰ ਨਰ ਮੁਨਿ ਜਨ ਖੋਜਤ ਭੇਦ ਨ ਪਾਵਤ ਕੋਈ ਰੇ ।

ਹਰ ਇਕ ਜੀਵ-ਆਤਮਾ ਬ੍ਰਹਮ ਰੂਪ ਹੋ ਸਕਦੀ ਹੈ ਪਰ ਐਸ ਮੈਲ ਭਰੀ ਹਾਲਤ ਵਿਚ ਉਹ ਬ੍ਰਹਮ ਨਹੀਂ । ਹਾਂ, ਪਰ ਨਿਰਮਲ ਨਿੰਰਕਾਰੀ ਜੋਤ ਉਹਦੇ ਅੰਦਰ ਬੀ ਹੈ ।

# ਪਰਮ ਪਦ ਦੀ ਪ੍ਰਾਪਤੀ ਕਿਵੇਂ ਹੋਵੇ ?

ਅਸੀਂ ਹੁਣ ਉਨ੍ਹਾਂ ਲੋਕਾਂ ਦੇ ਖਿਆਲਾਂ ਪੁਰ ਵਧੀਕ ਵਿਚਾਰ ਨਹੀਂ ਕਰਾਂਗੇ ਜਿਹੜੇ ਸਰੀਰ ਦੇ ਨਾਸ ਨਾਲ ਹੀ ਸ਼ਖਸੀਅਤ ਦਾ ਵੀ ਨਾਸ ਮੰਨਦੇ ਹਨ। ਉਨ੍ਹਾਂ ਦਾ ਮੁੱਖ ਮੰਤਵ ਸਰੀਰਕ ਅਰੋਗਤਾ ਤੇ ਸਰੀਰਕ ਵਿਸ਼ਿਆਂ ਦੇ ਭੋਗ ਤੋਂ ਉਚੇਰਾ ਨਹੀਂ ਹੋ ਸਕਦਾ। ਜੇ ਵਧੀਕ ਤੋਂ ਵਧੀਕ ਛਾਲ ਮਾਰਨਗੇ ਤਾਂ ਇਹ ਸੰਕਲਪ ਪ੍ਰਗਟ ਕਰ ਦੇਣਗੇ ਕਿ ਸਾਰੇ ਮਨੁਖ ਦੇਹ ਅਰੋਗ ਤੇ ਪਦਾਰਥਾਂ ਦੀ ਬਹੁਲਤਾ ਵਾਲੇ ਹੋ ਜਾਣ। ਪਰ ਇਸ ਪ੍ਰਯੋਜਨ ਦਾ ਪ੍ਰਚਾਰ ਕਰਦੇ ਹੋਏ ਜਾਂ ਇਹਦੇ ਲਈ ਜਤਨ ਕਰਦੇ ਹੋਏ ਇਸ ਗੱਲ ਦਾ ਖ਼ਾਸ ਖਿਆਲ ਰਖਣਗੇ ਕਿ ਆਪਣੇ ਸੁਖਾਂ ਨੂੰ ਠੇਸ ਨਾ ਲਗੇ ਤੇ ਜਿਸ ਭਾਈਚਾਰਕ ਪ੍ਰਬੰਧ ਵਿਚ ਆਪਣੇ ਸੁਖ ਥਿਰ ਰਹਿੰਦੇ ਦਿੱਸਣ ਉਹਨੂੰ ਕਾਇਮ ਰਖਣ ਲਈ ਜਬਰ ਤੋਂ ਵੀ ਕੰਮ ਲੈਣੋਂ ਨਹੀਂ ਸੰਗਦੇ। ਆਪਣੇ ਆਪ ਨੂੰ ਦੂਜੇ ਮਨੁਖਾਂ ਜਾਂ ਕੌਮਾਂ ਨਾਲੋਂ ਚੰਗੇਰਾ ਮੰਨਦੇ ਹਨ ਤੇ ਉਸ ਵਡਪੁਣੇ ਨੂੰ ਕਾਇਮ ਰਖਣ ਲਈ ਦੂਜਿਆਂ ਤੇ ਜ਼ੁਲਮ ਕਰਨੋਂ ਸੰਗਦੇ ਨਹੀਂ, ਸਗੋਂ ਇਸਨੂੰ ਜਾਇਜ਼ ਸਮਝਦੇ ਹਨ।

ਦੂਜੇ ਉਹ ਲੋਕ ਹਨ ਜੋ ਰੂਹ ਦੀ ਹਸਤੀ ਨੂੰ ਮੰਨਦੇ ਹਨ ਪਰ ਜਿਨ੍ਹਾਂ ਨੇ ਨਿਰੰਕਾਰ ਨੂੰ ਇਕ ਸਭ ਤੋਂ ਵੱਖਰੀ ਹਸਤੀ ਥਾਪਿਆ ਹੋਇਆ ਹੈ, ਜਿਹੜਾ ਆਪਣੇ ਅਵਤਾਰਾਂ ਜਾਂ ਪੈਗੰਬਰਾਂ ਦੀ ਰਾਹੀਂ ਮਨੁਖੀ ਰੂਹਾਂ ਦੀ ਅਗਵਾਈ ਲਈ ਹੁਕਮ ਘਲਦਾ ਹੈ। ਫਿਰ ਆਪਣੀ ਸ਼ਖਸੀਅਤ ਨੂੰ ਨਿਰੰਕਾਰ ਦੇ ਹੁਕਮ ਮੰਨ ਕੇ ਸੁਰਗ ਜਾਂ ਬਹਿਸ਼ਤ ਵਿਚ ਪੁਚਾਣਾ ਚਾਹੁੰਦੇ ਹਨ। ਇਸ ਲਈ ਜਿਨ੍ਹਾਂ ਕਰਮਾਂ ਨੂੰ ਆਪ ਚੰਗਾ ਸਮਝਦੇ ਹਨ, ਉਹ ਜਬਰਦਸਤੀ ਦੂਜਿਆਂ ਪਾਸੋਂ ਕਰਾਣਾ ਬੁਰਾ ਨਹੀਂ ਮੰਨਦੇ ਸਗੋਂ ਪੁੰਨ ਸਮਝਦੇ ਹਨ। ਨਾਲ ਹੀ ਇਹ ਵੀ ਮੰਨਦੇ ਹਨ ਕਿ ਰੂਹ ਦੀ ਸ੍ਰਿਸ਼ਤ ਵਿਚ ਹੀ ਬਦੀ ਹੈ। ਮਨ ਤਾਂ ਬੁਰੇ ਪਾਸੇ ਜਾਂਦਾ ਹੀ ਰਹੇਗਾ। ਉਨ੍ਹਾਂ ਬੁਰਾਈਆਂ ਦੇ ਫਲ ਤੋਂ ਬਚਨ ਲਈ ਪ੍ਰਾਸ਼ਚਿਤ ਕਰਮ ਕਰਦੇ ਹਨ ਤੇ ਸੁਰਗ ਵਿਚ ਜਾਣ ਲਈ ਹੋਰ ਕਈ ਯਗ ਆਦਿ ਚੰਗੇ ਕਰਮ ਕਰਦੇ ਹਨ। ਇਨ੍ਹਾਂ ਦੇ ਕਰਮਾਂ ਦਾ ਮਨੋਰਥ ਇਹ ਨਹੀਂ ਹੁੰਦਾ ਕਿ ਇਨ੍ਹਾਂ ਦੀ ਰਾਹੀਂ ਆਪਣੇ ਸੁਭਾਉ ਵਿਚ ਤਬਦੀਲੀ ਪੈਦਾ ਕਰਨੀ ਹੈ। ਇਹ ਕਰਮਾਂ ਨੂੰ ਜ਼ਰੀਆ ਨਹੀਂ ਸਮਝਦੇ ਇਹ ਉਨ੍ਹਾਂ ਨੂੰ ਹੀ ਅਵਧੀ ਸਮਝਦੇ

ਹਨ। ਇਸ ਲਈ ਤੀਰਥ ਯਾਤ੍ਰਾ ਦਾਨ ਪੁੰਨ ਆਦਿ ਕਰਮ ਕਦੀ ਕਦੀ ਅੱਗਾ ਸੰਵਾਰਨ ਲਈ ਜਾ ਕਰਦੇ ਹਨ ਪਰ ਜ਼ਿੰਦਗੀ ਦੇ ਸਾਰੇ ਰਵਈਏ ਨੂੰ ਬਦਲਣਾ, ਖ਼ੁਦੀ ਦਾ ਨਾਸ ਕਰਨਾ, ਮੈਂ ਮੇਰੀ ਨੂੰ ਛੱਡਣਾ ਇਹ ਗਲਾਂ ਕਦੀ ਉਨ੍ਹਾਂ ਦੇ ਖਿਆਲ ਵਿਚ ਵੀ ਨਹੀਂ ਆਈਆਂ। ਬਾਹਰਲੇ ਭੇਖ, ਮਸ਼ੀਨਾਂ ਵਾਂਗ ਕਰਮ ਇਨ੍ਹਾਂ ਤੇ ਹੀ ਜ਼ੋਰ ਦੇਂਦੇ ਰਹਿੰਦੇ ਹਨ । ਇਨ੍ਹਾਂ ਸਿਧਾਂਤਾਂ ਬਾਬਤ ਸਤਿਗੁਰ ਫੁਰਮਾਂਦੇ ਹਨ :

ਹਠੁ ਨਿਗ੍ਰਹੁ ਕਰਿ ਕਾਇਆ ਛੀਜੈ। ਵਰਤੁ ਤਪਨੁ ਕਰਿ ਮਨੁ ਨਹ ਭੀਜੈ।
ਰਾਮਨਾਮ ਸਰਿ ਅਵਰੁ ਨ ਪੂਜੈ। ੧।
ਗੁਰੁ ਸੇਵਿ ਮਨਾ ਹਰਿ ਜਨ ਸੰਗੁ ਕੀਜੈ। ਜਮੁ ਜੰਦਾਰੁ ਜੋਹਿ ਨਹੀ ਸਾਕੈ
ਸਰਪਨਿ ਡਸਿ ਨ ਸਕੈ ਹਰਿ ਕਾ ਰਸੁ ਪੀਜੈ। ੧। ਰਹਾਉ।
ਵਾਦੁ ਪੜੈ ਰਾਗੀ ਜਗੁ ਭੀਜੈ। ਤ੍ਰੈ ਗੁਣ ਬਿਖਿਆ ਜਨਮਿ ਮਰੀਜੈ।
ਰਾਮਨਾਮ ਬਿਨੁ ਦੂਖੁ ਸਹੀਜੈ। ੨।
ਚਾੜਸਿ ਪਵਣੁ ਸਿੰਘਾਸਨੁ ਭੀਜੈ। ਨਿਉਲੀ ਕਰਮ ਖਟੁ ਕਰਮ ਕਰੀਜੈ।
ਰਾਮਨਾਮ ਬਿਨੁ ਬਿਰਥਾ ਸਾਸੁ ਲੀਜੈ। ੩।
ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ।
ਅੰਤਰਿ ਚੋਰੁ ਕਿਉ ਸਾਦੁ ਲਹੀਜੈ। ਗੁਰਮੁਖਿ ਹੋਇ ਕਾਇਆ ਗੜੁ ਲੀਜੈ। ੪।
ਅੰਤਰਿ ਮੈਲੁ ਤੀਰਥ ਭਰਮੀਜੈ। ਮਨੁ ਨਹੀ ਸੂਚਾ ਕਿਆ ਸੋਚ ਕਰੀਜੈ।
ਕਿਰਤੁ ਪਇਆ ਦੋਸੁ ਕਾ ਕਉ ਦੀਜੈ। ੫।
ਅੰਨੁ ਨ ਖਾਹਿ ਦੇਹੀ ਦੁਖੁ ਦੀਜੈ। ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ।
ਮਨਮੁਖਿ ਜਨਮੈ ਜਨਮਿ ਮਰੀਜੈ। ੬। ੫।

(ਰਾਮਕਲੀ ਮ: ੧ ਅਸਟਪਦੀਆਂ)

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ।
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ। ੧।
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ।
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ। ੧। ਰਹਾਉ।
ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ।
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ। ੨।
ਮਨਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ।
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ। ੩।
ਕਨਿਕ ਕਾਮਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ।
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿਦੁਆਰਾ। ੪।
ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ।
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ। ੫।

ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ।
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ । ੧ ।
ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ।
ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ । ੭ ।
ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ।
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ । ੮ ।
ਤੇਰੋ ਸੇਵਕੁ ਇਹ ਰੰਗਿ ਮਾਤਾ ।
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ,
ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ । ਰਹਾਉ ਦੂਜਾ । ੧ । ੩ ।

(ਸੋਰਠਿ ਮ: ੫ ਘਰੁ ੨ ਅਸਟਪਦੀਆਂ)

ਨਿਰਾ ਭੇਖ ਧਾਰਨ ਨਾਲ ਕੁਝ ਨਹੀਂ ਬਣਦਾ। ਮਾਇਆ ਦੀਆਂ ਫਸਾਵਟਾਂ ਤੋਂ ਬਚਣ ਵਿਚ ਸਿੱਧੀ ਹੈ ।

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ।
ਜੋਗੁ ਨ ਮੁੰਦੀ ਮੂੰਡਿ ਮੁੰਡਾਇਐ ਜੋਗੁ ਨ ਸਿੰਙੀ ਵਾਈਐ ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ । ੧ ।
ਗਲੀ ਜੋਗੁ ਨ ਹੋਈ ।
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ । ੧ । ਰਹਾਉ ।
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ।
ਜੋਗੁ ਨਾ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ । ੨ ।
ਸਤਿਗੁਰੁ ਭੇਟੈ ਤ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ।
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ । ੩ ।
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ।
ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦ ਪਾਈਐ ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ । ੪ । ੧ । ੮ ।

(ਸੂਹੀ ਮ: ੧ ਘਰ ੭)

ਭੇਖੀ ਅਗਨਿ ਨ ਬੁਝਈ ਚਿੰਤਾ ਹੈ ਮਨ ਮਾਹਿ ।

---

[1]ਅੰਜਨ—ਮਾਇਆ, ਨਿਰੰਜਨ ਰਹੀਐ—ਨਿਰੰਕਾਰ ਵਿਚ ਰਹੀਐ ਭਾਵ ਮਾਇਆ ਤੋਂ ਘਿਰੇ ਹੋਏ ਚਿਤ ਨੂੰ ਨਿਰਕਾਰ ਵਿਚ ਰਖੀਐ ।

ਵਰਮੀ ਮਾਰੀ ਸਾਪੁ ਨ ਮਰੈ ਤਿਉ ਨਿਗੁਰੇ ਕਰਮ ਕਮਾਹਿ । ੧ । ੧੬ ।

(ਗੁਜਰੀ ਕੀ ਵਾਰ ਮ: ੫)

ਸੁਚ, ਤੀਰਥ ਇਸ਼ਨਾਨ ਆਦਿ ਕਰਮ ਅੰਦਰ ਦੀ ਮੈਲ ਨੂੰ ਨਹੀਂ ਧੋ ਸਕਦੇ ।

ਬਾਹਰੁ ਧੋਇ ਅੰਤਰੁ ਮਨੁ ਮੈਲਾ ਦੁਇ ਠਉਰ ਅਪੁਨੇ ਖੋਏ ।
ਈਹਾ ਕਾਮਿ ਕ੍ਰੋਧ ਮੋਹਿ ਵਿਆਪਿਆ ਆਗੈ ਮੁਸਿ ਮੁਸਿ ਰੋਏ । ੧ ।
ਗੋਵਿੰਦ ਭਜਨ ਕੀ ਮਤਿ ਹੈ ਹੋਰਾ ।
ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ । ੧ । ਰਹਾਉ ।
ਮਾਇਆ ਕੀ ਕਿਰਤਿ ਛੋਡਿ ਗਵਾਈ ਭਗਤੀ ਸਾਰ ਨ ਜਾਨੈ ।
ਬੇਦ ਸਾਸਤ੍ਰ ਕਉ ਤਰਕਨਿ ਲਾਗਾ ਤਤੁ ਜੋਗੁ ਨ ਪਛਾਨੈ । ੨ ।
ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ ।
ਅੰਤਰਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ ਛਪਾਇਆ । ੩ ।
ਕੂੜਿ ਕਪਟਿ ਬੰਚਿ ਨਿੰਮੁਨੀਆਦਾ ਬਿਨਸਿ ਗਇਆ ਤਤਕਾਲੇ ।
ਸਤਿ ਸਤਿ ਸਤਿ ਨਾਨਕਿ ਕਹਿਆ ਅਪਨੈ ਹਿਰਦੈ ਦੇਖੁ ਸਮਾਲੇ । ੪ । ੩ । ੪੨ ।

(ਆਸਾ ਮ: ੫)

ਜਪ, ਤਪ ਆਦਿ ਕਰਮ ਵੀ ਹਉਮੈ ਦੀ ਕੰਧ ਨੂੰ ਤੋੜਦੇ ਨਹੀਂ ਸਗੋਂ ਬਾਜ਼ੀਆਂ ਹਾਲਤਾਂ ਵਿਚ ਹੋਰ ਪੱਕਾ ਕਰਦੇ ਹਨ ।

ਜਪ ਤਪ ਬਰਤ **ਕੀਨੇ** ਪੇਖਨ ਕਉ ਚਰਨਾ ਰਾਮ ।
ਤਪਤਿ ਨ ਕਤਹਿ **ਬੁਝੈ** ਬਿਨੁ ਸੁਆਮੀ ਸਰਣਾ ਰਾਮ । ੨ । ੩ । ੬ ।

(ਬਿਹਾਗੜਾ ਮ: ੫, ਘਰ ੨ ਛੰਤ)

[1]ਜਾਪ ਤਾਪ ਗਿਆਨ ਸਭਿ ਧਿਆਨ । ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ।
ਜੋਗ ਅਭਿਆਸ ਕਰਮ ਧ੍ਰਮ ਕਿਰਿਆ ।

---

But let us not forget that the theology is symbolic knowledge whereas the experience is intimate knowledge. And as laughter cannot be compelled by the scientific exposition of the structure of a joke, so a philosophic discussion of the attributes of God (or an impersonal substitute) is likely to miss the intimate response of the spirit which is the central point of the religious experience.

(Eddington, Page 323)

"ਪਰ ਸਾਨੂੰ ਇਹ ਭੁਲਣਾ ਨਹੀਂ ਚਾਹੀਦਾ ਕਿ ਧਾਰਮਕ ਪੁਸਤਕਾਂ ਦਾ ਪੜ੍ਹ ਲੈਣਾ ਲਫ਼ਜ਼ੀ ਗਿਆਨ ਹੈ ਹਾਲਾਂ ਕਿ ਤਜਰਬਾ ਅੰਤ੍ਰੀਵ ਗਿਆਨ ਹੈ । ਤੇ ਜਿਸ ਤਰ੍ਹਾਂ ਕਿਸੇ ਮਖੌਲ ਦੀ ਬਣਤਰ ਦਾ ਵਿਗਿਆਨਿਕ ਬਿਆਨ ਹਾਸਾ ਨਹੀਂ ਉਤਪੰਨ ਕਰ ਸਕਦਾ ਇਕੁਰ ਹੀ ਨਿਰੰਕਾਰ (ਜਾਂ ਸ਼ਖਸੀਅਤ ਹੀਨ ਇਵਜ਼ੀ) ਦੇ ਗੁਣਾਂ ਪੁਰ ਮਨੋਵਿਗਿਆਨਕ ਚਰਚਾ ਅਗਲਬਨ ਆਤਮਾ ਦੀ ਉਸ ਅੰਤ੍ਰੀਵ ਛੋਹ ਤੋਂ ਖਾਲੀ ਰਹੇਗੀ ਜਿਹੜੀ ਛੋਹ ਕਿ ਧਾਰਮਕ ਤਜਰਬੇ ਦਾ ਕੇਂਦਰੀ ਨੁਕਤਾ ਹੈ ।"

ਸਗਲ ਤਿਆਗਿ ਬਨ ਮਧੇ ਫਿਰਿਆ ।

ਅਨਿਕ ਪ੍ਰਕਾਰ ਕੀਏ ਬਹੁ ਜਤਨਾ । ਪੁੰਨ ਦਾਨ ਹੋਮੇ ਬਹੁ ਰਤਨਾ ।

ਸਰੀਰੁ ਕਟਾਇ ਹੋਮੈ ਕਰਿ ਰਾਤੀ । ਵਰਤ ਨੇਮ ਕਰੈ ਬਹੁ ਭਾਤੀ ।
ਨਹੀ ਤੁਲਿ ਰਾਮਨਾਮ ਬੀਚਾਰ ।
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ । ੧ ।

ਨਉਖੰਡ ਪ੍ਰਿਥਵੀ ਫਿਰੈ ਚਿਰੁ ਜੀਵੈ । ਮਹਾ ਉਦਾਸੁ ਤਪੀਸਰੁ ਥੀਵੈ ।

ਅਗਨਿ ਮਾਹਿ ਹੋਮਤ ਪਰਾਨ । ਕਨਿਕ ਅਸ੍ਵ ਹੈਵਰ ਭੂਮਿ ਦਾਨ ।
ਨਿਉਲੀ ਕਰਮ ਕਰੈ ਬਹੁ ਆਸਨ । ਜੈਨ ਮਾਰਗ ਸੰਜਮ ਅਤਿ ਸਾਧਨ ।

ਨਿਮਖ ਨਿਮਖ ਕਰਿ ਸਰੀਰ ਕਟਾਵੈ ।

ਤਉ ਭੀ ਹਉਮੈ ਮੈਲੁ ਨ ਜਾਵੈ । ੨ । ੩ ।

ਪੁਨ:

ਮਨਕਾਮਨਾ ਤੀਰਥ ਦੇਹ ਛੁਟੈ । ਗਰਬੁ ਗੁਮਾਨੁ ਨ ਮਨ ਤੇ ਹੁਟੈ ।

ਸੋਚ ਕਰੈ ਦਿਨਸੁ ਅਰੁ ਰਾਤਿ । ਮਨ ਕੀ ਮੈਲੁ ਨ ਤਨ ਤੇ ਜਾਤਿ ।
ਇਸੁ ਦੇਹੀ ਕਉ ਬਹੁ ਸਾਧਨਾ ਕਰੈ । ਮਨ ਤੇ ਕਬਹੂ ਨ ਬਿਖਿਆ ਟਰੈ ।
ਜਲਿ ਧੋਵੈ ਬਹੁ ਦੇਹ ਅਨੀਤਿ । ਸੁਧ ਕਹਾ ਹੋਇ ਕਾਚੀ ਭੀਤਿ । ੩ । ੩ ।

(ਗਉੜੀ ਸੁਖਮਨੀ ਮ: ੫)

ਕੋਟਿ ਕਰਮ ਕਰੈ ਹਉ ਧਾਰੇ । ਸ੍ਰਮੁ ਪਾਵੈ ਸਗਲੇ ਬਿਰਥਾਰੇ।
ਅਨਿਕ ਤਪਸਿਆ ਕਰੇ ਅਹੰਕਾਰ । ਨਰਕ ਸੁਰਗ ਫਿਰਿ ਫਿਰਿ ਅਵਤਾਰ ।
ਅਨਿਕ ਜਤਨ ਕਰਿ ਆਤਮ ਨਹੀਂ ਦ੍ਰਵੈ ।

ਹਰਿ ਦਰਗਹ ਕਹੁ ਕੈਸੇ ਗਵੈ । ੩੧੨ ।

(ਗਉੜੀ ਸੁਖਮਨੀ ਮ: ੫)

ਕਰਮਾਂ ਦੁਆਰਾ ਸਹਜ ਨਹੀਂ ਉਪਜਦੀ।

[1]ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ।
ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਇ ।
ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਇ ।
ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ।
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਊਪਜੈ ਇਹੁ ਸਹਸਾ ਇਵ ਜਾਇ । ੮ ।

(ਰਾਮਕਲੀ ਮ. ੩ ਅਨੰਦੁ)

ਕਰਮ ਕਰਹਿ ਗੁਰ ਸਬਦੁ ਨ ਪਛਾਣਹਿ ਮਰਿ ਜਨਮਹਿ ਵਾਰੋ ਵਾਰਾ । ੨ । ੧ ।

(ਸੋਰਠਿ ਮ: ੩)

ਕਈ ਸੱਜਣ ਇਕ ਹੋਰ ਰਾਹ ਫੜਦੇ ਹਨ ਉਹ ਕਾਰ ਵਿਹਾਰ ਤਿਆਗ ਕੇ ਜੰਗਲਾਂ ਵਿਚ ਜਾ ਬਹਿੰਦੇ ਹਨ ਤੇ ਉਥੇ ਤਪ, ਹਠ, ਪਾਠ ਜਾਪ ਆਦਿ ਕਰਕੇ ਪਰਮ ਪਦ ਨੂੰ ਪਹੁੰਚਣਾ ਲੋਚਦੇ ਹਨ । ਸਿੱਧ ਗੁਰੂ ਜੀ ਨੂੰ ਕਹਿੰਦੇ ਹਨ :

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ ।
ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ।
ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ ।
ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ । ੭ ।

(ਰਾਮਕਲੀ ਮ: ੧ ਸਿਧ ਗੋਸਟਿ)

ਜਿਸਦਾ ਉਤ੍ਰ ਗੁਰੂ ਜੀ ਇਹ ਦੇਂਦੇ ਹਨ :

ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋਲਾਈ ।
ਬਿਨੁ ਨਾਵੈ ਮਨੁ ਟੇਕ ਨ ਟਿਕਾਈ ਨਾਨਕ ਭੂਖ ਨ ਜਾਈ ।
ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ।
ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ।

(ਰਾਮਕਲੀ ਮ: ੧ ਸਿਧ ਗੋਸਟਿ)

---

[1]We must be free from the unchecked sway, both of our intsincts and of all external moral codes before we can set reason free to do its work in the ethical sphere. Only when it has done its work on the experience of life do we attain anything like wisdom. And only when harmony of mind and conduct is attained is the higher virtue realized. (Tanslay, Page 198)

"ਸਾਨੂੰ ਦੋਹਾਂ ਤੋਂ ਆਜ਼ਾਦ ਹੋਣਾ ਪਵੇਗਾ, ਸੁਭਾਵਾਂ ਦੇ ਬੇਰੋਕ ਰਾਜ ਤੋਂ ਅਰਥਾਤ ਪਸ਼ੂ ਬ੍ਰਿਤੀ ਦੇ ਜਜ਼ਬਿਆ ਤੋਂ ਅਤੇ ਬਾਹਰਲੇ ਇਖਲਾਕੀ ਜ਼ਾਬਤਿਆਂ ਦੀ ਅਧੀਨਗੀ ਤੋਂ ਤਦੋਂ ਹੀ ਅਸੀਂ ਵਿਚਾਰ ਨੂੰ ਇਖਲਾਕੀ ਸੰਸਾਰ ਵਿਚ ਕੰਮ ਕਰਨ ਲਈ ਆਜ਼ਾਦ ਕਰ ਸਕਾਂਗੇ । ਜਦੋਂ ਵਿਚਾਰ ਜੀਵਨ ਦੇ ਤਜਰਬੇ ਦੀ ਨੀਂਹ ਪੁਰ ਕੰਮ ਕਰੇਗੀ, ਤਦੋਂ ਹੀ ਸਾਨੂੰ ਅਸਲ ਸਿਆਣਪ ਪ੍ਰਾਪਤ ਹੋਵੇਗੀ ਤੇ ਜਦੋਂ ਮਨ ਦੇ ਵਿਚਾਰ ਤੇ ਕਰਮ ਇਕ ਸੁਰ ਹੋ ਜਾਣਗੇ ਨਿਰਾ ਜਦੋਂ ਹੀ ਅਸੀਂ ਉਚੇਰੀ ਨੇਕੀ ਦੇ ਦਰਸ਼ਨ ਕਰਾਂਗੇ ।

ਗੁਰਮਤ ਇਹ ਹੈ ਕਿ ਸੰਸਾਰੀ ਕਾਰੋਬਾਰ ਕਰਦਾ ਹੋਇਆ ਮਨੁਖ ਗੁਰੂ ਦੀ ਸਿਖਿਆ ਦ੍ਰਿੜ ਕਰਕੇ ਸੰਸਾਰੀ ਆਜ਼ਮਾਇਸ਼ਾਂ ਪੁਰ ਗਾਲਬ ਹੋਵੇ। ਸਿੱਧਾਂ ਨੇ ਪ੍ਰਸ਼ਨ ਕੀਤਾ :

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ।
ਚਰਪਟ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ।

ਤਾਂ ਗੁਰੂ ਜੀ ਨੇ ਉੱਤਰ ਦਿਤਾ :

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ।
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ।
ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ।
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾਕਾਂ ਦਾਸੋ। ੫।

(ਰਾਮਕਲੀ ਮ: ੧ ਸਿਧ ਗੋਸਟਿ)

ਗ੍ਰਿਹਸਥ ਵਿਚ ਰਹਿਕੇ ਸਚੁ ਸੰਜਮ ਦੁਆਰਾ ਵਰਤੇ ਤੇ ਗੁਰੂ ਉਪਦੇਸ਼ ਦੁਆਰਾ ਆਪਣੀ ਵਰਤੋਂ ਕਰੇ ਤਾਂ ਉਹ ਧਰਮ ਪਦਵੀ ਹਾਸਲ ਕਰ ਲੈਂਦਾ ਹੈ।

ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ।
ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ।
ਮਨ ਰੇ ਗ੍ਰਿਹ ਹੀ ਮਾਹਿ ਉਦਾਸੁ।
ਸਚ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪ੍ਰਗਾਸੁ। ੧। ਰਹਾਉ।
ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ
ਹਰਿ ਕਾ ਨਾਮੁ ਧਿਆਈਐ ਸਤਿ ਸੰਗਤਿ ਮੇਲਿ ਮਿਲਾਇ। ੨। ੩। ੩੫।

(ਸ੍ਰੀ ਰਾਗ ਮ: ੩)

ਸਤਿਗੁਰ ਜੀ ਦਸਦੇ ਹਨ ਕਿ ਤਿਆਗਣ ਜੋਗ ਅਸਲ ਵਿਚ ਕੀ ਹੈ :

ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ। ੩। ੧। ੪।

(ਮਾਰੂ ਮ: ੩ ਅਸਟਪਦੀਆਂ)

ਪ੍ਰਥਮੇ ਛੋਡੀ ਪਰਾਈ ਨਿੰਦਾ। ਉਤਰਿ ਗਈ ਸਭ ਮਨ ਕੀ ਚਿੰਦਾ।
ਲੋਭੁ ਮੋਹੁ ਸਭੁ ਕੀਨੋ ਦੂਰਿ। ਪਰਮ ਬੈਸਨੋ ਪ੍ਰਭਿ ਪੇਖਿ ਹਜੂਰਿ। ੧।
ਐਸੋ ਤਿਆਗੀ ਵਿਰਲਾ ਕੋਇ।
ਹਰਿ ਹਰਿ ਨਾਮੁ ਜਪੈ ਜਨੁ ਸੋਇ। ੧। ਰਹਾਉ।
ਅਹੰਬੁਧਿ ਕਾ ਛੋਡਿਆ ਸੰਗੁ। ਕਾਮ ਕ੍ਰੋਧ ਕਾ ਉਤਰਿਆ ਰੰਗੁ।
ਨਾਮੁ ਧਿਆਏ ਹਰਿ ਹਰਿ ਹਰੇ। ਸਾਧ ਜਨਾ ਕੈ ਸੰਗਿ ਨਿਸਤਰੇ। ੨।
ਬੈਰੀ ਮੀਤ ਹੋਏ ਸੰਮਾਨ। ਸਰਬ ਮਹਿ ਪੂਰਨ ਭਗਵਾਨੁ।
ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ। ੩।

ਕਰਿ ਕਿਰਪਾ ਜਿਸੁ ਰਾਖੈ ਆਪਿ । ਸੋਈ ਭਗਤੁ ਜਪੈ ਨਾਮ ਜਾਪ ।
ਮਨਿ ਪ੍ਰਗਾਸ ਗੁਰ ਤੇ ਮਤਿ ਲਈ ।
ਕਹੁ ਨਾਨਕ ਤਾਕੀ ਪੂਰੀ ਪਈ । ੪ । ੨੭ । ੪੦ ।

(ਭੈਰਉ ਮ: ੫)

ਛੋਡਹੁ ਕਾਮੁ, ਕ੍ਰੋਧੁ ਬੁਰਿਆਈ । ਹਉਮੈ ਧੰਧੁ ਛੋਡਹੁ ਲੰਪਟਾਈ ।
ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲੁ ਭਾਈ ਹੇ । ੯ । ੬ ।

(ਮਾਰੂ ਮ: ੧ ਸੋਹਲੇ)

ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੇ ਬਿਕਾਰ ।
ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ । ੧ ।
ਮਹਲ ਮਹਿ ਬੈਠੇ ਅਗਮ ਅਪਾਰ ।
ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ
ਜਿਸੁ ਗੁਰ ਕਾ ਸਬਦੁ ਰਤਨੁ ਆਚਾਰ । ੧ । ਰਹਾਉ ।
ਦੁਖ ਸੁਖ ਦੋਊ ਸਮਕਰਿ ਜਾਨੈ ਬੁਰਾ ਭਲਾ ਸੰਸਾਰ ।
ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤਸੰਗਤਿ ਗੁਰ ਪਿਆਰ । ੨ । ੫ ।

(ਮਲਾਰ ਮ: ੧)

ਤਿਹ ਜੋਗੀ ਕਉ ਜੁਗਤਿ ਨ ਜਾਨਉ ।
ਲੋਭ ਮੋਹ ਮਾਇਆ ਮਮਤਾ ਫੁਨਿ ਜਿਹ ਘਟ ਮਾਹਿ ਪਛਾਨਉ । ੧ । ਰਹਾਉ ।
ਪਰ ਨਿੰਦਾ ਉਸਤਤਿ ਨਹ ਜਾ ਕੈ ਕੰਚਨ ਲੋਹ ਸਮਾਨੋ ।
ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ । ੧ । ੨ । ੩ ।

(ਧਨਾਸਰੀ ਮ: ੯)

ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ।
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ । ੧ । ੨੮ ।

(ਆਸਾ ਮ: ੫)

ਅਸਲ ਗਲ ਜਿਸ ਤਰ੍ਹਾਂ ਉੱਪਰ ਦੱਸੀ ਜਾ ਚੁਕੀ ਹੈ ਇਹ ਹੈ ਕਿ ਨਿਰੰਕਾਰੀ ਜੋਤ, ਜੋ ਸਾਡੇ ਅੰਦਰ ਵਸਦੀ ਹੈ, ਉਸ ਨਾਲੋਂ ਸਾਨੂੰ ਹਉਮੈ ਨੇ ਨਿਖੇੜਿਆ ਹੋਇਆ ਹੈ । ਜਦ ਤੀਕ ਮਨ ਵਿਚ ਹਉਮੈ ਕਾਇਮ ਹੈ; ਮਾਇਆ ਦਾ ਤਿਆਗ ਨਹੀਂ ਹੋ ਸਕਦਾ ਕਿਉਂਕਿ ਮਾਇਆ ਦਾ ਅਸਰ ਹਉਮੈ ਹੀ ਹੈ ।

ਨਾ ਮਨੁ ਮਰੈ ਨ ਮਾਇਆ ਮਰੈ ।
ਜਿਨਿ ਕਿਛੁ ਕੀਆ ਸੋਈ ਜਾਣੈ ।
ਸਬਦੁ ਵੀਚਾਰਿ ਭਉ ਸਾਗਰੁ ਤਰੈ । ੧ । ਰਹਾਉ ।

... ... ... ... ...

ਜਿਉ ਮਨੁ ਦੇਖਹਿ ਪਰ ਮਨੁ ਤੈਸਾ । ਜੈਸੀ ਮਨਸਾ ਤੈਸੀ ਦਸਾ ।
ਜੈਸਾ ਕਰਮੁ ਤੈਸੀ ਲਿਵ ਲਾਵੈ । ਸਤਿਗੁਰੁ ਪੂਛਿ ਸਹਜ ਘਰੁ ਪਾਵੈ । ੩ । ੧ ।

(ਪ੍ਰਭਾਤੀ ਮ: ੧ ਅਸਟਪਦੀਆਂ)

ਤੇ ਜਦ ਤੀਕ ਮਨ ਵਿਚ ਹਉਮੈ ਕਾਇਮ ਹੈ, ਭਾਵੇਂ ਕਿੰਨੇ ਹੀ ਜਪ, ਤਪ, ਤੀਰਥ ਆਦਿ ਪੁੰਨ ਕਰੀ ਜਾਵੇ ਜਾਂ ਕਾਰ ਵਿਹਾਰ ਤਿਆਗ ਕੇ ਜੰਗਲਾਂ ਵਿਚ ਪਿਆ ਫਿਰੇ, ਪ੍ਰਾਪਤ ਕੁਝ ਨਹੀਂ ਹੋਣਾ ।

ਨਾ ਮਨੁ ਮਰੈ ਨ ਕਾਰਜੁ ਹੋਇ । ਮਨੁ ਵਸਿ ਦੂਤਾ ਦੁਰਮਤਿ ਦੋਇ ।
ਮਨੁ ਮਾਨੈ ਗੁਰ ਤੇ ਇਕੁ ਹੋਇ । ੧ ।
ਨਿਰਗੁਣ ਰਾਮੁ ਗੁਣਹ ਵਸਿ ਹੋਇ ।
ਆਪੁ ਨਿਵਾਰਿ ਬੀਚਾਰੇ ਸੋਇ । ੧ । ਰਹਾਉ ।
ਮਨੁ ਭੂਲੋ ਬਹੁ ਚਿਤੈ ਵਿਕਾਰੁ । ਮਨ ਭੂਲੋ ਸਿਰਿ ਆਵੈ ਭਾਰੁ ।
ਮਨੁ ਮਾਨੈ ਹਰਿ ਏਕੰਕਾਰੁ । ੨ ।
ਮਨੁ ਭੂਲੋ ਮਾਇਆ ਘਰਿ ਜਾਇ । ਕਾਮਿ ਬਿਰੂਧਉ ਰਹੈ ਨ ਠਾਇ ।
ਹਰਿ ਭਜੁ ਪ੍ਰਾਣੀ ਰਸਨ ਰਸਾਇ । ੩ ।
ਗੈਵਰ ਹੈਵਰ ਕੰਚਨ ਸੁਤ ਨਾਰੀ । ਬਹੁ ਚਿੰਤਾ ਪਿੜ ਚਾਲੈ ਹਾਰੀ ।
ਜੂਐ ਖੇਲਣੁ ਕਾਚੀ ਸਾਰੀ । ੪ ।
ਸੰਪਉ ਸੰਚੀ ਭਏ ਵਿਕਾਰ । ਹਰਖ ਸੋਕ ਉਭੇ ਦਰਵਾਰਿ ।
ਸੁਖੁ ਸਹਜੇ ਜਪਿ ਰਿਦੈ ਮੁਰਾਰਿ । ੫ ।
ਨਦਰਿ ਕਰੇ ਤਾ ਮੇਲਿ ਮਿਲਾਏ । ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ ।
ਗੁਰਮੁਖਿ ਨਾਮੁ ਪਦਾਰਥੁ ਪਾਏ । ੬ ।
ਬਿਨੁ ਨਾਵੈ ਸਭ ਦੂਖ ਨਿਵਾਸੁ । ਮਨਮੁਖ ਮੂੜ ਮਾਇਆ ਚਿਤ ਵਾਸੁ ।
ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ । ੭ ।
ਮਨੁ ਚੰਚਲੁ ਧਾਵਤੁ ਫੁਨਿ ਧਾਵੈ । ਸਾਚੇ ਸੂਚੇ ਮੈਲੁ ਨ ਭਾਵੈ ।
ਨਾਨਕ ਗੁਰਮੁਖਿ ਹਰਿਗੁਣ ਗਾਵੈ । ੮ । ੩ ।

(ਗਉੜੀ ਗਵਾਰੇਰੀ ਮ: ੧)

ਫਿਰ ਚੇਤਾ ਕਰਾ ਦੇਵੀਏ ਕਿ ਜਿਸ ਪਦਾਰਥ ਨੂੰ ਅਸਾਂ ਲੱਭਣਾ ਹੈ, ਜਿਸ ਪਰਕਾਸ਼ ਨੂੰ ਅਸਾਂ ਵੇਖਣਾ ਹੈ, ਉਹ ਸਾਡੇ ਅੰਦਰ ਹੈ ।

ਜੈ ਕਾਰਣਿ ਤਟਿ ਤੀਰਥ ਜਾਹੀ । ਰਤਨ ਪਦਾਰਥ ਘਟ ਹੀ ਮਾਹੀ ।
ਪੜਿ ਪੜਿ ਪੰਡਿਤੁ ਬਾਦੁ ਵਖਾਣੈ । ਭੀਤਰਿ ਹੋਦੀ ਵਸਤੁ ਨ ਜਾਣੈ । ੩ । ੮ ।

(ਗਉੜੀ ਮ: ੧)

ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ।
ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ । ੧ ।
ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ।
ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ,
ਘਰਿ ਅੰਮ੍ਰਿਤੁ ਘਟ ਮਾਹੀ ਜੀਉ । ਰਹਾਉ ।
ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ । ੨ । ੯ ।

(ਸੋਰਠਿ ਮ: ੧)

ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨ ਜਾਣੈ ਪਿਰੁ ਨਾਲੇ ।
ਗੁਰ ਪਰਸਾਦੀ ਸਾਚਾ ਪਿਰੁ ਮਿਲੈ ਅੰਤਰਿ ਸਦਾ ਸਮਾਲੇ ।
ਪਿਰੁ ਅੰਤਰਿ ਸਮਾਲੇ ਸਦਾ ਹੈ ਨਾਲੇ ਮਨਮੁਖਿ ਜਾਤਾ ਦੂਰੇ ।
ਇਹੁ ਤਨੁ ਰੁਲੈ ਰਲਾਇਆ
ਕਾਮਿ ਨ ਆਇਆ ਜਿਨਿ ਖਸਮੁ ਨ ਜਾਤਾ ਹਦੂਰੇ ।
ਨਾਨਕ ਸਾਧਨ ਮਿਲੈ ਮਿਲਾਈ ਪਿਰ ਅੰਤਰਿ ਸਦਾ ਸਮਾਲੇ ।
ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨ ਜਾਣੈ ਪਿਰੁ ਹੈ ਨਾਲੇ । ੪ । ੨ ।

(ਵਡਹੰਸ ਮ: ੩)

ਪਾਇਆ ਲਾਲੁ ਰਤਨੁ ਮਨਿ ਪਾਇਆ ।
ਤਨੁ ਸੀਤਲੁ ਮਨੁ ਸੀਤਲੁ ਥੀਆ ਸਤਗੁਰ ਸਬਦਿ ਸਮਾਇਆ । ੧ । ਰਹਾਉ ।
ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ ।
ਕਰੁ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ ।
ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ ਡੋਲਨ ਤੇ ਅਬ ਚੂਕੇ ।
ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ ਮੂਕੇ । ੨ ।
ਅਚਰਜੁ ਏਕੁ ਸੁਨਹੁ ਰੇ ਭਾਈ ਗੁਰਿ ਐਸੀ ਬੂਝ ਬੁਝਾਈ ।
ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ ਤਾਤਿ ਪਰਾਈ । ੩ ।
ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ ।
ਕਹੁ ਨਾਨਕ ਸਚ ਭਏ ਬਿਗਾਸਾ
ਗੁਰਿ ਨਿਧਾਨ ਰਿਦੈ ਲੈ ਰਾਖਿਆ । ੪ । ੩ । ੧੬੧ ।

(ਗਉੜੀ ਮਾਲਾ ਮ: ੫)

ਘਰਿ ਹੀ ਮੁੰਧ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ ।
ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ । ੧ । ੨੦ ।

(ਸਲੋਕ ਮ: ੧ ਵਾਰ ਵਡਹੰਸ)

ਮਨਮੁਖ ਕੋਠੀ ਅਗਿਆਨੁ ਅੰਧੇਰਾ ਤਿਨ ਘਰਿ ਰਤਨੁ ਨ ਲਾਖਾ ।
ਤੇ ਉਝੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖੁ ਚਾਖਾ । ੩ । ੨ ।

(ਜੈਤਸਰੀ ਮ: ੪)

ਕੀਏ ਉਪਾਵ ਮੁਕਤਿ ਕੇ ਕਾਰਨਿ ਦਹ ਦਿਸਿ ਕਉ ਉਠਿ ਧਾਇਆ ।
ਘਟ ਹੀ ਭੀਤਰਿ ਬਸੈ ਨਿਰੰਜਨੁ ਤਾ ਕੋ ਮਰਮੁ ਨ ਪਾਇਆ । ੨ । ੨ ।

(ਜੈਤਸਰੀ ਮ: ੯)

ਏਕਾ ਸੇਜ ਵਿਛੀ ਧਨ ਕੰਤਾ । ਧਨ ਸੂਤੀ ਪਿਰੁ ਸਦ ਜਾਗੰਤਾ ।
ਧਨ ਜਾਗੈ ਜੇ ਪਿਰੁ ਬੋਲੰਤਾ । ੩ ।

(ਸੂਹੀ ਮ: ੫)

ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ।
ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ । ੨ । ੪ ।

(ਸਲੋਕ ਮ: ੩ ਵਾਰ ਸੋਰਠਿ ਮ: ੪)

ਇਸ ਚਾਨਣ ਨੂੰ ਹਉਮੈ ਦੇ ਪਰਦੇ ਨੇ ਲੁਕਾਇਆ ਹੋਇਆ ਹੈ ।

ਘਰ ਹੀ ਮਾਹਿ ਦੂਜੈ ਭਾਇ ਅਨੇਰਾ । ਚਾਨਣੁ ਹੋਵੈ ਛੋਡੈ ਹਉਮੈ ਮੇਰਾ ।
ਪਰਗਟੁ ਸਬਦੁ ਹੈ ਸੁਖਦਾਤਾ
ਅਨਦਿਨੁ ਨਾਮੁ ਧਿਆਵਣਿਆ । ੫ । ੨੭ । ੨੮ ।

(ਮਾਝ ਮ: ੩)

ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ।
ਭਾਂਭੀਰੀ ਕੇ ਪਾਤ ਪਾਰਦੋ ਬਿਨੁ ਪੇਖੇ ਦੂਰਾਇਓ । ੩ ।
ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ ।
ਕਹੁ ਨਾਨਕ ਹਉਮੈ ਭੀਤਿ ਗੁਰ ਖੋਈ
ਤਉ ਦਇਆਰੁ ਬੀਠਲੋ ਪਾਇਓ । ੪ । ੧੧ । ੬੧ ।

(ਸੋਰਿਠ ਮ: ੫ ਚਉਪਦੇ)

ਹਉਮੈ ਜਲਤੇ ਜਲਿ ਮੁਏ ਭ੍ਰਮਿ ਆਏ ਦੂਜੈ ਭਾਇ ।
ਪੂਰੈ ਸਤਿਗੁਰਿ ਰਾਖਿ ਲੀਏ ਆਪਣੈ ਪੰਨੈ ਪਾਇ ।
ਇਹੁ ਜਗੁ ਜਲਤਾ ਨਦਰੀ ਆਇਆ ਗੁਰ ਕੈ ਸਬਦਿ ਸੁਭਾਇ ।
ਸਬਦਿ ਰਤੇ ਸੇ ਸੀਤਲ ਭਏ ਨਾਨਕ ਸਚੁ ਕਮਾਇ । ੧ । ੨ ।

(ਸਲੋਕ ਮ: ੩ ਵਾਰ ਸੋਰਠਿ ਮ: ੪)

ਸਿੱਧਾਂ ਨੇ ਪ੍ਰਸ਼ਨ ਕੀਤਾ ਕਿ ਮਾਇਆ ਲੋਹੇ ਵਤ ਕਰੜੀ ਹੈ, ਅਸੀਂ ਕਮਜ਼ੋਰ ਹਾਂ,ਮੋਮ ਦੇ ਦੰਦਾਂ ਨਾਲ ਲੋਹਾ ਕੀਕੁਰ ਚਬੀਏ ?

ਮੈਣ[1] ਕੇ ਦੰਤ ਕਿਉ ਖਾਈਐ ਸਾਰੁ[2] ।
ਜਿਤੁ ਗਰਬੁ ਜਾਇ ਸੁ ਕਵਣੁ ਆਹਾਰੁ ।
ਹਿਵੈ ਕਾ ਘਰੁ ਮੰਦਰੁ ਅਗਨਿ ਪਿਰਾਹਨੁ । ਕਵਨ ਗੁਫਾ ਜਿਤੁ ਰਹੈ ਅਵਾਹਨੁ ।
ਇਤ ਉਤ ਕਿਸ ਕਉ ਜਾਣਿ ਸਮਾਵੈ ।
ਕਵਨ ਧਿਆਨੁ ਮਨੁ ਮਨਹਿ ਸਮਾਵੈ । ੪੫ ।

ਗੁਰੂ ਜੀ ਉਤ੍ਰ ਦਿਤਾ ਕਿ ਹਉਮੈ ਤਿਆਗ ਕੇ ਸਬਦ ਕਮਾਈਏ ਤਾਂ ਲੋਹਾ ਚੱਬ ਸਕੀਦਾ ਹੈ ।

ਹਉ ਹਉ ਮੈ ਮੈ ਵਿਚਹੁ ਖੋਵੈ । ਦੂਜਾ ਮੇਟੈ ਏਕੋ ਹੋਵੈ ।
ਜਗੁ ਕਰੜਾ ਮਨਮੁਖੁ ਗਾਵਾਰੁ । ਸਬਦੁ ਕਮਾਈਐ ਖਾਈਐ ਸਾਰੁ ।
ਅੰਤਰਿ ਬਾਹਰਿ ਏਕੋ ਜਾਣੈ । ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ । ੪੬ ।

(ਰਾਮਕਲੀ ਮ: ੧ ਸਿਧ ਗੋਸਟਿ)

ਜਦ ਤਕ ਹਉ ਦਾ ਖਿਆਲ ਹੈ ਤੇ ਮੇਰੀ ਮੇਰੀ ਕਰ ਰਹਿਆ ਹੈ, ਇਹ ਦੁਖੀ ਹੈ ।

ਜਬ ਲਗੁ ਜਾਨੈ ਮੁਝ ਤੇ ਕਛੁ ਹੋਇ । ਤਬ ਇਸ ਕਉ ਸੁਖੁ ਨਾਹੀ ਕੋਇ ।
ਜਬ ਇਹ ਜਾਨੈ ਮੈ ਕਿਛੁ ਕਰਤਾ ।
ਤਬ ਲਗੁ ਗਰਭ ਜੋਨਿ ਮਹਿ ਫਿਰਤਾ । ੪ । ੧੨ ।

(ਗਉੜੀ ਸੁਖਮਨੀ ਮ: ੫)

ਕਿਉਂਕਿ ਹਉਮੈ ਜਦ ਤੀਕ ਕਾਇਮ ਹੈ ਨਾਮ ਦਾ ਵਾਸਾ ਮਨ ਵਿਚ ਨਹੀਂ ਹੋ ਸਕਦਾ ।

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ।[3]
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ । ੧ ।
ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ।
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ । ਰਹਾਉ ।
ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ।
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ । ੨ ।
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ।
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ । ੩ ।
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ।
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ । ੪ । ੯ । ੧੨ ।

(ਵਡਹੰਸ ਮ: ੩)

---

[1]ਮੈਣ—ਮੋਮ, ਕਈ ਮੀਨ ਤੋਂ ਇਹ ਸ਼ਬਦ ਕੱਢ ਕੇ ਮੱਛੀ ਬੀ ਅਰਥ ਕਰਦੇ ਹਨ । ਮੱਛੀ ਦੇ ਦੰਦ ਵੀ ਬਹੁਤ ਨਿਰਬਲ ਜੇਹੇ ਹੁੰਦੇ ਹਨ ।

[2]ਸਾਰ ਲੋਹਾ ।

[3]ਨਾਮ ਦਾ ਜਾਪੁ ਤੇ ਨਾਮ ਦਾ ਨਿਵਾਸ ਦੋ ਅੱਡ ਅੱਡ ਹਾਲਤਾਂ ਹਨ । ਨਿਵਾਸ ਅੰਤਲੀ ਦਸ਼ਾ ਪੂਰਣਤਾ ਦੀ ਹੈ ।

ਇਸ ਲਈ ਹਉ ਦੇ ਮੇਟਣ ਨਾਲ ਹੀ ਦੁਖ ਦੂਰ ਹੋਵੇਗਾ।

ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ।
ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗ। ੪੯।

(ਗਉੜੀ ਬਾਵਨ ਅਖਰੀ ਮ: ੫)

ਮਨ ਸ਼ਖਸੀਅਤ[1] ਦੇ ਖਿਆਲ ਨਾਲ ਹੀ ਇਕ ਰੂਪ ਹੋਇਆ ਹੋਇਆ ਹੈ। ਇਸ ਲਈ ਖੁਦੀ ਦੂਰ ਕਰਨ ਨੂੰ 'ਮਨ ਮਾਰਨ, ਮਨ ਨੂੰ 'ਵਸ ਕਰਨ' ਆਦਿ ਸ਼ਬਦਾਂ ਦੁਆਰਾ ਬਿਆਨ ਕੀਤਾ ਗਇਆ ਹੈ। ਜਦ ਤੀਕ ਹਉਮੈ ਕਾਇਮ ਹੈ ਮਨੁਖ ਮਾਇਆ ਦੇ ਅਸਰ ਤੋਂ ਬਾਹਰ ਨਹੀਂ ਹੋ ਸਕਦਾ। ਮਨ ਦੇ ਮਰਨ ਨਾਲ ਮਾਇਆ ਭੀ ਨਾਸ ਹੋ ਜਾਇਗੀ।

ਮਨੁ ਮਾਰੇ ਧਾਤੁ ਮਰਿ ਜਾਇ। ਬਿਨੁ ਮੂਏ ਕੈਸੇ ਹਰਿ ਪਾਇ। ੧। ੫। ੨੫।

(ਗਉੜੀ ਗਵਾਰੇਰੀ ਮ: ੩)

ਹੁਣ ਇਹ ਮਨ ਮਰੇ ਕਿਸ ਤਰਹ? ਇਸ ਵਿਸ਼ੇ ਨੂੰ ਅਰੰਭ ਕਰਨ ਤੋਂ ਪਹਿਲਾਂ ਇਹ ਦਸਣਾ ਜ਼ਰੂਰੀ ਹੈ ਕਿ ਸਿਖੀ ਮਾਰਗ ਦੇ ਪਰਚਾਰ ਤੋਂ ਪਹਿਲੇ ਪਰਮ ਪਦ ਦੀ ਪ੍ਰਾਪਤੀ ਦੇ ਰਾਹ ਕੀ ਸਨ? ਸਤਿਗੁਰ ਤੋਂ ਪਹਿਲਾਂ ਇਹ ਸਿਧਾਂਤ ਮੰਨੇ ਜਾਂਦੇ ਸਨ —

(੧) ਕਰਮਾਂ ਦੀ ਰਾਹੀਂ ਸ੍ਵਰਗ ਆਦਿ ਦਾ ਵਾਸ ਪ੍ਰਾਪਤ ਕਰਨ ਦਾ ਜਤਨ ਕਰਨਾ।

(੨) ਪੁਰਖ ਦੇ ਅੰਦਰ ਅਨਾਦਿ ਅਗਿਆਨ ਹੈ। ਇਹਦੀ ਨਵਿਰਤੀ ਸਰੂਪ ਦੇ ਧਿਆਨ ਦਵਾਰਾ ਹੁੰਦੀ ਹੈ। ਜਦੋਂ ਪੁਰਖ ਆਪਣੇ ਆਪ ਨੂੰ ਪ੍ਰਕਿਰਤੀ ਨਾਲੋਂ ਅੱਡਰਾ ਜਾਣ ਲੈਂਦਾ ਹੈ, ਦੁਖ ਦਾ ਅਭਾਵ ਹੋ ਜਾਂਦਾ ਹੈ। ਈਹੋ ਹੀ ਸੁਖ ਹੈ।

(੩) ਸੁਖ ਅਸਲ ਵਿਚ ਆਤਮਾ ਦੇ ਸੁਭਾਵ ਵਿਚ ਹੈ। ਇਹ ਸੱਤ ਚਿਤ ਅਨੰਦ ਸਰੂਪ ਹੈ। ਜਦੋਂ ਭਰਮ ਦਾ ਪਰਦਾ ਲੱਥਾ, ਆਪਣੇ ਸਰੂਪ ਦਾ ਅਸਲਾ ਪਛਾਣਿਆ, ਫਿਰ ਅਨੰਦ-ਹੀ ਅਨੰਦ ਹੈ।

(੪) ਪ੍ਰਕਿਰਤੀ ਤੇ ਮਾਇਆ, ਇਹ ਸਾਰੀ ਪਰਵਿਰਤੀ ਦਾ ਕਾਰਨ ਹਨ। ਇਨ੍ਹਾਂ ਤੋਂ ਤਬੀਅਤ ਤੋੜ ਕੇ ਅੰਤਰ-ਮੁਖੀ ਹੋਵੇ। ਅਸਲੀ ਤ੍ਰੀਕਾ ਪ੍ਰਾਣਯਾਮ ਦਵਾਰਾ ਇੰਦ੍ਰਿਆਂ ਨੂੰ ਸਿਥੱਲ ਕਰਕੇ ਚਿੱਤ ਨੂੰ ਇਕਾਗਰ ਕਰਨਾ ਹੈ ਤੇ ਫਿਰ ਸਮਾਧੀ ਵਿਚ ਲੀਨ ਹੋ ਕੇ ਸਰੂਪ ਦਾ ਅਨੰਦ ਲੈਣਾ ਹੈ।

ਅਸੀਂ ਕ੍ਰਮ ਅਨੁਸਾਰ ਇਨ੍ਹਾਂ ਸਾਰਿਆਂ ਸਿੱਧਾਂਤਾਂ ਤੇ ਵਿਚਾਰ ਕਰਾਂਗੇ। ਤੇ ਗੁਰਮੱਤ ਸਿਧਾਂਤ ਨੂੰ ਨਿਖੜ ਕੇ ਪਰਗਟ ਕਰਾਂਗੇ।

ਅਸੀਂ ਇਹ ਦਸ ਚੁਕੇ ਹਾਂ ਕਿ ਜਦ ਤੀਕ 'ਹਉ' ਦਾ ਕੇਂਦ੍ਰ ਕਾਇਮ ਹੈ, ਜਿਤਨੇ ਵੀ ਕਰਮ ਕੀਤੇ ਜਾਣ, ਉਹ ਬੰਧਨ ਰੂਪ ਹੀ ਹੁੰਦੇ ਹਨ।

ਹਉ ਹਉ ਕਰਤੇ ਕਰਮ ਰਤ ਤਾਕੋ ਭਾਰੁ ਅਫਾਰ।
ਪ੍ਰੀਤਿ ਨਹੀ ਜਉ ਨਾਮ ਸਿਉ ਤਉ ਏਊ ਕਰਮ ਬਿਕਾਰ। ੯।

(ਗਉੜੀ ਬਾਵਨ ਅਖਰੀ ਮ: ੫)

---

[1] individuality.

ਜਦ ਤੀਕ ਹਉਮੈ ਦੀ ਮੈਲ ਮਨ ਅੰਦਰ ਹੈ ਜਿੰਨੇ ਭੀ ਕਰਮ ਕਰੀਏ ਮੈਲੇ ਹਨ।

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ।
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ। ੧।
ਜਪਿ ਮਨ ਮੇਰੇ ਤੂ ਏਕੋ ਨਾਮੁ।
ਸਤਗੁਰਿ ਦੀਆ ਮੋ ਕਉ ਏਹੁ ਨਿਧਾਨੁ। ੧। ਰਹਾਉ।
ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ।
ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ। ੨।
ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ।
ਸਤਗੁਰਿ ਮਿਲਿਐ ਉਲਟੀ ਭਈ ਕਹਣਾ ਕਿਛੂ ਨ ਜਾਇ। ੩।
ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ
ਗੁਰ ਕੈ ਸਬਦਿ ਫਿਰਿ ਜੀਵੈ ਕੋਇ।
ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ। ੪। ੧।

ਪਰ ਸਤਿਗੁਰ ਇਹ ਨਹੀਂ ਦ੍ਰਿੜ੍ਹਾਂਦੇ ਕਿ ਕਿਰਿਆ (activity) ਛੱਡ ਦਿਓ। ਕਿਰਿਆ ਤੋਂ ਉਪਜੇ ਹੋਏ ਕਰਮ ਤਿੰਨਾਂ ਅਧਾਰਾਂ ਤੇ ਹੋ ਸਕਦੇ ਹਨ।

(੧) ਹਉ ਦੇ ਆਸਰੇ।

(੨) ਰਹਿਤ ਵਜੋਂ। ਇਨ੍ਹਾਂ ਕਰਮਾਂ ਦਾ ਭਾਵ ਆਪਣ ਅੰਤਰ ਆਤਮੇ ਖਾਸ ਲੀਹਾਂ ਪਾਣਾ ਹੈ। ਅਉਗੁਣ ਕਟਣੇ ਤੇ ਗੁਣ ਪੈਦਾ ਕਰਨੇ ਇਹ ਮਨੋਰਥ ਹੈ। ਕਰਮ ਕਰਦਾ ਹੋਇਆ ਮਨੁਖ ਬਿਫਰਦਾ ਨਹੀਂ ਸਗੋਂ ਅੰਤ੍ਰੀਵ ਤਬਦੀਲੀ ਨੂੰ ਪੈਦਾ ਕਰਨ ਦਾ ਚਾਹਵਾਨ ਹੁੰਦਾ ਹੈ। ਅਜੇਹੇ ਕਰਮਾਂ ਵਿਚ ਰਹਿਤ ਦੀ ਰਾਹੀਂ ਸਤਿਗੁਰ ਆਪ ਸਿਖ ਨੂੰ ਲਾਂਦੇ ਹਨ। ਇਹ ਕਰਮ ਮਨੁਖ ਦੀ ਮਨਮੱਤ ਤੋਂ ਨਹੀਂ ਉਪਜਦੇ। ਇਹਨਾਂ ਦਾ ਆਧਾਰ ਗੁਰ ਸ਼ਬਦ ਹੈ ਅਰਥਾਤ ਗੁਰੂ ਦਾ ਹੁਕਮ ਹੈ। ਭਾਵੇਂ ਪੁਰਖ ਆਪਣੇ ਆਪ ਨੂੰ ਸੰਵਾਰਨ ਦਾ ਕਿਤਨਾ ਹੀ ਜਤਨ ਕਰੇ ਜਦ ਤੀਕ 'ਆਪਣਤ' ਕਾਇਮ ਹੈ ਹਉਮੈ ਦਾ ਨਾਸ ਨਹੀਂ ਹੁੰਦਾ। ਪਰ ਜਦੋਂ ਮਨੁਖ ਦੂਜੇ ਦੇ ਹੁਕਮ ਵਿਚ ਤੁਰਨ ਲਗ ਪੈਂਦਾ ਹੈ ਤਦੋਂ ਦੂਜੇ ਦੀ ਤਬੀਅਤ ਦਾ ਰੰਗ ਉਸ ਪੁਰ ਚੜ੍ਹਨ ਲੱਗ ਪੈਂਦਾ ਹੈ। ਇਹ ਪਰਗਟ ਹੈ ਕਿ ਜਿਸ ਮਰਜੀ ਦੇ ਅਸਾਂ ਆਪਣੇ ਆਪ ਨੂੰ ਤਾਬੇ ਕਰਨਾ ਹੈ ਉਹ ਜ਼ਰੂਰ ਹਉ ਰਹਿਤ ਹੋਣੀ ਚਾਹੀਦੀ ਹੈ। ਤੇ ਉਹ ਮਰਜੀ ਸਤਿਗੁਰੂ ਦੀ ਹੈ ਜਿਸ ਦੇ ਵਿਚ ਹਉਮੈ ਦੀ ਮੈਲ ਨਹੀਂ। ਜਦੋਂ ਸਿਖ ਆਪਣੇ ਆਪ ਦਾ ਤਿਆਗ ਕਰਕੇ, ਗੁਰੂ ਦੇ ਹੁਕਮ ਅਨੁਸਾਰ ਤੁਰਦਾ ਹੈ ਤਾਂ ਗੁਰਮੱਤ ਉਹਦੇ ਅੰਦਰ ਜਾਗਦੀ ਹੈ ਤੇ ਗੁਰ ਗਿਆਨ ਦਾ ਉਹਦੇ ਅੰਦਰ ਪ੍ਰਕਾਸ਼ ਹੋਂਦਾ ਹੈ। ਗੁਰੂ ਦੇ ਦਸੇ ਕਰਮ ਕਰਨੇ ਸਿੱਖ ਦਾ ਪਰਮ ਧਰਮ ਹੈ। ਜਿਸ ਤਰਹ ਸਿਪਾਹੀ ਨੂੰ ਕਵਾਇਦ ਪ੍ਰੇਡ ਸਿਖਾਣ ਦਾ ਮੁਖ ਪ੍ਰਯੋਜਨ ਇਹ ਹੈ ਕਿ ਬਿਨਾ ਹੀਲ ਹੁੱਜਤ ਉਹਦੇ ਅੰਦਰ ਆਪਣੇ ਅਫ਼ਸਰ ਦਾ ਹੁਕਮ

ਮੰਨਣ ਦੀ ਆਦਤ ਪੈਦਾ ਹੋ ਜਾਏ ਇਕੁਰ ਸਿੱਖ ਗੁਰ ਹੁਕਮ ਵਿਚ ਤੁਰਦਾ ਹੋਇਆ ਅਪਣਤ ਦਾ ਨਾਸ ਕਰਦਾ ਹੈ। ਅਜੇਹੇ ਕਰਮ ਵਰਜਿਤ ਨਹੀਂ ਸਗੋਂ ਵਿਹਤ ਹਨ। ਕਰਨ ਜੋਗ ਹਨ।

(੩) ਤੀਜੇ ਕਰਮ ਸੁਭਾਵ ਦਾ ਪਰਗਟ ਹੋਣਾ ਹਨ। ਜਿਕੁਰ ਸੋਮੇਂ ਵਿੱਚੋਂ ਸੁਤੇ ਜਲ ਨਿਕਲਦਾ ਹੈ, ਇਕੁਰ ਬ੍ਰਹਮ ਗਿਆਨੀ ਦੇ ਮਨ ਵਿਚੋਂ ਪਰਉਪਕਾਰ ਪਰਗਟ ਹੋਂਦਾ ਹੈ।

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ। ੩। ੯।

(ਗਉੜੀ ਸੁਖਮਨੀ ਮ: ੫)

ਇਹ ਕਰਮ ਸਹਿਜ ਵਿਚ ਹੁੰਦੇ ਹਨ। ਸ਼ੁਭ ਗੁਣਾਂ ਦੇ ਸੋਮੇ ਮਨੁਖ ਦੇ ਅੰਦਰ ਫੁਟ ਪੈਂਦੇ ਹਨ ਤੇ ਨਿਰਯਤਨ ਹੀ ਉਹ ਦੂਜਿਆਂ ਦੇ ਭਲੇ ਵਿਚ ਲਗਾ ਰਹਿੰਦਾ ਹੈ। ਇਸ ਲਈ ਜਿਹੜੇ ਕਰਮ ਸੁਭਾਉ ਦੇ ਬਦਲਣ ਲਈ ਸਹਾਈ ਨਹੀਂ ਹੁੰਦੇ ਉਹ ਗੁਰਮਤ ਵਿਚ ਉੱਕੇ ਨਿਸਫਲ ਦਸੇ ਹਨ। ਦੂਜੇ ਕਰਮ ਸਫਲ ਤਦੋਂ ਹਨ, ਜਦੋਂ ਮਨ ਦੇ ਮਾਰਨ ਵਿਚ ਸਹਾਈ ਹੋਣ, ਨਹੀਂ ਤਾਂ ਉਹ ਬੀ ਅਜਾਈਂ ਜਾਂਦੇ ਹਨ।

ਕੋਟਿ ਕਰਮ ਕਰੈ ਹਉ ਧਾਰੇ। ਸ੍ਰਮੁ ਪਾਵੈ ਸਗਲੇ ਬਿਰਥਾਰੇ। ੩। ੧੨।

(ਗਉੜੀ ਸੁਖਮਨੀ ਮ: ੫)

ਹੁਣ ਰਿਹਾ ਆਪਣੇ ਸਰੂਪ ਦਾ ਗਿਆਨ। ਗੁਰਮੱਤ ਵਿਚ ਨਿਰਾ ਇਹੋ ਹੀ ਕਾਫ਼ੀ ਨਹੀਂ। ਇਹ ਜ਼ਰੂਰੀ ਕਦਮ ਉਸ ਰਸਤੇ ਵਿਚ ਹੈ ਪਰ

ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ। ਆਪੁ ਪਛਾਣੈ ਬੂਝੈ ਸੋਇ।
ਗੁਰਪਰਸਾਦਿ ਕਰੇ ਬੀਚਾਰੁ। ਸੋ ਗਿਆਨੀ ਦਰਗਹ ਪਰਵਾਣੁ। ੪। ੩੦।

(ਸ੍ਰੀ ਰਾਗ ਮ: ੧)

ਆਪਣੇ ਸਰੂਪ ਨੂੰ ਪਛਾਣ ਕੇ ਫਿਰ ਨਿਰੰਕਾਰ ਨੂੰ ਬੁਝਣਾ ਹੈ ਨਹੀਂ ਤਾਂ ਪਰਮ ਪਦ ਹਾਸਲ ਨਹੀਂ ਹੋਣਾ। ਨਿਰੰਕਾਰ ਦਾ ਗਿਆਨ ਕੀ ਹੈ ? ਉਸਦੀ ਸ਼ਕਲ ਤਾਂ ਕੋਈ ਹੈ ਨਹੀਂ, ਨਾ ਹੀ ਉਸਦੀ ਹੋਂਦ ਸੋਚ ਦਾ ਵਿਸ਼ਾ ਬਣ ਸਕਦੀ ਹੈ। ਉਸ ਦੀ ਹੋਂਦ ਦਾ ਪੱਕਾ ਨਿਸਚਾ ਹੋ ਜਾਣਾ ਤੇ ਉਹਦੀ ਹੋਂਦ ਨੂੰ ਅੰਤਰ ਆਤਮੇ ਹਰ ਦਮ ਅਨੁਭਵ ਕਰਨਾ ਈਹੋ ਹੀ ਉਹਦਾ ਗਿਆਨ ਹੈ।

ਜਾ ਕੇ ਰਿਦੈ ਬਿਸ੍ਵਾਸੁ ਪ੍ਰਭ ਆਇਆ।
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ। ੨। ੧੭।

ਅਤੇ ਇਸ ਗਿਆਨ ਦੇ ਹਾਸਲ ਕਰਨ ਦਾ ਤਰੀਕਾ ਨਾਮ ਹੈ।

ਨਾਮ ਸੰਗਿ ਜਿਸ ਕਾ ਮਨੁ ਮਾਨਿਆ।
ਨਾਨਕ ਤਿਨਹਿ ਨਿਰੰਜਨੁ ਜਾਨਿਆ। ੩। ੧੪।

(ਗਉੜੀ ਸੁਖਮਨੀ ਮ: ੫)

ਇਸ ਲਈ ਆਪਾ ਪਛਾਣ ਕੇ ਨਾਮ ਵਿਚ ਲਿਵ ਲਾਵੇ।

ਗੁਰਮੁਖਿ ਆਪੁ ਪਛਾਣੈ ਸੰਤਹੁ ਰਾਮਨਾਮਿ ਲਿਵ ਲਾਈ। ੮। ੨।

(ਰਾਮਕਲੀ ਮ: ੩ ਅਸਟਪਦੀਆਂ)

ਆਪਿ ਪਛਾਣਿ ਰਹੈ ਲਿਵ ਲਾਗਾ।
ਜਨਮੁ ਜੀਤਿ ਗੁਰਮਤਿ ਦੁਖੁ ਭਾਗਾ। ੬। ੪।

(ਬਸੰਤ ਮ: ੧ ਅਸਟਪਦੀਆਂ)

ਬਾਘੁ ਮਰੈ ਮਨੁ ਮਾਰੀਐ ਜਿਸੁ ਸਤਿਗੁਰ ਦੀਖਿਆ ਹੋਇ।
ਆਪੁ ਪਛਾਣੈ ਹਰਿ ਮਿਲੈ ਬਹੁੜਿ ਨ ਮਰਣਾ ਹੋਇ।

(ਸਲੋਕ ਮ: ੧ ਸਲੋਕ ਵਾਰਾਂ ਤੋਂ ਵਧੀਕ)

ਸਾਚੀ ਲਿਵ ਬਿਨੁ ਦੇਹ ਨਿਮਾਣੀ।
ਦੇਹ ਨਿਮਾਣੀ ਲਿਵੈ ਬਾਝਹੁ ਕ੍ਰਿਆ ਕਰੇ ਵੇਚਾਰੀਆ।
ਤੁਧੁ ਬਾਝੁ ਸਮਰਥ ਕੋਈ ਨਾਹੀ ਕ੍ਰਿਪਾ ਕਰਿ ਬਨਵਾਰੀਆ।
ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ।
ਕਹੈ ਨਾਨਕੁ ਲਿਵੈ ਬਾਝਹੁ ਕਿਆ ਕਰੈ ਵੇਚਾਰੀਆ। ੬।

(ਰਾਮਕਲੀ ਮ: ੩ ਅਨੰਦ)

ਇਉ ਰਤਨ ਜਨਮ ਕਾ ਹੋਇ ਉਧਾਰੁ।
ਹਰਿ ਹਰਿ ਸਿਮਰਿ ਪ੍ਰਾਨ ਆਧਾਰੁ। ੪। ੧੯।

(ਗਉੜੀ ਸੁਖਮਨੀ ਮ: ੫)

ਇਸ ਲਈ ਨਿਰਾ ਆਪੇ ਦਾ ਗਿਆਨ ਗੁਰਮੱਤ ਅਨੁਸਾਰ ਸਦਾ ਦਾ ਅਨੰਦ ਨਹੀਂ ਦੇਂਦਾ। ਆਪਾ ਪਛਾਣ ਕੇ ਨਿਰੰਕਾਰ ਵਿਚ ਲਿਵ ਲਾਵੇ।

ਕੀ ਲਿਵ ਲਈ ਇਹ ਜ਼ਰੂਰੀ ਹੈ ਕਿ ਸੂਗ ਦੁਆਰਾ ਵੈਰਾਗ ਪੈਦਾ ਕਰੇ? ਜਿਹੜੇ ਤਾਂ ਇਹ ਮੰਨਦੇ ਹਨ ਕਿ ਸੰਸਾਰ ਪ੍ਰਕਿਰਤੀ ਜਾਂ ਮਾਇਆ ਦਾ ਕਾਰਜ ਹੈ, ਉਨ੍ਹਾਂ ਲਈ ਇਹ ਜ਼ਰੂਰੀ ਹੈ ਕਿ ਕਾਰਨ (ਮਾਇਆ) ਦੇ ਫੰਧੇ ਤੋਂ ਨਿਕਲਣ ਲਈ ਕਾਰਜ (ਸੰਸਾਰ) ਦੇ ਫੰਧੇ ਵਿਚੋਂ ਵੀ ਨਿਕਲਣ। ਪਰ ਜੋ ਸੰਸਾਰ ਨੂੰ ਹੁਕਮ ਦੀ ਖੇਡ ਮੰਨਦੇ ਹਨ ਉਹ ਇਸ ਮਾਇਆ (ਕਾਰਜ) ਦੇ ਮਗਰ ਨਿਰੰਕਾਰ ਦਾ ਹੁਕਮ ਤੇ ਉਹਦੀ ਜੋਤ ਵੇਖਦੇ ਹਨ। ਉਹ ਕੁਦਰਤ ਨੂੰ ਕਸੌਟੀ ਜਾਣ ਕੇ ਇਸ ਤੋਂ ਨੱਠਦੇ ਨਹੀਂ। ਉਹ ਕੁਦਰਤ ਵਿੱਚ ਕਾਦਰ ਦਾ ਜਲਵਾ ਦੇਖ ਪ੍ਰਸੰਨ ਹੁੰਦੇ ਹਨ। ਉਹ

'ਬਲਿਹਾਰੀ ਕੁਦਰਤਿ ਵਸਿਆ'। ੧। ੧੨।

(ਸਲੋਕ ਮ: ੧ ਆਸਾ ਦੀ ਵਾਰ ਮ: ੧)

ਨੂੰ ਪੂਜਦੇ ਹਨ। ਅਤੇ

ਸੋ ਅੰਤਰਿ ਸੋ ਬਾਹਰਿ ਅਨੰਤ। ਘਟਿ ਘਟਿ ਬਿਆਪਿ ਰਹਿਆ ਭਗਵੰਤ।
ਧਰਨਿ ਮਾਹਿ ਆਕਾਸ ਪਇਆਲ। ਸਰਬ ਲੋਕ ਪੂਰਨ ਪ੍ਰਤਿਪਾਲ।

ਬਨਿ ਤਿਨਿ ਪਰਬਤਿ ਹੈ ਪਾਰ ਬ੍ਰਹਮੁ । ਜੈਸੀ ਆਗਿਆ ਤੈਸਾ ਕਰਮੁ ।
ਪਉਣ ਪਾਣੀ ਬੈਸੰਤਰ ਮਾਹਿ । ਚਾਰਿ ਕੁੰਟ ਦਹ ਦਿਸੇ ਸਮਾਹਿ ।
ਤਿਸ ਤੇ ਭਿੰਨ ਨਹੀ ਕੋ ਠਾਉ । ਗੁਰ ਪ੍ਰਸਾਦਿ ਨਾਨਕ ਸੁਖੁ ਪਾਉ । ੨ । ੨੩ ।

(ਗਉੜੀ ਸੁਖਮਨੀ ੫)

ਸਰਬ ਥਾਂ ਉਹਦੀ ਜੋਤ ਵੇਖ ਕੇ ਸੁਖੀ ਹੁੰਦੇ ਹਨ । ਸੂਗ ਦੀ ਥਾਂ

ਜੋ ਰਤੇ ਸਹਿ ਆਪਣੇ ਤਿਨ ਭਾਵੈ ਸਭੁ ਕੋਇ । ੨ । ੧ ।

(ਵਡਹੰਸ ਮ: ੧)

ਸਭ ਨਾਲ ਪਿਆਰ ਕਰਦੇ ਹਨ । ਇਸ ਲਈ ਸਤਿਗੁਰ ਨੇ ਗ੍ਰਹਸਥ ਜਾਂ ਕਾਰ ਵਿਹਾਰ ਦਾ ਤਿਆਗ ਨਹੀਂ ਦਸਿਆ, ਸਗੋਂ ਘਰ ਵਿਚ ਰਹਿ ਕੇ ਨਾਮ ਸਿਮਰਨ ਅਤੇ ਸੱਚ ਕਮਾਵਣ ਨਾਲ ਪਰਮ ਪਦ ਦੀ ਪ੍ਰਾਪਤੀ ਦਸੀ ਹੈ ।

ਸਚਿ ਸਿਮਰਿਐ ਹੋਵੈ ਪਰਗਾਸੁ । ਤਾ ਤੇ ਬਿਖਿਆ ਮਹਿ ਰਹੈ ਉਦਾਸੁ ।
ਸਤਿਗੁਰ ਕੀ ਐਸੀ ਵਡਿਆਈ । ਪੁਤ੍ਰ ਕਲਤ੍ਰ ਵਿਚੇ ਗਤਿ ਪਾਈ । ੨ ੨੪ ।

(ਧਨਾਸਰੀ ਮ: ੧)

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ।
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ । ੨ । ੧੬ ।

(ਵਾਰ ਗੂਜਰੀ ਮ: ੫)

ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ ਜੋ ਨਾਮਿ ਹਰਿ ਰਾਤੇ ।
ਤਿਨ ਕੇ ਘਰ ਮੰਦਰ ਮਹਲ ਸਰਾਈ ਸਭੁ ਪਵਿਤੁ ਹਹਿ
ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ ।
ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ
ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ ।
ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ
ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ ।
ਜਿਨ ਕੈ ਪੋਤੈ ਪੁੰਨੁ ਹੈ ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ । ੮ । ੩ ।

(ਵਾਰ ਸੋਰਠਿ ਮ: ੫)

ਗੁਰਮੁਖਿ ਸਭ ਪਵਿਤੁ ਹੈ ਧਨੁ ਸੰਪੈ ਮਾਇਆ ।
ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖ ਪਾਇਆ ।੨੨ ।

(ਵਾਰ ਸਾਰੰਗ ਮ: ੪)

ਸਿਖ ਸੰਪਦਾ ਨੂੰ ਅਮਾਨਤ ਸਮਝਦੇ ਹਨ ਤੇ ਹੁਕਮ ਅਨੁਸਾਰ ਵਰਤਦੇ ਹਨ ।

ਜਿਸ ਕੀ ਤਿਸ ਕੀ ਕਰਿ ਮਾਨੁ । ਆਪਨ ਲਾਹਿ ਗੁਮਾਨੁ । ੧ । ੩੧ । ੪੨ ।

(ਰਾਮਕਲੀ ਮ: ੫)

ਹਉ ਜਾਇ ਪੂਛਾ ਸੋਹਾਗ ਸੁਹਾਗਣਿ
ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ ।
ਮੈ ਊਪਰਿ ਨਦਰਿ ਕਰੀ ਪਿਰਿ ਸਾਚੈ ਮੈ ਛੋਡਿਅੜਾ ਮੇਰਾ ਤੇਰਾ ।
ਸਭੁ ਮਨੁ ਤਨੁ ਜੀਉ ਕਰਹੁ ਹਰਿਪ੍ਰਭ ਕਾ ਇਤੁ ਮਾਰਗਿ ਭੈਣੇ ਮਿਲੀਐ ।
ਆਪਨੜਾ ਪ੍ਰਭੁ ਨਦਰਿ ਕਰਿ ਦੇਖੈ ਨਾਨਕ ਜੋਤਿ ਜੋਤੀ ਰਲੀਐ । ੩ । ੧ ।

(ਵਡਹੰਸ ਮ: ੪ ਘਰ ੨)

ਸਤਿਗੁਰਿ ਮੋ ਕਉ ਦੀਆ ਉਪਦੇਸੁ । ਜੀਉ ਪਿੰਡੁ ਸਭੁ ਹਰਿ ਕਾ ਦੇਸੁ । ੨ । ੫ ।

(ਆਸਾ ਮ: ੫)

ਰਹੈ ਅਤੀਤੁ ਜਾਣੈ ਸਭੁ ਤਿਸਕਾ । ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ।
ਨਾ ਓਹੁ ਆਵੈ ਨਾ ਓਹੁ ਜਾਇ । ਨਾਨਕ ਸਾਚੇ ਸਾਚਿ ਸਮਾਇ । ੮ । ੨ ।

(ਬਿਲਾਵਲ ਮ: ੧ ਅਸਟਪਦੀਆਂ)

ਅਮਾਨਤ ਸਮਝ ਕੇ ਹੁਕਮ ਵਿਚ ਵਰਤਣਾ ਹੀ ਉਨ੍ਹਾਂ ਦਾ ਤਿਆਗ ਹੈ ।

ਹੁਣ ਪਰਮ ਪਦ ਦੀ ਪ੍ਰਾਪਤੀ ਦਾ ਰਾਹ ਕੀ ਹੈ ? ਹਉਮੈ ਦਾ ਨਾਸ ਫਿਰ ਨਾਮ ਵਿਚ ਲਿਵ । ਹਉਮੈ ਦੇ ਨਾਸ ਲਈ ਗੁਰੂ ਦੇ ਹੁਕਮ ਵਿਚ ਤੁਰਨਾ ਤੇ ਨਿਰੰਕਾਰ ਦੇ ਗੁਣ ਗਾਣੇ ਜ਼ਰੂਰੀ ਹਨ । ਦੋ ਹੀ ਰਸਤੇ ਹਨ । ਮਨਮੁਖਤਾ ਤੇ ਗੁਰਮੁਖਤਾ । ਮਨਮੁਖ ਮਨ ਦੇ ਮਗਰ ਭਜਦਾ ਫਿਰਦਾ ਹੈ ਤੇ ਗੁਰਮੁਖ ਗੁਰੂ ਦੇ ਸ਼ਬਦ ਤੇ ਤੁਰਕੇ ਮਨ ਨੂੰ ਮਾਰਦਾ ਹੈ ।

ਮਨਮੁਖੁ ਲੋਕੁ ਸਮਝਾਈਐ ਕਦਹੁ ਸਮਝਾਇਆ ਜਾਇ ।
ਮਨਮੁਖੁ ਰਲਾਇਆ ਨਾ ਰਲੈ ਪਇਐ ਕਿਰਤਿ ਫਿਰਾਇ ।
ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ ।
ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ ।
ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ
ਮਨੁ ਜੋ ਇਛੇ ਸੋ ਲਹੈ ਸਚੈ ਸਬਦਿ ਸੁਭਾਇ ।
ਅੰਮ੍ਰਿਤ ਨਾਮੁ ਸਦ ਭੁੰਚੀਐ ਗੁਰਮੁਖਿ ਕਾਰ ਕਮਾਇ ।
ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ ਜਾਸੀ ਜਨਮੁ ਗਵਾਇ ।
ਮਨਮੁਖੀ ਮਨਹਠਿ ਹਾਰਿਆ ਕੂੜੁ ਕੁਸਤੁ ਕਮਾਇ ।

ਗੁਰ ਪਰਸਾਦੀ ਮਨੁ ਜਿਣੈ ਹਰਿ ਸੇਤੀ ਲਿਵ ਲਾਇ ।
ਨਾਨਕ ਗੁਰਮੁਖਿ ਸਚੁ ਕਮਾਵੈ ਮਨਮੁਖਿ ਆਵੈ ਜਾਇ । ੨ । ੧੨ ।

(ਸਲੋਕ ਮ: ੩ ਵਾਰ ਸ੍ਰੀ ਰਾਗ)

ਜਦ ਤੀਕ ਮਨ ਨਹੀਂ ਮਰਦਾ ਸੁਖ ਨਹੀਂ ।

ਮਨਮੁਖ ਮੰਨੁ ਅਜਿਤੁ ਹੈ ਦੂਜੈ ਲਗੈ ਜਾਇ ।
ਤਿਸਨੋ ਸੁਖੁ ਸੁਪਨੈ ਨਹੀ ਦੁਖੇ ਦੁਖਿ ਵਿਹਾਇ ।
ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ ।
ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ ।
ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ ।
ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ ।
ਗੁਰ ਪਰਸਾਦੀ ਭਉ ਪਇਆ ਵਡਭਾਗਿ ਵਸਿਆ ਮਨਿ ਆਇ ।
ਭੈ ਪਇਐ ਮਨ ਵਸਿ ਹੋਆ ਹਉਮੈ ਸਬਦਿ ਜਲਾਇ ।
ਸਚਿ ਰਤੇ ਸੇ ਨਿਰਮਲੇ ਜੋਤੀ ਜੋਤਿ ਮਿਲਾਇ ।
ਸਤਿਗੁਰਿ ਮਿਲਿਐ ਨਾਉ ਪਾਇਆ ਨਾਨਕ ਸੁਖਿ ਸਮਾਇ । ੧ । ੬ ।

(ਸਲੋਕ ਮ: ੩ ਵਾਰ ਸੋਰਠਿ ਮ: ੪)

ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ।
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ।
ਬਹੁਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ।
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ । ੧ ।
ਮਨ ਮੇਰੇ ਗੁਰਸਰਣਿ ਆਵੈ ਤਾ ਨਿਰਮਲੁ ਹੋਇ ।
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ । ੧ । ਰਹਾਉ ।

(ਸ੍ਰੀ ਰਾਗ ਮ: ੩)

ਦੂਜੇ ਲੋਕਾਂ ਤੋਂ ਨਫਰਤ ਦੀ ਲੋੜ ਨਹੀਂ ਕਿਉਂਕਿ ਦੂਜੇ ਲੋਕ ਸਾਡੇ ਦੁਖ ਦਾ ਕਾਰਨ ਨਹੀਂ । ਦੁਖ ਦੀ ਜੜ ਸਾਡੇ ਅੰਦਰ ਹੈ ।

ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪ ਬੀਚਾਰਿ ।
ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ । ੧ ।
ਰਾਰਾ ਰੇਨ ਹੋਤ ਸਭ ਜਾ ਕੀ । ਤਜਿ ਅਭਿਮਾਨੁ ਛੁਟੈ ਤੇਰੀ ਬਾਕੀ ।
ਰਣਿ ਦਰਗਹਿ ਤਉ ਸੀਝਹਿ ਭਾਈ ।
ਜਉ ਗੁਰਮੁਖਿ ਰਾਮਨਾਮਿ ਲਿਵ ਲਾਈ ।
ਰਹਤ ਰਹਤ ਰਹਿ ਜਾਹਿ ਬਿਕਾਰਾ । ਗੁਰ ਪੂਰੇ ਕੈ ਸਬਦਿ ਅਪਾਰਾ ।

ਰਾਤੇ ਰੰਗ ਨਾਮ ਰਸ ਮਾਤੇ । ਨਾਨਕ ਹਰਿ ਗੁਰ ਕੀਨੀ ਦਾਤੇ ੪੪ ।

(ਗਉੜੀ ਬਾਵਨ ਅਖਰੀ ਮ: ੫)

ਬੀਰਾ ਆਪਨ ਬੁਰਾ ਮਿਟਾਵੈ । ਤਾਹੂ ਬੁਰਾ ਨਿਕਟਿ ਨਹੀ ਆਵੈ ।
ਬਾਧਿਓ ਆਪਨ ਹਉ ਹਉ ਬੰਧਾ । ਦੋਸੁ ਦੇਤ ਆਗਹ ਕਉ ਅੰਧਾ । ੩੩ ।

(ਗਉੜੀ ਬਾਵਨ ਅਖਰੀ ਮ: ੫)

ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ ।
ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ । ੧ । ੩੯ ।

(ਗਉੜੀ ਬਾਵਨ ਅਖਰੀ ਮ: ੫)

ਇਸ ਲਈ ਦੁਖ ਦੀ ਜੜ੍ਹ ਨੂੰ ਅੰਦਰੋਂ ਕੱਟੋ । ਬਿਨਾਂ ਜੜ੍ਹ ਨੂੰ ਕੱਟੇ ਅਰਥਾਤ ਮਨ ਮਾਰੇ ਵਿਦਿਆ ਪੜ੍ਹਨੀ ਅਥਵਾ ਧਾਰਮਕ ਪੁਸਤਕਾਂ ਦਾ ਪੜ੍ਹਨਾ ਬਿਰਥਾ ਹੈ ।

ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ।
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ।
ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ।
ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ।
ਗੁਣ ਨਿਧਾਨੁ ਹਰਿ ਪਾਇਆ ਸਹਿਜ ਕਰੇ ਵੀਚਾਰੁ ।
ਧੰਨੁ ਵਾਪਾਰੀ ਨਾਨਕ ਜਿਸੁ ਗੁਰਮੁਖਿ ਨਾਮੁ ਅਧਾਰੁ । ੧ । ੨੧ ।

(ਸਲੋਕ ਮ: ੩ ਵਾਰ ਸੋਰਠਿ ਮ: ੪)

ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ ।
ਤ੍ਰੈ ਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ ।
ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ ।
ਅੰਤਰਿ ਤ੍ਰਿਸਨਾ ਭੁਖ ਹੈ ਮੂਰਖ ਭੁਖਿਆ ਮੁਏ ਗਵਾਰ ।
ਸਤਿਗੁਰਿ ਸੇਵਿਐ ਸੁਖੁ ਪਾਇਆ ਸਚੈ ਸਬਦਿ ਵੀਚਾਰਿ ।
ਅੰਦਰਹੁ ਤ੍ਰਿਸਨਾ ਭੁਖ ਗਈ ਸਚੈ ਨਾਇ ਪਿਆਰ ।
ਨਾਨਕ ਨਾਮਿ ਰਤੇ ਸਹਜੇ ਰਹੇ ਜਿਨਾ ਹਰਿ ਰਖਿਆ ਉਰਿਧਾਰਿ । ੧ ੧੩ ।

(ਸਲੋਕ ਮ: ੩ ਵਾਰ ਸੋਰਠਿ ਮ: ੪)

ਜਿਉਂ ਤੂ ਬੁਧੀ ਤੇਜ਼ ਕਰਨ ਨਾਲ ਕੁਝ ਨਹੀਂ ਬਣਦਾ । ਕਰਮ ਤਾਂ ਮਨੁਖ ਸੁਭਾਵ ਦੇ ਆਸਰੇ ਕਰਦਾ ਹੈ ਇਸ ਲਈ ਜਦ ਤੀਕ ਸੁਭਾਵ ਨ ਬਦਲੇ ਤੇਜ਼ ਬੁਧੀ ਨੂੰ ਮਨ ਪਾਪਾਂ ਲਈ ਹੀ ਵਰਤੇਗਾ ।

ਮਨ ਕਾ ਕਹਿਆ ਮਨਸਾ ਕਰੈ । ਇਹ ਮਨੁ ਪੁੰਨੁ ਪਾਪੁ ਉਚਰੈ ।

ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ।
ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ । ੧ । ੨ ।

(ਬਿਲਾਵਲ ਮ: ੧ ਅਸਟਪਦੀਆਂ)

ਮਨ ਮਰੇ ਕਿਕੁਰ ?

ਕਿਉਕਰਿ ਇਹੁ ਮਨੁ ਮਾਰੀਐ ਕਿਉਕਰਿ ਮਿਰਤਕੁ ਹੋਇ ।
ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ ।
ਗੁਰ ਪ੍ਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ।
ਨਾਨਕ ਜਿਸਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ । ੨ ।
ਜੀਵਤ ਮਰਣਾ ਸਭੁ ਕੋ ਕਹੈ ਜੀਵਨ ਮੁਕਤਿ ਕਿਉ ਹੋਇ ।
ਭੈ ਕਾ ਸੰਜਮੁ ਜੇ ਕਰੇ ਦਾਰੂ ਭਾਉ ਲਾਏਇ ।
ਅਨਦਿਨੁ ਗੁਣ ਗਾਵੈ ਸੁਖ ਸਹਜੇ ਬਿਖੁ ਭਵਜਲੁ ਨਾਮ ਤਰੇਇ ।
ਨਾਨਕ ਗੁਰਮੁਖਿ ਪਾਈਐ ਜਾ ਕਉ ਨਦਰਿ ਕਰੇਇ । ੩ । ੪ ।

(ਸਲੋਕ ਮ: ੩ ਵਾਰ ਰਾਮਕਲੀ ਮ: ੩)

ਆਠ ਪਹਰ ਪ੍ਰਭੁ ਅਪਨਾ ਧਿਆਈਐ ਗੁਰ ਪ੍ਰਸਾਦਿ ਭਉ ਤਰੀਐ ।
ਆਪੁ ਤਿਆਗਿ ਹੋਈਐ ਸਭ ਰੇਣਾ ।
ਜੀਵਤਿਆ ਇਉ ਮਰੀਐ । ੨ । ੧੧ । ੫੮ । ੮੨ ।

(ਸੂਹੀ ਮ:)

ਹਉ ਪੂਛਉ ਅਪਨਾ ਸਤਿਗੁਰੁ ਦਾਤਾ ਕਿਨ ਬਿਧਿ ਦੁਤਰੁ ਤਰੀਐ ਰਾਮ ।
ਸਤਿਗੁਰ ਭਾਇ ਚਲਹੁ ਜੀਵਤਿਆ ਇਵ ਮਰੀਐ ਰਾਮ ।
ਜੀਵਤਿਆ ਮਰੀਐ ਭਉਜਲੁ ਤਰੀਐ ਗੁਰਮੁਖਿ ਨਾਮਿ ਸਮਾਵੈ ।
ਪੂਰਾ ਪੁਰਖੁ ਪਾਇਆ ਵਡ ਭਾਗੀ ਸਚਿ ਨਾਮਿ ਲਿਵ ਲਾਵੈ ।
ਮਤਿ ਪਰਗਾਸੁ ਭਈ ਮਨੁ ਮਾਨਿਆ ਰਾਮਨਾਮਿ ਵਡਿਆਈ ।
ਨਾਨਕ ਪ੍ਰਭੁ ਪਾਇਆ ਸਬਦਿ ਮਿਲਾਇਆ ।
ਜੋਤੀ ਜੋਤਿ ਮਿਲਾਈ । ੪ । ੧ । ੪ ।

(ਸੂਹੀ ਛੰਤ ਮ: ੪ ਗਰ ੩)

ਗੁਰੂ ਦੇ ਹੁਕਮ ਵਿਚ ਤੁਰਨ ਨਾਲ ਹੀ ਮਨ ਮਰਦਾ ਹੈ ।

ਮਨੁ ਕੁੰਚਰੁ ਕਾਇਆ ਉਦਿਆਨੈ । ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ।
ਰਾਜ ਦੁਆਰੈ ਸੋਭ ਸੁਮਾਨੈ । ੧ ।
ਚਤੁਰਾਈ ਨਹ ਚੀਨਿਆ ਜਾਇ । ਬਿਨੁ ਮਾਰੇ ਕਿਉ ਕੀਮਤਿ ਪਾਇ । ੧ । ਰਹਾਉ ।

ਘਰ ਮਹਿ ਅੰਮ੍ਰਿਤ ਤਸਕਰੁ ਲੇਈ । ਨੰਨਾਕਾਰੁ ਨ ਕੋਇ ਕਰੇਈ ।
ਰਾਖੈ ਆਪਿ ਵਡਿਆਈ ਦੇਈ । ੨ ।
ਨੀਲ ਅਨੀਲ ਅਗਨਿ ਇਕ ਠਾਈ । ਜਲਿ ਨਿਵਰੀ ਗੁਰਿ ਬੂਝ ਬੁਝਾਈ ।
ਮਨੁ ਦੇ ਲੀਆ ਰਹਸਿ ਗੁਣ ਗਾਈ । ੩ ।
ਜੈਸਾ ਘਰਿ ਬਾਹਰਿ ਸੋ ਤੈਸਾ । ਬੈਸਿ ਗੁਫਾ ਮਹਿ ਆਖਉ ਕੈਸਾ ।
ਸਾਗਰਿ ਡੂਗਰਿ ਨਿਰਭਉ ਐਸਾ । ੪ ।
ਮੂਏ ਕਉ ਕਹੁ ਮਾਰੇ ਕਉਨੁ । ਨਿਡਰੇ ਕਉ ਕੈਸਾ ਡਰੁ ਕਵਨੁ ।
ਸਬਦਿ ਪਛਾਨੈ ਤੀਨੇ ਭਉਨ। ੫ ।
ਜਿਨਿ ਕਹਿਆ ਤਿਨਿ ਕਹਨੁ ਵਖਾਨਿਆ ।
ਜਿਨਿ ਬੂਝਿਆ ਤਿਨਿ ਸਹਜਿ ਪਛਾਨਿਆ ।
ਦੇਖਿ ਬੀਚਾਰਿ ਮੇਰਾ ਮਨੁ ਮਾਨਿਆ । ੬ ।
ਕੀਰਤਿ ਸੂਰਤਿ ਮੁਕਤਿ ਇਕ ਨਾਈ । ਤਹੀ ਨਿਰੰਜਨੁ ਰਹਿਆ ਸਮਾਈ ।
ਨਿਜਘਰਿ ਬਿਆਪਿ ਰਹਿਆ ਨਿਜ ਠਾਈ । ੭ ।
ਉਸਤਤਿ ਕਰਹਿ ਕੇਤੇ ਮੁਨਿ ਪ੍ਰੀਤਿ । ਤਨਿ ਮਨਿ ਸੂਚੈ ਸਾਚੁ ਸੁ ਚੀਤਿ ।
ਨਾਨਕ ਹਰਿ ਭਜੁ ਨੀਤਾ ਨੀਤਿ । ੮ । ੨ ।

(ਗਉੜੀ ਗਵਾਰੇਰੀ ਮ: ੧)

ਮਨੁ ਮੈਗਲੁ ਸਾਕਤੁ ਦੇਵਾਨਾ । ਬਨਖੰਡ ਮਾਇਆ ਮੋਹਿ ਹੈਰਾਨਾ ।
ਇਤ ਉਤ ਜਾਹਿ ਕਾਲ ਕੇ ਚਾਪੇ । ਗੁਰਮੁਖਿ ਖੋਜਿ ਲਹੈ ਘਰੁ ਆਪੇ ।੧ ।
ਬਿਨੁ ਗੁਰ ਸਬਦੈ ਮਨ ਨਹੀ ਠਉਰਾ ।
ਸਿਮਰਹੁ ਰਾਮਨਾਮੁ ਅਤਿ ਨਿਰਮਲੁ ।
ਅਵਰ ਤਿਆਗਹੁ ਹਉਮੈ ਕਉਰਾ । ੧ । ਰਹਾਉ ।

(ਆਸਾ ਮ: ੧)

ਅੰਤਰਿ ਜੋਤਿ ਪਰਗਟੁ ਪਾਸਾਰਾ । ਗੁਰ ਸਾਖੀ ਮਿਟਿਆ ਅੰਧਿਆਰਾ ।
ਕਮਲੁ ਬਿਗਾਸਿ ਸਦਾ ਸੁਖ ਪਾਇਆ । ਜੋਤੀ ਜੋਤਿ ਮਿਲਾਵਣਿਆ । ੬ ।
ਅੰਦਰਿ ਮਹਲ ਰਤਨੀ ਭਰੇ ਭੰਡਾਰਾ । ਗੁਰਮੁਖਿ ਪਾਏ ਨਾਮੁ ਅਪਾਰਾ ।
ਗੁਰਮੁਖਿ ਵਣਜੇ ਸਦਾ ਵਾਪਾਰੀ
ਲਾਹਾ ਨਾਮੁ ਸਦ ਪਾਵਣਿਆ । ੭ । ੨੭ । ੨੮ ।

(ਮਾਝ ਮ: ੪)

ਮਨੁ ਮਰੈ ਦਾਰੂ ਜਾਣੈ ਕੋਇ । ਮਨੁ ਸਬਦਿ ਮਰੈ ਬੂਝੈ ਜਨੁ ਸੋਇ । ੧ ।
ਜਿਸ ਨੋ ਬਖਸੇ ਦੇ ਵਡਿਆਈ ।

ਗੁਰ ਪ੍ਰਸਾਦਿ ਹਰਿ ਵਸੈ ਮਨਿ ਆਇ । ੧ । ਰਹਾਉ ।
ਗੁਰਮੁਖਿ ਕਰਣੀ ਕਾਰ ਕਮਾਵੈ । ਤਾਂ ਇਸੁ ਮਨ ਕੀ ਸੋਝੀ ਪਾਵੈ ।
ਮਨੁ ਮੈਮਤੁ ਮੈਗਲ ਮਿਕਦਾਰਾ । ਗੁਰੁ ਅੰਕਸੁ ਮਾਰਿ ਜੀਵਾਲਣਹਾਰਾ । ੨ ।
ਮਨੁ ਅਸਾਧੁ ਸਾਧੈ ਜਨੁ ਕੋਇ । ਅਚਰੁ ਚਰੈ ਤਾ ਨਿਰਮਲ ਹੋਇ !
ਗੁਰਮੁਖਿ ਇਹੁ ਮਨੁ ਲਇਆ ਸਵਾਰਿ । ਹਉਮੈ ਵਿਚਹੁ ਤਜੇਵਿਕਾਰ । ੩ ।
ਜੋ ਧੁਰਿ ਰਾਖਿਅਨੁ ਮੇਲਿ ਮਿਲਾਇ । ਕਦੇ ਨ ਵਿਛੁੜਹਿ ਸਬਦਿ ਸਮਾਇ ।
ਆਪਣੀ ਕਲਾ ਆਪੇ ਹੀ ਜਾਣੈ ।
ਨਾਨਕ ਗੁਰਮੁਖਿ ਨਾਮੁ ਪਛਾਣੈ । ੪ । ੫ । ੨੫ ।

(ਗਉੜੀ ਗਵਾਰੇਰੀ ਮ: ੩)

ਹੁਕਮੁ ਨ ਜਾਣੈ ਬਹੁਤਾ ਰੋਵੈ । ਅੰਦਰਿ ਧੋਖਾ ਨੀਦ ਨ ਸੋਵੈ ।
ਜੇ ਧਨ ਖਸਮੈ ਚਲੈ ਰਜਾਈ । ਦਰਿ ਘਰਿ ਸੋਭਾ ਮਹਲਿ ਬੁਲਾਈ ।
ਨਾਨਕ ਕਰਮੀ ਇਹ ਮਤਿ ਪਾਈ । ਗੁਰ ਪਰਸਾਦੀ ਸਚਿ ਸਮਾਈ । ੧ । ੮ ।

(ਸਲੋਕ ਮ: ੩ ਵਾਰ ਸ੍ਰੀ ਰਾਗ)

ਜਦ ਤੀਕ ਗੁਰੂ ਸ਼ਬਦ ਦੁਆਰਾ ਅਉਗਣ ਨਹੀਂ ਮੇਟਦਾ ਨਾਮ ਦੀ ਪ੍ਰਾਪਤੀ ਨਹੀਂ ।

ਕਹੁ ਨਾਨਕ ਤਬ ਹੀ ਮਨ ਛੁਟੀਐ
ਜਉ ਸਗਲੇ ਅਉਗਨ ਮੇਟਿ ਧਰਹਾ । ੪ ੪ ।

(ਸਾਰੰਗ ਮ: ੫)

ਮਨੁ ਮੈਲਾ ਸਚੁ ਨਿਰਮਲਾ ਕਿਉਕਰਿ ਮਿਲਿਆ ਜਾਇ ।
ਪ੍ਰਭੁ ਮੇਲੇ ਤਾ ਮਿਲਿ ਰਹੇ ਹਉਮੈ ਸਬਦਿ ਜਲਾਇ । ੧੨ । ੧ ੩ ।

(ਸੂਹੀ ਮ: ੩ ਅਸਟਪਦੀਆ)

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ।
ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਸਮਾਵਹੁ । ੧ ।
ਜਮਹੁ ਤ ਏਕੋ ਨਾਮਾ । ਅਵਰਿ ਨਿਰਾਫਲ ਕਾਮਾ । ੧ । ਰਹਾਉ ।
ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ।
ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ । ੨ ।
ਮਨੁ ਸੰਪਟੁ ਜਿਤੁ ਸਤਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ।
ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ ਬਿਧਿ ਸਾਹਿਬੁ ਰਵਤੁ ਰਹੈ । ੩ । ੧ ।

(ਸੂਹੀ ਮ: ੧ ਘਰ ੧)

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ।

ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ ।
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ ।
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ।
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤ ਪੀਜੈ ।
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ । ੩ । ੧ ੪ ।

(ਸੂਹੀ ਮ: ੧ ਛੰਤ ਘਰ ੪)

ਅਉਗੁਣ ਮੇਟ ਕੇ ਜਦੋਂ ਗੁਣ ਗਾਣ ਵਿਚ ਲਗੇਗਾ ਤਾਂ ਫਿਰ ਨਾਮ ਵਿਚ ਚਿਤ ਲਗੇਗਾ ।

ਗੁਨ ਗਾਵਤ ਤੇਰੀ ਉਤਰਸਿ ਮੈਲੁ । ਬਿਨਸਿ ਜਾਇ ਹਉਮੈ ਬਿਖੁ ਫੈਲੁ ।
ਹੋਹਿ ਅਚਿੰਤੁ ਬਸੈ ਸੁਖ ਨਾਲਿ ।
ਸਾਸਿ ਗ੍ਰਾਸਿ ਹਰਿਨਾਮੁ ਸਮਾਲਿ । ੭ । ੧੯ ।

(ਗਉੜੀ ਸੁਖਮਨੀ ਮ: ੫)

ਜਦੋਂ ਨਾਮ ਮਿਲਿਆ ਨਾਮੀ ਵਿਚ ਸਾਡਾ ਚਿਤ ਅਭੇਦ ਹੋ ਗਿਆ ਤੇ ਪਰਮ ਸੁਖ ਦੀ ਪ੍ਰਾਪਤੀ ਹੋ ਗਈ ।

ਮਿਤ ਕਾ ਚਿਤੁ ਅਨੂਪ ਮਰੰਮ ਨ ਜਾਨੀਐ ।
ਗਾਹਕ ਗੁਨੀ ਅਪਾਰ ਸੁ ਤਤੁ ਪਛਾਨੀਐ ।
ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ ।
ਹਰਿਹਾਂ ਚੰਚਲ ਚੋਰਹਿ ਮਾਰਿ ਤ ਪਾਵਹਿ ਸਚੁ ਧਨਾ । ੧੨ ।

(ਫੁਨਹੇ ਮ: ੫)

ਜਾ ਕੈ ਹਰਿ ਵਸਿਆ ਮਨ ਮਾਹੀ ।
ਤਾ ਕਉ ਦੁਖੁ ਸੁਪਨੈ ਭੀ ਨਾਹੀ । ੧ । ੬੭ । ੧੩੬ ।

(ਗਉੜੀ ਮ: ੫)

ਮੇਰਾ ਹਰਿਪ੍ਰਭੁ ਸੇਜੈ ਆਇਆ ਮਨੁ ਸੁਖਿ ਸਮਾਣਾ ਰਾਮ ।
ਗੁਰ ਤੁਠੈ ਹਰਿ ਪ੍ਰਭੂ ਪਾਇਆ ਰੰਗਿ ਰਲੀਆ ਮਾਣਾ ਰਾਮ । ੧ । ੧ ।

(ਬਿਲਾਵਲ ਛੰਤ ਮ: ੪)

ਜਿਸ ਦੇਹੀ ਵਿਚ ਲਾਲਚ ਝੂਠ ਆਦਿ ਵਿਚਾਰ ਵਸਦੇ ਸਨ ਉਹ ਨਾਮ ਦੇ ਵਾਸ ਨਾਲ ਪਵਿਤ੍ਰ ਹੋ ਜਾਂਦੀ ਹੈ ਤੇ ਸਾਰੇ ਦੁਖ ਦੂਰ ਹੋ ਜਾਂਦੇ ਹਨ ।

ਲਾਲਚ ਝੂਠ ਬਿਖੈ ਬਿਆਧਿ ਇਆ ਦੇਹੀ ਮਹਿ ਬਾਸ ।
ਹਰਿ ਹਰਿ ਅੰਮ੍ਰਿਤੁ ਗੁਰਮੁਖਿ ਪੀਆ ਨਾਨਕ ਸੂਖਿ ਨਿਵਾਸ । ੧ । ਪਉੜੀ

ਲਲਾ ਲਾਵਉ ਅਉਖਧੁ ਜਾਹੂ । ਦੂਖ ਦਰਦ ਤਿਹ ਮਿਟਹਿ ਖਿਨਾਹੂ ।
ਨਾਮ ਅਉਖਧੁ ਜਿਹ ਰਿਦੈ ਹਿਤਾਵੈ । ਤਾਹਿ ਰੋਗੁ ਸੁਪਨੈ ਨਹੀ ਆਵੈ ।
ਹਰਿ ਅਉਖਧੁ ਸਭ ਘਟ ਹੈ ਭਾਈ । ਗੁਰ ਪੂਰੇ ਬਿਨੁ ਬਿਧਿ ਨਾ ਬਨਾਈ ;
ਗੁਰਿ ਪੂਰੈ ਸੰਜਮੁ ਕਰਿ ਦੀਆ । ਨਾਨਕ ਤਉ ਫਿਰਿ ਦੂਖੁ ਨ ਥੀਆ । ੪੫ ।

(ਗਉੜੀ ਬਾਵਨ ਅਖਰੀ ਮ: ੫)

ਮਨ ਸੁਧ ਨਿਰਮਲ ਤੇ ਪਵਿਤ੍ਰ ਹੋ ਜਾਂਦਾ ਹੈ ।

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ।
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ । ੨ । ੧੭ ।

(ਵਾਰ ਆਸਾ ਮ: ੧)

ਭਰੀਐ ਹਥੁ ਪੈਰੁ ਤਨੁ ਦੇਹ । ਪਾਣੀ ਧੋਤੈ ਉਤਰਸੁ ਖੇਹ ।
ਮੂਤ ਪਲੀਤੀ ਕਪੜੁ ਹੋਇ । ਦੇ ਸਾਬੂਣੁ ਲਈਐ ਓਹੁ ਧੋਇ ।
ਭਰੀਐ ਮਤਿ ਪਾਪਾ ਕੈ ਸੰਗਿ । ਓਹੁ ਧੋਪੈ ਨਾਵੈ ਕੈ ਰੰਗਿ । ੨੦ ।

(ਜਪੁ ਮ: ੫)

ਐਉਂ ਅਵਸਥਾ ਮਾਇਆ ਦੇ ਅਸਰ ਤੋਂ ਉਚੇਰੀ ਹੋ ਜਾਂਦੀ ਹੈ । ਮਾਇਆ ਹੁਕਮ ਨਾਲ ਜਗਤ ਦੀ ਆਮਲ (ਹਾਕਿਮ) ਬਣੀ ਹੋਈ ਹੈ । ਸਭ ਦੇ ਰਾਹ ਵਿਚ ਰੋਕ ਪਾ ਕੇ ਆਪਣਾ ਅਸਰ ਪਾਂਦੀ ਹੈ ਪਰ ਨਾਮ ਵਾਲਾ ਮਨੁਖ ਖਾਸ ਸਾਹਿਬ ਦਾ ਦਰਬਾਰੀ ਹੋ ਜਾਂਦਾ ਹੈ ਤੇ ਇਹਦੇ ਅਸਰ ਦੇ ਚੱਕਰ ਤੋਂ ਬਾਹਰ ਹੋ ਜਾਂਦਾ ਹੈ ।

ਮਤਾ ਕਰਉ ਸੋ ਪਕਨਿ ਨਾ ਦੇਈ । ਸੀਲ ਸੰਜਮ ਕੈ ਨਿਕਟਿ ਖਲੋਈ ।
ਵੇਸ ਕਰੇ ਬਹੁ ਰੂਪ ਦਿਖਾਵੈ । ਗ੍ਰਿਹਿ ਬਸਨਿ ਨ ਦੇਈ ਵਖਿ ਵਖਿ ਭਰਮਾਵੈ । ੪ ।
ਘਰ ਕੀ ਨਾਇਕਿ ਘਰ ਵਾਸੁ ਨਾ ਦੇਵੈ ।
ਜਤਨ ਕਰਉ ਉਰਝਾਇ ਪਰੇਵੈ । ੧ । ਰਹਾਉ ।
ਧੁਰਕੀ ਭੇਜੀ ਆਈ ਆਮਰਿ । ਨਉਖੰਡ ਜੀਤੇ ਸਭਿ ਥਾਨ ਥਨੰਤਰ ।
ਤਟਿ ਤੀਰਥਿ ਨ ਛੋਡੇ ਜੋਗ ਸੰਨਿਆਸ ।
ਪੜਿ ਥਾਕੇ ਸਿਮ੍ਰਿਤਿ ਬੇਦ ਅਭਿਆਸ । ੨ ।
ਜਹ ਬੈਸਉ ਤਹ ਨਾਲੇ ਬੈਸੈ । ਸਗਲ ਭਵਨ ਮਹਿ ਸਬਲ ਪ੍ਰਵੇਸੈ ।
ਹੋਛੀ ਸਰਣਿ ਪਇਆ ਰਹਣੁ ਨ ਪਾਈ ।
ਕਹੁ ਮੀਤਾ ਹਉ ਕੈ ਪਹਿ ਜਾਈ । ੩ ।
ਸੁਣਿ ਉਪਦੇਸੁ ਸਤਿਗੁਰ ਪਹਿ ਆਇਆ ।
ਗੁਰਿ ਹਰਿ ਹਰਿ ਨਾਮੁ ਮੋਹਿ ਮੰਤ੍ਰ ਦ੍ਰਿੜਾਇਆ ।
ਨਿਜਘਰਿ ਵਸਿਆ ਗੁਣ ਗਾਇ ਅਨੰਤਾ ।

ਪ੍ਰਭੁ ਮਿਲਿਓ ਨਾਨਕ ਭਇ ਅਚਿੰਤਾ ।।੪।
ਘਰੁ ਮੇਰਾ ਏਹ ਨਾਇਕ ਹਮਾਰੀ ।
ਇਹ ਆਮਰਿ ਗੁਰਿ ਕੀਏ ਦਰਬਾਰੀ ।੧।ਰਹਾਉ।ਦੂਜਾ।੪।੪।

(ਆਸਾ ਮ: ੫)

ਐਸੇ ਮਨੁਖਾਂ ਲਈ ਜਨਮ ਮਰਨ ਤੇ ਗਿਰਾਵਟ ਮੁਕ ਗਈ ।

ਨਾ ਓਹਿ ਮਰਹਿ ਨ ਠਾਗੇ ਜਾਹਿ । ਜਿਨ ਕੈ ਰਾਮੁ ਵਸੈ ਮਨ ਮਾਹਿ ।੩੭।

(ਜਪੁ ਮ: ੧)

ਮਾਇਆ ਡੋਲੈ ਬਹੁ ਬਿਧੀ ਮਨੁ ਲਪਟਿਓ ਤਿਹ ਸੰਗਿ ।
ਮਾਗਨ ਤੇ ਜਿਹ ਤੁਮ ਰਖਹੁ ਸੁ ਨਾਨਕ ਨਾਮਹਿ ਹੰਗ ।੪੧।

(ਗਉੜੀ ਬਾਵਨ ਅਖਰੀ ਮ: ੫)

ਸਤਿਗੁਰ ਫੁਰਮਾਉਂਦੇ ਹਨ ਕਿ ਸਾਰੇ ਜੀਵ ਇਸੇ ਨਫੇ ਦੇ ਖੱਟਣ ਲਈ ਆਏ ਹਨ ।

ਦੁਇ ਦੀਵੇ ਚਉਦਹ ਹਟਨਾਲੇ । ਜੇਤੇ ਜੀਅ ਤੇਤੇ ਵਣਜਾਰੇ ।
ਖੁਲ੍ਹੇ ਹਟ ਹੋਆ ਵਾਪਾਰ । ਜੋ ਪਹੁਚੈ ਸੋ ਚਲਣਹਾਰੁ ।
ਧਰਮੁ ਦਲਾਲੁ ਪਾਏ ਨੀਸਾਣੁ । ਨਾਨਕ ਨਾਮੁ ਲਾਹਾ ਪਰਵਾਣੁ ।
ਘਰਿ ਆਏ ਵਜੀ ਵਾਧਾਈ । ਸਚ ਨਾਮ ਕੀ ਮਿਲੀ ਵਡਿਆਈ ।੧।੧੩।

(ਸਲੋਕ ਮ ੧ ਵਾਰ ਸੂਹੀ ਮ : ੩)

ਪਰਦੇਸੁ ਝਾਗਿ ਸਉਦੇ ਕਉ ਆਇਆ । ਵਸਤੁ ਅਨੂਪ ਸੁਣੀ ਲਾਭਾਇਆ ।
ਗੁਣ ਰਾਸਿ ਬੰਨ੍ਹਿ ਪਲੈ ਆਨੀ । ਦੇਖਿ ਰਤਨੁ ਇਹੁ ਮਨੁ ਲਪਟਾਨੀ ।੧।
ਸਾਹਿ ਵਾਪਾਰੀ ਦੁਆਰੈ ਆਏ ।
ਵਖਰੁ ਕਾਢਹੁ ਸਉਦਾ ਕਰਾਏ ।੧।ਰਹਾਉ।
ਸਾਹਿ ਪਾਠਾਇਆ ਸਾਹੈ ਪਾਸਿ । ਅਮੋਲ ਰਤਨ ਅਮੋਲਾ ਰਾਸਿ ।
ਵਿਸਟੁ ਸੁਭਾਈ ਪਾਇਆ ਮੀਤ । ਸਉਦਾ ਮਿਲਿਆ ਨਿਹਚਲ ਚੀਤ ।੨।
ਭਉ ਨਹੀਂ ਤਸਕਰ ਪਉਣ ਨ ਪਾਨੀ ।
ਸਹਜਿ ਵਿਹਾਝੀ ਸਹਜਿ ਲੈ ਜਾਨੀ ।
ਸਤਿ ਕੈ ਖਟਿਐ ਦੁਖੁ ਨਹੀ ਪਾਇਆ ।
ਸਹੀ ਸਲਾਮਤਿ ਘਰਿ ਲੈ ਆਇਆ ।੩।
ਮਿਲਿਆ ਲਾਹਾ ਭਏ ਅਨੰਦ । ਧੰਨੁ ਸਾਹ ਪੂਰੇ ਬਖਸਿੰਦ ।
ਇਹੁ ਸਉਦਾ ਗੁਰਮੁਖਿ ਕਿਨੈ ਵਿਰਲੈ ਪਾਇਆ ।
ਸਹਲੀ ਖੇਪ ਨਾਨਕੁ ਲੈ ਆਇਆ ।੪।੬।

(ਆਸਾ ਮ: ੧)

ਆਪੁ ਫਰਮਾਉਂਦੇ ਹਨ ਕਿ ਅਸਾਂ ਵੀ ਇਹੋ ਲਾਹਾ ਖੱਟਿਆ ਹੈ।

ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ।
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ। ੧।
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ।
ਜੀਵਤ ਸਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ। ੧। ਰਹਾਉ।
ਜੈਸੀ ਆਗਿਆ ਕੀਨੀ ਠਾਕੁਰਿ ਤਿਸਤੇ ਮੁਖੁ ਨਹੀ ਮੋਰਿਓ।
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਹਾਹੂ ਕਉ ਦਉਰਿਓ। ੨।
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ।
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ। ੩।
ਭਇਓ ਕ੍ਰਿਪਾਲ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ।
ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ। ੪। ੫।

(ਮਾਰੂ ਮ: ੫)

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਮਨ ਦੇ ਹਸਤੀ ਵਿਚ ਆਵਣ ਦਾ ਭਾਵੇਂ ਕੋਈ ਸਿਧਾਂਤ ਮੰਨ ਲਈਏ ਭਾਵੇਂ ਮਨ ਆਦਿ ਅਗਿਆਨ ਦੇ ਵਸ ਹੈ ਤੇ ਭਾਵੇਂ ਕਰਤਾਰ ਨੇ ਭੁਲੇਖਾ ਪਾਇਆ ਹੈ, ਸੁਖ ਹਾਸਲ ਕਰਨ ਦਾ ਰਾਹ ਈਹੋ ਹੀ ਹੈ।

ਇਹੁ ਮਨੁ ਕਰਮਾ ਇਹੁ ਮਨੁ ਧਰਮਾ। ਇਹੁ ਮਨੁ ਪੰਚ ਤਤੁ ਤੇ ਜਨਮਾ।
ਸਾਕਤੁ ਲੋਭੀ ਇਹੁ ਮਨ ਮੂੜਾ। ਗੁਰਮੁਖਿ ਨਾਮ ਜਪੈ ਮਨੁ ਰੂੜਾ। ੩।
ਗੁਰਮੁਖਿ ਮਨੁ ਅਸਥਾਨੇ ਸੋਈ। ਗੁਰਮੁਖਿ ਤ੍ਰਿਭਵਣ ਸੋਝੀ ਹੋਈ।
ਇਹੁ ਮਨੁ ਜੋਗੀ ਭੋਗੀ ਤਪੁ ਤਾਪੈ। ਗੁਰਮੁਖਿ ਚੀਨ੍ਹੈ ਹਰਿ ਪ੍ਰਭ ਆਪੈ। ੪।
ਮਨੁ ਬੈਰਾਗੀ ਹਉਮੈ ਤਿਆਗੀ। ਘਟਿ ਘਟਿ ਮਨਸਾ ਦੁਬਿਧਾ ਲਾਗੀ।
ਰਾਮ ਰਸਾਇਣ ਗੁਰਮੁਖਿ ਚਾਖੈ। ਦਰਿ ਘਰਿ ਮਹਲੀ ਹਰਿ ਪਤਿ ਰਾਖੈ। ੫।
ਇਹੁ ਮਨੁ ਰਾਜਾ ਸੂਰ ਸੰਗ੍ਰਾਮਿ। ਇਹੁ ਮਨੁ ਨਿਰਭਉ ਗੁਰਮੁਖਿ ਨਾਮਿ।
ਮਾਰੇ ਪੰਚ ਅਪੁਨੈ ਵਸਿ ਕੀਏ। ਹਉਮੈ ਗ੍ਰਾਸ ਇਕੇਤੁ ਥਾਇ ਕੀਏ। ੬।
ਗੁਰਮੁਖਿ ਰਾਗ ਸੁਆਦ ਅਨ ਤਿਆਗੇ।
ਗੁਰਮੁਖਿ ਇਹੁ ਮਨੁ ਭਗਤੀ ਜਾਗੇ।
ਅਨਹਦ ਸੁਣਿ ਮਾਨਿਆ ਸਬਦੁ ਵੀਚਾਰੀ।
ਆਤਮੁ ਚੀਨਿ ਭਏ ਨਿਰੰਕਾਰੀ। ੭।
ਇਹੁ ਮਨੁ ਨਿਰਮਲੁ ਦਰਿ ਘਰਿ ਸੋਈ।
ਗੁਰਮੁਖਿ ਭਗਤਿ ਭਾਉ ਧੁਨਿ ਹੋਈ।
ਅਹਿਨਿਸ ਹਰਿ ਜਸੁ ਗੁਰ ਪਰਸਾਦਿ।
ਘਟਿ ਘਟਿ ਸੋ ਪ੍ਰਭੁ ਆਦਿ ਜੁਗਾਦਿ। ੮।

ਰਾਮ ਰਸਾਇਣਿ ਇਹੁ ਮਨੁ ਮਾਤਾ । ਸਰਬ ਰਸਾਇਣੁ ਗੁਰਮੁਖਿ ਜਾਤਾ ।
ਭਗਤਿ ਹੇਤੁ ਗੁਰ ਚਰਨ ਨਿਵਾਸਾ ।
ਨਾਨਕ ਹਰਿ ਜਨ ਕੇ ਦਾਸਨਿ ਦਾਸਾ । ੯ । ੮ ।

(ਆਸਾ ਮ: ੧ ਅਸਟਪਦੀਆ)

ਭ੍ਰਮਿ ਭ੍ਰਮਿ ਜੋਨੀ ਫਿਰਿ ਫਿਰਿ ਆਇਆ ।
ਆਪਿ ਭੂਲਾ ਜਾ ਖਸਮਿ ਭੁਲਾਇਆ ।
ਹਰਿ ਜੀਉ ਮਿਲੈ ਤਾ ਗੁਰਮੁਖਿ ਬੂਝੈ ਚੀਨੈ ਸਬਦੁ ਅਬਨਾਸੀ ਹੇ । ੮ । ੫ ।

(ਮਾਰੂ ਮ: ੫ ਸੋਲਹੇ)

ਉੱਪਰ ਲਿਖੀ ਵਿਚਾਰ ਤੋਂ ਸਿੱਧ ਹੈ ਕਿ ਹਉਮੈ ਦਾ ਨਾਸ ਕਰਕੇ ਅੰਦਰ ਵਸਦੀ ਸਦਾ ਰਹਿਣ ਵਾਲੀ ਜੋਤ ਨਾਲ ਇਕ ਮਿਕ ਹੋਣਾ ਇਹ ਮਾਨੁਖੀ ਜੀਵਨ ਦਾ ਪ੍ਰਯੋਜਨ ਸਤਿਗੁਰਾਂ ਥਾਪਿਆ ਹੈ । ਕਈ ਸੱਜਣ ਇਸ [1]ਅੰਤ੍ਰੀਵ ਖੋਜ ਤੇ ਨੱਕ ਵਟਦੇ ਹਨ ਤੇ ਕਹਿੰਦੇ ਹਨ ਇਹ ਨਿਰਾ ਵਹਿਮ ਹੈ । ਸੁਖ ਤਾਂ ਮਾਦੀ ਸ਼ਕਤੀਆਂ[2] ਨੂੰ ਵਸ ਕਰ ਲੈਣ ਵਿਚ ਹੈ । ਪਰ ਉਹ ਇਕ ਗੱਲ ਭੁਲ ਜਾਂਦੇ ਹਨ । ਸੁਖ ਦਾ ਅਨੁਭਵ ਮਨ ਦੁਆਰਾ ਹੁੰਦਾ ਹੈ ਤੇ ਉਹਦਾ ਨਿਰਭਰ ਨਿਰਾ ਬਾਹਰਲੇ ਪਦਾ-ਰਥਾਂ ਦੇ ਸੰਗ ਤੇ ਹੀ ਨਹੀਂ । ਮਨ ਦੀ ਆਪਣੀ ਅਵਸਥਾ ਦਾ ਉਸ ਅਨੁਭਵ ਵਿਚ ਢੇਰ ਹਿੱਸਾ ਹੈ । ਇਸ ਲਈ ਮਨ ਦੀ ਉਸ ਅਵਸਥਾ ਦੀ ਟੋਲ ਜਿਸ ਦੁਆਰਾ ਬਾਹਰਲੀਆਂ ਵਸਤਾਂ ਦਾ ਸੰਗ ਸੁਖ ਅਨੁਭਵ ਕਰਨ ਵਿਚ ਸਹਾਈ ਹੋਵੇ ਵਹਿਮ ਨਹੀਂ ਡਾਢੀ ਲੋੜੀਂਦੀ ਸ਼ੈ ਹੈ । ਜੀਵਨ ਦੇ ਪ੍ਰਯੋਜਨ ਦੀ ਸਿੱਧੀ ਸਤਿਗੁਰ ਦੇ ਹੁਕਮ ਵਿਚ ਤੁਰਨ, ਸਤਿਸੰਗ ਦੁਆਰਾ ਇਸ ਰਸਤੇ ਵਿਚ ਦ੍ਰਿੜ੍ਹ ਰਹਿਣ ਤੇ ਨਾਮ ਦੇ ਅੰਦਰ ਵਸ ਜਾਣ ਨਾਲ ਹੋਂਦੀ ਹੈ । ਹੁਣ ਅਸੀਂ ਇਨ੍ਹਾਂ ਗੱਲਾਂ ਦੀ ਵਧੀਕ ਵਿਆਖਿਆ ਕਰਾਂਗੇ । ਸਤਿਗੁਰੂ ਤੋਂ ਕੀ ਭਾਵ ਹੈ ? ਸਤਿਸੰਗ ਕੀ ਹੈ ਤੇ ਨਾਮ ਦਾ ਸਰੂਪ ਕੀ ਹੈ ?

---

[1]ALl that I would claim is that those who in the search for truth start from consciousness as a seat of self-knowledge with interests and responsibilities not confind to the material plane, are just as much facing the hard facts of experience as those who start from conscionsness as a device for reading the indications of spectroscopes and micrometers.

(Page 289, Edington.)

•"ਮੈਂ ਇਤਨਾ ਹੀ ਦਾਵਾ ਕਰਦਾ ਹਾਂ ਕਿ ਜੇਹੜੇ ਪੁਰਸ਼ ਸੱਚ ਦੀ ਟੋਲ ਵਿਚ ਚੇਤਨਤਾ ਤੋਂ ਤੁਰਦੇ ਹਨ ਜਿਸ ਚੇਤਨਤਾ ਨੂੰ ਉਹ ਸ੍ਵਗਿਆਨ ਦੀ ਠਾਹਰ ਮੰਨਦੇ ਹਨ ਤੇ ਜਿਸਦੇ ਲਾਭਾਂ ਤੇ ਜ਼ੁੰਮੇਵਾਰੀਆਂ ਨੂੰ ਉਹ ਨਿਰਾ ਮਾਦੀ ਪੱਧਰ ਤੀਕ ਹੀ ਮਹਦੂਦ ਨਹੀਂ ਮੰਨਦੇ—ਉਹ ਪੁਰਸ਼ ਵੀ ਤਜਰਬੇ ਦੀਆਂ ਨਿਗਰ ਸਚਾਈਆਂ ਦਾ ਸਾਹਮਣਾ ਕਰ ਰਹੇ ਹਨ ਉਨ੍ਹਾਂ ਵਾਂਗ ਜੇਹੜੇ ਕਿ ਚੇਤਨਤਾ ਨੂੰ ਇਕ ਉਪਾ ਦੂਰਬੀਨਾਂ ਦੇ ਖੁਰਦਬੀਨਾਂ ਦੇ ਦ੍ਰਿਸ਼ਾ ਦੇ ਬੁੱਝਣ ਦਾ ਮੰਨਦੇ ਹਨ ।"

[2]ਭਾਵ ਇਹ ਕਿ ਪਉਣ ਪਾਣੀ ਬਿਜਲੀ ਦੇ ਗੁਣ ਲਭਕੇ ਉਨ੍ਹਾਂ ਨੂੰ ਸਰੀਰਕ ਸੁਖਾਂ ਲਈ ਵਰਤਣ ਵਿਚ ਹੈ ।

# ਸਤਿਗੁਰੂ

ਸਿੱਖ ਇਤਿਹਾਸ ਅਤੇ ਸਿਖ ਧਰਮ ਦਾ ਵਿਚਾਰ ਕਰਦੇ ਹੋਏ ਬਾਜੇ ਲੇਖਕਾਂ ਲਿਖਿਆ ਹੈ ਕਿ ਆਤਮ ਉੱਨਤੀ ਦੇ ਰਾਹ ਵਿਚ ਸਤਿਗੁਰੂ ਦੀ ਲੋੜ ਪੁਰ ਗੁਰੂ ਨਾਨਕ ਦੇਵ ਜੀ ਤੋਂ ਮਗਰੋਂ ਦੂਜੇ ਗੁਰੂ ਸਾਹਿਬਾਂ ਨੇ ਜ਼ੋਰ ਦਿੱਤਾ ਹੈ ਪਰ ਸਾਨੂੰ ਇਹ ਭੁਲ ਜਾਪਦੀ ਹੈ। ਜਪੁ ਜੀ ਦੇ ਮੂਲ ਮੰਤਰ ਵਿਚ ਵੀ ਨਿਰੰਕਾਰ ਦਾ ਸਰੂਪ ਦਸਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ ਕਿ ਉਹ ਨਿਰੰਕਾਰ 'ਗੁਰ ਪ੍ਰਸਾਦਿ' ਅਰਥਾਤ ਗੁਰੂ ਦੀ ਕਿਰਪਾ ਦਵਾਰਾ ਪ੍ਰਾਪਤ ਹੋਂਦਾ ਹੈ। ਆਸਾ ਦੀ ਵਾਰ ਵਿਚ ਆਪ ਦਸਦੇ ਹਨ ਕਿ ਇਹ ਜੀਵ ਜਦੋਂ ਜਨਮਾਂ ਜਨਮਾਂਤ੍ਰਾਂ ਵਿਚ ਫਿਰ ਕੇ ਨਿਰੰਕਾਰ ਦੀ ਮਿਹਰ ਦਾ ਭਾਗੀ ਹੋਂਦਾ ਹੈ ਤਦੋਂ ਸਤਿਗੁਰੂ ਦਾ ਮੇਲ ਹੋਂਦਾ ਹੈ।

ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ।<br>
ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ।<br>
ਸਤਿਗੁਰ ਜੇਵਡੁ ਦਾਤਾ ਕੋ ਨਹੀਂ ਸਭਿ ਸੁਣਿਅਹੁ ਲੋਕ ਸਬਾਇਆ।<br>
ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਹੀ ਵਿਚਹੁ ਆਪੁ ਗਵਾਇਆ।

(ਵਾਰ ਆਸਾ ਮ: ੧)

ਫਿਰ ਫੁਰਮਾਇਆ ਹੈ :

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨਾ ਪਾਇਆ।<br>
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ।<br>
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ।<br>
ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ।<br>
ਜਗ ਜੀਵਨੁ ਦਾਤਾ ਪਾਇਆ। ੬।

(ਵਾਰ ਆਸਾ ਮ: ੧)

ਪ੍ਰਭੁ ਹਰਿਮੰਦਰੁ ਸੋਹਣਾ ਤਿਸੁ ਮਹਿ ਮਾਣਕ ਲਾਲ ।
ਮੋਤੀ ਹੀਰਾ ਨਿਰਮਲਾ ਕੰਚਨ ਕੋਟ ਰੀਸਾਲ ।
ਬਿਨੁ ਪਉੜੀ ਗੜਿ ਕਿਉ ਚੜਉ ਗੁਰ ਹਰਿ ਧਿਆਨ ਨਿਹਾਲ । ੨ ।
ਗੁਰੁ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ ।
ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ ।
ਜੇ ਤਿਸੁ ਭਾਵੈ ਊਜਲੀ ਸਤਸਰਿ ਨਾਵਣ ਜਾਉ । ੩ । ੯ ।

(ਸ੍ਰੀ ਰਾਗ ਮ: ੧)

ਇਨ੍ਹਾਂ ਵਾਕਾਂ ਤੋਂ ਸਾਫ ਪ੍ਰਗਟ ਹੈ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਇਸ ਸਿਧਾਂਤ ਨੂੰ ਉਪਦੇਸ਼ਿਆ । ਬਾਕੀ ਸਤਿਗੁਰੂ ਇਸਦੀ ਵਿਆਖਿਆ ਤੇ ਪ੍ਰੋੜ੍ਹਤਾ ਕਰਦੇ ਰਹੇ ।

ਇਸੁ ਗੁਫਾ ਮਹਿ ਅਖੁਟ ਭੰਡਾਰਾ । ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ ।
ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵਞਾਵਣਿਆ । ੧ ।
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ ।
ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ।
ਗੁਰਮਤੀ ਅੰਮ੍ਰਿਤੁ ਪੀਆਵਣਿਆ । ੧ । ਰਹਾਉ ।
ਹਉਮੈ ਮਾਰਿ [1]ਬਜਰ ਕਪਾਟ ਖੁਲਾਇਆ ।
ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ।
ਬਿਨੁ ਸਬਦੈ ਨਾਮੁ ਨਾ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ । ੨ ।
ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ।
ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ।
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ । ੩ ।
ਸਰੀਰਹੁ ਭਾਲਣਿ ਕੋ ਬਾਹਰਿ ਜਾਇ ।
ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ।
ਮਨਮੁਖ ਅੰਧੇ ਸੂਝੈ ਨਾਹੀ
ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ । ੪ ।
ਗੁਰਪਰਸਾਦੀ ਸਚਾ ਹਰਿ ਪਾਏ । ਮਨਿ ਤਨਿ ਵੇਖੈ ਹਉਮੈ ਮੈਲੁ ਜਾਏ ।
ਬੈਸਿ ਸੁਥਾਨਿ ਸਦ ਹਰਿਗੁਣ ਗਾਵੈ ਸਚੈ ਸਬਦਿ ਸਮਾਵਣਿਆ । ੫ ।
ਨਉ ਦਰ ਠਾਕੇ ਧਾਵਤੁ ਰਹਾਏ । ਦਸਵੈ ਨਿਜਘਰਿ ਵਾਸਾ ਪਾਏ ।
ਓਥੈ ਅਨਹਦ ਸਬਦ ਵਜਹਿ[2] ਦਿਨੁ ਰਾਤੀ
ਗੁਰਮਤੀ ਸਬਦੁ ਸੁਣਾਵਣਿਆ । ੬ ।

---

[1]ਬਜਰ ਕਪਾਟ—ਕਰੜਾ ਤਾਕ ।

[2]ਇਸ ਅਨਹਦ ਸ਼ਬਦ ਦੀ ਪੂਰੀ ਵਿਆਖਿਆ ਲਈ 'ਅਨਹਦ ਸ਼ਬਦ' ਸਿਰਲੇਖ ਵਾਲਾ ਅਧਿਆਇ ਪੜ੍ਹੋ ।

ਬਿਨੁ ਸਬਦੈ ਅੰਤਰਿ ਆਨੇਰਾ । ਨ ਵਸਤੁ ਲਹੈ ਨ ਚੂਕੈ ਫੇਰਾ ।
ਸਤਿਗੁਰ ਹਥਿ[1] ਕੁੰਜੀ ਹੋਰਤੁ ਦਰੁ ਖੁਲੈ ਨਾਹੀ,
ਗੁਰੂ ਪੂਰੈ ਭਾਗਿ ਮਿਲਾਵਣਿਆ । ੭ ।
ਗੁਪਤੁ ਪਰਗਟੁ ਤੂੰ ਸਭਨੀ ਥਾਈ । ਗੁਰ ਪਰਸਾਦੀ ਮਿਲਿ ਸੋਝੀ ਪਾਈ ।
ਨਾਨਕ ਨਾਮੁ ਸਲਾਹਿ ਸਦਾ ਤੂੰ
ਗੁਰਮੁਖਿ ਮੰਨਿ ਵਸਾਵਣਿਆ । ੮ । ੨੪ । ੨੫ ।

(ਮਾਝ ਮ: ੩ ।

ਹਰਿ ਕੀ ਕੀਮਤਿ ਕਿਨ ਬਿਧਿ ਹੋਇ ।
ਹਰਿ ਅਪਰੰਪਰੁ ਅਗਮ ਅਗੋਚਰੁ
ਗੁਰੂ ਕੈ ਸਬਦਿ ਮਿਲੈ ਜਨੁ ਕੋਇ । ੧ । ਰਹਾਉ । ੩ । ੪੨ ।

(ਆਸਾ ਮ: ੩)

ਦਹ ਦਿਸ ਖੋਜਤ ਹਮ ਫਿਰੇ ਮੇਰੇ ਲਾਲ ਜੀਉ
ਹਰਿ ਪਾਇਆ ਘਰਿ ਆਏ ਰਾਮ ।
ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ
ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ।
ਸਰਬੇ ਸਮਾਣਾ ਆਪਿ ਸੁਆਮੀ ਗੁਰਮੁਖਿ ਪਰਗਟੁ ਹੋਇਆ ।
ਮਿਟਿਆ ਅਧੇਰਾ ਦੂਖੁ ਨਾਠਾ ਅਮਿਉ ਹਰਿ ਰਸੁ ਚੋਇਆ ।
ਜਹਾ ਦੇਖਾ ਤਹਾ ਸੁਆਮੀ ਪਾਰਬ੍ਰਹਮੁ ਸਭ ਠਾਏ ।
ਜਨੁ ਕਹੈ ਨਾਨਕੁ ਸਤਿਗੁਰਿ ਮਿਲਾਇਆ
ਹਰਿ ਪਾਇਅੜਾ ਘਰਿ ਆਏ । ੪ । ੧ ।

(ਬਿਹਾਗੜਾ ਮ: ੫ ਛੰਤ ਘਰ ੬)

ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ।
ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ । ੩ ।
ਸਾਚ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ ।
ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ । ੪ ੨ ।

(ਸੋਰਠਿ ਮ: ੧ ਅਸਟਪਦੀਆਂ)

ਭਉਜਲੁ ਬਿਖਮੁ ਅਸਗਾਹੁ ਗੁਰਿ ਬੋਹਿਥੈ ਤਾਰਿਅਮੁ ।

---

[1]ਸਤਿਗੁਰ ਦੀ ਮਿਹਰ, ਦਾਤ, ਸੇਵਾ ਕੀ ਹੈ ਇਹ ਅਗੇ ਸਪਸ਼ਟ ਹੈ ।

ਨਾਨਕ ਪੂਰ ਕਰੰਮ ਸਤਿਗੁਰ ਚਰਣੀ ਲਗਿਆ । ੨ । ੧੯ ।

(ਵਾਰ ਜੈਤਸਰੀ ਮ: ੫)

ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨਾ ਪਾਵੈ ।
ਪਾਵੈ ਮੁਕਤਿ ਨ ਹੋਰਥੈ ਕੋਈ ਪੁਛਹੁ ਬਿਬੇਕੀਆ ਜਾਏ ।
ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ।
ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ।
ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ । ੨੨ ।

(ਰਾਮਕਲੀ ਮ: ੩ ਅਨੰਦੁ)

ਮਤ ਕੋ ਭਰਮਿ ਭੁਲੈ ਸੰਸਾਰਿ ।
ਗੁਰ ਬਿਨੁ ਕੋਇ ਨ ਉਤਰਸਿ ਪਾਰਿ । ੧ । ਰਹਾਉ ।
ਗੁਰੂ ਕਰਤਾ ਗੁਰੁ ਕਰਣੈ ਜੋਗੁ । ਗੁਰੁ ਪਰਮੇਸਰੁ ਹੈ ਭੀ ਹੋਗੁ ।
ਕਹੁ ਨਾਨਕ ਪ੍ਰਭਿ ਇਹੈ ਜਨਾਈ ।
ਬਿਨੁ ਗੁਰ ਮੁਕਤਿ ਨ ਪਾਈਐ ਭਾਈ । ੪ । ੫ । ੭ ।

(ਗੋਂਡ ਮ: ੫)

ਗੁਰ ਸਰਣਿ ਨ ਆਈਐ ਬ੍ਰਹਮੁ ਨ ਪਾਈਐ ।
ਭਰਮਿ ਭੁਲਾਈਐ ਜਨਮਿ ਮਰਿ ਆਈਐ ।
ਜਮ ਦਰਿ ਬਾਧਉ ਮਰੇ ਬਿਕਾਰੁ । ਨਾ ਰਿਦੈ ਨਾਮੁ ਨ ਸਬਦੁ ਅਚਾਰੁ । ੬ । ੪ ।

(ਰਾਮਕਲੀ ਮ: ੧ ਅਸਟਪਦੀਆਂ)

ਜਾ ਕੈ ਮਨਿ ਗੁਰ ਕੀ ਪਰਤੀਤਿ ।
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ । ੮ । ੨੫ ।

(ਗਉੜੀ ਸੁਖਮਣੀ ਮ: ੫)

ਏਕ ਮਹਿ ਸਰਬ ਸਰਬ ਮਹਿ ਏਕਾ ਏਹ ਸਤਿਗੁਰਿ ਦੇਖਿ ਦਿਖਾਈ । ੫ ।
ਜਿਨਿ ਕੀਏ ਖੰਡ ਮੰਡਲ ਬ੍ਰਹਮੰਡਾ ਸੋ ਪ੍ਰਭੁ ਲਖਨੁ ਨ ਜਾਈ । ੬ ।
ਦੀਪਕ ਤੇ ਦੀਪਕੁ ਪਰਗਾਸਿਆ ਤ੍ਰਿਭਵਣ ਜੋਤਿ ਦਿਖਾਈ । ੭ ।
ਸਚੈ ਤਖਤਿ ਸਚ ਮਹਲੀ ਬੈਠੇ ਨਿਰਭਉ ਤਾੜੀ ਲਾਈ । ੮ ।
ਮੋਹਿ ਗਇਆ ਬੈਰਾਗੀ ਜੋਗੀ ਘਟਿ ਘਟਿ ਕਿੰਗੁਰੀ ਵਾਈ । ੯ ।
ਨਾਨਕ ਸਰਣਿ ਪ੍ਰਭੂ ਕੀ ਛੂਟੇ ਸਤਿਗੁਰ ਸਚੁ ਸਖਾਈ । ੧੦ । ੮ ।

(ਰਾਮਕਲੀ ਮ: ੧ ਅਸਟਪਦੀਆਂ)

ਹੇਕੋ ਪਾਧਰੁ ਹੇਕੁ ਦਰੁ ਗੁਰ ਪਉੜੀ ਨਿਜ ਥਾਨੁ ।

ਰੂੜਉ ਠਾਕੁਰੁ ਨਾਨਕਾ ਸਭਿ ਸੁਖ ਸਾਚਉ ਨਾਮੁ । ੨ । ੧ ।

(ਸਲੋਕ ਮ: ੧ ਵਾਰ ਮਲਾਰ ਮ: ੧)

ਪਹਿਲਾ ਪ੍ਰਸ਼ਨ ਏਹ ਪੈਦਾ ਹੁੰਦਾ ਹੈ ਕਿ ਮਨੁਖ ਆਪਣੀ ਵਿਚਾਰ ਦ੍ਵਾਰਾ ਕਿਉਂ ਨਹੀਂ ਛੁਟ ਸਕਦਾ ? ਗੁਰੂ ਦੀ ਲੋੜ ਹੀ ਕੀ ਹੈ ? ਸਾਡੇ ਅੰਦਰ ਇਹ ਭੁਲੇਖਾ ਪਇਆ ਹੋਇਆ ਹੈ ਕਿ ਮਨੁਖ ਵਿਚਾਰਵਾਨ ਜੀਵ ਹੈ ਤੇ ਹਰ ਕੰਮ ਕਰਨ ਲਗਿਆਂ ਇਹ ਵਿਚਾਰ ਦੇ ਆਸਰੇ ਤੁਰਦਾ ਹੈ । ਅਜ ਕਲ ਦੀ ਮਾਨਸਿਕ ਖੋਜ ਇਸ ਸਿੱਟੇ ਤੇ ਪੁੱਜੀ ਹੈ ਕਿ ਇਹ ਮਨੌਤ ਉੱਕਾ ਗਲਤ ਹੈ । ਮਨੁਖ ਸੁਭਾਵ ਦੇ ਆਸਰੇ ਤੁਰਦਾ ਹੈ, [1]ਵਿਚਾਰ ਦੇ ਆਸਰੇ ਨਹੀਂ ਤੁਰਦਾ । ਵਿਚਾਰ ਨੂੰ ਬਹੁਤਾ ਮਨੁਖ ਆਪਣੀ ਸੁਭਾਵਿਕ ਕਿਰਿਆ ਨੂੰ ਠੀਕ ਸਾਬਤ ਕਰਨ ਲਈ ਵਰਤਦਾ ਹੈ[2] । ਭਾਵ ਇਹ ਕਿ ਕਿਰਿਆ ਦੀ ਨੀਂਹ ਤਾਂ ਕਾਮ ਕਰੋਧ ਆਦਿ ਦੇ ਆਸਰੇ ਹੋਂਦੀ ਹੈ ਪਰ ਆਪਣੇ ਕਰਮਾਂ ਨੂੰ ਠੀਕ ਸਾਬਤ ਕਰਨ ਲਈ

---

[1] By far the most important features in the structure of the mind alike in the man and in the higher animals are the inherited instincts. By instincts we mean "certain innate specific tendencies of the mind that are common to all members of any one species." The instinctive impulses determine the ends of all activities and supply the driving power by which all mental activities are sustained.

(Tansley, Page 34.)

ਮਨੁਖ ਤੇ ਉਚੇਰੀ ਸ਼ਰੇਣੀ ਦੇ ਜਨੌਰਾਂ ਦੋਹਾ ਦੇ ਅੰਤਰਕਰਨ ਦੀ ਬਣਤਰ ਵਿਚ ਸਭ ਤੋਂ ਵਧੀਕ ਹਿਸਾ ਸੁਭਾਵਾਂ ਦਾ ਹੈ ਜੋ ਵਿਰਸੇ ਵਿਚ ਮਿਲਦੇ ਹਨ । ਸੁਭਾਵਾਂ ਤੋਂ ਸਾਡਾ ਭਾਵ "ਉਨ੍ਹਾਂ ਕੁਝ ਇਕ ਅੰਤਹਕਰਨ ਦੇ ਅੰਤ੍ਰੀਵ ਮਖਸੂਸ ਝੁਕਾਵਾਂ ਤੋਂ ਹੈ ਜੋ ਕਿਸੇ ਇਕ ਜਾਤੀ ਦੇ ਸਾਰੇ ਜੰਤਆਂ ਵਿਚ ਵੇਖੇ ਜਾਂਦੇ ਹਨ । ਸੁਭਾਵੀ ਧੱਕੇ ਸਾਰੀ ਕਿਰਿਆ ਦੇ ਮਨੋਰਥ ਥਾਪਦੇ ਹਨ ਤੇ ਉਹ ਹਿੱਕਣ ਵਾਲੀ ਸ਼ਕਤੀ ਮੁਹੱਈਆ ਕਰਦੇ ਹਨ ਜੋ ਮਾਨਸਿਕ ਕਿਰਿਆ ਦਾ ਅਧਾਰ ਹੈ ।

[2]Its (minds) most fundamental activities are non-rational and largely unconscious activities. The power of conscious reasoning is a later, development, playing but a minor part, even in the most highly developed human being, on the surface, so to speak of the firmly built edifice of instincts, emotions, and desires, which form the main structure of the mental organism. In many cases the apparent importance of rational activity is seen to be illusory, forming as it were a mere cloak for the actions of deep-seated instincts and desires.

(Tansley, Page 24)

ਅੰਤਹਕਰਨ ਦੀਆਂ ਮੂਲ ਕਿਰਿਆ ਵਿਚਾਰਹੀਨ ਤੇ ਬਹੁਤ ਕਰਕੇ ਅਚੇਤ ਕਿਰਿਆ ਹਨ । ਸੁਚੇਤ ਵਿਚਾਰ

ਮਨੁਖ ਵਿਚਾਰ ਦਾ ਪਰਦਾ ਉਨ੍ਹਾਂ ਤੇ ਪਾਂਦਾ ਹੈ। ਦੂਜੀ ਗੱਲ ਇਹ ਹੈ ਕਿ ਮਨੁਖ ਦੀ ਵੀਚਾਰ ਉਹਦੇ ਤਜਰਬੇ ਤੋਂ ਅਗਾਹਾਂ ਨਹੀਂ ਵਧ ਸਕਦੀ। ਹੰਸ ਤੇ ਡੱਡੂ ਦੀ ਮਸ਼ਹੂਰ ਕਥਾ ਵਾਲਾ ਹੀ ਲੇਖਾ ਹੈ। ਖੂਹ ਦੇ ਡੱਡੂ ਪਾਸ ਮਾਨ-ਸਰੋਵਰ ਦਾ ਹੰਸ ਆਇਆ। ਡੱਡੂ ਨੇ ਪੁਛਿਆ ਮਾਨ-ਸਰੋਵਰ ਕਿੰਨਾ ਕੁ ਵੱਡਾ ਹੈ। ਹੰਸ ਨੇ ਕਹਿਆ ਬਹੁਤ ਵੱਡਾ ਹੈ। ਡੱਡੂ ਟਪੋਸੀ ਮਾਰ ਖੂਹ ਦੀ ਅੱਧੀ ਚੁੜਾਈ ਟੱਪ ਗਇਆ ਤੇ ਕਹਿਆ ਇਤਨਾ ਕੁਝ। ਹੰਸ ਕਹਿਆ ਨਹੀਂ ਬਹੁਤ ਵੱਡਾ ਹੈ। ਡੱਡੂ ਨੇ ਇਕ ਹੋਰ ਜਤਨ ਕੀਤਾ ਤੇ ਛਾਲ ਮਾਰ ਕੇ ਖੂਹ ਦੀ ਸਾਰੀ ਚੁੜਾਈ ਮੁਕਾ ਦਿਤੀ ਤੇ ਕਹਿਆ ਇੰਨਾ ਕੁ। ਹੰਸ ਕਹਿਆ ਨਹੀਂ ਬਹੁਤ ਵੱਡਾ। ਡੱਡੂ ਕਹਿਆ ਜਾਹ ਝੂਠਿਆ! ਇਸ ਕੋਲੋਂ ਵੱਡਾ ਜਲ ਦਾ ਤਲਾ ਹੋਰ ਕੀ ਹੋਣਾ ਹੋਇਆ। ਜਿਨ੍ਹਾਂ ਹਾਲਤਾਂ ਵਿਚ ਮਨੁੱਖ ਜੀਵਨ ਬਿਤਾਂਦਾ ਹੈ ਮਨ ਉਹੋ ਜੇਹਾ ਬਣ ਜਾਂਦਾ ਹੈ ਤੇ ਆਪਣੀਆਂ ਪਈਆਂ ਹੋਈਆਂ ਲੀਹਾਂ ਤੋਂ ਉਤਾਹਾਂ ਨਹੀਂ ਉੱਠ ਸਕਦਾ। ਆਮ ਤੌਰ ਤੇ ਮਨੁਖ ਦੀ ਵਿਚਾਰ ਖੁਦੀ ਦੀਆਂ ਲੀਹਾਂ ਤੋਂ ਬਾਹਰ ਨਹੀਂ ਜਾ ਸਕਦੀ। ਜ਼ਰੂਰੀ ਹੈ ਕਿ ਉਸਦੇ ਮੂਹਰੇ ਕੋਈ ਅਜੇਹੀ ਹਸਤੀ ਹੋਵੇ ਜਿਸ ਨੇ ਦੂਜੇ ਅਰਥਾਤ ਆਤਮਕ ਜੀਵਨ ਦਾ ਸੁਖ ਮਾਣਿਆ ਹੋਵੇ ਤੇ ਮਨੁਖ ਉਸਦੇ ਉਪਰ ਯਕੀਨ ਲਿਆਵੇ ਤੇ ਉਹ ਕਾਰ ਕਰੇ ਜਿਹੜੀ ਉਸਨੇ ਦੱਸੀ ਹੈ। ਸਿੱਖੀ ਬੋਲੀ ਵਿਚ ਮਨੁੱਖ ਮਨਮੱਤ ਨੂੰ ਛੱਡੇ ਤੇ ਗੁਰਮੱਤ ਨੂੰ ਗ੍ਰਹਿਣ ਕਰੇ ਫਿਰ ਉਸ ਦਾ ਨਵਾਂ ਜੀਵਨ ਅਰੰਭ ਹੁੰਦਾ ਹੈ। ਪਿਛਲੇ ਕਰਮਾਂ ਦੇ ਸੰਸਕਾਰਾਂ ਤੋਂ ਜੋ ਸੁਭਾਵ ਬਣੇ ਸਨ ਤੇ ਜਿਨ੍ਹਾਂ ਦੇ ਵਸ ਵਿਚ ਇਹ ਨਚਦਾ ਫਿਰਦਾ ਸੀ ਉਹ ਮੱਠੇ ਪੈ ਜਾਂਦੇ ਹਨ ਤੇ ਹੌਲੀ ਹੌਲੀ ਨਵੇਂ ਸੁਭਾਵ ਤਕੜੇ ਹੋ ਕੇ ਇਨ੍ਹਾਂ ਤੇ ਪਰਬਲ ਹੋ ਜਾਂਦੇ ਹਨ। ਬਿਨਾਂ ਇਹਦੇ ਹੋਰ ਕੋਈ ਰਾਹ ਨਹੀਂ।

ਗੁਰ ਸਿੱਖੀ ਦੇ ਪਰਚਾਰ ਤੋਂ ਪਹਿਲੇ ਸਾਡੇ ਦੇਸ਼ ਵਿਚ ਇਹ ਮੰਨਿਆ ਜਾਂਦਾ ਸੀ ਕਿ ਜਦੋਂ ਮਨੁਖਾਂ ਵਿਚ ਅਗਿਆਨ ਵਧ ਜਾਂਦਾ ਹੈ ਤੇ ਧਰਮ ਲੋਪ ਹੋ ਜਾਂਦਾ ਹੈ ਮੁੜ ਰਸਤਾ ਦੱਸਣ ਲਈ ਤੇ ਧਰਮ ਪ੍ਰਗਟ ਕਰਨ ਪਰਮੇਸ਼ਰ ਕੋਈ ਅਵਤਾਰ ਧਾਰਦਾ ਹੈ। ਗੁਰਮੱਤ ਵਿਚ ਨਿਰੰਕਾਰ ਨੂੰ ਅਜੋਨੀ ਮੰਨਿਆ ਗਇਆ ਹੈ। ਇਸ ਲਈ ਸਿੱਖੀ ਨਿਸਚੇ ਅਨੁਸਾਰ ਅਜੇਹੇ ਸਮੇਂ ਵਿਚ 'ਗੁਰੂ' ਪਰਗਟ ਹੋਂਦਾ ਹੈ। ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ 22 ਤੇ 23 ਪਉੜੀ ਵਿਚ ਇਹ ਦੱਸਿਆ ਹੈ ਕਿ ਜਦੋਂ ਦੇਸ ਵਿਚ ਧਰਮ ਦੀ ਹਾਨੀ ਹੋ ਗਈ ਤੇ ਅਨ੍ਹੇਰਾ ਵਰਤ ਗਇਆ

ਬਾਝੁ ਗੁਰੂ ਅੰਧੇਰ ਹੈ ਖਹਿ ਖਹਿ ਮਰਦੇ ਬਹੁ ਬਿਧ ਲੋਆ।<br>
ਵਰਤਿਆ ਪਾਪ ਜਗਤ ਤੇ ਧਉਲ ਉਡੀਣਾ ਨਿਸ ਦਿਨ ਰੋਆ।<br>
ਬਾਝ ਦਇਆ ਬਲਹੀਨ ਹੋਇ ਨਿੱਘਰ ਚਲੇ ਰਸਾਤਲ ਟੋਆ।<br>
ਖੜਾ ਇਕ ਤੇ ਪੈਰ ਤੇ ਪਾਪ ਸੰਗ ਬਹੁ ਭਾਰਾ ਹੋਆ।

---

ਦੀ ਸ਼ਕਤੀ ਮਗਰੋਂ ਉਪਜਦੀ ਹੈ ਤੇ ਉੱਚੀ ਤੋਂ ਉੱਚੀ ਪਦਵੀ ਪੁਰ ਅਪੜੇ ਹੋਏ ਮਨੁਖ ਵਿਚ ਵੀ ਇਹਦਾ ਹਿਸਾ ਬਹੁਤ ਥੋੜਾ ਹੈ। ਇਹ ਭਾਵਾਂ, ਸੁਭਾਵਾਂ ਤੇ ਕਾਮਨਾਵਾਂ (ਜਿਨ੍ਹਾਂ ਤੋਂ ਮਾਨਸਿਕ ਹਸਤੀ ਦਾ ਵੱਡਾ ਭਾਗ ਬਣਿਆ ਹੋਇਆ ਹੈ) ਦੇ ਪੱਕੇ ਮੰਦਰ ਦੀ ਮਾਨੋ ਉਪਰਲੀ ਸਤਹ ਪੁਰ ਹੀ ਖੇਡਦੀ ਹੈ। ਬਹੁਤੀਆਂ ਹਾਲਤਾਂ ਵਿਚ ਵਿਚਾਰ ਦੀ ਕਿਸੇ ਕਿਰਿਆ ਦੀ ਜਾਹਰਾ ਵਡਿਆਈ ਨਿਰਾ ਧੋਖਾ ਹੀ ਹੁੰਦਾ ਹੈ। ਪਕਾ ਖੱਲਾ ਮਾਰੇ ਹੋਏ ਸੁਭਾਵਾਂ ਤੇ ਕਾਮਨਾਵਾਂ ਦੀ ਕਾਰ ਲਈ ਕਿਰਿਆ ਇਕ ਨਿਰਾ ਪਰਦਾ ਹੋਂਦੀ ਹੈ।

ਥੰਮ੍ਹੇ ਕੋਇ ਨ ਸਾਧ ਬਿਨ ਸਾਧ ਨ ਦਿੱਸੇ ਜਗ ਵਿਚ ਕੋਆ ।

ਇਸ ਪੁਕਾਰ ਨੂੰ ਨਿਰੰਕਾਰ ਨੇ ਸੁਣਿਆ ਅਤੇ

ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਹਿ ਪਠਾਇਆ । ੨੩ ।

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਘੱਲਿਆ ਜਿਨ੍ਹਾਂ ਆ ਕੇ ਧਰਮ ਨੂੰ ਮੁੜ ਪਰਗਟ ਕੀਤਾ। ਦਸਮ ਪਾਤਸ਼ਾਹ ਈਹੋ ਗੱਲ ਬਚਿਤ੍ਰ ਨਾਟਕ ਵਿਚ ਦਸਦੇ ਹਨ ਕਿ ਨਿਰੰਕਾਰ ਨੇ ਸਾਨੂੰ

'ਪੰਥ ਪ੍ਰਚੁਰ ਕਰਬੇ ਕੋ ਸਾਜਾ ।'

ਰਸਤਾ ਪਰਗਟ ਕਰਨ ਲਈ ਸਾਜਿਆ ਹੈ । ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਹੈ ।

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ।
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ । ੨ । ੭-੫੪

(ਸੂਹੀ ਮ: ੫)

ਇਨ੍ਹਾਂ ਸਾਰੇ ਵਾਕਾਂ ਤੋਂ ਇਹ ਸਿੱਟਾ ਨਿਕਲਦਾ ਹੈ ਕਿ 'ਗੁਰੂ' ਪਦ ਸਿੱਖ ਧਰਮ ਵਿਚ ਉਨ੍ਹਾਂ ਅਰਥਾਂ ਵਿਚ ਵਰਤਿਆ ਗਇਆ ਹੈ ਜਿਨ੍ਹਾਂ ਵਿਚ ਪਹਿਲੋਂ 'ਅਵਤਾਰ' ਵਰਤਿਆ ਜਾਂਦਾ ਸੀ । ਤੇ ਇਸ ਦਾ ਭਾਵ ਉਨ੍ਹਾਂ ਖਾਸ ਹਸਤੀਆਂ ਤੋਂ ਹੈ ਜੋ ਨਿਰੰਕਾਰ ਵਲੋਂ ਧਰਮ ਨੂੰ ਮੁੜ ਪਰਗਟ ਕਰਨ ਲਈ ਘਲੀਆਂ ਗਈਆਂ । 'ਗੁਰੂ' ਪਦ ਦਾ ਉਹ ਅਰਥ ਨਹੀਂ ਜਿਸ ਵਿਚ ਸਿੱਖੀ ਤੋਂ ਪਹਿਲਾਂ ਆਮ ਹਿੰਦੂ ਇਸ ਨੂੰ ਵਰਤਦੇ ਸਨ । ਹਰ ਇਕ ਹਿੰਦੂ ਆਪਣੀ ਆਤਮਕ ਉੱਨਤੀ ਲਈ ਕਿਸੇ ਭਲੇ ਪੁਰਖ ਨੂੰ ਆਪਣਾ 'ਗੁਰੂ' ਧਾਰਦਾ ਸੀ। ਐਹੋ ਜੇਹੇ ਗੁਰੂ ਦੇਸ ਵਿਚ ਛਡ ਇਕ ਟੱਬਰ ਦੇ ਕਈ ਵੇਰਾਂ ਖਾਸੀ ਗਿਣਤੀ ਵਿਚ ਹੋਂਦੇ ਸਨ । ਅਤੇ ਉਹ ਇਹ ਦਾਵਾ ਨਹੀਂ ਸਨ ਕਰਦੇ ਕਿ ਅਸੀਂ ਖਾਸ ਤੌਰ ਤੇ ਨਿਰੰਕਾਰ ਵਲੋਂ ਘੱਲੇ ਗਏ ਹਾਂ । ਇਸ ਫਰਕ ਨੂੰ ਨਾ ਸਮਝਣਾ ਕਈ ਸਿੱਖਾਂ ਲਈ ਚੋਖੇ ਭੁਲੇਖੇ ਦਾ ਕਾਰਨ ਬਣ ਰਹਿਆ ਹੈ ।

ਇਕ ਹੋਰ ਨੁਕਤਾ ਨਿਗਾਹ ਵੀ ਉਪਰ ਲਿਖੀ ਵਿਚਾਰ ਤੇ ਚਾਨਣਾ ਪਾਂਦਾ ਹੈ । ਜਿਤਨੇ ਵੀ ਦੇਹ ਧਾਰੀ ਗੁਰੂ ਅਜ ਕਲ ਬਿਚਰ ਰਹੇ ਹਨ ਉਨ੍ਹਾਂ ਕਿਸੇ ਨਾ ਕਿਸੇ ਮਨੁਖ ਪਾਸੋਂ ਉਪਦੇਸ਼ ਲਇਆ ਹੈ। ਪਰ ਗੁਰੂ ਨਾਨਕ ਦੇਵ ਦਾ ਕੋਈ ਮਨੁਖ ਗੁਰੂ ਨਹੀਂ ਸੀ । ਬੇਈਂ ਨਦੀ ਵਾਲੀ ਸਾਖੀ ਵਿਚ ਸਾਫ ਲਿਖਿਆ ਹੈ ਕਿ ਨਾਮ ਦਾ ਪਿਆਲਾ ਗੁਰੂ ਨਾਨਕ ਦੇਵ ਜੀ ਨੂੰ ਸੱਚੀ ਦਰਗਾਹ ਵਿਚੋਂ ਮਿਲਿਆ । ਮਹਾਰਾਜ ਨੇ ਆਪ ਫੁਰਮਾਇਆ ਹੈ ।

ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦ ਨਾ ਕੋਈ ਜੀਉ ।
ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰ ਮਿਲਿਆ ਸੋਈ ਜੀਉ ੫।੧੧।

(ਸੋਰਠਿ ਮ: ੧)

ਦਸਮ ਪਾਤਸ਼ਾਹ ਵੀ ਫੁਰਮਾਉਂਦੇ ਹਨ।

ਆਦਿ ਅੰਤ ਏਕੈ ਅਵਤਾਰਾ। ਸੋਈ ਗੁਰੂ ਸਮਝੀਅਹੁ ਹਮਾਰਾ।੯।

(ਚੌਪਈ)

ਜਿਸ ਤੋਂ ਪ੍ਰਗਟ ਹੈ ਕਿ ਨਿਰੰਕਾਰ ਵਲੋਂ ਦਾਤ ਦੇ ਕੇ ਜੋ ਪੁਰਖ ਸੰਸਾਰ ਵਿਚ ਧਰਮ ਪ੍ਰਗਟ ਕਰਨ ਲਈ ਘਲੇ ਗਏ ਸਿਖ ਧਰਮ ਵਿਚ 'ਗੁਰ' ਪਦ ਉਨ੍ਹਾਂ ਲਈ ਹੀ ਮਖਸੂਸ ਹੈ।

ਹੁਣ ਸੰਸਾਰ ਵਿਚ ਇਤਨੇ ਮਨੁਖ ਰਬ ਵਲੋਂ ਘਲੇ ਗਏ ਹੋਣ ਦਾ ਤੇ ਇਤਨੇ ਮਤ ਨਿਰੰਕਾਰ ਦਾ ਰਾਹ ਦੱਸਣ ਦਾ ਦਾਵਾ ਕਰਦੇ ਹਨ ਕਿ ਇਕ ਜਗਿਆਸੂ ਪਰਖ ਕਰਨ ਲਗਿਆਂ ਘਾਬਰ ਜਾਂਦਾ ਹੈ। ਸਤਿਗੁਰਾਂ ਕਿਰਪਾ ਕਰਕੇ ਆਪਣੀ ਬਾਣੀ ਵਿਚ ਗੁਰੂ ਦੇ ਲੱਛਣ ਦਸਕੇ ਜਾਗਿਆਸੂ ਦੀ ਸਹਾਇਤਾ ਕਰਨ ਦਾ ਉਪਰਾਲਾ ਕੀਤਾ ਹੈ। ਪਹਿਲਾ ਲੱਛਣ ਇਹ ਦਸਿਆ ਹੈ ਕਿ ਜਿਸ ਨਿਰੰਕਾਰ ਨਾਲ ਸਿੱਖ ਨੂੰ ਗੁਰੂ ਨੇ ਜੋੜਨਾ ਹੈ ਉਹਦੇ ਨਾਲ ਗੁਰੂ ਆਪ ਅਭੇਦ ਹੋਵੇ।

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ।
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿਗੁਨ ਗਾਉ।੧।੧੯।

(ਗਉੜੀ ਸੁਖਮਨੀ ਮ: ੫)

ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ।੪।੪।

(ਮਲਾਰ ਮ: ੫)

ਵਾਹੁ ਵਾਹੁ ਸਤਿਗੁਰੁ ਪੁਰਖੁ ਹੈ ਜਿਨਿ ਸਚੁ ਜਾਤਾ ਸੋਇ।
ਜਿਤੁ ਮਿਲਿਐ ਤਿਖ ਉਤਰੈ ਤਨੁ ਮਨੁ ਸੀਤਲੁ ਹੋਇ।
ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ ਜਿਸਨੋ ਸਮਤੁ ਸਭੁ ਕੋਇ।
ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ ਹੋਇ।
ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸ ਅੰਤਰਿ ਬ੍ਰਹਮੁ ਵੀਚਾਰੁ।
ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ।
ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ।
ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪਰਾਪਤਿ ਹੋਇ।੨।

(ਸਲੋਕ ਮ: ੪ ਸਲੋਕ ਵਾਰਾਂ ਤੋਂ ਵਧੀਕ)

ਤਿਸੁ ਮਿਲੀਐ ਸਤਿਗੁਰ ਸਜਣੈ ਜਿਸੁ ਅੰਤਰਿ ਹਰਿ ਗੁਣ ਕਾਰੀ।
ਤਿਸੁ ਮਿਲੀਐ ਸਤਿਗੁਰ ਪ੍ਰੀਤਮੈ ਜਿਨ ਹਉਮੈ ਵਿਚਹੁ ਮਾਰੀ।
ਸੋ ਸਤਿਗੁਰੁ ਪੂਰਾ ਧੰਨੁ ਧੰਨੁ ਹੈ ਜਿਨਿ ਹਰਿ ਉਪਦੇਸੁ ਦੇ ਸਭ ਸ੍ਰਿਸਟਿ ਸਵਾਰੀ।੨।

(ਵਾਰ_ਵਡਹੰਸ ਮ: ੪)

ਨਾਮਿ ਰਤਾ ਸਤਿਗੁਰੂ ਹੈ ਕਲਿਜੁਗ ਬੋਹਿਥੁ ਹੋਇ ।
ਗੁਰਮੁਖਿ ਹੋਵੈ ਸੁ ਪਾਰਿ ਪਵੈ ਜਿਨ੍ਾ ਅੰਦਰਿ ਸਚਾ ਸੋਇ ।
ਨਾਮੁ ਸਮ੍ਾਲੇ ਨਾਮੁ ਸੰਗ੍ਰਹੈ ਨਾਮੇ ਹੀ ਪਤਿ ਹੋਇ ।
ਨਾਨਕ ਸਤਿਗੁਰੁ ਪਾਇਆ ਕਰਮਿ ਪਰਾਪਤਿ ਹੋਇ । ੨ । ੧੦ ।

(ਸਲੋਕ ਮ: ੩ ਵਾਰ ਬਿਹਾਗੜਾ ਮ: ੫)

ਸਚੁ ਸਚਾ ਸਭ ਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ ।
ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ ।
ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ।
ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ
ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ ।
ਓਇ ਬੋਲੇ ਕਿਸੈ ਨ ਭਾਵਨੀ ਮੁਹ ਕਾਲੇ ਸਤਿਗੁਰ ਤੇ ਚੁਕੇ । ੮ ।

(ਵਾਰ ਗਉੜੀ ਮ: ੫)

ਅਜਿਹਾ ਸਤਿਗੁਰੂ ਜਿਸ ਨੂੰ ਸਚੁ ਸਾਖਿਆਤ ਹੋ ਗਇਆ ਹੈ ਉਹ ਸਿਖ ਨੂੰ ਉਸੇ ਸਚ ਵਲ ਲਾਉਂਦਾ ਹੈ । ਸਤਿਗੁਰੂ ਸਿਖ ਪਾਸੋਂ ਕੋਈ ਉਜਰਤ ਨਹੀਂ ਮੰਗਦਾ ਨਿਰਾ ਮਿਹਰ ਦੁਆਰਾ ਉਪਦੇਸ਼ ਦੇਂਦਾ ਹੈ ।

ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ ।
ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ ।
ਤਿਉ ਸਤਿਗੁਰੁ ਗੁਰਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ । ੧ ।
ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਇਆਣੇ ।
ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ
ਜਿਨਿ ਹਰਿ ਉਪਦੇਸੁ ਦੇ ਕੀਏ ਹੈ ਸਿਆਣੇ । ੧ । ਰਹਾਉ ।
ਜੈਸੇ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ ।
ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੈ ਸਾਰਿ ਸਮਾਲੀ ।
ਤਿਉ ਸਤਿਗੁਰੁ ਸਿਖ ਪ੍ਰੀਤਿ ਹਰਿ ਹਰਿ ਕੀ
ਗੁਰੁ ਸਿਖ ਰਖੈ ਜੀਅ ਨਾਲੀ । ੨ । ੭ । ੧੩ । ੫੧ ।

(ਗਉੜੀ ਬੈਰਾਗਨ ਮ: ੪)

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ । ਸੇਵਕ ਕਉ ਗੁਰੁ ਸਦਾ ਦਇਆਲ ।
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ । ਗੁਰ ਬਚਨੀ ਹਰਿਨਾਮੁ ਉਚਰੈ ।
ਸਤਿਗੁਰੁ ਸਿਖ ਕੇ ਬੰਧਨ ਕਾਟੈ । ਗੁਰਕਾ ਸਿਖੁ ਬਿਕਾਰ ਤੇ ਹਾਟੈ ।
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ । ਗੁਰ ਕਾ ਸਿਖੁ ਵਡਭਾਗੀ ਹੇ ।
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ।
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ । ੧ । ੧੯ ।

(ਗਉੜੀ ਸੁਖਮਨੀ ਮ: ੫)

ਉਹ ਸਿੱਖਾਂ ਪਾਸੋਂ ਪਦਾਰਥ ਲੈ ਕੇ ਆਪਣਾ ਧਨ ਨਹੀਂ ਵਧਾਂਦਾ ਉਹ ਤਾਂ ਝੂਠਾ ਗੁਰੂ ਹੈ ਜੋ ਕਾਰ ਭੇਟ ਇਕੱਠੀ ਕਰਦਾ ਫਿਰਦਾ ਹੈ ।

ਗੁਰੁ ਪੀਰੁ ਸਦਾਏ ਮੰਗਣ ਜਾਇ । ਤਾਕੈ ਮੂਲਿ ਨਾ ਲਗੀਐ ਪਾਇ । ੧ । ੧੨ ।

(ਸਲੋਕ ਮ: ੪ ਵਾਰ ਸਾਰੰਗ ਮ: ੪)

ਸਚਾ ਗੁਰੂ ਤਾਂ ਸਿਖ ਦੇ ਮੂੰਹ ਪੈਂਦਾ ਦੇਖ ਕੇ ਪ੍ਰਸੰਨ ਹੁੰਦਾ ਹੈ ।

ਮਾਤਾ ਪ੍ਰੀਤਿ ਕਰੇ ਪੁਤੁ ਖਾਇ । ਮੀਨੇ ਪ੍ਰੀਤਿ ਭਈ ਜਲਿ ਨਾਇ ।
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ । ੧ । ੩ । ੪੧ ।

(ਗਉੜੀ ਗਵਾਰੇਰੀ ਮ: ੩)

ਸੱਚ ਦੇ ਸੋਮੇ ਸਤਿਗੁਰ ਦੇ ਦਰਸ਼ਨ ਨਾਲ ਹੀ ਚਿਤ ਖਿੜ ਜਾਂਦਾ ਹੈ ਤੇ ਪਵਿਤ੍ਰਤਾ ਮਨ ਵਿਚ ਵਾਸ ਕਰਦੀ ਹੈ । ਸਤਿਗੁਰੂ ਇਕ ਵਕੀਲ ਹੈ ਜੋ ਸਿਖ ਨੂੰ ਹਰੀ ਨਾਲ ਮੇਲਦਾ ਹੈ । ਸਤਿਗੁਰੂ ਸਿਖ ਨੂੰ ਆਪਣੀ ਪੂਜਾ ਤਕ ਹੀ ਮਹਦੂਦ ਨਹੀਂ ਰਖਦਾ ਉਹ ਅਕਾਲ ਪੁਰਖ ਦਾ ਰਾਹ ਦਸਦਾ ਹੈ ।

ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ।
ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮਪਦੁ ਲਹੀਐ ।
ਹਰਿ ਭਗਤਿ ਦ੍ਰਿੜਾਵੈ ਹਰਿ ਭਗਤਿ ਸੁਣੈ ਤਿਸੁ ਸਤਿਗੁਰ ਮਿਲੀਐ । ੧ ।
ਤੋਟਾ ਮੂਲਿ ਨ ਆਵਈ ਹਰਿ ਲਾਭੁ ਨਿਤਿ ਦ੍ਰਿੜੀਐ । ੩ ।
ਜਿਸ ਕਉ ਰਿਦੈ ਵਿਗਾਸੁ ਹੈ ਭਾਉ ਦੂਜਾ ਨਾਹੀ ।
ਨਾਨਕ ਤਿਸੁ ਗੁਰ ਮਿਲਿ ਉਧਰੈ ਹਰਿਗੁਣ ਗਾਵਾਹੀ ।੪।੯।੧੪।੫੨।

(ਗਉੜੀ ਬੈਰਾਗਣਿ ਮ: ੪)

ਸਫਲ ਦਰਸਨੁ ਪੇਖਤ ਪੁਨੀਤ । ਪਰਸਤ ਚਰਨ ਗਤਿ ਨਿਰਮਲ ਰੀਤਿ ।
ਭੇਟਤ ਸੰਗਿ ਰਾਮ ਗੁਨ ਰਵੈ । ਪਾਰਬ੍ਰਹਮ ਕੀ ਦਰਗਹ ਗਵੈ ।
ਸੁਨਿ ਕਰਿ ਬਚਨ ਕਰਨ ਆਘਾਨੇ । ਮਨਿ ਸੰਤੋਖੁ ਆਤਮ ਪਤੀਆਨੇ ।
ਪੂਰਾ ਗੁਰੁ ਅਖ੍ਹਉ ਜਾਕਾ ਮੰਤ੍ਰ । ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ।
ਗੁਣ ਬਿਅੰਤ ਕੀਮਤਿ ਨਹੀ ਪਾਇ ।
ਨਾਨਕ ਜਿਸੁ ਭਾਵੈ ਤਿਸੁ ਲਏ ਮਿਲਾਇ । ੪ । ੧੯ ।

(ਗਉੜੀ ਸੁਖਮਨੀ ਮ: ੫)

ਹਉ ਵਾਰੀ ਹਉ ਵਾਰਣੈ ਭਾਈ ਸਤਿਗੁਰ ਕਉ ਸਦ ਬਲਿਹਾਰੈ ਜਾਉ ।
ਨਾਮੁ ਨਿਧਾਨੁ ਜਿਨਿ ਦਿਤਾ ਭਾਈ ਗੁਰਮਤਿ ਸਹਿਜ ਸਮਾਉ । ੪ ।
ਗੁਰ ਬਿਨੁ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ ।
ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ । ੫ ।

ਗੁਰਮਤੀ ਭਉ ਊਪਜੈ ਭਾਈ ਭਉ ਕਰਣੀ ਸਚੁ ਸਾਰੁ ।
ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਆਧਾਰੁ । ੬ । ੨ ।

(ਸੋਰਠਿ ਮ: ੩ ਅਸਟਪਦੀਆਂ)

ਹਮ ਘਰਿ ਨਾਮੁ ਖਜਾਨਾ ਸਦਾ ਹੈ ਭਗਤਿ ਭਰੇ ਭੰਡਾਰਾ ।
ਸਤਿਗੁਰੁ ਦਾਤਾ ਜੀਅ ਕਾ ਸਦ ਜੀਵੈ ਦੇਵਣਹਾਰਾ ।
ਅਨਦਿਨੁ ਕੀਰਤਨੁ ਸਦਾ ਕਰਹਿ ਗੁਰਕੈ ਸਬਦਿ ਅਪਾਰਾ ।
ਸਬਦ ਗੁਰੂ ਕਾ ਸਦ ਉਚਰਹਿ ਜੁਗੁ ਜੁਗੁ ਵਰਤਾਵਣ ਹਾਰਾ ।
ਇਹੁ ਮਨੂਆ ਸਦਾ ਸੁਖਿ ਵਸੈ ਸਹਜੇ ਕਰੇ ਵਪਾਰਾ ।
ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ ਮੁਕਤਿ ਕਰਾਵਣਹਾਰਾ ।
ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ ਸੋ ਹੋਵੈ ਦਰਿ ਸਚਿਆਰਾ । ੨ । ੧੮ ।

(ਵਾਰ ਵਡਹੰਸ ਮ: ੪)

ਸੋ ਗੁਰੁ ਕਰਉ ਜਿ ਸਾਚੁ ਦ੍ਰਿੜਾਵੈ । ਅਕਥੁ ਕਥਾਵੈ ਸਬਦਿ ਮਿਲਾਵੈ ।
ਹਰਿ ਕੇ ਲੋਗ ਅਵਰ ਨਹੀਂ ਕਾਰਾ । ਸਾਚਉ ਠਾਕੁਰੁ ਸਾਚੁ ਪਿਆਰਾ । ੨ ।
ਤਨ ਮਹਿ ਮਨੂਆ ਮਨ ਮਹਿ ਸਾਚਾ । ਸੋ ਸਾਚਾ ਮਿਲਿ ਸਾਚੇ ਰਾਚਾ ।੩।੨।

(ਧਨਾਸਰੀ ਮ: ੧ ਅਸਟਪਦੀਆਂ)

ਵਡੇ ਭਾਗਿ ਗੁਰੁ ਅਪੁਨਾ ਪਾਇਓ ।
ਗੁਰਿ ਮੋ ਕਉ ਹਰਿਨਾਮ ਦ੍ਰਿੜਾਇਓ । ੧ । ੨ । ੧੭ ।

(ਟੋਡੀ ਮ: ੪ ਘਰ ੩ ਚਉਪਦੇ)

ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ । ੧ ।

... ... ... ... ... ... ...

ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ ।
ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ । ੪ ।

... ... ... ... ... ... ...

ਸੋ ਧੰਨੁ ਗੁਰੂ ਸਾਬਾਸਿ ਹੈ ਹਰਿ ਦੇਇ ਸਨੇਹਾ ।
ਹਉ ਵੇਖਿ ਵੇਖਿ ਗੁਰੂ ਵਿਗਸਿਆ ਗੁਰ ਸਤਿਗੁਰ ਦੇਹਾ ।
ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿਨਾਮ ਸੁਹਾਵੀ ।
ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ ।੧੮।੨।

(ਤਿਲੰਗ ਮ: ੪)

ਗੁਰੂ ਸਰਵਰੁ ਮਾਨਸਰੋਵਰੁ ਹੈ ਵਡਭਾਗੀ ਪੁਰਖ ਲਹੰਨ੍ਹਿ ।

ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ ।
ਧੁਰਿ ਪੂਰਬਿ ਹੋਵੈ ਲਿਖਿਆ ਗੁਰ ਭਾਣਾ ਮੰਨਿ ਲਏਨ੍ਹਿ । ੧ । ੨ । ੪ ।

(ਸੂਹੀ ਮ: ੩ ਅਸ਼ਟਪਦੀਆਂ)

ਕਿਹੜੇ ਸਿਖ ਨੂੰ ਗੁਰੂ ਪਾਸੋਂ ਨਾਮ ਦੀ ਪ੍ਰਾਪਤੀ ਹੋਂਦੀ ਹੈ ? ਜਿਹੜਾ ਗੁਰੂ ਪੁਰ ਭਰੋਸਾ ਰਖ ਕੇ ਮਨਮੱਤ ਤਿਆਗਦਾ ਹੈ । ਇਹ ਮੁੜ ਚੇਤਾ ਕਰਾ ਦਿਆਂ ਕਿ ਸਾਡੀ ਮੱਤ ਮਨ ਦਾ ਕਹਿਆ ਕਰਦੀ ਹੈ ।

ਮਨ ਕਾ ਕਹਿਆ ਮਨਸਾ ਕਰੈ । ੧ । ੨ ।

(ਬਿਲਾਵਲੁ ਅਸਟਪਦੀਆਂ ਮ: ੧)

ਤੇ ਸਾਡਾ ਮਨ ਕਾਮ ਕ੍ਰੋਧ ਦੇ ਵਸ ਵਿਚ ਹੈ ।

ਮਨੁ ਵਸਿ ਦੂਤਾ ਦੁਰਮਤਿ ਦੋਇ । ੧ । ੩ ।

(ਗਉੜੀ ਗਵਾਰੇਰੀ ਮ: ੧)

ਇਸ ਲਈ ਸਾਡੀ ਕਿਰਿਆ ਲੋਭ ਮੋਹ ਆਦਿ ਦੇ ਆਸਰੇ ਹੈ । ਗੁਰੂ ਦੀ ਸਰਨ ਤਾਂ ਹੀ ਲਈ ਜਾਏਗੀ ਜਦੋਂ ਕਿਰਿਆ ਗੁਰਮੱਤ ਦੇ ਆਸਰੇ ਹੋਵੇਗੀ । ਪਹਿਲੇ, ਗੁਰੂ ਵਿਚ ਸ਼ਰਧਾ, ਫਿਰ ਗੁਰਬਚਨਾਂ ਅਨੁਸਾਰ ਨਿੱਤ ਦੀ ਕਾਰ, ਇਹ ਗੁਰੂ ਦੀ ਸਰਣ ਲੈਣਾ ਹੈ ।

ਸਤਿਗੁਰੁ ਪੁਰਖੁ ਦਇਆਲੁ ਹੈ ਜਿਸ ਨੋ ਸਮਤੁ ਸਭੁ ਕੋਇ ।
ਏਕ ਦ੍ਰਿਸਟਿ ਕਰਿ ਦੇਖਦਾ ਮਨ ਭਾਵਨੀ ਤੇ ਸਿਧਿ ਹੋਇ ।
ਸਤਿਗੁਰ ਵਿਚਿ ਅੰਮ੍ਰਿਤੁ ਹੈ ਹਰਿ ਉਤਮੁ ਹਰਿਪਦੁ ਸੋਇ ।
ਨਾਨਕ ਕਿਰਪਾ ਤੇ ਹਰਿ ਧਿਆਈਐ ਗੁਰਮੁਖਿ ਪਾਵੈ ਕੋਇ । ੧ ।

(ਸਲੋਕ ਮ: ੪ ਗਉੜੀ ਕੀ ਵਾਰ ਮ: ੪)

... ... ...

ਸਤਿਗੁਰੂ ਸਦਾ ਦਇਆਲੁ ਹੈ ਭਾਈ ਵਿਣੁ ਭਾਗਾ ਕਿਆ ਪਾਈਐ ।
ਏਕ ਨਦਰਿ ਕਰ ਵੇਖੈ ਸਭ ਊਪਰਿ ਜੇਹਾ ਭਾਉ ਤੇਹਾ ਫਲੁ ਪਾਈਐ ।
ਨਾਨਕ ਨਾਮੁ ਵਸੈ ਮਨ ਅੰਤਰਿ ਵਿਚਹੁ ਆਪੁ ਗਵਾਈਐ । ੪ । ੬ ।

(ਸੋਰਠਿ ਮ: ੩)

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ । ਗੁਰ ਕੀ ਆਗਿਆ ਮਨ ਮਹਿ ਸਹੈ ।
ਆਪਸ ਕਉ ਕਰਿ ਕਛੁ ਨ ਜਨਾਵੈ । ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ।
ਮਨੁ ਬੇਚੈ ਸਤਿਗੁਰ ਕੈ ਪਾਸਿ । ਤਿਸੁ ਸੇਵਕ ਕੇ ਕਾਰਜ ਰਾਸਿ ।
ਸੇਵਾ ਕਰਤ ਹੋਇ ਨਿਹਕਾਮੀ । ਤਿਸ ਕਉ ਹੋਤ ਪਰਾਪਤਿ ਸੁਆਮੀ ।

ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ।
ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ । ੨ । ੧੮ ।

(ਗਉੜੀ ਸੁਖਮਨੀ ਮ: ੫)

ਗੁਰੂ ਦੇ ਮੇਲ ਦਾ ਅਰਥ ਤੇ ਨਿਸ਼ਾਨੀ ਹੀ ਈਹੋ ਹੈ ਕਿ ਮਨ ਵਸ ਵਿਚ ਆ ਜਾਏ ਅਤੇ ਹਉਮੈ ਦਾ ਨਾਸ ਹੋਵੇ । ਅੰਦਰ ਨਾਮ ਦਾ ਵਾਸਾ ਹੋਵੇ ਤੇ ਸੁਖ ਦੀ ਪ੍ਰਾਪਤੀ ਹੋਵੇ ।

ਜਬ ਗੁਰੁ ਮਿਲਿਆ ਤਬ ਮਨੁ ਵਸਿ ਆਇਆ ।
ਧਾਵਤ ਪੰਚ ਰਹੇ ਹਰਿ ਧਿਆਇਆ ।
ਅਨਦਿਨੁ ਨਗਰੀ ਹਰਿਗੁਣ ਗਾਇਆ । ੨ ।
ਸਤਿਗੁਰ ਪਗ ਧੂਰਿ ਜਿਨਾ ਮੁਖਿ ਲਾਈ ।
ਤਿਨ ਕੂੜ ਤਿਆਗੇ ਹਰਿ ਲਿਵ ਲਾਈ ।
ਤੇ ਹਰਿ ਦਰਗਹ ਮੁਖ ਊਜਲ ਭਾਈ । ੫ । ੪੩ ।

(ਗਉੜੀ ਗੁਆਰੇਰੀ ਮ: ੪)

ਏ ਮਨ ਐਸਾ ਸਤਿਗੁਰੁ ਖੋਜਿ ਲਹੁ ਜਿਤੁ ਸੇਵਿਐ ਜਨਮ ਮਰਣ ਦੁਖੁ ਜਾਇ ।
ਸਹਸਾ ਮੂਲਿ ਨ ਹੋਵਈ ਹਉਮੈ ਸਬਦਿ ਜਲਾਇ ।
ਕੂੜੈ ਕੀ ਪਾਲਿ ਵਿਚਹੁ ਨਿਕਲੈ ਸਚੁ ਵਸੈ ਮਨਿ ਆਇ ।
ਅੰਤਰਿ ਸਾਂਤਿ ਮਨਿ ਸੁਖੁ ਹੋਇ ਸਚ ਸੰਜਮਿ ਕਾਰ ਕਮਾਇ ।
ਨਾਨਕ ਪੂਰੈ ਕਰਮਿ ਸਤਗੁਰੁ ਮਿਲੈ
ਹਰਿ ਜੀਉ ਕਿਰਪਾ ਕਰੇ ਰਜਾਇ । ੨ । ੧੪ ।

(ਸਲੋਕ ਮ: ੩ ਵਾਰ ਵਡਹੰਸ ਮ: ੪)

ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ ।
ਗੁਰੂਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ ।
ਸਾਹਿਬੁ ਸਦਾ ਹਜੂਰਿ ਹੈ ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ ।
ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਇਹੁ ।
ਸਤਿਗੁਰ ਕਾ ਭਾਣਾ ਚਿਤਿ ਰਖਹੁ ਸੰਜਮ ਸਚਾ ਨੇਹੁ ।
ਨਾਨਕ ਐਥੇ ਸੁਖੈ ਅੰਦਰਿ ਰਖਸੀ ਅਗੈ ਹਰਿ ਸਿਉ ਕੇਲ ਕਰੇਹੁ ।੨।੨੫।

(ਸਲੋਕ ਮ: ੩ ਵਾਰ ਬਿਹਾਗੜਾ)

ਗੁਰ ਸੇਵਾ ਤੇ ਸੁਖੁ ਪਾਈਐ ਹੋਰਥੈ ਸੁਖੁ ਨਾ ਭਾਲਿ ।
ਗੁਰ ਕੈ ਸਬਦਿ ਮਨੁ ਭੇਦੀਐ ਸਦਾ ਵਸੈ ਹਰਿ ਨਾਲਿ ।
ਨਾਨਕ ਨਾਮੁ ਤਿਨ੍ਹਾ ਕਉ ਮਿਲੈ ਜਿਨ ਹਰਿ ਵੇਖੈ ਨਦਰਿ ਨਿਹਾਲਿ ।੧।

(ਸਲੋਕ ਮ: ੩ ਬਿਹਾਗੜਾ)

ਜਹ ਸਤਿਗੁਰੁ ਤਹ ਸਤਸੰਗਤਿ ਬਣਾਈ ।
ਜਹ ਸਤਿਗੁਰੁ ਸਹਜੇ ਹਰਿਗੁਣ ਗਾਈ ।
ਜਹ ਸਤਿਗੁਰੁ ਤਹਾ ਹਉਮੈ ਸਬਦਿ ਜਲਾਈ । ੨ ।
ਗੁਰਮੁਖਿ ਸੇਵਾ ਮਹਲੀ ਥਾਉ ਪਾਏ ।
ਗੁਰਮੁਖਿ ਅੰਤਰਿ ਹਰਿਨਾਮੁ ਵਸਾਏ ।
ਗੁਰਮੁਖਿ ਭਗਤਿ ਹਰਿਨਾਮਿ ਸਮਾਏ । ੩ । ੮ । ੨੮ ।

(ਗਉੜੀ ਗਵਾਰੇਰੀ ਮ: ੫)

ਸਤਿਗੁਰੂ ਬਿਨਾ ਕਿਸੇ ਲਾਲਚ ਦੇ ਲੋਕਾਂ ਨੂੰ ਉਪਦੇਸ਼ ਦੇਂਦੇ ਹਨ ਤੇ ਨਾਮ ਵਲ ਲੈ ਜਾਂਦੇ ਹਨ ।

ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ ।
ਓਇ ਅੰਮ੍ਰਿਤ ਭਰੇ ਭਰਪੂਰ ਹਰਿ ਓਨਾ ਤਿਲੁ ਨਾ ਤਮਾਇ । ੮ ।
ਗੁਣਕਾਰੀ ਗੁਣ ਸੰਘਰੈ ਅਵਰਾ ਉਪਦੇਸੇਨਿ ।
ਸੇ ਵਡਭਾਗੀ ਜਿ ਓਨਾ ਮਿਲਿ ਰਹੇ ਅਨਦਿਨੁ ਨਾਮੁ ਲਏਨਿ ।੯।੧।੩।

(ਸੂਹੀ ਮ: ੩ ਅਸ਼ਟਪਦੀਆਂ)

ਗੁਰੂ ਅਰਜਨ ਦੇਵ ਇਸ ਸ਼ਬਦ ਵਿਚ ਸਤਿਗੁਰ ਦੇ ਸਮੁਚੇ ਗੁਣ ਵਰਣਨ ਕਰਦੇ ਹਨ ।

ਗੁਨ ਗਾਵਤ ਮਨਿ ਹੋਇ ਅਨੰਦ । ਆਠ ਪਹਰ ਸਿਮਰਉ ਭਗਵੰਤ ।
ਜਾ ਕੈ ਸਿਮਰਨਿ ਕਲਮਲ ਜਾਹਿ । ਤਿਸੁ ਗੁਰ ਕੀ ਹਮ ਚਰਨੀ ਪਾਹਿ ।੧।
ਸੁਮਤਿ ਦੇਵਹੁ ਸੰਤ ਪਿਆਰੇ । ਸਿਮਰਉ ਨਾਮੁ ਮੋਹਿ ਨਿਸਤਾਰੇ ।੧। ਰਹਾਉ ।
ਜਿਨਿ ਗੁਰਿ ਕਹਿਆ ਮਾਰਗੁ ਸੀਧਾ । ਸਗਲ ਤਿਆਗਿ ਨਾਮਿ ਹਰਿ ਗੀਧਾ ।
ਤਿਸੁ ਗੁਰ ਕੈ ਸਦਾ ਬਲਿ ਜਾਈਐ ।
ਹਰਿ ਸਿਮਰਨੁ ਜਿਸੁ ਗੁਰ ਤੇ ਪਾਈਐ । ੨ ।
ਬੂਡਤ ਪ੍ਰਾਨੀ ਜਿਨਿ ਗੁਰਹਿ ਤਰਾਇਆ ।
ਜਿਸੁ ਪ੍ਰਸਾਦਿ ਮੋਹੈ ਨਹੀ ਮਾਇਆ ।
ਹਲਤੁ ਪਲਤੁ ਜਿਨਿ ਗੁਰਹਿ ਸਵਾਰਿਆ ।
ਤਿਸੁ ਗੁਰ ਊਪਰਿ ਸਦਾ ਹਉ ਵਾਰਿਆ । ੩ ।
ਮਹਾ ਮੁਗਧ ਤੇ ਕੀਆ ਗਿਆਨੀ । ਗੁਰ ਪੂਰੇ ਕੀ ਅਕਥ ਕਹਾਨੀ ।
ਪਾਰਬ੍ਰਹਮ ਨਾਨਕ ਗੁਰਦੇਵ । ਵਡੈ ਭਾਗਿ ਪਾਈਐ ਹਰਿ ਸੇਵ । ੪ । ੩ ।

(ਪ੍ਰਭਾਤੀ ਮ: ੫)

ਸਤਿਗੁਰ ਨਿਰਵੈਰ ਹੈ । ਉਹਦੇ ਮਨ ਵਿਚ ਖੋਰ ਨਹੀਂ । ਜੇ ਨਿੰਦਕ ਵੀ ਸਰਨ ਆ ਜਾਵੇ ਤਾਂ ਬਖਸ਼ ਕੇ ਮੇਲ ਲੈਂਦਾ ਹੈ ।

ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ ।
ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ ।
ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ
ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ ।
ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ
ਜਿਤੁ ਮਿਲਿਐ ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜ ਆਵੈ ।
ਨਾਨਕ ਇਹੁ ਅਚਰਜੁ ਦੇਖਹੁ ਮੇਰੇ ਹਰਿ ਸਚੇ ਸਾਹ ਕਾ
ਜਿ ਸਤਿਗੁਰੂ ਨੋ ਮੰਨੈ ਸੁ ਸਭਨਾਂ ਭਾਵੈ । ੧੩ ।

(ਵਾਰ ਬਿਲਾਵਲੁ ਮ: ੪)

ਸਿੱਖ ਅਜੇਹੇ ਉਪਰ-ਲਿਖੇ ਗੁਣਾਂ ਵਾਲੇ ਗੁਰੂ ਨੂੰ ਨਿਰੰਕਾਰ ਦਾ ਰੂਪ ਜਾਣੇ । ਗੁਰ ਬਾਣੀ ਹੀ ਰੱਬੀ ਕਲਾਮ ਹੈ । ਗੁਰੂ ਅੰਤਰ ਆਤਮੇ ਨਿਰੰਕਾਰ ਨਾਲ ਅਭੇਦ ਹੈ । ਇਸ ਲਈ ਜੋ ਗੁਰੂ ਦਾ ਉਪਦੇਸ਼ ਹੈ ਉਹ ਨਿਰੰਕਾਰੀ ਗਿਆਨ ਹੈ ।

ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ । ੫ । ੪ ।

(ਮਲਾਰ ਮ: ੪)

ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ।
ਚਰਨ ਕਮਲ ਗੁਰ ਰਿਦੈ ਬਸਾਇਆ । ੧ ।
ਗੁਰ ਗੋਬਿੰਦੁ ਪਾਰਬ੍ਰਹਮੁ ਪੂਰਾ ।
ਤਿਸਹਿ ਅਰਾਧਿ ਮੇਰਾ ਮਨੁ ਧੀਰਾ । ੧ । ਰਹਾਉ ।
ਅਨਦਿਨੁ ਜਪਉ ਗੁਰੂ ਗੁਰ ਨਾਮੁ । ਤਾ ਤੇ ਸਿਧਿ ਭਏ ਸਗਲ ਕਾਂਮ । ੧ ।
ਦਰਸਨ ਦੇਖਿ ਸੀਤਲ ਮਨ ਭਏ । ਜਨਮ ਜਨਮ ਕੇ ਕਿਲਬਿਖ ਗਏ । ੩ ।
ਕਹੁ ਨਾਨਕ ਕਹਾ ਭੈ ਭਾਈ ।
ਅਪਨੇ ਸੇਵਕ ਕੀ ਆਪਿ ਪੈਜ ਰਖਾਈ । ੪ । ੧੧੨।੧੮੧ ।

(ਗਉੜੀ ਮ: ੫)

ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ ਨਾਰਾਇਣਹ ।
ਗੁਰ ਦਇਆਲ ਸਮਰਥ ਗੁਰ ਗੁਰ ਨਾਨਕ ਪਤਿਤ ਉਧਾਰਣਹ ।੧।੧੯।

(ਸੂਹੀ ਮ: ੪ ਅਸ਼ਟਪਦੀਆਂ)

ਗੁਰੁ ਪਰਮੇਸਰੁ ਏਕੋ ਜਾਣੁ । ਜੋ ਤਿਸੁ ਭਾਵੈ ਸੋ ਪਰਵਾਣੁ । ੧ । ਰਹਾਉ ।

... ... ... ... ... ... ...

ਗੁਰ ਕੀ ਮਹਿਮਾ ਕਥਨੁ ਨ ਜਾਇ ।

ਪਾਰਬ੍ਰਹਮੁ ਗੁਰੁ ਰਹਿਆ ਸਮਾਇ । ੪ । ੬ । ੮ ।

(ਗੌਂਡ ਮ: ੫)

ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ । ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ ।
ਗੁਰੁ ਮੇਰਾ ਦੇਉ ਅਲਖ ਅਭੇਉ । ਸਰਬ ਪੂਜ ਚਰਨ ਗੁਰ ਸੇਉ ।੧।
ਗੁਰੁ ਪੂਰਾ ਪਾਈਐ ਵਡਭਾਗੀ । ਗੁਰ ਕੀ ਸੇਵਾ ਦੂਖੁ ਨਾ ਲਾਗੀ ।
ਗੁਰੁ ਕਾ ਸਬਦੁ ਨਾ ਮੇਟੈ ਕੋਇ । ਗੁਰ ਨਾਨਕੁ ਨਾਨਕੁ ਹਰਿ ਸੋਇ ।੪।੭।੯।

(ਗੌਂਡ ਮ: ੫)

ਸਗਲ ਸਿਆਨਪ ਛਾਡਿ । ਕਰਿ ਸੇਵਾ ਸੇਵਕ ਸਾਜਿ ।
ਅਪਨਾ ਆਪੁ ਸਗਲ ਮਿਟਾਇ । ਮਨ ਚਿੰਦੇ ਸੇਈ ਫਲ ਪਾਇ ।੧।
ਹੋਹੁ ਸਾਵਧਾਨ, ਅਪੁਨੇ ਗੁਰ ਸਿਉ ।
ਆਸਾ ਮਨਸਾ ਪੂਰਨ ਹੋਵੈ ਪਾਵਹਿ ਸਗਲ ਨਿਧਾਨ ਗੁਰ ਸਿਉ ।੧। ਰਹਾਉ ।
ਦੂਜਾ ਨਹੀ ਜਾਨੈ ਕੋਇ । ਸਤਿਗੁਰੁ ਨਿਰੰਜਨੁ ਸੋਇ ।
ਮਾਨੁਖ ਕਾ ਕਰਿ ਰੂਪੁ ਨ ਜਾਨੁ । ਮਿਲੀ ਨਿਮਾਨੇ ਮਾਨੁ । ੨ ।
ਗੁਰ ਕੀ ਹਰਿ ਟੇਕ ਟਿਕਾਇ । ਅਵਰ ਆਸਾ ਸਭ ਲਾਹਿ ।
ਹਰਿ ਕਾ ਨਾਮੁ ਮਾਗੁ ਨਿਧਾਨੁ । ਤਾ ਦਰਗਹ ਪਾਵਹਿ ਮਾਨੁ । ੩ ।
ਗੁਰ ਕਾ ਬਚਨ ਜਪਿ ਮੰਤੁ । ਏਹਾ ਭਗਤਿ ਸਾਰ ਤਤੁ ।
ਸਤਿਗੁਰ ਭਏ ਦਇਆਲ । ਨਾਨਕ ਦਾਸ ਨਿਹਾਲ ।੪।੨੮।੩੯।

(ਰਾਮ ਕਲੀ ਮ: ੫)

ਗੁਰ ਸਰਣਾਈ ਸਗਲ ਨਿਧਾਨੁ । ਸਾਚੀ ਦਰਗਹਿ ਪਾਈਐ ਮਾਨੁ ।
ਭ੍ਰਮੁ ਭਉ ਦੂਖੁ ਦਰਦੁ ਸਭੁ ਜਾਇ । ਸਾਧ ਸੰਗਿ ਸਦ ਹਰ ਗੁਣ ਗਾਇ । ੧ ।
ਮਨ ਮੇਰੇ ਗੁਰੁ ਪੂਰਾ ਸਾਲਾਹਿ ।
ਨਾਮ ਨਿਧਾਨੁ ਜਪਹੁ ਦਿਨੁ ਰਾਤੀ ਮਨ ਚਿੰਦੇ ਫਲ ਪਾਇ ।੧। ਰਹਾਉ ।
ਸਤਿਗੁਰ ਜੇਵਡੁ ਅਵਰ ਨਾ ਕੋਇ । ਗੁਰੁ ਪਾਰਬ੍ਰਹਮੁ ਪਰਮੇਸਰੁ ਸੋਇ ।
ਜਨਮ ਮਰਣ ਦੂਖ ਤੇ ਰਾਖੈ । ਮਾਇਆ ਬਿਖੁ ਫਿਰਿ ਬਹੁੜਿ ਨ ਚਾਖੈ ।੨।
ਗੁਰ ਕੀ ਮਹਿਮਾ ਕਥਨੁ ਨਾ ਜਾਇ । ਗੁਰੁ ਪਰਮੇਸਰੁ ਸਾਚੈ ਨਾਇ ।
ਸਚੁ ਸੰਜਮੁ ਕਰਨੀ ਸਭ ਸਾਚੀ । ਮਨੁ ਨਿਰਮਲੁ ਜੋ ਗੁਰ ਸੰਗਿ ਰਾਚੀ ।੩।
ਗੁਰੁ ਪੂਰਾ ਪਾਈਐ ਵਡ ਭਾਗਿ । ਕਾਮੁ ਕ੍ਰੋਧੁ ਲੋਭੁ ਮਨ ਤੇ ਤਿਆਗਿ ।
ਕਰਿ ਕਿਰਪਾ ਗੁਰ ਚਰਣ ਨਿਵਾਸਿ ।
ਨਾਨਕ ਕੀ ਪ੍ਰਭ ਸਚੁ ਅਰਦਾਸਿ । ੪ । ੨੨ ।

(ਮਲਾਰ ਮ: ੫)

ਜੇ ਸਤਿਗੁਰੂ ਆਪ ਨਿਰੰਕਾਰ ਨਾਲ ਇਕ-ਰੂਪ ਨਹੀਂ ਤਾਂ ਉਹ ਸਿਖ ਨੂੰ ਕਿਸ ਤਰਹ ਇਕ ਰੂਪ ਕਰੇਗਾ ? ਪਰ ਇਥੇ ਇਕ ਸੰਸਾ ਹੋ ਸਕਦਾ ਹੈ। ਦਸਮ ਪਾਤਸ਼ਾਹ ਦਾ ਫੁਰਮਾਨ ਹੈ 'ਜੋ ਮੁਝ ਕੋ ਪਰਮੇਸ਼ਰ ਉਚਰ ਹੈ। ਤੇ ਸਭ ਨਰਕ ਕੁੰਡ ਮਹਿ ਪਰ ਹੈ'। ਫਿਰ ਸਤਿਗੁਰ ਤੇ ਪਾਰਬ੍ਰਹਮ ਇਕ ਕਿਵੇਂ ਹੋਇਆ ? ਪਰ ਉਨ੍ਹਾਂ ਦਾ ਹੀ ਇਹ ਬੀ ਹੁਕਮ ਹੈ :

ਹਰਿ ਹਰਿ ਜਨ ਦੋਊ ਏਕ ਹੈ ਬਿਬ ਵਿਚਾਰ ਕਛੂ ਨਾਹਿ।
ਜਲ ਤੇ ਉਪਜਿ ਤਰੰਗ ਜਿਉ ਜਲ ਹੀ ਬਿਖੇ ਸਮਾਹਿ।

ਅਤੇ ਆਪਣੇ ਪਹਿਲੇ ਜਨਮ ਦਾ ਕਥਨ ਕਰਦੇ ਹੋਏ ਫੁਰਮਾਇਆ ਹੈ ਕਿ ਅਸਾਂ ਨਿਰੰਕਾਰ ਦੀ ਅਜੇਹੀ ਭਗਤੀ ਕੀਤੀ ਕਿ ਅਸੀਂ

'ਦ੍ਵੈ ਤੇ ਏਕ ਰੂਪ ਹੋਇ ਗਇਓ'।

ਇਨ੍ਹਾਂ ਵਾਕਾਂ ਨੂੰ ਇਕੱਠਾ ਵਿਚਾਰ ਕੇ ਇਹ ਭਾਵ ਨਿਕਲਦਾ ਹੈ ਕਿ ਜਿਕੁਰ ਲੋਕ ਕਈ ਮਹਾਪੁਰਖਾਂ ਨੂੰ ਪਰਮਾਤਮਾ ਦਾ ਅਵਤਾਰ ਮੰਨਦੇ ਸਨ ਤੇ ਉਨ੍ਹਾਂ ਦੀ ਦੇਹ ਨੂੰ ਸਾਖਿਆਤ ਨਿਰੰਕਾਰ ਦਾ ਰੂਪ ਸਮਝ ਕੇ ਉਨ੍ਹਾਂ ਦੀਆਂ ਮੂਰਤੀਆਂ ਪੂਜਦੇ ਸਨ, ਇਹ ਗਲ ਸਤਿਗੁਰ ਜੀ ਨੇ ਵਰਜੀ ਹੈ। ਨਿਰੰਕਾਰ ਦੀ ਕੋਈ ਦੇਹ ਨਹੀਂ, ਨਾ ਹੀ ਉਹਦੀ ਕੋਈ ਮੂਰਤੀ ਹੈ। ਪਰ ਇਹ ਸਿਖੀ ਦਾ ਅਸੂਲ ਹੈ ਕਿ ਸਤਿਗੁਰੂ ਅੰਤਰ ਆਤਮੇ ਨਿਰੰਕਾਰ ਨਾਲ ਅਭੇਦ ਹੈ ਤੇ ਸਤਿਗੁਰੂ ਦਾ ਉਪਦੇਸ਼ ਨਿਰੰਕਾਰੀ ਉਪਦੇਸ਼ ਹੈ। ਇਸ ਗੱਲ ਤੇ ਵਧੀਕ ਚਾਨਣਾ ਅੱਗੇ ਚਲ ਕੇ ਪਾਵਾਂਗੇ। ਇਥੇ ਇਤਨਾ ਹੀ ਨਿਰਨਾ ਹੋਂਦਾ ਹੈ ਕਿ ਸਤਿਗੁਰ ਦੀ ਦੇਹ ਨਿਰੰਕਾਰ ਦੀ ਮੂਰਤੀ ਨਹੀਂ, ਉਨ੍ਹਾਂ ਦੀ ਆਤਮਾ ਨਿਰੰਕਾਰ ਦਾ ਰੂਪ ਹੈ।

ਕਈ ਲੋਕ ਇਹ ਕਹਿ ਦਿਆ ਕਰਦੇ ਹਨ ਕਿ ਅਸਲ ਵਿਚ ਸਿਖ ਨੂੰ ਤਾਂ ਉਹਦਾ ਨਿਸਚਾ ਤਾਰਦਾ ਹੈ ਭਾਵੇਂ ਕਿਤੇ ਆਪਣਾ ਯਕੀਨ ਬੰਨ੍ਹ ਲਵੇ। ਇਹ ਸਿਧਾਂਤ ਗੁਰਮੱਤ ਵਿਚ ਪਰਵਾਣ ਨਹੀਂ। ਪੂਰੇ ਗੁਰੂ ਤੇ ਹੀ ਨਿਸਚਾ ਹੋਵੇ ਤਾਂ ਸਿਖ ਦੀ ਜ਼ਿੰਦਗੀ ਬਦਲਦੀ ਹੈ, ਐਵੇਂ ਨਹੀਂ। ਸਿੱਖ ਦਾ ਨਿਸਚਾ ਤਾਂ ਮਨਮੱਤ ਨੂੰ ਦਬਾਉਂਦਾ ਹੈ ਤੇ ਉਹ ਆਪਣੇ ਆਪ ਨੂੰ ਗੁਰੂ ਦੇ ਹਵਾਲੇ ਕਰਦਾ ਹੈ। ਪਰ ਜਿਸਦੇ ਹਵਾਲੇ ਆਪਣਾ ਆਪ ਕੀਤਾ, ਜੇ ਉਹ ਸੱਚਾ ਨਹੀਂ ਤਾਂ ਸਿਖ ਨੂੰ ਕਿਕੁਰ ਸੱਚ ਤੀਕ ਪੁਚਾਵੇਗਾ।

ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ।
ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ। ੨। ੬।

(ਸਲੋਕ ਮ: ੧ ਵਾਰ ਮਾਝ)

ਅੰਧੇ ਗੁਰੂ ਤੇ ਭਰਮੁ ਨ ਜਾਈ। ੨। ੬।

(ਗਉੜੀ ਗਵਾਰੇਰੀ ਮ: ੩)

ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ।
ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ।

ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ ।
ਵਿਣੁ ਨਾਮ ਹਰਿ ਕੇ ਕਛੁ ਨ ਸੁਝੈ ਅੰਧੁ ਬੂਡੌ ਧੰਧਲੀ । ੬ । ੨ । ੫ ।

(ਸੂਹੀ ਮ: ੧ ਛੰਤ ਘਰੁ ੪)

ਕੇਤੇ ਗੁਰ ਚੇਲੇ ਫੁਨਿ ਹੂਆ । ਕਾਚੇ ਗੁਰ ਤੇ ਮੁਕਤਿ ਨ ਹੂਆ ੨੧ ।

(ਰਾਮਕਲੀ ਮ: ੧ ਦਖਣੀ ਓਅੰਕਾਰੁ)

ਗੁਰੁ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ।
ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ ।
ਕੂੜੁ ਕੁਸਤੁ ਕਮਾਵਦੇ ਪਰਨਿੰਦਾ ਸਦਾ ਕਰੇਨਿ ।
ਓਇ ਆਪਿ ਡੁਬੇ ਪਰ ਨਿੰਦਕਾ ਸਗਲੇ ਕੁਲ ਡੋਬੇਨਿ । ੨ । ੧੦ ।

(ਸਲੋਕ ਮ: ੩ ਵਾਰ ਰਾਮਕਲੀ ਮ: ੩)

ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ।
ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ।
ਅੰਧੇ ਏਹਿ ਨਾ ਆਖੀਅਨਿ ਜਿਨ ਮੁਖਿ ਲੋਇਣ ਨਾਹਿ ।
ਅੰਧੇ ਸੇਇ ਨਾਨਕਾ ਜਿ ਖਸਮਹੁ ਘੁਥੇ ਜਾਹਿ । ੧ । ੧੬ ।

(ਸਲੋਕ ਮ: ੨ ਵਾਰ ਰਾਮਕਲੀ ਮ: ੩)

ਇਸ ਲਈ ਜਿਸ ਕਿਸੇ ਗੁਰੂ ਤੇ ਵਿਸ਼ਵਾਸ ਕੀਤਿਆਂ ਪਾਰ ਉਤਾਰਾ ਨਹੀਂ ਹੋਣਾ । ਸੱਚੇ ਗੁਰੂ ਦੀ ਸਰਨ ਹੀ ਸੁਖ ਵਿਚ ਲੈ ਜਾਏਗੀ । ਜੇ ਅਸੀਂ ਸੱਚੇ ਗੁਰੂ ਦੇ ਹੁਕਮ ਹੇਠਾਂ ਤੁਰੀਏ ਤਾਂ ਕਰਮ 'ਰਹਿਤ' ਰੂਪ ਹੋ ਕੇ ਸੁਭਾਵ ਬਦਲਦੇ ਹਨ ਤੇ ਨਾਮ ਪ੍ਰਾਪਤ ਹੁੰਦਾ ਹੈ । ਐਵੇਂ ਕਰਮ ਹਉਮੈ ਦੇ ਆਸਰੇ ਕੀਤੇ ਹੋਏ ਸਾਡੇ ਬੰਧਨਾਂ ਨੂੰ ਪੱਕਾ ਕਰਦੇ ਹਨ ।

ਬਿਨੁ ਗੁਰ ਰੋਗੁ ਨ ਤੁਟਈ ਹਉਮੈ ਪੀੜ ਨਾ ਜਾਇ ।
ਗੁਰ ਪਰਸਾਦੀ ਮਨਿ ਵਸੈ ਨਾਮੇ ਰਹੈ ਸਮਾਇ ।

ਗੁਰਸਬਦੀ ਹਰਿ ਪਾਈਐ ਬਿਨੁ ਸਬਦੈ ਭਰਮਿ ਭੁਲਾਇ । ੧ । ੨੪ । ੫੭ ।

(ਸ੍ਰੀ ਰਾਗ ਮ: ੧)

ਭਾਈ ਰੇ ਗੁਰ ਬਿਨੁ ਗਿਆਨੁ ਨਾ ਹੋਇ ।
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ । ੧ । ੧੦ ।

(ਸ੍ਰੀ ਰਾਗ ਮ: ੧ ਅਸਟਪਦੀਆ)

ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ ।
ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ । ੨ । ੨੦ ।

(ਸਲੋਕ ਮ: ੩ ਗੂਜਰੀ ਕੀ ਵਾਰ ਮ: ੩)

ਅੰਧੇ ਚਾਨਣੁ ਤਾ ਥੀਐ ਜਾ ਸਤਿਗੁਰ ਮਿਲੈ ਰਜਾਇ ।
ਬੰਧਨ ਤੋੜੈ ਸਚਿ ਵਸੈ ਅਗਿਆਨੁ ਅੰਧੇਰਾ ਜਾਇ ।
ਸਭੁ ਕਿਛੁ ਦੇਖੈ ਤਿਸੈ ਕਾ ਜਿਨਿ ਕੀਆ ਤਨੁ ਸਾਜਿ ।
ਨਾਨਕ ਸਰਣਿ ਕਰਤਾਰ ਕੀ ਕਰਤਾ ਰਾਖੈ ਲਾਜ । ੨ । ੭ ।

(ਸਲੋਕ ਮ: ੩ ਵਾਰ ਬਿਹਾਗੜਾ)

ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ ।
ਸਤਿਗੁਰਿ ਮਿਲਿਐ ਉਲਟੀ ਭਈ ਕਹਣਾ ਕਛੂ ਨ ਜਾਇ । ੩ ।
ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ
ਗੁਰ ਕੈ ਸਬਦਿ ਫਿਰਿ ਜੀਵੈ ਕੋਇ ।
ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ । ੪ । ੧ ।

(ਵਡਹੰਸ ਮ: ੩)

ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ ਵਿਚਿ ਹਉਮੈ ਕਰਮ ਕਮਾਹਿ ।
ਬਿਨੁ ਸਤਿਗੁਰ ਸੇਵੇ ਠਉਰ ਨ ਪਾਵਹੀ ਮਰਿ ਜੰਮਹਿ ਆਵਹਿ ਜਾਹਿ ।
ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ ਨਾਮੁ ਨ ਵਸੈ ਮਨ ਮਾਹਿ ।
ਨਾਨਕ ਬਿਨੁ ਸਤਿਗੁਰ ਸੇਵੇ ਜਮਪੁਰਿ ਬਧੇ ਮਾਰੀਅਹਿ ।
ਮੁਹਿ ਕਾਲੈ ਉਠਿ ਜਾਹਿ । ੧ । ੧੦ ।

(ਸਲੋਕ ਮ: ੩ ਵਾਰ ਵਡਹੰਸ ਮ: ੪)

ਮਨਮੁਖਿ ਭਗਤਿ ਕਰਹਿ ਬਿਨੁ ਸਤਿਗੁਰ ।
ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ।
ਹਉਮੈ ਮਾਇਆ ਰੋਗ ਵਿਆਪੇ ਮਰਿ ਜਨਮਹਿ ਦੁਖੁ ਹੋਈ ਰਾਮ ।੩।੧੨।

(ਸੂਹੀ ਮ: ੩ ਛੰਤ ਘਰ ੪)

ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ।
ਪਾਵੈ ਮੁਕਤਿ ਨ ਹੋਰਥੈ ਕੋਈ ਪੁਛਹੁ ਬਿਬੇਕੀਆ ਜਾਏ ।

ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨਾ ਪਾਏ ।
ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ।
ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨਾ ਪਾਏ । ੨੨ ।

(ਰਾਮਕਲੀ ਮ: ੩ ਅਨੰਦੁ)

ਗਣਤ ਗਣਾਵੈ ਅਖਰੀ ਅਗਣਤੁ ਸਾਚਾ ਸੋਇ ।
ਅਗਿਆਨੀ ਮਤਿ ਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ । ੩੨ ।

(ਰਾਮਕਲੀ ਮ: ੧ ਦਖਨੀ ਓਅੰਕਾਰ)

ਅੰਮ੍ਰਿਤ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ ।
ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੁੋ ਖੋਜਿ ਲਹੈ । ੧ ।
ਗੁਰ ਸਮਾਨਿ ਤੀਰਥੁ ਨਹੀ ਕੋਇ । ਸਰੁ ਸੰਤੋਖ ਤਾਸੁ ਗੁਰੁ ਹੋਇ ।੧। ਰਹਾਉ ।
ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ ।
ਸਤਿਗੁਰਿ ਪਾਈਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ । ੨ ।
ਰਤਾ ਸਚਿ ਨਾਮਿ ਤਲ ਹੀਅਲ ਸੋ ਗੁਰੁ ਪਰਮਲੁ ਕਹੀਐ ।
ਜਾਕੀ ਵਾਸੁ ਬਨਾਸਪਤਿ ਸਉਰੈ ਤਾਸੁ ਚਰਣ ਲਿਵ ਰਹੀਐ । ੩ ।
ਗੁਰਮੁਖਿ ਜੀਅ ਪ੍ਰਾਨ ਉਪਜਹਿ ਗੁਰਮੁਖਿ ਸਿਵ ਘਰਿ ਜਾਈਐ ।
ਗੁਰਮੁਖਿ ਨਾਨਕ ਸਚਿ ਸਮਾਈਐ ਗੁਰਮੁਖਿ ਨਿਜੁ ਪਦੁ ਪਾਈਐ । ੪ । ੬ ।

(ਪ੍ਰਭਾਤੀ ਮ: ੧)

ਗੁਰ ਪਰਸਾਦੀ ਸਿਵ ਘਰਿ ਜੰਮੈ ਵਿਚਹੁ ਸਕਤਿ ਗਵਾਇ ।
ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ । ੪ । ੧ ।

(ਮਲਾਰ ਮ: ੩ ਅਸਟਪਦੀਆਂ)

ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ ।
ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ ।
ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਪਾਇ ।
ਬਿਨੁ ਸਤਿਗੁਰ ਭੇਟੇ ਮਹਾ ਦੁਖੁ ਜਾਇ ।
ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ ।
ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ । ੭੦

(ਰਾਮਕਲੀ ਮ: ੧ ਸਿਧ ਗੋਸ਼ਟਿ)

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਤਿਗੁਰ ਦੀ ਸੇਵਾ ਕੀ ਹੈ ? ਗੁਰ ਸਬਦ ਵਿਚ ਮੇਲ ਅਰਥਾਤ ਸਤਿਗੁਰ ਜੀ ਦੇ ਹੁਕਮ ਵਿਚ ਤੁਰਨਾ ਇਹ ਸਤਿਗੁਰ ਦੀ ਸੇਵਾ ਹੈ । ਅਤੇ ਉਹ ਹੁਕਮ ਨਾਮ ਵਿਚ ਪਰਵਿਰਤ ਹੋਣਾ ਹੈ ।

ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ।
ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ ।
ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ । ੪ । ੩ । ੨੬ ।

(ਸ੍ਰੀ ਰਾਗ ਮ: ੩)

ਹਉ ਗੁਰ ਪੂਛਉ ਆਪਣੇ ਗੁਰ ਪੁਛਿ ਕਾਰ ਕਮਾਉ ।
ਸਬਦਿ ਸਲਾਹੀ ਮਨਿ ਵਸੈ ਹਉਮੈ ਦੁਖੁ ਜਲਿ ਜਾਉ ।
ਸਹਜੇ ਹੋਇ ਮਿਲਾਵੜਾ ਸਾਚੇ ਸਾਚਿ ਮਿਲਾਉ । ੫ ।
ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ।
ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰਧਾਰਿ ।
ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਅਧਾਰੁ । ੬ ।
ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ।
ਸਬਦੈ ਹੀ ਤੇ ਪਾਈਐ ਹਰਿਨਾਮੇ ਲਗੈ ਪਿਆਰੁ ।
ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ । ੭ । ੮ ।

(ਸ੍ਰੀ ਰਾਗ ਮ: ੧ ਅਸਟਪਦੀਆ)

ਮਨ ਰੇ ਗੁਰ ਕੀ ਕਾਰ ਕਮਾਇ ।
ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿਨਾਇ । ੧ । ੩ । ੨੦ ।

(ਸ੍ਰੀ ਰਾਗ ਮਂ: ੩ ਅਸਟਪਦੀਆ)

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ।
ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ।
ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ ।
ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ ।
ਇਹ ਚਾਲ ਨਿਰਾਲੀ ਗੁਰਮੁਖੀ ਗੁਰਦੀਖਿਆ ਸੁਣਿ ਮਨੁ ਭਿੰਨੇ ।੨੫।

(ਵਾਰ ਗਉੜੀ ਮ: ੪)

ਗੁਰੁ ਸੇਵੇ ਸੋ ਠਾਕੁਰ ਜਾਨੈ। ਦੂਖ ਮਿਟੈ ਸਚੁ ਸਬਦਿ ਪਛਾਨੈ। ੧। ੧੦।

(ਆਸਾ ਮ: ੧ ਅਸਟਪਦੀਆ)

ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ।
ਬੁਰਾ ਭਲਾ ਜੇ ਸਮ ਕਰਿ ਜਾਣੈ ਇਨਿ ਬਿਧਿ ਸਾਹਿਬੁ ਰਮਤੁ ਰਹੈ। ੮।

(ਆਸਾ ਮ: ੧ ਪੱਟੀ)

ਨਾਨਕ ਐਸੇ ਸਤਿਗੁਰ ਕੀ
ਕਿਆ ਓਹੁ ਸੇਵਕੁ ਸੇਵਾ ਕਰੇ ਗੁਰ ਆਗੈ ਜੀਉ ਧਰੇਇ।
ਸਤਿਗੁਰ ਕਾ ਭਾਣਾ ਚਿਤਿ ਕਰੇ ਸਤਿਗੁਰੁ ਆਪੇ ਕ੍ਰਿਪਾ ਕਰੇਇ। ੪। ੧। ੩।

(ਗੂਜਰੀ ਮ: ੩)

ਇਕਿ ਸਤਿਗੁਰ ਕੀ ਸੇਵਾ ਕਰਹਿ ਚਾਕਰੀ ਹਰਿਨਾਮੇ ਲਗੈ ਪਿਆਰੁ।
ਨਾਨਕ ਜਨਮੁ ਸਵਾਰਨਿ ਆਪਣਾ ਕੁਲ ਕਾ ਕਰਨਿ ਉਧਾਰੁ।੨।੧੧।

(ਸਲੋਕ ਮ ੩ ਵਾਰ ਬਿਹਾਗੜਾ)

ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪ ਗਵਾਇ।
ਸਬਦਿ ਮਰਹਿ ਫਿਰਿ ਨਾ ਮਰਹਿ ਤਾ ਸੇਵਾ ਪਵੈ ਸਭ ਥਾਇ।
ਪਾਰਸਿ ਪਰਸਿਐ ਪਾਰਸੁ ਹੋਵੈ ਸਚਿ ਰਹੈ ਲਿਵ ਲਾਇ।
ਜਿਸੁ ਪੂਰਬਿ ਹੋਵੈ ਲਿਖਿਆ ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ।
ਨਾਨਕ ਗਣਤੈ ਸੇਵਕੁ ਨਾ ਮਿਲੈ ਜਿਸੁ ਬਖਸੇ ਸੋ ਪਵੈ ਥਾਇ। ੧। ੧੮।

(ਸਲੋਕ ਮ: ੩ ਵਾਰ ਸੋਰਠਿ ਮ: ੪)

ਪਰ ਇਹ ਸਤਿਗੁਰ ਦੀ ਸੇਵਾ ਮੈਲੇ ਚਿਤ ਨਾਲ ਨਹੀਂ ਹੋ ਸਕਦੀ।

ਸਤਿਗੁਰ ਕੀ ਸੇਵਾ ਨਿਰਮਲੀ
ਨਿਰਮਲ ਜਨੁ ਹੋਇ ਸੁ ਸੇਵਾ ਘਾਲੇ। ੧। ੧੦।

(ਵਾਰ ਗਉੜੀ ਮ ੪:)

ਅਸਲ ਗੱਲ ਇਹ ਹੈ ਕਿ ਸਿਖ ਦਾ ਮੇਲ ਗੁਰੂ ਨਾਲ ਸ਼ਬਦ ਦੁਆਰਾ ਹੀ ਹੈ। ਆਪਣਾ ਤਜਰਬਾ ਸਿਖ ਪ੍ਰਤੀ ਸਤਿਗੁਰੂ ਸ਼ਬਦ (ਬਾਣੀ) ਦੁਆਰਾ ਹੀ ਪਰਗਟ ਕਰਦਾ ਹੈ ਅਤੇ ਸ਼ਬਦ ਦੀ ਰਾਹੀਂ ਹੀ ਸਦਾ ਰਾਹ ਦਸਦਾ ਹੈ। ਹੁਕਮ ਹੈ:

ਸਤਿਗੁਰ ਨੋ ਸਭੁ ਕੋ ਦੇਖਦਾ ਜੇਤਾ ਜਗਤੁ ਸੰਸਾਰੁ।
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ।

ਹਉਮੈ ਮੈਲੁ ਨਾ ਚੁਕਈ ਨਾਮਿ ਨ ਲਗੈ ਪਿਆਰੁ ।
ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ।
ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤ੍ਹਿਗੁਰ ਹੇਤਿ ਪਿਆਰਿ । ੧ । ੨੧ ।

(ਸਲੋਕ ਮ: ੩ ਵਾਰ ਵਡਹੰਸ ਮ: ੪)

ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ ।
ਜਬਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ । ੫ । ੧੩ ।

(ਸ੍ਰੀ ਰਾਗ ਮ: ੧)

ਜੇਹਾ ਸਤਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ ।
ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੁਇ ।
ਨਾਨਕ ਏਕ ਜੋਤਿ ਦੋਇ ਮੂਰਤੀ ਸਬਦਿ ਮਿਲਾਵਾ ਹੋਇ । ੪ । ੧੧ । ੪੪ ।

(ਸ੍ਰੀ ਰਾਗ ਮ: ੩)

ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ । ੧੨ ।

(ਵਾਰ ਮਾਝ)

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ।
ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ।
ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ । ੯ ।

(ਵਾਰ ਗਉੜੀ ਮ: ੪)

ਵਣਜਾਰੇ ਸਿਖ ਆਵਦੇ ਸਬਦਿ ਲਘਾਵਣੁ ਹਾਰੁ । ੨ । ੨੨ ।

(ਵਾਰ ਗਉੜੀ ਮ: ੪)

ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤੁ ਬੁਰਕੇ ਰਾਮ ਰਾਜੇ ।
ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ । ੪ । ੨ । ੯ ।

(ਆਸਾ ਮ: ੪ ਛੰਤ)

ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ । ੨ । ੬ ।

(ਗੂਜਰੀ ਮ: ੪)

ਗੁਰਮੁਖਿ ਸਚੇ ਭਾਵਦੇ ਦਰਿ ਸਚੈ ਸਚਿਆਰ ।
ਸਾਜਨ ਮਨਿ ਆਨੰਦੁ ਹੈ ਗੁਰ ਕਾ ਸਬਦੁ ਵੀਚਾਰ ।
ਅੰਤਰਿ ਸਬਦੁ ਵਸਾਇਆ ਦੁਖੁ ਕਟਿਆ ਚਾਨਣੁ ਕੀਆ ਕਰਤਾਰਿ ।

ਨਾਨਕ ਰਖਣਹਾਰਾ ਰਖਸੀ ਆਪਣੀ ਕਿਰਪਾ ਧਾਰਿ । ੧ । ੩ ।

(ਸਲੋਕ ਮ: ੩ ਵਾਰ ਬਿਹਾਗੜਾ)

ਸਬਦੁ ਚੀਨਿ ਮਨੁ ਨਿਰਮਲੁ ਹੋਵੈ ਤਾ ਹਰਿ ਕੇ ਗੁਣ ਗਾਵੈ ।
ਗੁਰਮਤੀ ਆਪੈ ਆਪੁ ਪਛਾਣੈ ਤਾ ਨਿਜ ਘਰਿ ਵਾਸਾ ਪਾਵੈ । ੧ । ੨

(ਵਡਹੰਸ ਮ: ੩ ਅਸਟਪਦੀਆ)

ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ ।
ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ । ੮ । ੨ । ੧੧ ।

(ਸੂਹੀ ਮ: ੪ ਅਸਟਪਦੀਆ)

ਸਤਿਗੁਰੁ ਅੰਮ੍ਰਿਤ ਬਿਰਖੁ ਹੈ ਅੰਮ੍ਰਿਤ ਰਸਿ ਫਲਿਆ ।
ਜਿਸੁ ਪਰਾਪਤਿ ਸੋ ਲਹੈ ਗੁਰ ਸਬਦੀ ਮਿਲਿਆ । ੨੦ ।

(ਵਾਰ ਸਾਰੰਗ ਮ: ੪)

ਗੁਰ ਸਬਦ ਕਮਾਣ ਦੁਆਰਾ ਹੀ ਨਾਮ ਦੀ ਪ੍ਰਾਪਤੀ ਹੈ ।

ਉਪਾਇ ਕਿਤੈ ਨ ਪਾਈਐ ਹਰਿ ਕਰਮ ਬਿਧਾਤਾ ।
ਗੁਰ ਸਬਦੀ ਹਰਿ ਮਨਿ ਵਸੈ ਹਰਿ ਸਹਜੇ ਜਾਤਾ ।
ਅੰਦਰਹੁ ਤ੍ਰਿਸਨਾ ਅਗਨਿ ਹਰਿ ਬੁਝੀ ਅੰਮ੍ਰਿਤਸਰ ਨਾਤਾ । ੬ ।

(ਗੂਜਰੀ ਕੀ ਵਾਰ ਮ: ੩)

ਜਿਨ [1]ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ।
ਅਨਦਿਨ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ । ੩ । ੪ । ੩੭ ।

(ਸ੍ਰੀ ਰਾਗ ਮ: ੩)

ਤਿਨਾ ਅਨੰਦੁ ਸਦਾ ਸੁਖੁ ਹੈ ਜਿਨਾ ਸਚੁ ਨਾਮੁ ਆਧਾਰੁ ।
ਗੁਰਸਬਦੀ ਸਚੁ ਪਾਇਆ ਦੂਖ ਨਿਵਾਰਣਹਾਰੁ । ੧ । ੨੫ । ੨੮ ।

(ਸ੍ਰੀ ਰਾਗ ਮ: ੩)

ਜਿਨੀ ਸਤਿਗੁਰੁ ਸੇਵਿਆ ਤਿਨੀ ਨਾਉ ਪਾਇਆ ਬੂਝਹੁ ਕਰਿ ਬੀਚਾਰੁ ।
ਸਦਾ ਸਾਂਤਿ ਸੁਖੁ ਮਨਿ ਵਸੈ ਚੂਕੈ ਕੂਕ ਪੁਕਾਰ ।
ਆਪੈ ਨੋ ਆਪੁ ਖਾਇ ਮਨੁ ਨਿਰਮਲੁ ਹੋਵੈ ਗੁਰਸਬਦੀ ਵੀਚਾਰੁ ।
ਨਾਨਕ ਸਬਦਿ ਰਤੇ ਸੇ ਮੁਕਤੁ ਹੈ ਹਰਿ ਜੀਉ ਹੇਤਿ ਪਿਆਰੁ । ੨ । ੧੦ ।

(ਵਾਰ ਸ੍ਰੀ ਰਾਗ ਸਲੋਕ ਮ: ੩)

[1]ਸਬਦਿ=ਉਪਦੇਸ਼ ਦੁਆਰਾ (ਗੁਰੂ ਨੂੰ ਸੁਣਿਆ ਤੇ ਮੰਨਿਆ ਹੈ ।) ।

ਗੁਰ ਸਬਦੀ ਮਨਿ ਨਾਮਿ ਨਿਵਾਸੁ ।
ਨਾਨਕ ਸਚੁ ਭਾਂਡਾ ਜਿਸੁ ਸਬਦ ਪਿਆਸ । ੪ । ੩ । ੩੩ ।

(ਗਉੜੀ ਗਵਾਰੇਰੀ ਮ: ੩)

ਸੁਣਿ ਸਿਖਿਐ ਸਾਦੁ ਨ ਆਇਓ ਜਿਚਰੁ ਗੁਰਮੁਖਿ ਸਬਦਿ ਨ ਲਾਗੈ ।
ਸਤਿਗੁਰਿ ਸੇਵਿਐ ਨਾਮੁ ਮਨਿ ਵਸੈ ਵਿਚਹੁ ਭ੍ਰਮੁ ਭਉ ਭਾਗੈ ।
ਜੇਹਾ ਸਤਿਗੁਰ ਨੋ ਜਾਣੈ ਤੇਹੋ ਹੋਵੈ ਤਾ ਸਚਿ ਨਾਮਿ ਲਿਵ ਲਾਗੈ।
ਨਾਨਕ ਨਾਮਿ ਮਿਲੈ ਵਡਿਆਈ ਹਰਿ ਦਰਿ ਸੋਹਨਿ ਆਗੈ । ੨ । ੧੧ ।

(ਸਲੋਕ ਮ: ੩ ਵਾਰ ਵਡਹੰਸ)

ਪੂਰੇ ਗੁਰ ਤੇ ਆਪੁ ਪਛਾਤਾ ਸਬਦਿ ਸਚੈ ਵੀਚਾਰਾ ।
ਹਿਰਦੈ ਜਗ ਜੀਵਨੁ ਸਦ ਵਸਿਆ ਤਜਿ ਕਾਮੁ ਕ੍ਰੋਧ ਅਹੰਕਾਰਾ ।
ਸਦਾ ਹਜੂਰਿ ਰਵਿਆ ਸਭ ਠਾਈ ਹਿਰਦੈ ਨਾਮੁ ਅਪਾਰਾ ।
[1]ਜੁਗਿ ਜੁਗਿ ਬਾਣੀ ਸਬਦਿ ਪਛਾਣੀ
ਨਾਉ ਮੀਠਾ ਮਨਹਿ ਪਿਆਰਾ । ੨੭ ।

(ਸੋਰਠਿ ਮ: ੧)

ਗੁਰ ਤੇ ਸਾਂਤਿ ਸਹਜ ਸੁਖੁ ਬਾਣੀ । ਸੇਵਾ ਸਾਚੀ ਨਾਮਿ ਸਮਾਣੀ ।
ਸਬਦਿ ਮਿਲੈ ਪ੍ਰੀਤਮੁ ਸਦਾ ਧਿਆਏ ।
ਸਾਚ ਨਾਮਿ ਵਡਿਆਈ ਪਾਏ । ੩ । ੩ ।

(ਧਨਾਸਰੀ ਮ: ੩)

ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ।
ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ।
ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ
ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ । ੪ । ੫ ।

(ਬਿਲਾਵਲੁ ਮ: ੩)

[2]ਸਿਵ ਨਗਰੀ ਮਹਿ ਆਸਣਿ ਬੈਸੈ ਗੁਰ ਸਬਦੀ ਜੋਗੁ ਪਾਈ । ੧੧ ।
[3]ਧਾਤੁਰਬਾਜੀ ਸਬਦਿ ਨਿਵਾਰੇ ਨਾਮੁ ਵਸੈ ਮਨਿ ਆਈ । ੧੨ । ੨ ।

(ਰਾਮਕਲੀ ਮ: ੩ ਅਸਟਪਦੀਆ)

ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ । ਜਬ ਲਗੁ ਗੁਰ ਕਾ ਸਬਦੁ ਨ ਕਮਾਹੀ ।

---

[1] ਜਦੋਂ ਜੁਗ ਜੁਗ (ਸਾਰੇ ਜੁਗਾਂ) ਵਿਚ ਵਰਤਣ ਵਾਲੀ ਬਾਣੀ ਪਛਾਣੀ ਤਾਂ ਉਸ (ਸਬਦਿ) ਬਾਣੀ ਦੁਆਰਾ ਨਾਮ ਮਨ ਨੂੰ ਪਿਆਰਾ ਤੇ ਮਿੱਠਾ ਲਗਾ ।

[2] ਚੇਤਨ ਅਵਸਥਾ ਵਿਚ ।

[3] ਮਾਇਆ ਦੀ ਖੇਡ ।

ਗੁਰ ਕੈ ਸਬਦਿ ਮਿਲਿਆ ਸਚੁ ਪਾਇਆ
ਸਚੇ ਸਚਿ ਸਮਾਇਦਾ । ੧੨ । ੧੬ ।

(ਮਾਰੂ ਮ: ੩ ਸੋਲਹੇ)

ਪੂਰੇ ਗੁਰ ਤੇ ਨਾਮੁ ਪਾਇਆ ਜਾਇ । ਜੋਗ ਜੁਗਤਿ ਸਚਿ ਰਹੈ ਸਮਾਇ ।
ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ।
ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ ।
ਬਿਨੁ ਸਬਦੈ ਸਭਿ ਦੂਜੈ ਲਾਗੇ ਦੇਖਹੁ ਰਿਦੈ ਬੀਚਾਰਿ ।
ਨਾਨਕ ਵਡੇ ਸੇ ਵਡ ਭਾਗੀ ਜਿਨੀ ਸਚੁ ਰਖਿਆ ਉਰਧਾਰਿ । ੩੪ ।

(ਰਾਮਕਲੀ ਮ: ੧ ਅਸਟਪਦੀਆ)

ਏਕੋ ਕਰਤਾ ਅਵਰੁ ਨ ਕੋਇ । ਗੁਰ ਸਬਦੀ ਮੇਲਾਵਾ ਹੋਇ । ੪ । ੭ ।

(ਬਸੰਤ ਮ: ੩)

ਸਤਿਗੁਰ ਸਬਦੀ ਪਾਧਰੁ ਜਾਣਿ । ਗੁਰ ਕੈ ਤਕੀਐ ਸਾਚੈ ਤਾਣਿ ।
ਨਾਮੁ ਸਮ੍ਾਲਸਿ ਰੂੜ੍ਹੀ ਬਾਣਿ ।
ਥੈਂ ਭਾਵੈ ਦਰੁ ਲਹਸਿ ਪਿਰਾਣਿ । ੨ । ੧ । ੪ ।

(ਮਲਾਰ ਮ: ੧ ਅਸਟਪਦੀਆ)

ਕਈ ਸੱਜਣ ਇਹ ਭੁਲੇਖਾ ਖਾ ਜਾਂਦੇ ਹਨ ਕਿ ਗੁਰ ਸ਼ਬਦ ਦਾ ਅਰਥ ਗੁਰਬਾਣੀ ਨਹੀਂ ਹੈ । ਉਨ੍ਹਾਂ ਨੂੰ ਟਪਲਾ ਇਹ ਦਿਤਾ ਜਾਂਦਾ ਹੈ ਕਿ ਬਾਣੀ ਵਖਰੀ ਸ਼ੈ ਹੈ ਅਤੇ ਗੁਰ ਸ਼ਬਦ ਉਹ ਉਪਦੇਸ਼ ਹੈ ਜਿਹੜਾ ਕਿਸੇ ਇਕ ਦੇਹ ਧਾਰੀ ਸੱਜਣ ਪਾਸੋਂ ਲਿਆ ਜਾਵੇ । ਹੇਠ ਲਿਖੇ ਸ਼ਬਦ ਉਨ੍ਹਾਂ ਦਾ ਭਰਮ ਦੂਰ ਕਰਨਗੇ ਕਿ ਗੁਰੂ ਕਾ ਸ਼ਬਦ ਤੇ ਗੁਰਬਾਣੀ ਇਕੋ ਚੀਜ਼ ਹੈ ।

ਜੀਵਨ ਮੁਕਤਿ ਗੁਰ ਸਬਦੁ ਕਮਾਏ । ਹਰਿ ਸਿਉ ਸਦ ਹੀ ਰਹੈ ਸਮਾਏ ।
ਗੁਰ ਕਿਰਪਾ ਤੇ ਮਿਲੈ ਵਡਿਆਈ ਹਉਮੈ ਰੋਗੁ ਨ ਤਾਹਾ ਹੇ । ੯ ।
... ... ... ... ...
ਜੀਉ ਪਿੰਡੁ ਸਭੁ ਹੈ ਤਿਸੁ ਕੇਰਾ । ਸਚਾ ਸਾਹਿਬੁ ਠਾਕੁਰੁ ਮੇਰਾ ।
ਨਾਨਕ ਗੁਰਬਾਣੀ ਹਰਿ ਪਾਇਆ,
ਹਰਿ ਜਪੁ ਜਾਪਿ ਸਮਾਹਾ ਹੇ । ੧੬ । ੫ । ੧੪ ।

(ਮਾਰੂ ਮ: ੩ ਸੋਲਹੇ)

ਮਾਇਆ ਮੋਹੁ ਸਬਦਿ ਜਲਾਏ । ਮਨੁ ਤਨੁ ਹਰਿਆ ਸਤਿਗੁਰ ਭਾਏ ।
ਸਫਲਿਓ ਬਿਰਖੁ ਹਰਿ ਕੈ ਦੁਆਰਿ ।
ਸਾਚੀ ਬਾਣੀ ਨਾਮ ਪਿਆਰਿ । ੧ । ੬ ।

(ਬਸੰਤ ਮ: ੩)

ਸਤਿਗੁਰੁ ਪੁਰਖੁ ਮਿਲਾਇ
ਅਵਗਣ ਵਿਕਣਾ ਗੁਣ ਰਵਾ ਬਲਿ ਰਾਮ ਜੀਉ ।
ਹਰਿ ਹਰਿ ਨਾਮੁ ਧਿਆਇ
ਗੁਰਬਾਣੀ ਨਿਤ ਨਿਤ ਚਵਾ ਬਲਿਰਾਮ ਜੀਉ ।
ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ ।
ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ ।
ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ ।
ਅਨਦਿਨੁ ਸੁਖਿ ਮਾਣੇ ਨਿਤ ਰਲੀਆ ਨਾਨਕ ਧੁਰਿ ਸੰਜੋਗੋ । ੧ । ੧ ।

(ਸੂਹੀ ਛੰਤ ਮ: ੪ ਘਰੁ ੧)

ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ।
ਜਿਨਿ ਪੀਤੀ ਤਿਸੁ ਮੋਖ ਦੁਆਰ । ੫ । ੧ । ੪।

(ਮਲਾਰ ਮ: ੧ ਅਸਟਪਦੀਆ)

ਗੁਰ ਕੀ ਬਾਣੀ ਸਿਉ ਲਾਇ ਪਿਆਰੁ । ਐਥੈ ਓਥੈ ਏਹੁ ਆਧਾਰੁ ।
ਆਪੇ ਦੇਵੈ ਸਿਰਜਨ ਹਾਰੁ । ੩ । ੧੭ ।

(ਪ੍ਰਭਾਤੀ ਮ: ੩)

ਗੁਰੁ ਪੂਰਾ ਪੂਰੀ ਤਾ ਕੀ ਕਲਾ । ਗੁਰ ਕਾ ਸਬਦੁ ਸਦਾ ਸਦ ਅਟਲਾ ।
ਗੁਰ ਕੀ ਬਾਣੀ ਜਿਸੁ ਮਨਿ ਵਸੈ । ਦੂਖ ਦਰਦੁ ਸਭੁ ਤਾ ਕਾ ਨਸੈ । ੧ । ੮ ।

(ਪ੍ਰਭਾਤੀ ਮ: ੫)

ਭਗਤ ਜਨਾ ਕੀ ਉਤਮ ਬਾਣੀ ਜੁਗਿ ਜੁਗਿ ਰਹੀ ਸਮਾਈ । ੨੦ ।
ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ । ੨੧ ।
ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ । ੨੨ ।
ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ । ੨੩ ।
ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ । ੨੪ ।
ਅਦਿਸਟੁ ਸਦਾ ਰਹੈ ਨਿਰਾਲਮੁ ਜੋਤੀ ਮਿਲਾਈ । ੨੫ । ੨ ।

(ਰਾਮਕਲੀ ਮ: ੩ ਅਸਟਪਦੀਆ)

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ।
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ।
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ।
ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗ ਪਾਣੀ ।
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ । ੨੩ ।

(ਰਾਮਕਲੀ ਮ: ੩ ਅਨੰਦੁ)

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ।
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ । ੪੦ ।

(ਰਾਮਕਲੀ ਮ: ੧ ਦਖਣੀ ਓਅੰਕਾਰ)

ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ । ਗੁਰ ਕੈ ਸਬਦਿ ਮਨ ਕਉ ਸਮਝਾਵਹਿ ।
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ
ਇਉ ਆਤਮ ਰਾਮੈ ਲੀਨਾ ਹੇ । ੧੪ । ੨ । ੮ ।

(ਮਾਰੂ ਮ: ੧ ਸੋਲਹੇ)

ਮੁਕਦੀ ਗੱਲ ਇਹ ਜਿਸਨੇ ਮਨ ਵਸ ਕਰਨਾ ਹੈ, ਅਨ੍ਹੇਰੇ ਵਿਚ ਚਾਨਣ ਲਭਣਾ ਹੈ, ਜਮ ਦਾ ਭੈ ਦੂਰ ਕਰਨਾ ਹੈ ਉਹ ਗੁਰਬਾਣੀ ਵਿਚ ਮਨ ਲਾਏ ਤੇ ਇਹਦੇ ਵਿਚ ਦਸੇ ਉਪਦੇਸ ਕਮਾਏ । ਅਜੇਹੇ ਸਿਖ ਨੂੰ ਨਾਮ ਦੀ ਦਾਤ ਮਿਲੇਗੀ ।

ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ ।
ਮੁਖ ਊਜਲ ਸਦਾ ਸੁਖੀ ਨਾਨਕ ਸਿਮਰਤ ਏਕ । ੧ । ੨ ।

(ਰਾਮਕਲੀ ਮ: ੫ ਅਸਟਪਦੀਆ)

ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ।
ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ।
ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ।
ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ।
ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ । ੨੫ ।

(ਰਾਮਕਲੀ ਮ: ੩ ਅਨੰਦੁ)

ਅਫਿਰਿਓ ਜਮੁ ਮਾਰਿਆ ਨ ਜਾਈ । ਗੁਰ ਕੈ ਸਬਦੇ ਨੇੜਿ ਨ ਆਈ ।

ਸਬਦੁ ਸੁਣੇ ਤਾ ਦੂਰਹੁ ਭਾਗੈ ਮਤੁ ਮਾਰੇ ਹਰਿ ਜੀਉ ਵੇਪਰਵਾਹਾ ਹੇ ।੭।੧੧।

(ਮਾਰੂ ਮ: ੩ ਸੋਲਹੇ)

ਸਤਿਗੁਰ ਕਾ ਸਚੁ ਸਬਦੁ ਕਮਾਵਹੁ ।
ਥਿਰੁ ਘਰਿ ਬੈਠੇ ਪ੍ਰਭੁ ਅਪਨਾ ਪਾਵਹੁ ।੧।੧੧।੬੨।

(ਆਸਾ ਮ: ੫)

ਬਿਨੁ ਗੁਰ ਸਬਦੈ ਮਨੁ ਨਹੀ ਠਉਰਾ ।
ਸਿਮਰਹੁ ਰਾਮਨਾਮੁ ਅਤਿ ਨਿਰਮਲੁ
ਅਵਰ ਤਿਆਗਹੁ ਹਉਮੈ ਕਉਰਾ ।੨।੮।

(ਆਸਾ ਮ: ੧ ਅਸਟਪਦੀਆ)

ਜਿਉ ਮੰਦਰ ਕਉ ਥਾਮੈ ਥੰਮਨੁ ।
ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ।੩।੧੫।

(ਗਉੜੀ ਸੁਖਮਨੀ ਮ: ੫)

ਗੁਰ ਕੈ ਸਬਦਿ ਬਨਾਵਹੁ ਇਹੁ ਮਨੁ ।
ਗੁਰ ਕਾ ਦਰਸਨੁ ਸੰਚਹੁ ਹਰਿ ਧਨੁ ।੧।੨੫।

(ਆਸਾ ਮ: ੫)

ਤ੍ਰੈ ਗੁਣ ਮਾਇਆ ਬ੍ਰਹਮ ਕੀ ਕੀਨ੍ਹੀ ਕਹਹੁ ਕਵਨ ਬਿਧਿ ਤਰੀਐ ਰੇ ।
ਘੂਮਨ ਘੇਰ ਅਗਾਹ ਗਾਖਰੀ ਗੁਰ ਸਬਦੀ ਪਾਰਿ ਉਤਰੀਐ ਰੇ ।੨।੯।੧੩੦

(ਆਸਾ ਮ: ੫)

ਗੁਰ ਬਾਨੀ ਗਾਵਹ ਭਾਈ । ਓਹ ਸਫਲ ਸਦਾ ਸੁਖਦਾਈ ।੨।੧੭।੮੧।

(ਸੋਰਠਿ ਮ: ੫)

ਗੁਰ ਪੂਰੇ ਕੀ ਬਾਨੀ । ਪਾਰਬ੍ਰਹਮ ਮਨਿ ਭਾਨੀ ।੨।੧੮।੮੨।

(ਸੋਰਠਿ ਮ: ੫)

ਪੂਰੇ ਗੁਰ ਕੀ ਸਾਚੀ ਬਾਨੀ । ਸੁਖਮਨ ਅੰਤਰਿ ਸਹਜਿ ਸਮਾਨੀ ।੨।੧।

(ਧਨਾਸਰੀ ਮ: ੩ ਘਰ ੨)

ਸਚੀ ਭਗਤੀ ਮਨੁ ਲਾਲੁ ਥੀਆ ਰਤਾ ਸਹਜਿ ਸੁਭਾਇ ।
ਗੁਰ ਸਬਦੀ ਮਨੁ ਮੋਹਿਆ ਕਹਣਾ ਕਛੂ ਨ ਜਾਇ ।
ਜਿਹਵਾ ਰਤੀ ਸਬਦਿ ਸਚੈ ਅੰਮ੍ਰਿਤੁ ਪੀਵੈ ਰਸਿ ਗੁਣ ਗਾਇ ।
ਗੁਰਮੁਖਿ ਏਹੁ ਰੰਗੁ ਪਾਈਐ ਜਿਸਨੋ ਕਿਰਪਾ ਕਰੇ ਰਜਾਇ ।੨।੨੫।੫੮।

(ਸ੍ਰੀ ਰਾਗ ਮ: ੩)

ਗੁਰ ਕਾ ਸਬਦੁ ਰਿਦ ਅੰਤਰਿ ਧਾਰੈ । ਪੰਚ ਜਨਾ ਸਿਉ ਸੰਗੁ ਨਿਵਾਰੈ ।
ਦਸ ਇੰਦ੍ਰੀ ਕਰਿ ਰਾਖੈ ਵਾਸਿ । ਤਾਕੈ ਆਤਮੈ ਹੋਇ ਪਰਗਾਸੁ ।
ਭਨਤਿ ਨਾਨਕੁ ਕਰੇ ਵੀਚਾਰੁ । ਸਾਚੀ ਬਾਣੀ ਸਿਉ ਧਰੇ ਪਿਆਰੁ ।
ਤਾਕੋ ਪਾਵੈ ਮੋਖ ਦੁਆਰੁ । ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ । ੫ । ੨ । ੪ ।

(ਧਨਾਸਰੀ ਮ: ੧)

ਮੁਕਤਿ ਮਹਾ ਸੁਖ ਗੁਰ ਸਬਦੁ ਬੀਚਾਰਿ ।
ਗੁਰਮੁਖਿ ਕਦੇ ਨ ਆਵੈ ਹਾਰਿ। ੩੯ ।

(ਰਾਮਕਲੀ ਮ: ੧ ਸਿਧ ਗੋਸਟਿ)

ਗੁਰ ਕਾ ਸਬਦੁ ਅੰਮ੍ਰਿਤ ਰਸੁ ਪੀਉ ।
ਤਾ ਤੇਰਾ ਹੋਇ ਨਿਰਮਲ ਜੀਉ । ੨ । ੧੬ । ੨੭ ।

(ਰਾਮਕਲੀ ਮ: ੫)

ਚਹੁ ਦਿਸ ਫੂਲਿ ਰਹੀ ਬਿਖਿਆ ਬਿਖੁ ਗੁਰ ਮੰਤ੍ਰ ਮੂਖਿ ਗਰੁੜਾਰੀ ।
ਹਾਥ ਦੇਇ ਰਾਖਿਓ ਕਰਿ ਅਪੁਨਾ ਜਿਉ ਜਲ ਕਮਲਾ ਅਲਿਪਾਰੀ । ੧ । ੨੫ ।

(ਸਾਰੰਗ ਮ: ੫)

ਗੁਰਮੁਖਿ ਜੋਗ ਸਬਦਿ ਆਤਮੁ ਚੀਨੈ ਹਿਰਦੈ ਏਕੁ ਮੁਰਾਰੀ । ੧੭ ।
ਮਨੂਆ ਅਸਥਿਰੁ ਸਬਦੇ ਰਾਤਾ ਏਹਾ ਕਰਣੀ ਸਾਰੀ । ੧੮ ।

... ... ... ...

ਸਬਦਿ ਸੂਰ ਜੁਗ ਚਾਰੇ ਅਉਧੂ ਬਾਣੀ ਭਗਤਿ ਵੀਚਾਰੀ । ੨੩ । ੯ ।

(ਰਾਮਕਲੀ ਮ: ੧ ਅਸਟਪਦੀਆ)

ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ । ੧ । ੧ ।

(ਧਨਾਸਰੀ ਮ: ੧ ਛੰਤ)

ਦਿਨੁ ਰਾਤਿ ਚਾਨਣੁ ਚਾਉ ਉਪਜੈ ਸਬਦੁ ਗੁਰ ਕਾ ਮਨਿ ਵਸੈ ।
ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰੁ ਗੁਰੁ ਦਸੈ । ੬ ।੨ । ੫ ।

(ਰਾਗ ਸੂਹੀ ਛੰਤ ਮ: ੩)

ਗੁਰ ਸੇਵਾ ਤੇ ਕਰਣੀ ਸਾਰ । ਰਾਮ ਨਾਮੁ ਰਾਖਹੁ ਉਰਿਧਾਰ ।
ਗੁਰਬਾਣੀ ਵਰਤੀ ਜਗ ਅੰਤਰਿ
ਇਸ ਬਾਣੀ ਤੇ ਹਰਿਨਾਮੁ ਪਾਇਦਾ । ੭ । ੭ । ੨੨ ।

(ਮਾਰੂ ਮ: ੩ ਸੋਲਹੇ)

ਗੁਰ ਕੈ ਸਬਦਿ ਮਰਹਿ ਪੰਚ ਧਾਤੂ । ਭੈ ਪਾਰਬ੍ਰਹਮ ਹੋਵਹਿ ਨਿਰਮਲਾ ਤੂ ।
ਪਾਰਸੁ ਜਬ ਭੇਟੈ ਗੁਰੁ ਪੂਰਾ ਤਾ ਪਾਰਸੁ ਪਰਸਿ ਦਿਖਾਇਣਾ । ੭ ।
ਕਈ ਬੈਕੁੰਠ ਨਾਹੀ ਲਵੈ ਲਾਗੇ । ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ।
ਏਕੰਕਾਰੁ ਸਤਿਗੁਰ ਤੇ ਪਾਈਐ
ਹਉ ਬਲਿ ਬਲਿ ਗੁਰ ਦਰਸਾਇਣਾ । ੮ । ੨ । ੭ ।

(ਮਾਰੂ ਮ: ੫ ਸੋਲਹੇ)

ਇਹ ਬਾਣੀ ਕਰਤਾਰ ਨੇ ਸਤਿਗੁਰ ਵਿਚ ਰਖੀ ਤੇ ਉਨ੍ਹਾਂ ਪਰਗਟ ਕੀਤੀ । ਭਾਵ ਇਹ ਕਿ ਇਹ ਬਾਣੀ ਉਸ ਹਾਲਤ ਵਿਚ ਉਚਾਰੀ ਗਈ ਹੈ ਜਿਸ ਵਿਚ ਸਤਿਗੁਰ ਦੀ ਜੋਤ ਵਿਚ ਨਿਰੰਕਾਰੀ ਜੋਤ ਲੀਨ ਸੀ ।

ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ । ੬ ।

(ਵਾਰ ਆਸਾ ਮ: ੧)

ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ । ੨ । ੧ ।

(ਵਡਹੰਸ ਮ: ੧ ਛੰਤ)

ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ । ੨ ।

(ਵਾਰ ਮਲਾਰ ਮ: ੧)

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ
ਗੁਰ ਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ । ੧੪ ।

(ਵਾਰ ਗਉੜੀ ਮ: ੪)

ਇਹ ਬਾਣੀ ਅਟਲ ਹੈ :

ਗੁਰ ਕਾ ਸਬਦੁ ਸਤਿ ਕਰਿ ਮਾਨੁ । ੨ । ੩੬ । ੪੭ ।

(ਰਾਮਕਲੀ ਮ: ੫)

ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ
ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ । ੧ । ਰਹਾਉ ।
ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸਿਅਰੁ ਬੇਨਾਧਾ ।
ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ । ੧ ।
ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ।

ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ।੨।
ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ।
ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ ।੩।੬।

(ਸਾਰੰਗ ਮ: ੫)

ਨਾਮ ਜਹਾਜ਼ ਹੈ ਤੇ ਉਹਦਾ ਮਲਾਹ ਗੁਰੂ ਹੈ ਜੋ ਸ਼ਬਦ ਦੁਆਰਾ ਤਾਰਦਾ ਹੈ।

ਹਰਿ ਹਰਿ ਨਾਮੁ ਬੋਹਿਥੁ ਹੈ ਕਲਿਜੁਗਿ ਖੇਵਟੁ ਗੁਰ ਸਬਦਿ ਤਰਹੁ ।੧।੪।

(ਬਿਲਾਵਲੁ ਮ: ੪)

ਹਰਿ ਹਰਿ ਨਾਮੁ ਪੋਤੁ ਹੈ ਮੇਰੀ ਜਿੰਦੁੜੀਏ,
ਗੁਰ ਖੇਵਟ ਸਬਦਿ ਤਰਾਇਆ ਰਾਮ ।੪।੨।

(ਬਿਹਾਗੜਾ ਮ: ੪ ਘਰ ੨)

ਇਹ ਬਾਣੀ ਸਤਿਗੁਰ ਤੋਂ ਉਪਜੀ ਹੈ ਪਰ ਇਹ ਸਚ ਵਿਚ ਜਾ ਸਮਾਈ ਹੈ।

ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ।
ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ ।੧। ਰਹਾਉ ।੨।

(ਸੂਹੀ ਮ: ੩ ਅਸਟਪਦੀਆ)

ਇਹ ਬਾਣੀ ਪੂਰਨ ਹੈ। ਉਨ੍ਹਾਂ ਉਚਾਰੀ ਹੈ ਜੋ ਮਾਇਆ ਦੇ ਘੇਰੇ ਤੋਂ ਬਾਹਰ ਹੋਏ ਹੋਏ ਤੇ ਨਿਰੰਕਾਰ ਵਿਚ ਲੀਨ ਸਨ। ਹੋਰ ਬਾਣੀਆਂ ਜਿਹੜੀਆਂ ਉਨ੍ਹਾਂ ਉਚਾਰੀਆਂ ਹਨ ਜਿਨ੍ਹਾਂ ਦੇ ਮਨ ਮਾਇਆ ਦੇ ਵਸ ਵਿਚ ਹਨ ਇਹਦੀ ਤੁਲਤਾ ਨਹੀਂ ਕਰ ਸਕਦੀਆਂ।

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ।
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ।
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ।
ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨਾ ਜਾਣੀ ।
ਚਿਤੁ ਜਿਨਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ।
ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ।੨੪।

(ਰਾਮਕਲੀ ਮ: ੩ ਅਨੰਦੁ)

ਜਿਤਨਾ ਗਿਆਨ ਜੋਗੀ ਨਾਦ ਸੁਣਕੇ ਪ੍ਰਾਪਤ ਕੀਤਾ ਦਸਦੇ ਹਨ ਜਾਂ ਵੇਦਾਂ ਵਿਚ ਕਹਿਆ ਜਾਂਦਾ ਹੈ ਉਹ ਸਭ ਬਾਣੀ ਵਾਲੇ ਨੂੰ ਪ੍ਰਾਪਤ ਹੈ।

ਸਭਿ ਨਾਦ ਬੇਦ ਗੁਰਬਾਣੀ । ਮਨੁ ਰਾਤਾ ਸਾਰਿਗਪਾਣੀ ।
ਤਹ ਤੀਰਥ ਵਰਤ ਤਪ ਸਾਰੇ । ਗੁਰ ਮਿਲਿਆ ਹਰਿ ਨਿਸਤਾਰੇ ।੩।੩੦।

(ਰਾਮਕਲੀ ਮ: ੧)

ਵੇਦ ਬਹੁਤਾ ਕਰਮਾਂ ਦਾ ਪ੍ਰਚਾਰ ਕਰਦੇ ਹਨ। ਵਿਰਲਾ ਹੀ ਕਰਮਕਾਂਡੀ ਗਿਆਨ ਪ੍ਰਾਪਤ ਕਰਦਾ ਹੈ।

ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ।
ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ।
ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ।
ਸਚ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ।
ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ।
ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ। ੨। ੧੬।

(ਸਲੋਕ ਮ: ੧ ਵਾਰ ਸਾਰੰਗ ਮ: ੪)

ਲੋਕੀਂ ਕਰਮਾਂ ਵਿਚ ਲਗੇ ਜਾਤਾਂ ਪਾਤਾਂ ਦੇ ਭਰਮ ਵਿਚ ਫਸੇ ਹੋਏ ਹਨ ਪਰ ਗੁਰਬਾਣੀ ਨੇ ਆ ਕੇ ਤੱਤ ਦਾ ਉਪਦੇਸ਼ ਕੀਤਾ।

ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨੁ ਬੀਚਾਰੁ।
ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰਿ।
ਉਤਮ ਮਧਿਮ ਜਾਤੀ ਜਿਨਸੀ ਭਰਮਿ ਭਵੈ ਸੰਸਾਰੁ।
ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ।
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ।
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ।
ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ। ੧। ੧੬।

(ਸਲੋਕ ਮ: ੩ ਵਾਰ ਸਾਰੰਗ ਮ: ੪)

ਇਹ ਬਾਣੀ ਜੋ ਸਤਿਗੁਰਾਂ ਦੀ ਰਾਹੀਂ ਪਰਗਟ ਹੋਈ ਹੈ ਓਹੋ ਹੀ ਗੁਰੂ ਹੈ।

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ।
ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ। ੮। ੧।

(ਸੋਰਠਿ ਮ: ੧ ਅਸਟਪਦੀਆ)

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ।
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ। ੫। ੪।

(ਨਟ ਅਸਟਪਦੀਆ ਮ: ੪)

ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ। ੫। ੩।

(ਕਾਨੜਾ ਮ: ੪)

**ਸਿੱਧਾਂ ਪ੍ਰਸ਼ਨ ਕੀਤਾ :**

ਕਵਣ ਮੂਲੁ ਕਵਣ ਮਤਿ ਵੇਲਾ । ਤੇਰਾ ਕਵਣੁ ਗੁਰੂ ਜਿਸਕਾ ਤੂ ਚੇਲਾ ।
ਕਵਣ ਕਥਾ ਲੇ ਰਹਹੁ ਨਿਰਾਲੇ । ਬੋਲੈ ਨਾਨਕੁ ਸੁਣਹੁ ਤੁਮ ਬਾਲੇ ।
ਏਸੁ ਕਥਾ ਕਾ ਦੇਇ ਬੀਚਾਰੁ । ਭਵਜਲੁ ਸਬਦਿ ਲੰਘਾਵਣ ਹਾਰੁ ।

ਗੁਰੂ ਜੀ ਦਾ ਉਤ੍ਰ ਇਹ ਹੈ :

ਪਵਨ ਅਰੰਭੁ ਸਤਿਗੁਰ ਮਤਿ ਵੇਲਾ । ਸਬਦੁ ਗੁਰੂ ਸੁਰਤਿ ਧੁਨਿ ਚੇਲਾ ।
ਅਕਥ ਕਥਾ ਲੈ ਰਹਉ ਨਿਰਾਲਾ । ਨਾਨਕ ਜੁਗਿ ਜੁਗਿ ਗੁਰ ਗੋਪਾਲਾ
ਏਕੁ ਸਬਦੁ ਜਿਤੁ ਕਥਾ ਵੀਚਾਰੀ ।
ਗੁਰਮੁਖਿ ਹਉਮੈ ਅਗਨਿ ਨਿਵਾਰੀ । ੪੪ ।

(ਰਾਮਕਲੀ ਮ: ੧ ਸਿਧ ਗੋਸਟਿ)

ਕਈ ਸੱਜਣ ਇਕ ਸ਼ੰਕਾ ਕਰਦੇ ਹਨ ਕਿ ਜਦ ਤੀਕ ਦੇਹਧਾਰੀ ਗੁਰੂ ਨਾ ਹੋਵੇ ਪਾਰ ਉਤਾਰਾ ਨਹੀਂ ਹੋ ਸ਼ਕਦਾ । ਕਿਉਂਜੁ

(੧) ਬਾਣੀ ਦਾ ਅਰਥ ਕੌਣ ਦਸੇ ।

(੨) ਨਾਲੇ ਖਾਸ ਸ਼ਖਸੀਅਤਾਂ ਵਿਚ ਚੁੰਬਕੀ ਖਿੱਚ ਹੋਂਦੀ ਹੈ ਜਿਸ ਦੁਆਰਾ ਸਿਖ ਉਧਰ ਪ੍ਰੇਰਿਆ ਜਾਂਦਾ ਹੈ ।

(੩) ਗੁਰੂ ਨਿਰਾ ਉਪਦੇਸ਼ ਦੁਆਰਾ ਹੀ ਸਹੈਤਾ ਨਹੀਂ ਕਰਦਾ । ਰੂਹਾਨੀ ਸ਼ਕਤੀ ਦੁਆਰਾ ਵੀ ਸਿਖ ਦੀ ਆਤਮਾ ਦੀ ਸਹੈਤਾ ਕਰਦਾ ਹੈ ।

ਅਸੀਂ ਇਨ੍ਹਾਂ ਸ਼ੰਕਾਂ ਦਾ ਉਤ੍ਰ ਸਿਲਸਿਲੇ ਵਾਰ ਦੇਂਦੇ ਹਾਂ :

(੧) ਜਿਨ੍ਹਾਂ ਦੀ ਰਾਹੀਂ ਬਾਣੀ ਪਰਗਟ ਹੋਈ ਹੈ ਉਹ ਗੁਰੂ ਹਨ । ਜਿਹੜੇ ਅਰਥ ਦਸਦੇ ਹਨ ਉਹ ਪਰਗਟ ਕਰਨ ਵਾਲਿਆਂ ਦੀ ਤੁਲਤਾ ਹਾਸਲ ਨਹੀਂ ਕਰ ਸਕਦੇ । ਮਦਰਸਿਆਂ ਵਿਚ ਸੈਂਕੜੇ ਉਸਤਾਦ ਵਡੇ ਵਡੇ ਖੋਜੀਆਂ ਦੇ ਕੱਢੇ ਹੋਏ ਅਸੂਲ ਮੁੰਡਿਆਂ ਨੂੰ ਦਸਦੇ ਹਨ ਪਰ ਉਹ ਉਸ ਪਦਵੀ ਦਾ ਦਾਵਾ ਨਹੀਂ ਕਰਦੇ ਜੋ ਅਸਲੀ ਤੇ ਉੱਚੇ ਖੋਜੀਆਂ ਨੂੰ ਪ੍ਰਾਪਤ ਹੈ ।

(੨) ਚੁੰਬਕੀ ਸ਼ਕਤੀ ਸਰੀਰ ਵਿਚ ਹੈ ਜਾਂ ਜੀਵਨ ਵਿਚ ? ਸਰੀਰ ਤਾਂ ਹਰ ਇਕ ਮਨੁਖ ਦਾ ਇਕੋ ਜੇਹੇ ਤੱਤਾਂ ਦਾ ਬਣਿਆ ਹੋਇਆ ਹੈ । ਵਖੇਵਾਂ ਰਹੁਰੀਤ ਵਿਚ ਹੋਂਦਾ ਹੈ ਤੇ ਜਿਨ੍ਹਾਂ ਨਿਰਮਲ ਰੀਤ ਧਾਰਨ ਕਰ ਲਈ ਹੈ ਉਹਨਾਂ ਵਿਚ ਜ਼ਰੂਰ ਖਿੱਚ ਪੈਦਾ ਹੋ ਜਾਂਦੀ ਹੈ । ਪਰ ਉਹ ਖਿੱਚ ਦੇਹ ਵਿਚ ਨਹੀਂ ਉਹ ਚਾਲ ਚਲਨ ਵਿਚ ਹੈ, ਜ਼ਿੰਦਗੀ ਦੇ ਰਵਈਏ ਵਿਚ ਹੈ । ਸਰੀਰ ਦੇ ਨਾਸ ਹੋ ਜਾਣ ਨਾਲ ਇਹ ਅਸਰ ਨਾਸ ਨਹੀਂ ਹੋਂਦਾ । ਸ਼ਹੀਦਾਂ

ਦੇ ਜੀਵਨ ਤੇ ਧਾਰਮਕ ਆਗੂਆਂ ਦੇ ਜੀਵਨ ਰਹਿੰਦੀ ਦੁਨੀਆ ਤੀਕ ਅਪਣਾ ਅਸਰ ਪਾਈ ਜਾਂਦੇ ਹਨ ।

ਦੂਜਾ ਖਿਆਲ ਇਹ ਹੈ ਕਿ ਸੱਚ ਦਾ ਅਸਰ ਵਧੀਕ ਹੋਂਦਾ ਹੈ ਜਦੋਂ ਕਿਸੇ ਖਾਸ ਮਨੁਖ ਦੀ ਜ਼ਿੰਦਗੀ ਵਿਚ ਵਰਤੀਂਦਾ ਵੇਖੀਏ । ਇਹ ਠੀਕ ਹੈ ਤੇ ਇਸੇ ਲਈ ਸਿਖੀ ਮੰਡਲ ਵਿਚ ਸੰਤਾਂ ਗੁਰਮੁਖਾਂ ਦੀ ਲੋੜ ਹੈ । ਰੋਜ਼ ਅਰਦਾਸ ਕੀਤੀ ਜਾਂਦੀ ਹੈ ''ਸਾਧ ਦਾ ਸੰਗ, ਗੁਰਮੁਖ ਦਾ ਮੇਲ'' । ਪਰ ਜੋ ਗੁਰੂ ਦੇ ਦਸੇ ਰਾਹ ਪੁਰ ਤੁਰ ਕੇ ਤੋੜ ਪੁਜੇ ਹਨ, ਉਹ ਕਦੀ ਗੁਰੂ ਦੀ ਬਰਾਬਰੀ ਦਾ ਦਾਵਾ ਨਹੀਂ ਕਰਨਗੇ । ਗੁਰੂ ਤਾਂ ਉਹ ਸਨ ਜਿਨ੍ਹਾਂ ਪੰਥ ਪਰਗਟ ਕੀਤਾ । ਉਨ੍ਹਾਂ ਦਾ ਦਰਜਾ ਸਭ ਤੋਂ ਉੱਚਾ ਹੈ । ਇਹਦਾ ਭਾਵ ਇਹ ਨਹੀਂ ਕਿ ਸਿੱਖ, ਸੰਤ, ਗੁਰਮੁਖ ਉਸ ਰੂਹਾਨੀ ਦਰਜੇ ਤੀਕ ਨਹੀਂ ਪੁਜਦੇ ਜਿਥੋਂ ਤੀਕ ਸਤਿਗੁਰੂ ਪੁਜੇ ਹਨ । ਨਹੀਂ, ਸਿਖ ਉਥੇ ਪੁਜਕੇ ਬੀ ਸਤਿਗੁਰੂ ਦੀ ਬਰਾਬਰੀ ਦਾ ਦਾਵਾ ਨਹੀਂ ਕਰਦੇ [1]ਉਹ ਦੂਜੇ ਸਿੱਖ ਨੂੰ ਉਪਦੇਸ਼ ਕਰਦੇ ਹੋਏ ਈਹੋ ਹੀ ਕਹਿੰਦੇ ਹਨ ।

''ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭ ਹੁਕਮਾਉ ਜੀਉ'' ।

(ਗੁਣਵੰਤੀ ਸੂਹੀ ਮ: ੫)

ਇਸੇ ਲਈ ਸਤਿਗੁਰੂ ਦੇ ਹੁੰਦੇ ਕਿਸੇ ਸੱਚੇ ਸਿੱਖ ਭਾਈ ਗੁਰਦਾਸ, ਬਾਬਾ ਬੁੱਢਾ ਜੀ ਆਦਿ ਨੇ ਗੁਰੂ ਹੋਣ ਦਾ ਦਾਵਾ ਨਹੀਂ ਕੀਤਾ । ਨਾ ਹੀ ਦਸਮ ਪਾਤਸ਼ਾਹ ਤੋਂ ਪਿੱਛੋਂ ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ ਵਰਗੇ ਸ਼ਹੀਦਾਂ ਇਹ ਕਹਿਆ ਕਿ ਅਸੀਂ ਗੁਰੂ ਹਾਂ ।

(੩) ਗੁਰੂ ਨਾਲ ਮੇਲ, ਅਸੀਂ ਉਪਰ ਗੁਰਬਾਣੀ ਦੇ ਪਰਮਾਣਾਂ ਦੁਆਰਾ ਦਸ ਚੁਕੇ ਹਾਂ ਕਿ ਬਾਣੀ ਦੁਆਰਾ ਹੀ ਹੈ ਅਤੇ ਹੁਣ ਵੀ ਜਿਹੜੇ ਦੇਹਧਾਰੀ ਗੁਰੂ ਸਦਾਉਂਦੇ ਹਨ ਉਹ ਆਪਣੇ ਭਾਵ ਬਾਣੀ ਦੁਆਰਾ ਹੀ ਪਰਗਟ ਕਰਦੇ ਹਨ । ਪਰ ਜੇ ਇਹ ਕਹੀਏ ਕਿ ਨਹੀਂ ''ਦਿਲ ਰਾ ਬਦਿਲ ਰਹੇ ਸਤ'' ਗੁਰੂ ਆਪਣੀ ਆਤਮਕ ਸ਼ਕਤੀ ਦੁਆਰਾ ਸਹੈਤਾ ਕਰਦੇ ਹਨ । ਤਾਂ ਫਿਰ ਉਹ ਗੁਰੂ, ਜਿਨ੍ਹਾਂ ਦੀ ਆਤਮਾ ਦੇਹ ਦੀ ਕੈਦ ਵਿਚੋਂ ਨਿਕਲ ਕੇ ਸਰਬ ਵਿਆਪਕ, ਨਿਰੰਕਾਰ ਵਿਚ ਲੀਨ ਹੋ ਗਈ ਹੈ, ਵਧੀਕ ਸਹੈਤਾ ਕਰ ਸਕਦੇ ਹਨ । ਆਤਮਾ ਦਾ ਤਾਂ ਨਾਸ ਨਹੀਂ ਅਤੇ ਗੁਰੂ ਨਾਨਕ ਦੇਵ ਆਦਿ ਦਸ ਗੁਰੂ ਆਤਮ ਮੰਡਲ ਵਿਚ ਪੂਰਨ ਆਤਮਕ ਜ਼ਿੰਦਗੀ ਦੇ ਮਾਲਕ ਹਨ । ਫਿਰ ਉਹ ਪੂਰੀ ਮਦਦ ਦੇ ਸਕਦੇ ਹਨ ਇਸ ਲਈ ਕਿਸੇ ਹੋਰ ਮਨੁੱਖ ਨੂੰ ਗੁਰੂ ਮੰਨਣ ਦੀ ਕੀ ਲੋੜ ?

---

[1]ਵਦਕੀ ਸਿਖ ਭਾਈ ਨੰਦ ਲਾਲ ਜੀ ਫੁਰਮਾਂਦੇ ਹਨ—

گرچه ما را تابها مولی بود     زندگی در بندگی اولی بود

ਸਚ ਪੁਛੋ ਤਾਂ ਸਿੱਖੀ ਮੰਡਲ ਦਾ ਇਹ ਅਸੂਲ ਕਿ ਦਸੇ ਗੁਰੂ ਇਕੋ ਰੂਪ ਹਨ, ਠੀਕ ਹੀ ਤਦੋਂ ਹੋ ਸਕਦਾ ਹੈ ਜਦ ਸ਼ਬਦ ਨੂੰ ਗੁਰੂ ਮੰਨੀਏ। ਦੇਹਾਂ ਤਾਂ ਸਾਰੇ ਸਤਿਗੁਰੂਆਂ ਦੀਆਂ ਵਖ ਵਖ ਸਨ ਪਰ ਜੋਤ ਇਕੋ ਸੀ, ਭਾਵ, ਉਹ ਰੋਸ਼ਨੀ ਜੋ ਉਨ੍ਹਾਂ ਦੀ ਰਾਹੀਂ ਪਰਗਟ ਹੋ ਰਹੀ ਸੀ, ਉਹ ਇਕੋ ਸੀ।

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ। ੨। ੭। ੫੪।

(ਸੂਹੀ ਮ: ੫)

ਫਿਰ ਤੀਜੀ ਪਾਤਸ਼ਾਹੀ ਨੇ ਈਹੋ ਫੁਰਮਾਇਆ ਹੈ ਕਿ ਗੁਰ-ਸ਼ਬਦ ਗੁਰੂ ਤੋਂ ਹੀ ਪਰਗਟ ਹੋਂਦਾ ਹੈ, ਹੋਰ ਥੇ ਨਹੀਂ ਟਿਕਦਾ।

ਪਰਾਈ ਅਮਾਣ ਕਿਉਂ ਰਖੀਐ ਦਿਤੀ ਹੀ ਸੁਖੁ ਹੋਇ।
ਗੁਰ ਕਾ ਸਬਦੁ ਗੁਰ ਥੈ ਟਿਕੈ ਹੋਰ ਥੈ ਪਰਗਟੁ ਨ ਹੋਇ। ੧। ੩੨।

(ਸਲੋਕ ਮ: ੧ ਵਾਰ ਸਾਰੰਗ ਮ: ੪)

ਸਤੇ ਬਲਵੰਡ ਨੇ ਆਪਣੀ ਰਾਮਕਲੀ ਦੀ ਵਾਰ ਵਿਚ ਗੁਰ-ਦਰਬਾਰ ਦੀ ਨਿਸ਼ਾਨੀ ਸ਼ਬਦ ਹੀ ਦਸੀ ਹੈ।

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ।

ਤੇ

ਦਰਿ ਦਰਵੇਸੁ ਖਸੰਮ ਦੈ ਨਾਇ ਸਚੈ ਬਾਣੀ ਲਾਲਿ।

ਬਾਣੀ ਨੂੰ ਅਜੇਹਾ ਉੱਚਾ ਦਰਜਾ ਦਿਤਾ ਹੈ ਕਿ ਸਤਿਗੁਰਾਂ ਇਥੋਂ ਤਕ ਫੁਰਮਾ ਦਿਤਾ ਹੈ ਕਿ ਮਤਾਂ ਕੋਈ ਸਿੱਖ ਮੇਰੇ ਕਰਤਵਾਂ ਨੂੰ ਗਲਤ ਸਮਝ ਕੇ ਉਹਨਾਂ ਨੂੰ ਪ੍ਰਮਾਣ ਜਾਣੇ ਤੇ ਬਾਣੀ ਨੂੰ ਛੱਡ ਦੇਵੇ।

ਗੁਰਿ ਕਹਿਆ ਸਾ ਕਾਰ ਕਮਾਵਹੁ। ਗੁਰ ਕੀ ਕਰਣੀ ਕਾਹੇ ਧਾਵਹੁ।
ਨਾਨਕ ਗੁਰਮਤਿ ਸਾਚਿ ਸਮਾਵਹੁ। ੨੭।

(ਰਾਮਕਲੀ ਮ: ੧ ਦਖਣੀ ਓਅੰਕਾਰ)

ਗੁਰਮੱਤ ਵਿਚ ਇਸ ਲਈ ਮੁੱਢ ਤੋਂ ਹੀ ਬਾਣੀ ਨੂੰ ਗੁਰੂ ਮੰਨਿਆ ਹੈ। ਇਸ ਸ਼ਬਦ ਨੂੰ ਕਮਾਵਨ ਵਾਲਿਆਂ ਲਈ ਗੁਰਮੁਖ ਸੰਤ, ਸਾਧ ਆਦਿ ਪਦ ਵਰਤੇ ਗਏ ਹਨ।

ਕਈ ਸੱਜਨ ਸ਼ਬਦ ਦਾ ਅਰਥ ਕੋਈ ਖਾਸ ਅਵਾਜ਼ ਕਰਦੇ ਹਨ। ਇਸ ਗੱਲ ਤੇ ਵਿਚਾਰ ਪੂਰੀ ਪੂਰੀ ਅਗੇ ਜਾ ਕੇ ਕੀਤੀ ਜਾਵੇਗੀ। ਪਰ ਇਥੇ ਲੰਘਦੇ ਲੰਘਦੇ ਇਹ ਅਰਜ਼ ਕਰ ਦਿਆਂ ਕਿ ਸਿਖ ਇਤਿਹਾਸ ਵਿਚ ਜਿੰਨੇ ਸਤਿਗੁਰਾਂ ਜਾਂ ਸਿਖਾਂ ਦੇ ਅੰਤ ਸਮੇਂ ਦਾ ਜ਼ਿਕਰ ਆਇਆ ਹੈ, ਉਨ੍ਹਾਂ ਸਾਰਿਆਂ ਬਾਬਤ ਈਹੋ ਦਸਿਆ ਹੈ ਕਿ ਅਸ਼ਨਾਨ ਕਰਕੇ ਬਾਣੀ ਪੜ੍ਹਦੇ ਸ਼ਹੀਦ ਹੋਏ ਜਾਂ ਨਾਮ

ਜਪਦੇ ਗੁਰ-ਪੁਰੀ ਨੂੰ ਪਧਾਰ ਗਏ। ਇਹ ਕਿਸੇ ਬਾਬਤ ਵੀ ਨਹੀਂ ਲਿਖਿਆ ਕਿ ਉਹ ਨੱਕ, ਕੰਨ, ਅੱਖਾਂ ਬੰਦ ਕਰਕੇ ਕਿਸੇ ਨਾਦ ਦੇ ਧਿਆਨ ਵਿਚ ਮਸਤ ਤੁਰੇ, ਜਾਂ ਜੋਗੀਆਂ ਵਾਂਗ ਬ੍ਰਹਮ ਰੰਧਰ ਨੂੰ ਫੋੜਕੇ ਉਨ੍ਹਾਂ ਦੀ ਆਤਮਾ ਨੇ ਦੇਹ ਵਿਚੋਂ ਉਡਾਰੀ ਮਾਰੀ। ਜਦੋਂ ਅਸੀਂ 'ਨਾਮ' ਦਾ ਬਿਆਨ ਕਰਾਂਗੇ ਤਾਂ ਇਸ ਤੇ ਹੋਰ ਚਾਨਣਾ ਪਾਵਾਂਗੇ।

ਜਿਹੜੇ ਗੁਰੂ ਸਦਾਉਣ ਵਾਲੇ ਸੱਜਣ ਦੇਹਧਾਰੀ ਗੁਰੂ ਨਾਲੋਂ ਬਾਣੀ ਨੂੰ ਘਟੀਆ ਦਰਜਾ ਦੇਂਦੇ ਹਨ, ਉਹ ਇਕ ਗੱਲ ਭੁਲ ਜਾਂਦੇ ਹਨ। ਜਦੋਂ ਉਨ੍ਹਾਂ ਦੀ ਆਪਣੀ ਦੇਹ ਬਿਨਸ ਜਾਏਗੀ ਤਾਂ ਕੀ ਉਨ੍ਹਾਂ ਦਾ ਹੁਣ ਦਾ ਉਪਦੇਸ਼ ਸੱਚਾ ਨਹੀਂ ਰਹੇਗਾ ? ਇਕੁਰ ਮੰਨੀਏ ਤਾਂ ਕਿਸੇ ਧਰਮ ਪੁਸਤਕ ਦਾ ਰਤਾ ਬੀ ਮੁਲ ਨਹੀਂ ਰਹਿੰਦਾ।

ਕਈ ਸੱਜਣ ਇਹ ਕਹਿੰਦੇ ਹਨ ਕਿ ਪੋਥੀ ਤਾਂ ਬੋਲਦੀ ਨਹੀਂ, ਦੇਹ ਧਾਰੀ ਗੁਰੂ ਆਪ ਉਪਦੇਸ਼ ਕਰਦਾ ਹੈ। ਉਨ੍ਹਾਂ ਨੂੰ ਇਕ ਭੁਲੇਖਾ ਲਗਾ ਹੋਇਆ ਹੈ। ਪੋਥੀ ਬੋਲਦੀ ਹੈ। ਉਹਦੀ ਅਵਾਜ਼ ਅੱਖਾਂ ਦੀ ਰਾਹੀਂ ਅੰਦਰ ਪੁਜਦੀ ਹੈ ਜਿਕੁਰ ਜੀਂਦੇ ਮਨੁਖ ਦੀ ਕੰਨਾਂ ਥਾਣੀ। ਜੇਹੋ ਜੇਹੀ ਅੱਖ ਗਿਆਨ ਇੰਦਰੀ ਹੈ ਉਕਰ ਹੀ ਕੰਨ ਹਨ। ਫਰਕ ਕੀ ਹੋਇਆ ?

ਸਤਿਗੁਰੂ ਦੀ ਸ਼ਰਨ ਜਦੋਂ ਸਿਖ ਲੈਂਦਾ ਹੈ ਤਾਂ ਫਲ ਕਿਹੜੇ ਸਿਖ ਨੂੰ ਮਿਲਦਾ ਹੈ। ਭਾਵ, ਸ਼ਰਣ ਲੈਣ ਦਾ ਅਰਥ ਕੀ ਹੈ ?

ਸਤਿਗੁਰਿ ਮਿਲਿਐ ਫਲੁ ਪਾਇਆ।
ਜਿਨਿ ਵਿਚਹੁ ਅਹਕਰਣੁ ਚੁਕਾਇਆ।
ਦੁਰਮਤਿ ਕਾ ਦੁਖੁ ਕਟਿਆ ਭਾਗੁ ਬੈਠਾ ਮਸਤਕਿ ਆਇ ਜੀਉ। ੧੧।

... ... ... ... ...

ਸਤਿਗੁਰੁ ਮਿਲਿਆ ਜਾਣੀਐ। ਜਿਤੁ ਮਿਲਿਐ ਨਾਮੁ ਵਖਾਣੀਐ।
ਸਤਿਗੁਰ ਬਾਝੁ ਨ ਪਾਇਓ ਸਭ ਥਕੀ ਕਰਮ ਕਮਾਇ ਜੀਉ। ੧੩।

(ਸਿਰੀ ਰਾਗ ਮ: ੧ ਘਰ ੩)

ਸੋ ਸਿਖੁ ਸਖਾ ਬੰਧਪੁ ਹੈ ਭਾਈ ਜੇ ਗੁਰ ਕੇ ਭਾਣੇ ਵਿਚਿ ਆਵੈ।
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ।
ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ। ੧। ੬।

(ਆਸਾ ਮ: ੩)

ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ।

ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ।
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ । ੧ । ੧੧ ।

(ਧਨਾਸਰੀ ਮ: ੪)

ਸੋਈ ਸੇਵਕੁ ਜੇ ਸਤਿਗੁਰ ਸੇਵੇ ਚਾਲੈ ਸਤਿਗੁਰੁ ਭਾਏ ।
ਸਾਚਾ ਸਬਦੁ ਸਿਫਤਿ ਹੈ ਸਾਚੀ ਸਾਚਾ ਮੰਨਿ ਵਸਾਏ ।
ਸਚੀ ਬਾਣੀ ਗੁਰਮੁਖਿ ਆਖੈ ਹਉਮੈ ਵਿਚਹੁ ਜਾਏ ।
ਆਪੇ ਦਾਤਾ ਕਰਮੁ ਹੈ ਸਾਚਾ ਸਾਚਾ ਸਬਦੁ ਸੁਣਾਏ।

... ... ... ... ...

ਨਾਨਕ ਤਿਸਦਾ ਸਭੁ ਕਿਛੁ ਹੋਵੈ ਜਿ ਵਿਚਹੁ ਆਪੁ ਗਵਾਏ । ੩ । ੧ ।

(ਸੂਹੀ ਮ: ੩ ਅਸਟਪਦੀਆ)

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ।
ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੈ ।
ਗੁਰ ਕੇ ਚਰਨ ਹਿਰਦੈ ਧਿਆਏ ਅੰਤਰਿ ਆਤਮੈ ਸਮਾਲੇ ।
ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ।
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ । ੨੧ ।

(ਰਾਮਕਲੀ ਮ: ੩ ਅਨੰਦੁ)

ਸਤਿਗੁਰਿ ਮਿਲਿਐ ਸਦਾ ਸੁਖੁ ਜਿਸ ਨੋ ਆਪੇ ਮੇਲੇ ਸੋਇ ।
ਸੁਖੈ ਏਹੁ ਬਿਬੇਕੁ ਹੈ ਅੰਤਰੁ ਨਿਰਮਲੁ ਹੋਇ ।
ਅਗਿਆਨ ਕਾ ਭ੍ਰਮੁ ਕਟੀਐ ਗਿਆਨੁ ਪਰਾਪਤਿ ਹੋਇ ।
ਨਾਨਕ ਏਕੋ ਨਦਰੀ ਆਇਆ ਜਹ ਦੇਖਾ ਤਹ ਸੋਇ ।

(ਸਲੋਕ ਮ: ੩ ਵਾਰ ਰਾਮਕਲੀ ਮ: ੩)

ਗੁਰਿ ਰਾਖੇ ਸੇ ਉਬਰੇ ਸਬਦਿ ਰਤੇ ਮਨ ਮਾਹਿ ਜੀਉ । ੨ । ੨ ।

(ਸੂਹੀ ਮ: ੧ ਅਸਟਪਦੀਆ)

ਮੁਕਦੀ ਗੱਲ ਇਹ ਕਿ ਉਸੇ ਸਿਖ ਨੂੰ ਪ੍ਰਾਪਤੀ ਹੋਵੇਗੀ ਜਿਹੜਾ ਆਪਾ ਮਾਰ ਕੇ ਗੁਰੂ ਦੇ ਹੁਕਮ ਵਿਚ ਤੁਰੇਗਾ ।

ਬੀਸ ਬਿਸਵੇ ਗੁਰ ਕਾ ਮਨੁ ਮਾਨੈ ।

ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ । ੩ । ੧੮ ।

(ਗਉੜੀ ਸੁਖਮਨੀ ਮ: ੫)

ਅਜੇਹਾ ਸਿਖ ਫਿਰ ਨਾਮ ਵਿਚ ਲੀਨ ਹੋਵੇਗਾ ।

ਸੋ ਗੁਰੂ ਸੋ ਸਿਖੁ ਹੈ ਭਾਈ ਜਿਸੁ ਜੋਤੀ ਜੋਤਿ ਮਿਲਾਇ । ੧ । ੮ ।

(ਸੋਰਠਿ ਮ: ੩ ਦੁਤੁਕੇ)

ਕਿਉਂ ਜੋ ਸਤਿਗੁਰ ਦੇ ਹੁਕਮ ਵਿਚ ਚਲਣ ਨਾਲ ਹਉਮੈ ਦਾ ਨਾਸ ਹੋਂਦਾ ਹੈ ਤੇ ਫਿਰ ਸਿਖ ਗੁਰੂ ਦੀ ਦੀਖਿਆ ਵਿਚ ਸਮਾਉਂਦਾ ਹੈ । ਉਹ ਦੀਖਿਆ ਕੀ ਹੈ ?

ਨਾਨਕ ਕਉ ਗੁਰਿ ਦੀਖਿਆ ਦੀਨੑ ।
ਪ੍ਰਭ ਅਬਿਨਾਸੀ ਘਟਿ ਘਟਿ ਚੀਨੑ । ੪ । ੨੩ ।

(ਆਸਾ ਮ: ੫)

ਤਿਨ੍ਹਾ ਮਿਲਿਆ ਗੁਰੁ ਆਇ ਜਿਨੁ ਕਉ ਲੀਖਿਆ ।
ਅੰਮ੍ਰਿਤੁ ਹਰਿ ਕਾ ਨਾਉ ਦੇਵੈ ਦੀਖਿਆ ।
ਚਾਲਹਿ ਸਤਿਗੁਰ ਭਾਇ ਭਵਹਿ ਨ ਭੀਖਿਆ । ੨ । ੩ । ੫ ।

(ਸੂਹੀ ਮ: ੧ ਘਰ ੧)

ਸੋ ਸਤਿਗੁਰੁ ਸੇਵਿਹੁ ਸਾਧ ਜਨੁ ਜਿਨਿ ਹਰਿ ਹਰਿ ਨਾਮੁ ਦ੍ਰਿੜਾਇਆ ।
ਸੋ ਸਤਿਗੁਰੁ ਪੂਜਹੁ ਦਿਨਸੁ ਰਾਤਿ ਜਿਨਿ ਜੰਗਨਾਥੁ ਜਗਦੀਸੁ ਜਪਾਇਆ ।
ਸੋ ਸਤਿਗੁਰੁ ਦੇਖਹੁ ਇਕ ਨਿਮਖ ਨਿਮਖ ਜਿਨਿ ਹਰਿ ਕਾ ਪੰਥ ਬਤਾਇਆ ।
ਤਿਸੁ ਸਤਿਗੁਰ ਕੀ ਸਭ ਪਗੀ ਪਵਹੁ ਜਿਨਿ ਮੋਹ ਅੰਧੇਰੁ ਚੁਕਾਇਆ ।
ਸੋ ਸਤਿਗੁਰ ਕਹਹੁ ਸਭਿ ਧੰਨ ਧੰਨੁ ਜਿਨਿ ਹਰਿ ਭਗਤਿ ਭੰਡਾਰ ਲਹਾਇਆ ।੩ ।

(ਵਾਰ ਵਡਹੰਸ ਮ: ੪)

ਸ੍ਰੀ ਗੁਰੂ ਅਰਜਨ ਦੇਵ ਜੀ ਸਤਿਗੁਰ ਦੇ ਮੇਲ ਦੇ ਫਲ ਸਮੁਚੇ ਤੌਰ ਪਰ ਐਉਂ ਕਥਨ ਕਰਦੇ ਹਨ ।

ਛਲ ਨਾਗਨਿ ਸਿਉ ਮੇਰੀ ਟੂਟਨਿ ਹੋਇ । ਗੁਰਿ ਕਹਿਆ ਇਹ ਝੂਠੀ ਧੋਹੀ ।
ਮੁਖਿ ਮੀਠੀ ਖਾਈ ਕਉਰਾਇ । ਅੰਮ੍ਰਿਤ ਨਾਮਿ ਮਨੁ ਰਹਿਆ ਅਘਾਇ । ੨ ।
ਲੋਭ ਮੋਹ ਸਿਉ ਗਈ ਵਿਖੋਟਿ । ਗੁਰਿ ਕ੍ਰਿਪਾਲਿ ਮੋਹਿ ਕੀਨੀ ਛੋਟਿ ।
ਇਹ ਠਗਵਾਰੀ ਬਹੁਤੁ ਘਰ ਗਾਲੇ । ਹਮ ਗੁਰਿ ਰਾਖਿ ਲੀਏ ਕਿਰਪਾਲੇ । ੩ ।

ਕਾਮ ਕ੍ਰੋਧ ਸਿਉ ਠਾਟੁ ਨ ਬਨਿਆ । ਗੁਰ ਉਪਦੇਸੁ ਮੋਹਿ ਕਾਨੀ ਸੁਨਿਆ ।
ਜਹ ਦੇਖਉ ਤਹ ਮਹਾ ਚੰਡਾਲ । ਰਾਖਿ ਲੀਏ ਅਪੁਨੈ ਗੁਰਿ ਗੋਪਾਲ । ੪ ।
ਦਸ ਨਾਰੀ ਮੈ ਕਰੀ ਦੁਹਾਗਨਿ । ਗੁਰਿ ਕਹਿਆ ਏਹ ਰਸਹਿ ਬਿਖਾਗਨਿ ।
ਇਨ ਸਨਬੰਧੀ ਰਸਾਤਲਿ ਜਾਇ । ਹਮ ਗੁਰਿ ਰਾਖੇ ਹਰਿ ਲਿਵ ਲਾਇ । ੫ ।
ਅਹੰਮਵ ਸਿਉ ਮਸਲਤਿ ਛੋਡੀ । ਗੁਰਿ ਕਹਿਆ ਇਹੁ ਮੂਰਖੁ ਹੋਡੀ ।
ਇਹੁ ਨੀਘਰੁ ਘਰੁ ਕਹੀ ਨ ਪਾਏ । ਹਮ ਗੁਰਿ ਰਾਖਿ ਲੀਏ ਲਿਵ ਲਾਏ । ੬ ।
ਇਨ ਲੋਗਨ ਸਿਉ ਹਮ ਭਏ ਬੈਰਾਈ । ਏਕ ਗ੍ਰਿਹ ਮਹਿ ਦੁਇ ਨ ਖਟਾਈ ।
ਆਏ ਪ੍ਰਭ ਪਹਿ ਅੰਚਰਿ ਲਾਗਿ । ਕਰਹੁ ਤਪਾਵਸੁ ਪ੍ਰਭ ਸਰਬਾਗਿ । ੭ ।
ਪ੍ਰਭ ਹਸਿ ਬੋਲੇ ਕੀਏ ਨਿਆਏ । ਸਗਲ ਦੂਤ ਮੇਰੀ ਸੇਵਾ ਲਾਏ ।
ਤੂੰ ਠਾਕੁਰੁ ਇਹੁ ਗ੍ਰਿਹੁ ਸਭੁ ਤੇਰਾ । ਕਹੁ ਨਾਨਕ ਗੁਰਿ ਕੀਆ ਨਿਬੇਰਾ । ੮ । ੧ ।

(ਬਿਭਾਸ ਪ੍ਰਭਾਤੀ ਮ: ੫ ਅਸਟਪਦੀਆ)

ਜਦੋਂ ਸਿੱਖ ਪੂਰਨ ਤੌਰ ਤੇ ਹਉਮੈ ਦਾ ਨਾਸ ਕਰਕੇ 'ਨਾਮ ਵਿਚ ਲੀਨ ਹੋਂਦਾ ਹੈ ਫਿਰ ਉਹ ਗੁਰੂ ਰੂਪ ਹੋ ਜਾਂਦਾ ਹੈ ।

ਸੋਇ ਮੁਕਤਿ ਜਿ ਮਨੁ ਜਿਣਹਿ ਫਿਰਿ ਧਾਤੁ ਨਾ ਲਾਗੈ ਆਇ ।
ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ । ੩ ।
ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ ।
ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ । ੪ । ੩ । ੫ ।

(ਗੂਜਰੀ ਮ: ੩)

ਗੁਰੂ ਸਿਖੁ ਸਿਖੁ ਗੁਰੂ ਹੈ ਏਕੁ ਗੁਰ ਉਪਦੇਸੁ ਚਲਾਏ ।
ਰਾਮਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ । ੮ । ੭ । ੯ ।

(ਆਸਾ ਮ: ੪ ਛੰਤ)

ਸਗੋਂ

ਤਿਨ੍ਹਾ ਗੁਰਸਿਖਾ ਕੰਉ ਹਉ ਵਾਰਿਆ
ਜੋ ਬਹਿਦਿਆ ਉਠਦਿਆ ਹਰਿਨਾਮੁ ਧਿਆਵਹਿ । ੧੧ ।

(ਵਾਰ ਵਡਹੰਸ ਮ: ੪)

ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ
ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ । ੧੮ ।

(ਵਾਰ ਵਡਹੰਸ ਮ: ੪)

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ । ੭ । ੯ ।

(ਸਲੋਕ ਮ: ੪ ਵਾਰ ਗਉੜੀ ਮ: ੪)

— 0 —

# ਸਤ ਸੰਗਤਿ, ਸਾਧ ਸੰਗ

## ਸਾਧ, ਸੰਤ, ਗੁਰਮੁਖ

ਵਰਤਮਾਨ ਸਮੇਂ ਦੇ ਮਾਨਸਿਕ ਵਿਦਿਆ ਦੇ ਕਈ ਖੋਜੀਆਂ ਇਹ ਸਿੱਟਾ ਕੱਢਿਆ ਹੈ ਕਿ ਆਮ ਤੌਰ ਤੇ ਮਨੁੱਖੀ ਅੰਤਹਕਰਨ ਵਿਚ ਤਿੰਨ ਸੁਭਾਉ (instincts) ਵਰਤ ਕੇ ਇਹਨੂੰ ਕਿਰਿਆ ਵਲ ਪ੍ਰੇਰਦੇ ਹਨ। ਇਹਨਾਂ ਦੇ ਨਾਮ ਹਨ, Ego (ਹਉਮੈ), Sex (ਕਾਮ), Herd (ਲੋਕਾਚਾਰ)। ਉਹ ਲਿਖਦੇ ਹਨ* ਕਿ ਮਨੁਖ ਦੇ ਮਨ ਵਿਚ ਸਦਾ ਚਾਉ ਬਣਿਆ ਰਹਿੰਦਾ ਹੈ ਕਿ ਨਾ ਕੇਵਲ ਮੈਂ ਭਾਈਚਾਰੇ ਵਿਚ ਰਹਾਂ ਸਗੋਂ ਉਸ ਭਾਈਚਾਰੇ ਦਾ ਅੰਗ ਬਣਾਂ। ਇਸ ਲਈ ਹਰ ਇਕ ਸਾਧਾਰਨ ਮਨੁੱਖ ਲਈ ਉਹ ਫੁਰਨੇ ਮੰਨਣੇ ਜ਼ਰੂਰੀ ਹਨ, ਜੋ ਉਸਦੇ ਭਾਈਚਾਰੇ ਵਲੋਂ ਪੈਦਾ ਹੋਂਦੇ ਹਨ। ਜੇ ਇਹ ਨਾ ਕਰੇ ਤਾਂ ਉਹ ਅਜੇਹਾ ਦੁਖ ਅਨੁਭਵ ਕਰਦਾ ਹੈ ਜੇਹਾ ਕਿ ਉਸ ਨੂੰ ਤਦੋਂ ਹੁੰਦਾ ਹੈ ਜਦੋਂ ਉਸਦੀ ਦੇਹ ਨੂੰ ਮਨੁੱਖੀ ਬਰਾਦਰੀ ਤੋਂ ਅੱਡ ਰਖਿਆ ਜਾਵੇ।

---

*We have, in fact, to recognize that gregarious animal is instinctively prompted not only to be in the herd but also to be **of** it. The normal individual man must obey suggestions arising from his social unit, or he will be as miserable as if he is physically cut off from human society. (Tansly, Page 220)

ਸਾਨੂੰ, ਸਚ ਪੁਛੋ, ਤਾਂ ਮੰਨਣਾ ਪੈਂਦਾ ਹੈ ਕਿ ਟੋਲਿਆਂ ਵਿਚ ਰਹਿਣ ਵਾਲੇ ਜਨੌਰ ਨੂੰ ਸੁਭਾਵਕ ਪ੍ਰੇਰਨਾ ਨਾ ਕੇਵਲ ਟੋਲੇ ਵਿਚ ਹੋਣ ਦੀ ਹੋਂਦੀ ਹੈ ਸਗੋਂ ਟੋਲੇ ਦਾ ਹੋਣ ਦੀ ਵੀ। ਸਾਧਾਰਨ ਮਨੁਖ ਲਈ ਜ਼ਰੂਰੀ ਹੈ ਕਿ ਉਹ ਆਪਣੀ ਬਰਾਦਰੀ ਤੋਂ ਪੈਦਾ ਹੋਏ ਫੁਰਨਿਆ ਨੂੰ ਮੰਨੇ। ਨਾਹੀਂ ਤਾਂ ਉਹ ਇੰਨਾਂ ਦੁਖੀ ਹੋਵੇਗਾ ਜਿੰਨਾ ਕਿ ਸਰੀਰਕ ਤੌਰ ਤੇ ਉਹਨੂੰ ਮਨੁੱਖੀ ਸੋਸਾਇਟੀ ਵਿਚੋਂ ਅੱਡ ਕਰ ਦੇਵੀਏ ਤਾਂ ਹੋਂਦਾ ਹੈ।

ਇਸ ਲਈ ਇਹ ਖਿਆਲ ਕਿ ਹਰ ਇਕ ਮਨੁੱਖ ਦਾ ਧਰਮ ਆਪੋ ਆਪਣਾ ਹੈ, ਵਿਚਾਰ ਦੀ ਕਸਵਟੀ ਤੇ ਠੀਕ ਨਹੀਂ ਨਿਕਲਦਾ। ਧਰਮ ਨਿਰਾ ਦਿਮਾਗੀ ਮਨੌਤ ਤੱਕ ਹੀ ਨਹੀਂ ਬੱਧਾ ਰਹਿੰਦਾ। ਉਹ ਸਾਡੇ ਅਮਲਾਂ ਦੀ ਰਾਹੀਂ ਪਰਗਟ ਹੋਂਦਾ ਹੈ। ਮਨੁੱਖ ਸਦਾ ਟੋਲੇ ਵਿਚ ਰਹਿੰਦਾ ਹੈ ਇਸ ਲਈ ਉਹਦੇ ਕਰਮ ਟੋਲੇ ਤੇ ਅਸਰ ਪਾਏ ਬਿਨਾਂ ਨਹੀਂ ਰਹਿ ਸਕਦੇ ਤੇ ਟੋਲੇ ਦੇ ਕਰਮ ਉਸ ਤੇ ਅਸਰ ਪਾਂਦੇ ਹਨ। ਜਿਸ ਬਰਾਦਰੀ ਵਿਚ ਮਨੁੱਖ ਬਹਿੰਦਾ ਰਹਿੰਦਾ ਹੈ ਸੁਤੇ ਹੀ ਉਹਦੀ ਰਹੁ ਰੀਤੀ ਅਖਤਿਆਰ ਕਰ ਲੈਂਦਾ ਹੈ *ਅਤੇ ਇਹ ਸਾਰਾ ਕੰਮ ਸੁਚੇਤ ਵਿਚਾਰ (Conscious reasoning) ਤੋਂ ਬਿਨਾਂ ਹੀ ਹੋਂਦਾ ਹੈ। ਦੂਜੀ ਬਾਣ ਮਨੁੱਖੀ ਸੁਭਾਵ ਵਿਚ ਇਕ ਹੋਰ ਹੈ। ਜਦੋਂ ਦੂਜਿਆਂ ਨੂੰ ਕੋਈ ਕੰਮ ਕਰਦਾ ਵੇਖਦਾ ਹੈ ਤੇ ਸਮਝਦਾ ਹੈ ਕਿ ਇਹ ਮੇਰੇ ਸਾਥੀ ਹਨ ਤਾਂ ਉਸਦਾ ਮਾਨਸਿਕ ਬਲ ਬਹੁਤ ਵੱਧ ਜਾਂਦਾ ਹੈ। ਇਕ ਇਕ ਤੇ ਦੋ ਯਾਰਾਂ। ਇਨ੍ਹਾਂ ਦੋਹਾਂ ਸੁਭਾਵਾਂ ਨੂੰ ਨਜ਼ਰ ਹੇਠਾਂ ਰਖਕੇ ਗੁਰਮੱਤ ਵਿਚ ਸਤ ਸੰਗ ਦਾ ਅਸੂਲ ਥਾਪਿਆ ਗਇਆ ਹੈ। ਟੋਲਾ ਤਾਂ ਮਨੁੱਖ ਨੂੰ ਆਪਣੇ ਪੱਧਰ ਤੱਕ ਹੀ ਰਖਦਾ ਹੈ ਪਰ ਸਤ ਸੰਗਤ ਅਨੰਤ ਉੱਨਤੀ ਦੇ ਰਾਹ ਪਾ ਦੇਂਦੀ ਹੈ। ਹੋਰਨਾਂ ਮਤਾਂ ਵਿਚ ਵੀ ਭਲੇ ਪੁਰਖਾਂ ਦੀ ਸੰਗਤ ਨੂੰ ਸ੍ਰੇਸ਼ਟ ਮੰਨਿਆ ਗਇਆ ਹੈ। ਪਰ ਗੁਰਮੱਤ ਸਤਸੰਗ ਨੂੰ ਨਿਰਾ ਸ੍ਰੇਸ਼ਟ ਹੀ ਨਹੀਂ ਮੰਨਦੀ, ਆਤਮਕ ਉੱਨਤੀ ਲਈ ਲੋੜੀਂਦਾ ਅੰਗ ਦਸਦੀ ਹੈ। ਜਿਕੁਰ ਗੁਰੂ ਤੋਂ ਬਿਨਾਂ ਰਾਹ ਨਹੀਂ ਲੱਭਣਾ, ਇਕੁਰ ਸਤ ਸੰਗ ਬਿਨਾਂ ਤੇ ਗੁਰਮੁਖਾਂ ਦੇ ਮੇਲ

---

*Suggestion then, is a non-rational process, the real nature of which is unknown, but playing an immense part in the building up and modification of mental complexes. Though the origin of suggestibility is not at all understood, its great importance in human affairs is closely connected with the influence of the herd on the mind of the gregarious individual. The herd is one of the most potent sources of suggestion to the individual mind, and it is by herd suggestion that many of the most important complexes which determine the opinions and conduct of the individual are fashioned. (Tanslay, Page. 98)

ਪ੍ਰੇਰਨਾ ਇਕ ਵਿਚਾਰਹੀਨ ਅਮਲ ਹੈ ਜਿਸਦਾ ਅਸਲ ਰੂਪ ਅਜੇ ਪਤਾ ਨਹੀਂ ਲਗਾ ਪਰ ਜਿਸਦਾ ਮਾਨਸਿਕ ਜਾਲਾਂ ਦੇ ਬਨਾਉਣ ਤੇ ਬਦਲਣ ਵਿਚ ਬਹੁਤ ਸਾਰਾ ਹੱਥ ਹੈ। ਭਾਵੇਂ ਪ੍ਰੇਰਨਾ ਦੇ ਅਰੰਭ ਦੀ ਅਜੇ ਉੱਕੀ ਸਮਝ ਨਹੀਂ ਆਈ ਪਰ ਮਨੁੱਖੀ ਮਾਮਲਿਆਂ ਵਿਚ ਇਸ ਦੇ ਤਕੜੇ ਹੱਥ ਦਾ ਸੰਬੰਧ ਟੋਲੇ ਵਿਚ ਰਹਿਣ ਵਾਲੇ ਜਨੌਰ ਦੇ ਅੰਤਹਕਰਨ ਪੁਰ ਟੋਲੇ ਦੇ ਅਸਰ ਨਾਲ ਹੈ। ਮਨੁੱਖੀ ਅੰਤਹਕਰਨ ਦੀ ਪ੍ਰੇਰਨਾ ਦਾ ਇਕ ਤਕੜਾ ਸੋਮਾ ਟੋਲਾ ਹੈ ਤੇ ਟੋਲੇ ਦੀ ਹੀ ਪ੍ਰੇਰਨਾ ਦੁਆਰਾ ਵੱਡੇ ਵੱਡੇ ਮਾਨਸਿਕ ਜਾਲ ਬਣਦੇ ਹਨ ਜਿਨ੍ਹਾਂ ਦੁਆਰਾ ਮਨੁੱਖ ਦੀਆਂ ਰਾਵਾਂ ਤੇ ਕਰਤੂਤਾਂ ਬਣਦੀਆਂ ਹਨ।

ਬਿਨਾਂ ਉਸ ਦਸੇ ਰਾਹ ਤੇ ਤੁਰ ਨਹੀਂ ਹੋਣਾ । ਇਸ ਲਈ ਸਤ ਸੰਗ ਕਰਨਾ, ਸਿੱਖ ਦਾ ਨਿੱਤ ਕਰਮ ਰਖਿਆ ਗਇਆ ਹੈ । ਅਤੇ 'ਸਾਧ ਦਾ ਸੰਗ ਗੁਰਮੁਖ ਦਾ ਮੇਲ' ਇਹ ਰੋਜ਼ ਅਰਦਾਸ ਵਿਚ ਹਰ ਇਕ ਸਿੱਖ ਮੰਗਦਾ ਹੈ । ਸਤਸੰਗ ਵਿਚ ਵਿਚਰਨ ਦਾ ਲਾਭ ਕੀ ਹੈ !

ਊਤਮ ਸੰਗਤਿ ਊਤਮੁ ਹੋਵੈ । ਗੁਣ ਕਉ ਧਾਵੈ ਅਵਗਣ ਧੋਵ । ੭ । ੫ ।

(ਆਸਾ ਮ: ੧ ਅਸਟਪਦੀਆ)

ਬ੍ਰਾਹਮਣ ਖਤ੍ਰੀ ਸੂਦ ਵੈਸ
ਚਾਰਿ ਵਰਨ ਚਾਰਿ ਆਸ੍ਰਮ ਹਹਿ ਜੋ ਹਰਿ ਧਿਆਵੈ ਸੋ ਪਰਧਾਨੁ ।
ਜਿਉ ਚੰਦਨ ਨਿਕਟਿ ਵਸੈ ਹਿਰਡ ਬਪੁੜਾ
ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ ।
ਓਹੁ ਸਭ ਤੇ ਊਚਾ ਸਭ ਤੇ ਸੂਚਾ ਜਾਕੈ ਹਿਰਦੈ ਵਸਿਆ ਭਗਵਾਨੁ । ੩ । ੪ ।

(ਗੋਂਡ ਮ: ੪)

ਸਚੀ ਸੰਗਤਿ ਸਚਿ ਮਿਲੈ ਸਚੈ ਨਾਇ ਪਿਆਰੁ । ੧ । ੨ ।

(ਸਲੋਕ ਮ: ੩ ਵਾਰ ਵਡਹੰਸ ਮ: ੪)

ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ।
ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ।
ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ । ੧ । ੧੯ ।

(ਸਲੋਕ ਮ: ੨ ਵਾਰ ਮਾਝ)

ਸਤ ਸੰਗ ਕਰਨ ਨਾਲ ਮਨੁੱਖ ਮਾਇਆ ਦੇ ਅਸਰ ਤੋਂ ਪਾਰ ਹੋਂਦਾ ਹੈ ।

ਏ ਸਾਜਨ ਕਛੁ ਕਹਹੁ ਉਪਾਇਆ । ਜਾ ਤੇ ਤਰਉ ਬਿਖਮ ਇਹ ਮਾਇਆ ।
ਕਰਿ ਕਿਰਪਾ ਸਤਸੰਗਿ ਮਿਲਾਏ । ਨਾਨਕ ਤਾਕੈ ਨਿਕਟਿ ਨ ਮਾਏ । ੭ ।

(ਗਉੜੀ ਬਾਵਨ ਆਖਰੀ ਮ: ੫)

ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ । ੧ । ੧ ।

(ਗੂਜਰੀ ਮ: ੫)

ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ ।
ਸਾਧ ਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ । ੧ । ੧੨ । ੨੧ ।

(ਗੂਜਰੀ ਮ: ੫)

ਸਤ ਸੰਗਤਿ ਜਿਸਦੇ ਇਹ ਗੁਣ ਹਨ ਉਹਦੇ ਲੱਛਣ ਕੀ ਹਨ ? ਕਈ ਭੋਲੇ ਸਿੱਖ ਟਪਲਾ ਖਾ ਜਾਂਦੇ ਹਨ। ਨਾਮ-ਧਰੀਕ ਸਾਧ ਬਥੇਰੇ ਫਿਰਦੇ ਹਨ। ਉਨ੍ਹਾਂ ਨਾਲ ਹੀ ਘੜੀ ਦੋ ਗਿਆਨ ਚਰਚਾ ਕਰਕੇ ਜਾਂ ਸੁਣਕੇ ਸਮਝ ਲੈਂਦੇ ਹਨ ਕਿ ਅਸੀਂ ਸਤ ਸੰਗ ਕਰ ਲਇਆ ਹੈ। ਪਹਿਲੀ ਨਿਸ਼ਾਨੀ ਸਤ ਸੰਗ ਦੀ ਇਹ ਹੈ ਕਿ ਉਥੇ ਸਤਿਗੁਰੂ ਆਪ ਹੋਣ। ਭਾਵ ਇਹ, ਜਿਥੇ ਸਤਿਗੁਰ ਦੇ ਸ਼ਬਦ ਦੀ ਵਿਚਾਰ ਹੈ ਉਹ ਸਤ ਸੰਗ ਹੈ।

ਸਤਿਗੁਰ ਬਾਝਹੁ ਸੰਗਤਿ ਨ ਹੋਈ। ਬਿਨੁ ਸਬਦੇ ਪਾਰੁ ਨ ਪਾਏ ਕੋਈ।
ਸਹਜੇ ਗੁਣ ਰਵਹਿ ਦਿਨੁ ਰਾਤੀ ਜੋਤੀ ਜੋਤਿ ਮਿਲਾਇਆ। ੧੨। ੨। ੨੪।

(ਮਾਰੂ ਮ: ੩ ਸੋਲਹੇ)

ਸਤ ਸੰਗਤਿ ਊਤਮ ਸਤਿਗੁਰ ਕੇਰੀ ਗੁਨ ਗਾਵੈ ਹਰਿ ਪ੍ਰਭ ਕੇ।
ਹਰਿ ਕਿਰਪਾ ਧਾਰਿ ਮੇਲਹੁ ਸਤ ਸੰਗਤਿ ਹਮ ਧੋਵਹ ਪਗ ਜਨ ਕੇ। ੨। ੧।

(ਰਾਗ ਸੂਹੀ ਮ: ੪ ਘਰ ੧)

ਜਿਥੇ ਸਤਿਗੁਰ ਦੇ ਸ਼ਬਦ ਦੀ ਵਿਚਾਰ ਹੋਵੇਗੀ ਉਥੇ ਦੋ ਹੀ ਗੱਲਾਂ ਹੋ ਸਕਦੀਆਂ ਹਨ, ਨਾਮ ਤੇ ਕੀਰਤਨ। ਇਸ ਲਈ ਸਤ ਸੰਗਤ ਦੇ ਵੱਡੇ ਲੱਛਣ ਈਹੋ ਦਸੇ ਗਏ ਹਨ।

ਸਤ ਸੰਗਤਿ ਕੈਸੀ ਜਾਣੀਐ। ਜਿਥੈ ਏਕੋ ਨਾਮ ਵਖਾਣੀਐ।
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ। ੫। ੧।

(ਸਿਰੀ ਰਾਗੁ ਮ: ੧)

ਕਰਮੁ ਹੋਵੈ ਸਤਸੰਗਿ ਮਿਲਾਏ।
ਹਰਿ ਗੁਣ ਗਾਵੈ ਬੈਸਿ ਸੁ ਥਾਏ। ੧। ੩। ੨੨।

(ਗਉੜੀ ਗਵਾਰੇਰੀ ਮ: ੩)

ਤਿਤੁ ਜਾਇ ਬਹਹੁ ਸਤ ਸੰਗਤੀ ਜਿਥੈ ਹਰਿ ਕਾ ਹਰਿਨਾਮੁ ਬਿਲੋਈਐ।
ਸਹਜੇ ਹੀ ਹਰਿਨਾਮੁ ਲੇਹੁ ਹਰਿ ਤਤੁ ਨ ਖੋਈਐ।
ਨਿਤ ਜਪਿਅਹੁ ਹਰਿ ਹਰਿ ਦਿਨਸੁ ਰਾਤਿ ਹਰਿ ਦਰਗਹ ਢੋਈਐ। ੪।

(ਵਾਰ ਵਡਹੰਸ ਮ: ੪)

ਸਤਸੰਗਤਿ ਮਹਿ ਨਾਮੁ ਨਿਰਮੋਲਕੁ ਵਡੈ ਭਾਗਿ ਪਾਇਆ ਜਾਈ। ੭। ੨।

(ਰਾਮਕਲੀ ਮ: ੩ ਅਸਟਪਦੀਆ)

ਸਤਸੰਗਤਿ ਸਾਈ ਹਰਿ ਤੇਰੀ ਜਿਤੁ ਹਰਿ ਕੀਰਤਿ ਹਰਿ ਸੁਨਣੇ। ੧। ੩। ੭।

(ਭੈਰਉ ਮ: ੪)

ਕਿਤੁ ਬਿਧਿ ਕਿਉ ਪਾਈਐ ਪ੍ਰਭੁ ਅਪੁਨਾ
ਮੋ ਕਉ ਕਰਹੁ ਉਪਦੇਸੁ ਹਰਿ ਦਾਨੁ । ੨ ।
ਸਤ ਸੰਗਤਿ ਮਹਿ ਹਰਿ ਹਰਿ ਵਸਿਆ ਮਿਲਿ ਸੰਗਤਿ ਹਰਿ ਗੁਨ ਜਾਨ ।
ਵਡੈ ਭਾਗਿ ਸਤ ਸੰਗਤਿ ਪਾਈ ਗੁਰੁ ਸਤਿਗੁਰੁ ਪਰਸਿ ਭਗਵਾਨ । ੩ । ੧ ।

(ਪ੍ਰਭਾਤੀ ਮ: ੪)

ਸਤ ਸੰਗਤਿ ਵਿਚ ਜਾਣ ਨਾਲ ਗੁਰ-ਉਪਦੇਸ ਦਾ ਪਤਾ ਲਗਦਾ ਹੈ ਤੇ ਨਾਮ ਦੇ ਜਾਪ ਤੇ ਕੀਰਤਨ ਦੀ ਆਦਤ ਪੈਂਦੀ ਹੈ । ਪਰ ਜਿਹੜੇ ਸਿੱਖ ਨਾਮ ਰਸ ਵਿਚ ਮਗਨ ਹਨ ਉਨ੍ਹਾਂ ਦੇ ਸੰਗ ਦੀ ਵੀ ਅਤੀ ਲੋੜ ਹੈ । ਜਦੋਂ ਸੱਚ ਅਮਲਾਂ ਦੀ ਰਾਹੀਂ ਵਿੱਦਮਾਨ ਹੋਂਦਾ ਹੈ ਤਾਂ ਉਹਦਾ ਵਧੀਕ ਅਸਰ ਪੈਂਦਾ ਹੈ । ਕਈ ਵੀਰ ਇਸ ਨੂੰ ਮਨੁੱਖ ਪੂਜਾ ਕਹਿਕੇ ਸਿਰ ਫੇਰਨਗੇ ਪਰ ਇਹ ਉਨ੍ਹਾਂ ਦੀ ਭੁਲ ਹੈ । ਪੂਜਾ ਦਾ ਭਾਵ ਆਪਣੇ ਪੂਜ ਨਾਲ ਇਕ ਰੂਪ ਹੋਣਾ ਹੈ । ਮਨੁੱਖ ਜੂਨ ਲਈ ਆਪਣੇ ਤੋਂ ਹੇਠਲੀਆਂ ਜੂਨਾਂ ਦੀ ਪੂਜਾ ਤਾਂ ਵਰਜਿਤ ਹੈ । ਕਿਉਂਜੁ ਮੁੜ ਉਥੇ ਤਾਂ ਅਸੀਂ ਜਾਣਾ ਨਹੀਂ ਪਰ ਉਨ੍ਹਾਂ ਮਨੁੱਖਾਂ ਦੀ ਇਜ਼ਤ ਜੋ ਜੀਵਨ ਦੇ ਆਦਰਸ਼ ਨੂੰ ਪ੍ਰਾਪਤ ਕਰ ਚੁਕੇ ਹਨ ਨਿੰਦਤ ਨਹੀਂ । ਕਿਸੇ ਮਨੁੱਖ ਦਾ ਆਦਰ ਕਰਨ ਵੇਲੇ ਅਸੀਂ ਗੁਣਾਂ ਦਾ ਆਦਰ ਕਰਦੇ ਹਾਂ । ਗੁਰਮੁਖ ਦੀ ਦੇਹ ਤਾਂ ਆਮ ਮਨੁੱਖਾਂ ਵਰਗੀ ਹੈ ਪਰ ਉਹਦਾ ਆਚਰਨ ਵੱਖਰਾ ਹੈ ਤੇ ਉਹਦੇ ਅੱਗੇ ਸਿਰ ਨਾ ਝੁਕਾਈਏ ਤਾਂ ਅਸਾਂ ਕਦੀ ਉਧਰ ਪ੍ਰੇਰਿਆ ਹੀ ਨਹੀਂ ਜਾਣਾ । ਗੁਰਮੱਤ ਵਿਚ ਸੰਤ ਸੇਵਾ ਪਰਮ ਧਰਮ ਹੈ ।

ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ।
ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ । ੧ ।
ਹਮ ਸੰਤਨ ਸਿਉ ਬਣਿ ਆਈ । ਪੂਰਬਿ ਲਿਖਿਆ ਪਾਈ ।
ਇਹੁ ਮਨੁ ਤੇਰਾ ਭਾਈ । ਰਹਾਉ । ੮ । ੧੯ ।

(ਸੋਰਠਿ ਮ: ੫ ਚਉਪਦੇ)

ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ ।
ਜੋ ਰਾਤੇ ਰੰਗਿ ਏਕ ਕੈ ਨਾਨਕ ਗੂੜਾ ਰੰਗੁ । ੧ । ੧੦ ।

(ਸਲੋਕ ਗਉੜੀ ਬਾਵਨ ਅਖਰੀ ਮ: ੫)

ਖੋਜਤ ਖੋਜਤ ਸੁਨੀ ਇਹ ਸੋਇ ।
ਸਾਧ ਸੰਗਤਿ ਬਿਨੁ ਤਰਿਓ ਨ ਕੋਇ । ੪ । ੧੧ ।

(ਆਸਾ ਮ: ੫)

ਪਿੰਗੁਲ ਪਰਬਤ ਪਾਰਿ ਪਰੇ ਖਲ ਚਤਰੁ ਬਕੀਤਾ ।
ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ । ੧ ।

ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ।
ਮੈਲੁ ਖੋਇ ਕੋਟਿ ਅਘ ਹਰੇ ਨਿਰਮਲ ਭਏ ਚੀਤਾ । ੧ ਪ । ਰਹਾਉ ।
ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ ।
ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ।੨ ।
ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ ।
ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ । ੩ ।
ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ ।
ਕਰਿ ਕਿਰਪਾ ਮੁਹਿ ਨਾਮੁ ਦੇਹੁ ਨਾਨਕ ਦਰਸ ਰੀਤਾ । ੪ । ੭ । ੩੭ ।

(ਬਿਲਾਵਲੁ ਮ: ੫)

ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੇਤ ।
ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ । ੧
ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤ ।
ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ । ੧ । ਰਹਾਉ
ਪੰਚ ਚੋਰ ਆਗੈ ਭਾਗੇ ਜਬ ਸਾਧ ਸੰਗੇਤ ।
ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ । ਪ । ੨ ।
ਨਿਹਚਲ ਆਸਣੁ ਭਰਮੁ ਭੁਲਾਵਾ ਮਿਟੀ ਚਿੰਤ ਨਾਹੀਂ ਡੋਲੇਤ ।
ਮਿਟਿ ਗਇਆ ਪ੍ਰਭ ਪੇਖਤ ਨੇਤ । ੩ ।
ਗੁਣ ਗੰਭੀਰ ਗੁਨ ਨਾਇਕਾ ਗੁਣ ਕਹੀਅਹਿ ਕੇਤ ।
ਨਾਨਕ ਪਾਇਆ ਸਾਧਸੰਗਿ ਹਰਿ ਹਰਿ ਅੰਮ੍ਰਿਤ । ੪ । ੯ । ੩੯ ।

(ਬਿਲਾਵਲੁ ਮ: ੫)

ਮਨ ਨੂੰ ਵਸ ਕਰਨ ਦੇ ਹੋਰ ਜਿਤਨੇ ਉਪਾਵ ਹਨ ਸਭ ਵਿਚੋਂ ਉੱਤਮ ਸਾਧ ਸੰਗ ਹੈ ।

ਸਤਿਗੁਰੁ ਪਰਚੈ ਮਨਿ ਮੁੰਦ੍ਰਾ ਪਾਈ
ਗੁਰ ਕਾ ਸਬਦੁ ਤਨਿ ਭਸਮ ਦ੍ਰਿੜਾਈਆ ।
ਅਮਰ ਪਿੰਡ ਭਏ ਸਾਧੂ ਸੰਗਿ ਜਨਮ ਮਰਨ ਦੋਊ ਮਿਟਿ ਗਈਆ । ੧ ।
ਮੇਰੇ ਮਨ ਸਾਧ ਸੰਗਤਿ ਮਿਲਿ ਰਹੀਆ ।
ਕ੍ਰਿਪਾ ਕਰਹੁ ਮਧਸੂਦਨ ਮਾਧਉ
ਮੈ ਖਿਨੁ ਖਿਨੁ ਸਾਧੂ ਚਰਣ ਪਖਈਆ । ੧ । ਰਹਾਉ ।
ਤਜੈ ਗਿਰਸਤੁ ਭਇਆ ਬਨਵਾਸੀ
ਇਕੁ ਖਿਨੁ ਮਨੂਆ ਟਿਕੈ ਨ ਟਿਕਈਆ ।

ਧਾਵਤੁ ਧਾਇ ਤਦੇ ਘਰਿ ਆਵੈ ਹਰਿ ਹਰਿ ਸਾਧੂ ਸਰਨਿ ਪਵਈਆ । ੨ ।
ਧੀਆ ਪੂਤ ਛੋਡਿ ਸੰਨਿਆਸੀ ਆਸਾ ਆਸ ਮਨਿ ਬਹੁਤੁ ਕਰਈਆ ।
ਆਸਾ ਆਸ ਕਰੈ ਨਹੀ ਬੂਝੈ ਗੁਰ ਕੈ ਸਬਦਿ ਨਿਰਾਸ ਸੁਖੁ ਲਹੀਆ ।
ਉਪਜੀ ਤਰਕ ਦਿਗੰਬਰੁ ਹੋਆ
ਮਨੁ ਦਹ ਦਿਸਿ ਚਲਿ ਗਵਨੁ ਕਰਈਆ ।
ਪ੍ਰਭਵਨੁ ਕਰੈ ਬੂਝੈ ਨਹੀ ਤ੍ਰਿਸਨਾ
ਮਿਲਿ ਸੰਗਿ ਸਾਧ ਦਇਆ ਘਰੁ ਲਹੀਆ । ੪ ।
ਆਸਣ ਸਿਧ ਸਿਖਹਿ ਬਹੁਤੇਰੇ
ਮਨਿ ਮਾਗਹਿ ਰਿਧਿ ਸਿਧਿ ਚੇਟਕ ਚੇਟਕਈਆ ।
ਤ੍ਰਿਪਤਿ ਸੰਤੋਖੁ ਮਨਿ ਸਾਂਤਿ ਨ ਆਵੈ
ਮਿਲਿ ਸਾਧੂ ਤ੍ਰਿਪਤਿ ਹਰਿਨਾਮਿ ਸਿਧਿ ਪਈਆ । ੫ ।
ਅੰਡਜ ਜੇਰਜ ਸੇਤਜ ਉਤਭੁਜ ਸਭਿ ਵਰਨ ਰੂਪ ਜੀਅ ਜੰਤ ਉਪਈਆ ।
ਸਾਧੂ ਸਰਣਿ ਪਰੈ ਸੋ ਉਬਰੈ
ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਚੰਡਾਲੁ ਚੰਡਈਆ । ੬ ।
ਨਾਮਾ ਜੈ ਦੇਉ ਕੰਬੀਰੁ ਤ੍ਰਿਲੋਚਨੁ
ਅਉਜਾਤਿ ਰਵਿਦਾਸੁ ਚਮਿਆਰੁ ਚਮਈਆ ।
ਜੋ ਜੋ ਮਿਲੈ ਸਾਧੂ ਜਨ ਸੰਗਤਿ
ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ । ੭ ।
ਸੰਤ ਜਨਾ ਕੀ ਹਰਿ ਪੈਜ ਰਖਾਈ ਭਗਤਿ ਵਛਲੁ ਅੰਗੀਕਾਰ ਕਰਈਆ ।
ਨਾਨਕ ਸਰਣਿ ਪਰੇ ਜਗ ਜੀਵਨ
ਹਰਿ ਹਰਿ ਕਿਰਪਾ ਧਾਰਿ ਰਖਈਆ । ੮ । ੪ ।

(ਬਿਲਾਵਲ ਮ: ੪ ਅਸਟਪਦੀਆ)

ਸਾਧੂ ਕੀ ਮਨ ਓਟ ਗਹੁ ਉਕਤਿ ਸਿਆਨਪ ਤਿਆਗੁ ।
ਗੁਰਦੀਖਿਆ ਜਿਹ ਮਨਿ ਬਸੈ ਨਾਨਕ ਮਸਤਕਿ ਭਾਗੁ । ੧ । ੪੯ ।

(ਗਉੜੀ ਬਾਵਨ ਅਖਰੀ ਮ: ੫)

ਚਾਰਿ ਪਦਾਰਥ ਜੇ ਕੋ ਮਾਗੈ । ਸਾਧ ਜਨਾ ਕੀ ਸੇਵਾ ਲਾਗੈ ।

... ... ... ...

ਜੇ ਕੋ ਜਨਮ ਮਰਨ ਤੇ ਡਰੈ । ਸਾਧ ਜਨਾ ਕੀ ਸਰਨੀ ਪਰੈ । ੫ । ੩ ।

(ਗਉੜੀ ਸੁਖਮਨੀ ਮ: ੫)

ਸਾਧ ਕੈ ਸੰਗਿ ਮੁਖੁ ਊਜਲ ਹੋਤ । ਸਾਧ ਸੰਗਿ ਮਲੁ ਸਗਲੀ ਖੋਤ ।
ਸਾਧ ਕੈ ਸੰਗਿ ਮਿਟੈ ਅਭਿਮਾਨੁ । ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ ।
ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ । ਸਾਧ ਸੰਗਿ ਸਭੁ ਹੋਤ ਨਿਬੇਰਾ ।
ਸਾਧ ਕੈ ਸੰਗਿ ਪਾਏ ਨਾਮ ਰਤਨੁ । ਸਾਧ ਕੈ ਸੰਗਿ ਏਕ ਊਪਰਿ ਜਤਨੁ ।
ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ ।
ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ । ੧ ੭ ।

(ਗਉੜੀ ਸੁਖਮਨੀ ਮ: ੫)

ਚਰਨ ਸਾਧ ਕੇ ਧੋਇ ਧੋਇ ਪੀਉ । ਅਰਪਿ ਸਾਧ ਕਉ ਅਪਨਾ ਜੀਉ ।
ਸਾਧ ਕੀ ਧੂਰਿ ਕਰਹੁ ਇਸਨਾਨੁ । ਸਾਧ ਊਪਰਿ ਜਾਈਐ ਕੁਰਬਾਨੁ ।
ਸਾਧ ਸੇਵਾ ਵਡਭਾਗੀ ਪਾਈਐ । ਸਾਧ ਸੰਗਿ ਹਰਿ ਕੀਰਤਨੁ ਗਾਈਐ ।
ਅਨਿਕ ਬਿਘਨ ਤੇ ਸਾਧੂ ਰਾਖੈ । ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ ।
ਓਟ ਗਹੀ ਸੰਤਹ ਦਰਿ ਆਇਆ ।
ਸਰਬ ਸੂਖ ਨਾਨਕ ਤਿਹ ਪਾਇਆ । ੬ । ੧੫ ।

(ਗਉੜੀ ਸੁਖਮਨੀ ਮ: ੫)

ਸੰਤ ਗੋਬਿੰਦ ਦਾ ਰੂਪ ਹਨ । ਉਨ੍ਹਾਂ ਦਾ ਦਰਸ਼ਨ ਸਫਲ ਹੈ । ਉਨ੍ਹਾਂ ਦੀ ਸੰਗਤ ਨਾਲ ਨਾਮ ਦ੍ਰਿੜ੍ਹ ਹੋਂਦਾ ਹੈ ।

ਹਰਿ ਕਾ ਸੇਵਕੁ ਸੋ ਹਰਿ ਜੇਹਾ । ਭੇਦੁ ਨਾ ਜਾਣਹੁ ਮਾਣਸ ਦੇਹਾ ।
ਜਿਉ ਜਲ ਤਰੰਗ ਉਠਹਿ ਬਹੁ ਭਾਤੀ
ਫਿਰ ਸਲਲੈ ਸਲਲ ਸਮਾਇਦਾ । ੮ । ੧ । ੫ ।

(ਮਾਰੂ ਮ: ੫ ਸੋਲਹੇ)

ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ । ੧੫ ।

(ਫੁਨਹੇ ਮ: ੫)

ਸੁਣਿ ਸਾਜਨ ਇਉ ਦੁਤਰੁ ਤਰੀਐ ।
ਮਿਲਿ ਸਾਧੂ ਹਰਿ ਨਾਮੁ ਉਚਰੀਐ । ੧੫ । ੨੧ ।

(ਸੂਹੀ ਮ: ੫)

**ਸੰਤਾਂ ਦੀ ਸੇਵਾ ਸੁਖਦਾਈ ਹੈ ।**

ਹਰਿ ਕਾ ਸੰਤੁ ਪਰਾਨ ਧਨ ਤਿਸ ਕਾ ਪਨਿਹਾਰਾ ।

ਭਾਈ ਮੀਤ ਸੁਤ ਸਗਲ ਤੇ ਜੀਅ ਹੂੰ ਤੇ ਪਿਆਰਾ । ੧ । ਰਹਾਉ ।
ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ ।
ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ । ੧ ।
ਮਿਸਟ ਬਚਨ ਬੇਨਤੀ ਕਰਉ ਦੀਨ ਕੀ ਨਿਆਈ ।
ਤਜਿ ਅਭਿਮਾਨੁ ਸਰਣੀ ਪਰਉ ਹਰਿ ਗੁਣ ਨਿਧਿ ਪਾਈ । ੨ ।
ਅਵਲੋਕਨ ਪੁਨਹ ਪੁਨਹ ਕਰਉ ਜਨ ਕਾ ਦਰਸਾਰੁ ।
ਅੰਮ੍ਰਿਤ ਬਚਨ ਮਨ ਮਹਿ ਸਿੰਚਉ ਬੰਦਉ ਬਾਰ ਬਾਰ । ੩ ।
ਚਿਤਵਉ ਮਨਿ ਆਸਾ ਕਰਉ ਜਨ ਕਾ ਸੰਗੁ ਮਾਗਉ ।
ਨਾਨਕ ਕਉ ਪ੍ਰਭ ਦਇਆ ਕਰਿ ਦਾਸ ਚਰਣੀ ਲਾਗਉ । ੪ । ੨ । ੪੨ ।

(ਸੂਹੀ ਮ: ੫)

ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ।
ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ । ੧ ।
ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ ।
ਮਾਇਆਧਾਰੀ ਛਤ੍ਰਪਤਿ ਤਿਨ੍ਹ ਛੋਡਉ ਤਿਆਗਿ । ੧ । ਰਹਾਉ ੨੧ ।
ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ ।
ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ । ੨ ।
ਭਗਤ ਜਨਾ ਕਾ ਲੂਗਰਾ ਓਢਿ ਨਗਨੁ ਨ ਹੋਈ ।
ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ । ੩ ।
ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ ।
ਹਰਿਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ । ੪ । ੧੦ । ੪੪ ।

(ਬਿਲਾਵਲੁ ਮ: ੫)

ਸਤਿਗੁਰ ਅਰਦਾਸ ਕਰਦੇ ਹਨ ਕਿ ਹੇ ਨਿਰੰਕਾਰ

ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂ ਸੰਗਿ ਵਿਹਾਵੇ । ੧ । ੯ ।

(ਸਲੋਕ ਮ: ੫ ਵਾਰ ਮਲਾਰ ਮ: ੫)

ਜਿਨ੍ਹਾਂ ਸੰਤਾਂ, ਸਾਧਾਂ, ਗੁਰਮੁਖਾਂ ਦੀ ਸੰਗਤ ਦੀ ਇਤਨੀ ਉਸਤਤ ਕੀਤੀ ਗਈ ਹੈ ਤੇ ਜਿਨ੍ਹਾਂ ਦੀ ਸੇਵਾ ਅਮੋਲਕ ਦਾਤ ਦਸੀ ਗਈ ਹੈ, ਉਹ ਕੌਣ ਹਨ । ਉਹ ਗੁਰੂ ਦੇ ਸਿਖ ਹਨ ਜੋ ਨਾਮ ਤੇ ਕੀਰਤਨ ਵਿਚ ਮਗਨ ਹਨ ।

ਰੈਣਿ ਦਿਨਸੁ ਰਹੈ ਇਕ ਰੰਗਾ । ਪ੍ਰਭ ਕਉ ਜਾਣੈ ਸਦ ਹੀ ਸੰਗਾ ।

ਠਾਕੁਰ ਨਾਮੁ ਕੀਓ ਉਨਿ ਵਰਤਨਿ ।
ਤ੍ਰਿਪਤਿ ਅਘਾਵਨ ਹਰਿ ਕੈ ਦਰਸਨਿ । ੧ ।
ਹਰਿ ਸੰਗਿ ਰਾਤੇ ਮਨ ਤਨ ਹਰੇ । ਗੁਰ ਪੂਰੇ ਕੀ ਸਰਨੀ ਪਰੇ । ੧ । ਰਹਾਉ ।
ਚਰਣ ਕਮਲ ਆਤਮ ਆਧਾਰ । ਏਕੁ ਨਿਹਾਰਹਿ ਆਗਿਆਕਾਰ ।
ਏਕੋ ਬਨਜੁ ਏਕੋ ਬਿਉਹਾਰੀ । ਅਵਰੁ ਨ ਜਾਨਹਿ ਬਿਨੁ ਨਿਰੰਕਾਰੀ । ੨ ।
ਹਰਖ ਸੋਗ ਦੁਹਹੂੰ ਤੇ ਮੁਕਤੇ । ਸਦਾ ਅਲਿਪਤੁ ਜੋਗੁ ਅਰੁ ਜੁਗਤੇ ।
ਦੀਸਹਿ ਸਭ ਮਹਿ ਸਭ ਤੇ ਰਹਤੇ ।
ਪਾਰਬ੍ਰਹਮ ਕਾ ਓਇ ਧਿਆਨੁ ਧਰਤੇ । ੩ ।
ਸੰਤਨ ਕੀ ਮਹਿਮਾ ਕਵਨ ਵਖਾਨਉ ।
ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ ।
ਪਾਰਬ੍ਰਹਮ ਮੋਹਿ ਕਿਰਪਾ ਕੀਜੈ ।
ਧੂਰਿ ਸੰਤਨ ਕੀ ਨਾਨਕ ਦੀਜੈ । ੪ । ੧੭ । ੮੬ ।

(ਗਉੜੀ ਗਵਾਰੇਰੀ ਮ: ੫)

ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ । ਸਦਾ ਸਦਾ ਬਸੈ ਹਰਿ ਸੰਗਿ ।
ਸਹਜ ਸੁਭਾਇ ਹੋਵੈ ਸੋ ਹੋਇ । ਕਰਣੈਹਾਰੁ ਪਛਾਣੈ ਸੋਇ ।
ਪ੍ਰਭ ਕਾ ਕੀਆ ਜਨ ਮੀਠ ਲਗਾਨਾ । ਜੈਸਾ ਸਾ ਤੈਸਾ ਦ੍ਰਿਸਟਾਨਾ ।
ਜਿਸ ਤੇ ਉਪਜੇ ਤਿਸੁ ਮਾਹਿ ਸਮਾਏ ।
ਓਇ ਸੁਖ ਨਿਧਾਨ ਉਨਹੂ ਬਨਿ ਆਇ ।
ਆਪਸ ਕਉ ਆਪਿ ਦੀਨੋ ਮਾਨੁ ।
ਨਾਨਕ ਪ੍ਰਭ ਜਨੁ ਏਕੋ ਜਾਨੁ । ੮ । ੧੪ ।

(ਗਉੜੀ ਸੁਖਮਨੀ ਮ: ੫)

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿਨਾਮਾਂ ਮਨਿ ਮੰਤੁ ।
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ । ੧ । ੮ ।

(ਵਾਰ ਗਉੜੀ ਮ: ੫)

ਆਠ ਪਹਰ ਨਿਕਟਿ ਕਰਿ ਜਾਨੈ । ਪ੍ਰਭ ਕਾ ਕੀਆ ਮੀਠਾ ਮਾਨੈ ।
ਏਕੁ ਨਾਮੁ ਸੰਤਨ ਆਧਾਰੁ । ਹੋਇ ਰਹੇ ਸਭ ਕੀ ਪਗ ਛਾਰੁ । ੧ ।
ਸੰਤ ਰਹਤ ਸੁਨਹੁ ਮੇਰੇ ਭਾਈ ।
ਉਆ ਕੀ ਮਹਿਮਾ ਕਥਨੁ ਨ ਜਾਈ । ੧ । ਰਹਾਉ ।
ਵਰਤਣਿ ਜਾਕੈ ਕੇਵਲ ਨਾਮ । ਅਨਦ ਰੂਪ ਕੀਰਤਨੁ ਬਿਸ੍ਰਾਮੁ ।

ਮਿਤ੍ਰ ਸਤ੍ਰ ਜਾਕੈ ਏਕ ਸਮਾਨੈ । ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ । ੨ ।
ਕੋਟਿ ਕੋਟਿ ਅਘ ਕਾਟਨਹਾਰਾ । ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ।
ਸੂਰਬੀਰ ਬਚਨ ਕੇ ਬਲੀ । ਕਉਲਾ ਬਪੁਰੀ ਸੰਤੀ ਛਲੀ । ੩ ।
ਤਾਕਾ ਸੰਗੁ ਬਾਛਹਿ ਸੁਰ ਦੇਵ । ਅਮੋਘ ਦਰਸੁ ਸਫਲ ਜਾਕੀ ਸੇਵ ।
ਕਰ ਜੋੜਿ ਨਾਨਕੁ ਕਰੇ ਅਰਦਾਸਿ ।
ਮੋਹਿ ਸਤਹ ਟਹਲ ਦੀਜੈ ਗੁਣਤਾਸਿ । ੪ । ੩੯ । ੯੦ ।

(ਆਸਾ ਮ: ੫)

ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ ।
ਕਥਾ ਕੀਰਤਨੁ ਅਨੰਦ ਮੰਗਲ
ਧੁਨਿ ਪੂਰਿ ਰਹੀ ਦਿਨਸੁ ਅਰੁ ਰਾਤਿ । ੧ । ਰਹਾਉ । ੪ ੮੪ ।

(ਬਿਲਾਵਲੁ ਮ: ੫)

ਸੋਈ ਸੰਤੁ ਜਿ ਭਾਵੈ ਰਾਮ ।
ਸੰਤ ਗੋਬਿੰਦ ਕੈ ਏਕੈ ਕਾਮ । ੧ । ਰਹਾਉ । ੧੬ । ੯੬ ।

(ਗੋਂਡ ਮ: ੫)

[1]ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ।
ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ । ੧ ।
ਮਨ ਮੇਰੇ ਰਾਮ ਰਉ ਨਿਤ ਨੀਤਿ ।
ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ । ੧ ਰਹਾਉ ।
[2]ਚਰਣ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰ ।
ਮਹਾ ਸਾਗਰ ਨਹ ਵਿਆਪੈ ਖਿਨਹਿ ਉਤਰਿਓ ਤੀਰਿ । ੨ ।
[3]ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ ।
ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ । ੩ ।
[4]ਊਚ ਨੀਚ ਬਿਕਾਰ ਸੁਕ੍ਰਿਤ ਸੰਗਲਨ ਸਭ ਸੁਖ ਛਤ੍ਰ ।
ਮਿਤ੍ਰ ਸਤ੍ਰ ਨ ਕਛੂ ਜਾਨੈ ਸਰਬ ਜੀਅ ਸਮਤ । ੪ ।
[5]ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ ਅੰਧਕਾਰ ਬਿਨਾਸ ।

---

1 ਸਸਤ੍ਰਿ ਤੀਖਣਿ—ਤੇਜ ਹਥਿਆਰ ਦੁਆਰਾ, ਤੇਜ ਹਥਿਆਰ ਨਾਲ ਰੁਖਾਂ ਨੂੰ ਕਟ ਸੁਟਿਆ ।

2 ਇਨ੍ਹਾਂ ਦੋਹਾਂ ਤੁਕਾਂ ਵਿਚ ਬੇੜੀ ਦੀ ਮਿਸਾਲ ਦਿੱਤੀ ਹੈ ।

3 ਧਰਤੀ । 4 ਅਕਾਸ । 5 ਸੂਰਜ ।

ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ ਮਨਿ ਨ ਭਇਓ ਬਿਖਾਦੁ । ੫ ।
[1]ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ ।
ਜਹਾ ਸਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ । ੬ ।
[2]ਸੁਭਾਇ ਅਭਾਇ ਜੁ ਨਿਕਟਿ ਆਵੈ ਸੀਤੁ ਤਾ ਕਾ ਜਾਇ ।
ਆਪ ਪਰ ਕਾ ਕਛੁ ਨ ਜਾਣੈ ਸਦਾ ਸਹਜਿ ਸੁਭਾਇ । ੭ ।
ਚਰਨ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ ।
ਗੋਪਾਲ ਗੁਣ ਨਿਤ ਗਾਉ ਨਾਨਕ ਭਏ ਪ੍ਰਭ ਕਿਰਪਾਲ । ੮ । ੩ ।

(ਮਾਰੂ ਮ: ੫ ਅਸਟਪਦੀਆ)

ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ।
ਜਮ ਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨਾ ਮਰੀਐ ।
ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ । ੧੧ ।

(ਵਾਰ ਗਉੜੀ ਮ: ੫)

ਮਨਿ ਤਨਿ ਰਾਮ ਕੋ ਬਿਉਹਾਰੁ ।
ਪ੍ਰੇਮ ਭਗਤਿ ਗੁਨ ਗਾਵਨ ਗੀਧੇ ਪੋਹਨ ਨਹ ਸੰਸਾਰੁ । ੧ । ਰਹਾਉ ।
ਸ੍ਰਵਨੀ ਕੀਰਤਨੁ ਸਿਮਰਨੁ ਸੁਆਮੀ ਇਹੁ ਸਾਧ ਕੋ ਆਚਾਰੁ ।
ਚਰਨ ਕਮਲ ਅਸਥਿਤਿ ਰਿਦ ਅੰਤਰਿ ਪੂਜਾ ਪ੍ਰਾਨ ਕੋ ਆਧਾਰੁ । ੧ । ੭੦ । ੯੩ ।

(ਸਾਰੰਗ ਮ: ੫)

ਸੈਨਾ ਸਾਧ ਸਮੂਹ ਸੂਰ ਅਜਿਤੰ [3]ਸੰਨਾਹ ਤਨਿ ਨਿਮ੍ਰਤਾਹ ।
[4]ਆਵਧਹ ਗੁਣ ਗੋਬਿੰਦ ਰਮਣੰ ਓਟ ਗੁਰ ਸ਼ਬਦ ਕਰ [5]ਚਰਮਣਹ ।
ਆਰੂੜਤੇ ਅਸ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ ।
ਬਿਚਰਤੇ ਨਿਰਭਯੰ ਸਤ੍ਰੂ ਸੈਨਾ ਧਾਯੰਤੇ ਗੁਪਾਲ ਕੀਰਤਨਹ ।
ਜਿਤਤੇ ਬਿਸ੍ਵ ਸੰਸਾਰਹ ਨਾਨਕ ਵਸ੍ਵੰ ਕਰੋਤਿ ਪੰਚ [6]ਤਸਕਰਹ । ੨੯ ।

(ਸਹਸਕ੍ਰਿਤੀ ਸਲੋਕ ਮ: ੫)

ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ ।
ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਵਜਨਹ । ੩੯ ।

(ਸਹਸਕ੍ਰਿਤੀ ਸਲੋਕ ਮ: ੫)

---

[1]ਪਵਨ । [2]ਅਗਨੀ । [3]ਸੰਨਾਹੰ—ਸੰਜੋਅ । [4]ਆਵਧਹ—ਹਥਿਆਰ ।
[5]ਚਰਮਣਹ—ਢਾਲ । [6]ਤਸਕਰਹ —ਚੋਰਾਂ ਨੂੰ ।

ਮੰਤ੍ਰੰ ਰਾਮ ਰਾਮ ਨਾਮੰ ਧਯਾਨੰ ਸਰਬਤ੍ਰ ਪੂਰਨਹ ।
ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ।
ਦਯਾਲੰ ਸਰਬਤ੍ਰ ਜੀਆ ਪੰਚ ਦੋਖ [1]ਬਿਵਰਜਤਹ ।
ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ ।
ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ।
ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਾਗਿ ਸਗਲ ਰੇਣੁਕਹ ।
ਖਟ ਲਖੵਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ।

(ਸਲੋਕ ਸਹਸਕ੍ਰਿਤੀ ਮ: ੫)

ਗੁਰਮੁਖਾਂ ਦੀ ਰਹਿਤ ਕੀ ਹੈ ?

ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ ।
ਗੁਰਮਤੀ ਆਪੁ ਗਵਾਇ ਸਚੁ ਪਛਾਣਿਆ ।
ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ ।
ਸਚਾ ਸਬਦੁ ਵੀਚਾਰਿ ਸਚਿ ਸਮਾਣਿਆ । ੧੩ ।

(ਵਾਰ ਮਾਝ ਮ: ੧)

ਬੋਲਹਿ ਸਾਚੁ ਮਿਥਿਆ ਨਹੀ ਰਾਈ । ਚਾਲਹਿ ਗੁਰਮੁਖਿ ਹੁਕਮਿ ਰਜਾਈ ।
ਰਹਹਿ ਅਤੀਤ ਸਚੇ ਸਰਣਾਈ । ੧ । ੧੫ ।

(ਗਉੜੀ ਗਵਾਰੇਰੀ ਮ: ੧)

ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ ।
ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ ।
ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ
ਅਨਦਿਨ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ ।
ਸਭਨਾ ਦਾਤਾ ਏਕੁ ਹੈ ਇਕੋ ਹਰਿ ਮਿਤਾ । ੬ ।

(ਵਾਰ ਗੂਜਰੀ ਮ: ੩,

ਗੁਰਮੁਖਿ ਧਿਆਨ ਸਹਜ ਧੁਨਿਉਪਜੈ ਸਚਿ ਨਾਮਿ ਚਿਤੁ ਲਾਇਆ ।
ਗੁਰਮੁਖਿ ਅਨਦਿਨੁ ਰਹੈ ਰੰਗਿ ਰਾਤਾ ਹਰਿ ਕਾ ਨਾਮ ਮਨਿ ਭਾਇਆ ।
ਗੁਰਮੁਖਿ ਹਰਿ ਵੇਖਹਿ ਗੁਰਮੁਖਿ ਹਰਿ ਬੋਲਹਿ
ਗੁਰਮੁਖਿ ਹਰਿ ਸਹਜਿ ਰੰਗੁ ਲਾਇਆ ।

[1]ਬਿਵਰਜਤਹ—ਰਹਿਤ ।

ਨਾਨਕ ਗੁਰਮੁਖਿ ਗਿਆਨ ਪਰਾਪਤਿ ਹੋਵੈ
ਤਿਮਰ ਅਗਿਆਨੁ ਅਧੇਰੁ ਚੁਕਾਇਆ ।
ਜਿਸ ਨੋ ਕਰਮੁ ਹੋਵੈ ਧੁਰਿ ਪੂਰਾ
ਤਿਨਿ ਗੁਰਮੁਖਿ ਹਰਿਨਾਮੁ ਧਿਆਇਆ । ੧ । ੧੧ ।

(ਸਲੋਕ ਮ: ੩ ਵਾਰ ਗੂਜਰੀ ਮ: ੩)

ਗੁਰਮੁਖਿ ਸਚੁ ਸੰਜਮੁ ਤਤੁ ਗਿਆਨੁ । ਗੁਰਮੁਖਿ ਸਾਚੇ ਲਗੈ ਧਿਆਨੁ । ੧ ।
ਗੁਰਮੁਖਿ ਮਨ ਮੇਰੇ ਨਾਮੁ ਸਮਾਲਿ ।
ਸਦਾ ਨਿਬਹੈ ਚਲੈ ਤੇਰੈ ਨਾਲਿ । ਰਹਾਉ ।
ਗੁਰਮੁਖਿ ਜਾਤਿ ਪਤਿ ਸਚੁ ਸੋਇ ।
ਗੁਰਮੁਖਿ ਅੰਤਰਿ ਸਖਾਈ ਪ੍ਰਭੁ ਹੋਇ । ੨ ।
ਗੁਰਮੁਖਿ ਜਿਸ ਨੋ ਆਪਿ ਕਰੇ ਸੋ ਹੋਇ ।
ਗੁਰਮੁਖਿ ਆਪਿ ਵਡਾਈ ਦੇਵੈ ਸੋਇ । ੩ ।
ਗੁਰਮੁਖਿ ਸਬਦੁ ਸਚੁ ਕਰਣੀ ਸਾਰੁ ।
ਗੁਰਮੁਖਿ ਨਾਨਕ ਪਰਵਾਰੈ ਸਾਧਾਰੁ । ੪ । ੬

(ਵਡਹੰਸ ਮ: ੩)

ਗੁਰਮੁਖਿ ਸਖੀਆ ਸਿਖ ਗੁਰੂ ਮੇਲਾਈਆ ।
ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ ।
ਜਿਨਾ ਗੁਰੁ ਪਿਆਰਾ ਮਨਿ ਚਿਤਿ ਤਿਨਾ ਭਾਉ ਗੁਰੂ ਦੇਵਾਈਆ ।
ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ ।
ਗੁਰੁ ਸਤਿਗੁਰੁ ਬੋਲਹੁ ਸਭਿ ਗੁਰੁ ਆਖਿ ਗੁਰੁ ਜੀਵਾਈਆ । ੧੪ ।

(ਵਾਰ ਸੋਰਠਿ ਮ: ੪)

ਗੁਰਮੁਖਿ ਅੰਤਰਿ ਸਾਂਤਿ ਹੈ ਮਨਿ ਤਨਿ ਨਾਮਿ ਸਮਾਇ ।
ਨਾਮੋ ਚਿਤਵੈ ਨਾਮੁ ਪੜੈ ਨਾਮਿ ਰਹੈ ਲਿਵ ਲਾਇ । ੧ । ੨੭ ।

(ਸਲੋਕ ਮ: ੪ ਵਾਰ ਸੋਰਠਿ ਮ: ੪)

ਸੋ ਭਗਤੁ ਜੋ ਗੁਰਮੁਖਿ ਹੋਵੈ ਹਉਮੈ ਸਬਦਿ ਜਲਾਇਆ ਰਾਮ । ੧ । ੧ । ੨ ।

(ਸੂਹੀ ਮ: ੩ ਛੰਤ ਘਰੁ ੨)

ਗੁਰਮੁਖਿ ਸੰਸਾ ਮੂਲਿ ਨ ਹੋਵਈ ਚਿੰਤਾ ਵਿਚਹੁ ਜਾਇ ।

ਜੋ ਕਿਛੁ ਹੋਇ ਸੁ ਸਹਜੇ ਹੋਇ ਕਹਣਾ ਕਿਛੂ ਨ ਜਾਇ ।
ਨਾਨਕ ਤਿਨ ਕਾ ਆਖਿਆ ਆਪਿ ਸੁਣੇ ਜਿ ਲਇਅਨੁ ਪੰਨੈ ਪਾਇ ੮ । ੯ ।

(ਸਲੋਕ ਮ: ੩ ਵਾਰ ਬਿਲਾਵਲੁ ਮ: ੪)

ਗੁਰਮੁਖਿ ਸਾਚੇ ਕਾ ਭਉ ਪਾਵੈ । ਗੁਰਮੁਖਿ ਬਾਣੀ ਅਘੜੁ[1] ਘੜਾਵੈ ।
ਗੁਰਮੁਖਿ ਨਿਰਮਲ ਹਰਿ ਗੁਣ ਗਾਵੈ ।
ਗੁਰਮੁਖਿ ਪਵਿਤ੍ਰੁ ਪਰਮ ਪਦੁ ਪਾਵੈ ।
ਗੁਰਮੁਖਿ ਰੋਮਿ ਰੋਮਿ ਹਰਿਧਿਆਵੈ । ਨਾਨਕ ਗੁਰਮੁਖਿ ਸਾਚਿ ਸਮਾਵੈ । ੨੭ ।

(ਰਾਮਕਲੀ ਮ: ੧ ਸਿਧਗੋਸਟਿ)

ਗੁਰਮੁਖਿ ਸਚ ਬੈਣੀ । ਗੁਰਮੁਖਿ ਸਚੁ ਨੈਣੀ ।
ਗੁਰਮੁਖਿ ਸਚੁ ਕਮਾਵੈ ਕਰਣੀ ।
ਸਦਹੀ ਸਚੁ ਕਹੈ ਦਿਨੁ ਰਾਤੀ ਅਵਰਾ ਸਚੁ ਕਹਾਇਦਾ । ੫ । ੧੫ ।

(ਮਾਰੂ ਮ: ੩ ਸੋਲਹੇ)

ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨੁ ।
ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ ।
ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ ।
ਤਿਨਾ ਨਦਰੀ ਇਕੋ ਆਇਆ ਸਭੁ ਆਤਮ ਰਾਮੁ ਪਛਾਨੁ । ੪੪ ।

(ਸਲੋਕ ਮ: ੩ ਵਾਰਾਂ ਤੋਂ ਵਧੀਕ)

ਅਜੇਹੇ ਗੁਰਮੁਖਾਂ ਦੀ ਸੇਵਾ ਤੇ ਸੰਗਤ ਤੋਂ ਲਾਭ ਕਦੋਂ ਪ੍ਰਾਪਤ ਹੋਂਦਾ ਹੈ ਜਦੋਂ ਮਨੁੱਖ ਮਨਮੱਤ ਤਿਆਗ ਕੇ ਸੰਗ ਕਰੇ ।

ਮੈਲਾਗਰ ਸੰਗੇਣ ਨਿੰਮੁ ਬਿਰਖ ਸਿ ਚੰਦਨਹ ।
ਨਿਕਟਿ ਬਸੰਤੋ ਬਾਂਸੋ ਨਾਨਕ ਅਹੰਬੁਧਿ ਨ ਬੋਹਤੇ ।

(ਗਾਥਾ ਮ: ੫)

ਗੁਰਮੁਖ ਸਾਧ ਤੇ ਸੰਤ ਹੁਣ ਸਿੱਖ ਨੂੰ ਲਾਂਦੇ ਕਿਹੜੇ ਪਾਸੇ ਹਨ । ਉਹ ਨਿਰਾ ਆਪਣੇ ਸਰੀਰ ਦੀ ਸੇਵਾ ਤੇ ਉਹਨੂੰ ਨਹੀਂ ਲਾ ਛਡਦੇ । ਉਹ ਉਸ ਨੂੰ ਉਸੇ ਬਾਣੀ ਤੇ ਨਾਮ ਵੱਲ ਲਾਂਦੇ ਹਨ ਜਿਸ ਵਿਚ ਲੱਗ ਕੇ ਆਪ ਉਨ੍ਹਾਂ ਇਹ ਪਦਵੀ ਪ੍ਰਾਪਤ ਕੀਤੀ ਹੈ । ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ

[1] ਗੁਰਮੁਖ ਬਾਣੀ ਦੁਆਰਾ ਅਘੜ ਮਨ ਨੂੰ ਘੜਦੇ ਹਨ ।

ਵਿੱਚ ਅੰਮ੍ਰਿਤ ਛਕਣ ਵੇਲੇ ਪੰਜਾਂ ਪਿਆਰਿਆਂ ਜਿਸ ਰਹਿਤ, ਬਾਣੀ ਤੇ ਨਾਮ ਦਾ ਉਪਦੇਸ਼ ਦਿੱਤਾ ਸੀ, ਉਸ ਵਿਚ ਸਿੱਖ ਨੂੰ ਦ੍ਰਿੜ੍ਹ ਕਰਦੇ ਹਨ।

ਜੇ ਲੋੜਹਿ ਸਦਾ ਸੁਖੁ ਭਾਈ। ਸਾਧੂ ਸੰਗਤਿ ਗੁਰਹਿ ਬਤਾਈ।
ਊਹਾ ਜਪੀਐ ਕੇਵਲ ਨਾਮ। ਸਾਧੂ ਸੰਗਤਿ ਪਾਰਗਰਾਮ।੩।੮।

(ਬਸੰਤ ਮ: ੩)

ਸੰਤ ਮੰਡਲੁ ਤਹਾ ਕਾ ਨਾਉ।
ਪਾਰਬ੍ਰਹਮ ਕੇਵਲ ਗੁਣ ਗਾਉ।੧। ਰਹਾਉ।੧੪।੩੭।

(ਭੈਰਉ ਮ: ੫)

ਅਉਖਧੁ ਹਰਿ ਕਾ ਨਾਮੁ ਹੈ ਜਿਤੁ ਰੋਗੁ ਨ ਵਿਆਪੈ।
ਸਾਧ ਸੰਗਿ ਮਨਿ ਤਨਿ ਹਿਤੈ ਫਿਰਿ ਦੂਖੁ ਨਾ ਜਾਪੈ।੨।੨੩।੫੩।

(ਬਿਲਾਵਲੁ ਮ: ੫)

ਅੰਮ੍ਰਿਤ ਗੁਣ ਸੰਤ ਬੋਲਤੇ ਸੁਣਿ ਮਨਹਿ ਪੀਲਾਵਉ।
ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ ਬਿਖੈ ਜਲਨਿ ਬੁਝਾਵਉ।੨।
ਜਬ ਭਗਤਿ ਕਰਹਿ ਸੰਤ ਮੰਡਲੀ ਤਿਨ੍ਹ ਮਿਲਿ ਹਰਿ ਗਾਵਉ।
ਕਰਉ ਨਮਸਕਾਰ ਭਗਤ ਜਨ ਧੂਰਿ ਮੁਖਿ ਲਾਵਉ।੩।੨੧।੫੧।

(ਬਿਲਾਵਲੁ ਮ: ੫)

ਸਾਧੂ ਸੰਗਿ ਭਜਹੁ ਗੁਪਾਲ।
ਆਨ ਸੰਜਮ ਕਿਛੁ ਨ ਸੂਝੈ
ਇਹ ਜਤਨ ਕਾਟਿ ਕਲਿ ਕਾਲਿ।੧। ਰਹਾਉ।੨।੨੦।

(ਧਨਾਸਰੀ ਮ: ੫)

ਨੀਹਿ ਜਿ ਵਿਧਾ ਮੰਨੁ ਪਛਾਣੂ ਵਿਰਲੋ ਥਿਓ।
ਜੋੜਣਹਾਰਾ ਸੰਤੁ ਨਾਨਕ ਪਧਾਰੁ ਪਧਰੋ।੨।੧੪।

(ਸਲੋਕ ਮ: ੫ ਵਾਰ ਗਉੜੀ ਮ: ੫)

ਬਨੁ ਬਨੁ ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ।
ਨਾਨਕ ਭੇਟੇ ਸਾਧ ਜਬ ਹਰਿ ਪਾਇਆ ਮਨ ਮਾਹਿ।੧।੨।੫।

(ਆਸਾ ਛੰਤ ਮ: ੫)

ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ।
ਮਨ ਕੀ ਕਟੀਐ ਮੈਲੁ ਸਾਧ ਸੰਗਿ ਵੁਠਿਆ ।
ਜਨਮ ਮਰਣ ਭਉ ਕਟੀਐ ਜਨ ਕਾ ਸਬਦੁ ਜਪਿ ।
ਬੰਧਨ ਖੋਲਨਿ੍ ਸੰਤ ਦੂਤ ਸਭਿ ਜਾਹਿ ਛਪਿ ।
ਤਿਸੁ ਸਿਉ ਲਾਇਨਿ੍ ਰੰਗੁ ਜਿਸ ਦੀ ਸਭ ਧਾਰੀਆ ।
ਊਚੀ ਹੂੰ ਊਚਾ ਥਾਨੁ ਅਗਮ ਅਪਾਰੀਆ ।
ਰੈਣਿ ਦਿਨਸੁ ਕਰ ਜੋੜਿ ਸਾਸਿ ਸਾਸਿ ਧਿਆਈਐ ।
ਜਾ ਆਪੇ ਹੋਇ ਦਇਆਲੁ ਤਾ ਭਗਤ ਸੰਗੁ ਪਾਈਐ । ੯ ।

(ਵਾਰ ਗੂਜਰੀ ਮ: ੫)

ਪਤਿਤਾ ਪੁਨੀਤਾ ਹੋਹਿ ਤਿਨ੍ ਸੰਗਿ ਜਿਨ੍ ਬਿਧਾਤਾ ਪਾਇਆ ।
ਨਾਮ ਰਾਤੇ ਜੀਅ ਦਾਤੇ ਨਿਤ ਦੇਹਿ ਚੜਹਿ ਸਵਾਇਆ । ੨ । ੩ ।

(ਛੰਤ ਮ: ੫ ਘਰ ੧)

ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ।
ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ । ੨ ।
ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ।
ਧਰਮਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ । ੩ ।
ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ।
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ । ੪ । ੮ । ੧੯ ।

(ਸੋਰਠਿ ਮ: ੫ ਚਉਪਦੇ)

ਸਾਧੂ ਸੰਗਿ ਭਇਆ ਮਨਿ ਉਦਮੁ ਨਾਮੁ ਰਤਨੁ ਜਸੁ ਗਾਈ ।
ਮਿਟਿ ਗਈ ਚਿੰਤਾ ਸਿਮਰਿ ਅਨੰਤਾ
ਸਾਗਰੁ ਤਰਿਆ ਭਾਈ । ੧ । ੮੩ । ੪੧ ।

(ਸੋਰਠਿ ਮ: ੫)

ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ ।
ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ । ੩ । ੧ ।

(ਸੋਰਠਿ ਮ: ੫ ਅਸਟਪਦੀਆ)

ਜਨਮ ਜਨਮ ਕੇ ਲਾਗੇ ਬਿਖੁ [1]ਮੋਰਚਾ ਲਗਿ ਸੰਗਤਿ ਸਾਧ ਸਵਾਰੀ ।
ਜਿਉ ਕੰਚਨੁ ਬੈਸੰਤਰਿ ਤਾਇਓ ਮਲੁ ਕਾਟੀ ਕਟਿਤ ਉਤਾਰੀ । ੨ । ੧ ।

(ਧਨਾਸਰੀ ਮ: ੪)

ਸੰਤ ਕ੍ਰਿਪਾਲ ਦਇਆਲ ਦਮੋਦਰ ਕਾਮ ਕ੍ਰੋਧ ਬਿਖੁ ਜਾਰੇ ।
ਰਾਜੁ ਮਾਲੁ ਜੋਬਨੁ ਤਨੁ ਜੀਅਰਾ ਇਨ ਊਪਰਿ ਲੈ ਬਾਰੇ । ੧ ।
ਮਨਿ ਤਨਿ ਰਾਮਨਾਮ ਹਿਤਕਾਰੇ ।
ਸੂਖ ਸਹਜ ਆਨੰਦ ਮੰਗਲ ਸਹਿਤ ਭਵ ਨਿਧਿ ਪਾਰਿ ਉਤਾਰੇ । ਰਹਾਉ ।
ਧੰਨਿ ਸੁ ਥਾਨੁ ਧੰਨਿ ਓਇ ਭਵਨਾ ਜਾ ਮਹਿ ਸੰਤ ਬਸਾਰੇ ।
ਜਨ ਨਾਨਕ ਕੀ ਸਰਧਾ ਪੂਰਹੁ ਠਾਕੁਰ ਭਗਤ ਤੇਰੇ ਨਮਸਕਾਰੇ । ੮ । ੯ । ੪੦ ।

(ਧਨਾਸਰੀ ਮ: ੫)

ਜਾ ਕੈ ਸੰਗਿ ਇਹੁ ਮਨੁ ਨਿਰਮਲੁ । ਜਾ ਕੈ ਸੰਗਿ ਹਰਿ ਹਰਿ ਸਿਮਰਨੁ ।
ਜਾ ਕੈ ਸੰਗਿ ਕਿਲਬਿਖ ਹੋਹਿ ਨਾਸ । ਜਾਕੈ ਸੰਗਿ ਰਿਦੈ ਪਰਗਾਸ । ੧ ।
ਸੇ ਸੰਤਨ ਹਰਿ ਕੇ ਮੇਰੇ ਮੀਤ । ਕੇਵਲ ਨਾਮੁ ਗਾਈਐ ਜਾ ਕੈ ਨੀਤ । ਰਹਾਉ ।
ਜਾ ਕੈ ਮੰਤ੍ਰਿ ਹਰਿ ਹਰਿ ਮਨਿ ਵਸੈ । ਜਾ ਕੈ ਉਪਦੇਸਿ ਭਰਮੁ ਭਉ ਨਸੈ ।
ਜਾ ਕੈ ਕੀਰਤਿ ਨਿਰਮਲ ਸਾਰ । ਜਾ ਕੀ ਰੇਨੁ ਬਾਂਛੈ ਸੰਸਾਰ । ੨ ।
ਕੋਟਿ ਪਤਿਤ ਜਾ ਕੈ ਸੰਗਿ ਉਧਾਰ । ਏਕੁ ਨਿਰੰਕਾਰੁ ਜਾ ਕੈ ਨਾਮ ਅਧਾਰ ।
ਸਰਬ ਜੀਆ ਕਾ ਜਾਨੈ ਭੇਉ । ਕ੍ਰਿਪਾ ਨਿਧਾਨ ਨਿਰੰਜਨ ਦੇਉ । ੩ ।
ਪਾਰਬ੍ਰਹਮ ਜਬ ਭਏ ਕ੍ਰਿਪਾਲ । ਤਬ ਭੇਟੇ ਗੁਰ ਸਾਧ ਦਇਆਲ ।
ਦਿਨੁ ਰੈਣਿ ਨਾਨਕੁ ਨਾਮੁ ਧਿਆਏ ।
ਸੂਖ ਸਹਜ ਆਨੰਦ ਹਰਿਨਾਏ । ੪ । ੪ । ੬ ।

(ਗੋਂਡ ਮ: ੫)

ਭੇਟਤ ਸੰਗਿ ਪਾਰਬ੍ਰਹਮੁ ਚਿਤਿ ਆਇਆ ।
ਸੰਗਤਿ ਕਰਤ ਸੰਤੋਖੁ ਮਨਿ ਪਾਇਆ ।
ਸੰਤਹ ਚਰਨ ਮਾਥਾ ਮੇਰੋ ਪਉਤ । ਅਨਿਕ ਬਾਰ ਸੰਤਹ ਡੰਡਉਤ ।
ਇਹੁ ਮਨੁ ਸੰਤਨ ਕੈ ਬਲਿਹਾਰੀ ।
ਜਾਕੀ ਓਟ ਗਹੀ ਸੁਖੁ ਪਾਇਆ
ਰਾਖੇ ਕਿਰਪਾ ਧਾਰੀ । ੧ । ਰਹਾਉ । ੧੦ । ੨੧ ।

(ਰਾਮਕਲੀ ਮ: ੫)

---

[1]ਮੋਰਚਾ = ਜੰਗਾਲ ।

ਜੋ ਕਿਛੁ ਕਰੈ ਸੋਈ ਸੁਖੁ ਜਾਨਾ । ਮਨੁ ਅਸਮਝੁ ਸਾਧਸੰਗਿ ਪਤੀਆਨਾ ।
ਡੋਲਨ ਤੇ ਚੂਕਾ ਠਹਰਾਇਆ । ਸਤਿ ਮਾਹਿ ਲੇ ਸਤਿ ਸਮਾਇਆ । ੧ ।
ਦੂਖੁ ਗਇਆ ਸਭੁ ਰੋਗੁ ਗਇਆ
ਪ੍ਰਭ ਕੀ ਆਗਿਆ ਮਨ ਮਹਿ ਮਾਨੀ
ਮਹਾ ਪੁਰਖ ਕਾ ਸੰਗੁ ਭਇਆ । ੧ । ਰਹਾਉ ।
ਸਗਲ ਪਵਿਤ੍ਰ ਸਰਬ ਨਿਰਮਲਾ । ਜੋ ਵਰਤਾਏ ਸੋਈ ਭਲਾ ।
ਜਹ ਰਾਖੇ ਸੋਈ ਮੁਕਤਿ ਥਾਨੁ । ਜੋ ਜਪਾਏ ਸੋਈ ਨਾਮੁ । ੭ ੧੪ । ੨੫ ।

(ਰਾਮਕਲੀ ਮ: ੫)

ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ ।
ਸਭ ਤੇ ਊਚੇ ਜਾਣੀਅਹਿ ਨਾਨਕ ਨਾਮ ਪਿਆਰ । ੧ । ੮ । ੧ । ੬ । ੮ ।

(ਰਾਮਕਲੀ ਮ: ੫ ਰੁਤੀ)

ਸੰਗਤਿ ਸੰਤ ਮਿਲਹੁ ਸਤਸੰਗਤਿ
ਮਿਲਿ ਸੰਗਤਿ ਹਰਿ ਰਸੁ ਆਵੈਗੋ । ੩ । ੨ ।

(ਕਾਨੜਾ ਮ: ੪ ਅਸਟਪਦੀਆ)

ਸਾਧ ਸੰਗਿ ਨਾਲ ਹਉਮੈ ਦਾ ਨਾਸ ਹੋਂਦਾ ਹੈ । ਪਾਪ ਘਟਦੇ ਹਨ । ਮਾਇਆ ਦੇ ਹੱਲੇ ਅਸਰ ਨਹੀਂ ਕਰਦੇ ਤੇ ਦ੍ਵੈਤ ਮੁੱਕ ਜਾਂਦੀ ਹੈ ।

ਹਉਮੈ ਮਮਤਾ ਮੋਹੁ ਛੁਟਾ ਜਾ ਸੰਗਿ ਮਿਲਿਆ ਸਾਧੇ । ੨ ੧ ।

(ਬਿਹਾਗੜਾ ਛੰਤ ਮ: ੫ ਘਰ ੧)

ਸਾਧ ਸੰਗਤਿ ਕੈ ਬਾਸਬੈ ਕਲਮਲ ਸਭਿ ਨਸਨਾ । ੧ । ੧੩ । ੪੩ ।

(ਬਿਲਾਵਲੁ ਮ: ੫)

ਚਾਰਿ ਬਰਨ ਚਉਹਾ ਕੇ [1]ਮਰਦਨ ਖਟੁ ਦਰਸਨ ਕਰ ਤਲੀ ਰੇ ।
ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ । ੧ ।
ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨ ਬਲੀ ਰੇ ।
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ । ਸੋ ਪੂਰਾ ਇਹ ਕਲੀ ਰੇ । ੧ । ਰਹਾਉ ।
ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ ।

[1]ਮਰਦਨ—ਮਲ ਦਿਤਾ ਹੈ ।

ਕਹੁ ਨਾਨਕ ਤਿਨਿ ਜਨਿ ਨਿਰਦਲਿਆ
ਸਾਧ ਸੰਗਤਿ ਕੈ ਝਲੀ[1] ਰੇ । ੨ । ੩ । ੧੩੨ ।

(ਆਸਾ ਮ: ੫)

ਬਿਸਰਿ ਗਈ ਸਭ ਤਾਤਿ ਪਰਾਈ ।
ਜਬ ਤੇ ਸਾਧਸੰਗਤਿ ਮੋਹਿ ਪਾਈ । ੧ । ਰਹਾਉ ।
ਨਾਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ । ੧ ।
ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ । ੨ ।
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ । ੩ ੮ ।

(ਕਾਨੜਾ ਮ: ੫)

ਸਾਡੇ ਦੇਸ ਵਿਚ ਕਈ ਲੋਕ ਕਹਿ ਦਿਆ ਕਰਦੇ ਹਨ । ਮਹਾਰਾਜ ਭੇਖ ਨੂੰ ਨਮਸਕਾਰ ਹੈ ਜੇ ਗਧੇ ਤੇ ਭਗਵੀ ਝੁਲ ਹੋਵੇ ਤਾਂ ਉਹਨੂੰ ਵੀ ਮਥਾ ਟੇਕ ਦਿਓ । ਪਰ ਉੱਪਰ ਲਿਖੀ ਵਿਚਾਰ ਤੋਂ ਗੁਰਸਿੱਖਾਂ ਨੂੰ ਸਪਸ਼ਟ ਹੋ ਗਇਆ ਹੋਵੇਗਾ ਕਿ ਗੁਰਮੱਤ ਐਹੋ ਜੇਹੇ ਖਿਆਲਾਂ ਦੀ ਪੁਸ਼ਟੀ ਨਹੀਂ ਕਰਦੀ । ਗੁਰਮੱਤ ਵਿਚ ਤਾਂ ਗੁਰਸਾਧ, ਗੁਰਸਿੱਖ, ਗੁਰਮੁਖ ਤੇ ਗੁਰਸੰਤ ਦੀ ਉਪਮਾ ਹੈ, ਭਾਵ, ਜਿਸ ਨੇ ਗੁਰ-ਉਪਦੇਸ਼ ਗ੍ਰਹਿਣ ਕਰਕੇ ਨਾਮ ਨੂੰ ਹਿਰਦੇ ਵਿਚ ਵਸਾ ਲਇਆ ਹੈ ਉਸ ਦੀ ਸੰਗਤ ਹੀ ਸਫਲ ਹੋਵੇਗੀ । ਨਹੀਂ ਤਾਂ ਜਤਨ ਨਿਹਫਲ ਜਾਏਗਾ ।

ਅਭਿਆਗਤ ਏਹ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ ।
ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ ।
ਅਭੈ ਨਿਰੰਜਨੁ ਪਰਮ ਪਦੁ ਤਾ ਕਾ ਭੂਖਾ ਹੋਇ ।
ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ । ੧ ।
ਅਭਿਆਗਤ ਏਹਿ ਨ ਆਖੀਅਨਿ ਜਿ ਪਰ ਘਰਿ ਭੋਜਨੁ ਕਰੇਨਿ ।
ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ ।
ਅਭਿਆਗਤ ਸੇਈ ਨਾਨਕਾ ਜਿ ਆਤਮ ਗਉਣੁ ਕਰੇਨਿ ।
ਭਾਲਿ ਲਹਨਿ ਸਹੁ ਆਪਣਾ ਨਿਜ ਘਰਿ ਰਹਣੁ ਕਰੇਨਿ । ੨ । ੬ ।

(ਸਲੋਕ ਮ: ੩ ਵਾਰ ਰਾਮਕਲੀ)

ਭੇਖੀਆਂ ਬਾਬਤ ਤਾਂ ਐਉਂ ਕਿਹਾ ਹੈ :—
ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰਿ ਹੇਰੈ ।
ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ ।
ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ ।
ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ । ੧ ।

[1] ਝਲੀ—ਸੰਘਣੇ ਜੰਗਲ । ਸੰਘਣੇ ਜੰਗਲਾਂ ਵਿਚ ਵੈਰੀ ਮਾਰ ਨਹੀਂ ਸਕਦਾ ਇਕੁਰ ਸਤ ਸੰਗਤ ਵਿਚ ਪੰਚ ਦੂਤ ਮਾਰ ਨਹੀਂ ਸਕਦੇ ।

ਬਾਬਾ ਐਸੀ ਰਵਤ ਰਵੈ ਸੰਨਿਆਸੀ ।
ਗੁਰ ਕੈ ਸਬਦਿ ਏਕ ਲਿਵ ਲਾਗੀ
ਤੇਰੈ ਨਾਮਿ ਰਤੇ ਤ੍ਰਿਪਤਾਸੀ । ੧ । ਰਹਾਉ ।
ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ ।
ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆਧਾਰੀ ।
ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ ।
ਭਰਮਿ ਭੁਲਾਣਾ ਸਬਦੁ ਨਾ ਚੀਨੈ ਜੂਐ ਬਾਜੀ ਹਾਰੀ । ੨ ।
ਅੰਤਰਿ ਅਗਨਿ ਨ ਗੁਰ ਬਿਨ ਬੂਝੈ ਬਾਹਰਿ [1]ਪੂਅਰ ਤਾਪੈ ।
ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉਕਰਿ ਚੀਨਸਿ ਆਪੈ ।
ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ [2]ਆਤਮ ਜਾਪੈ ।
ਅਠ ਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ । ੩ ।
ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ।
ਅੰਤਰਿ ਬਾਹਰਿ ਏਕੁ ਨ ਜਾਣੈ ਸਚੁ ਕਹੇ ਤੇ [3]ਛੋਹੈ ।
ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ।
ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ । ੪ ।
ਮੂੰਡੁ ਮੁਡਾਏ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ।
ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ ।
ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ।
ਕਿਰਤੁ ਨਾ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ । ੫ ।
ਹਾਥਿ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ।
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ।
ਸਿਖ ਕਰੇ ਹਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ ।
ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ । ੬ ।
ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ ।
ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ।
ਬਕੈ ਨਾ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ ।
ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ । ੭ । ੭ ।

(ਮਾਰੂ ਮ: ੧)

ਇਸ ਲਈ ਹਰ ਇਕ ਭੇਖੀ ਦੀ ਸੰਗਤ ਦਾ ਲਾਭ ਨਹੀਂ । ਨਾਮ ਤੇ ਸਿਫਤ ਦੇ ਰਸੀਆਂ ਦੀ ਸੰਗਤ ਹੀ ਗੁਣਕਾਰੀ ਹੈ ।

---

[1]ਪੂਅਰ—ਧੂਣੀ । [2]ਆਤਸ— ਅੱਗ । [3]ਛੋਹੈ—ਗੁਸੈ ਹੁੰਦਾ ਹੈ ।

ਤਿਨ ਕੈ ਸੰਗਿ ਨਾਨਕ ਨਿਸਤਰੀਐ
ਜਿਨ ਰਸਿ ਰਸਿ ਹਰਿ ਗੁਨ ਗਾਈ । ੨ । ੩ । ੭ ।

(ਜੈਤਸਰੀ ਮ: ੫ ਘਰ ੪)

ਐਸੋ ਦਾਸੁ ਮਿਲੈ ਸੁਖੁ ਹੋਈ । ਦੁਖੁ ਵਿਸਰੈ ਪਾਵੈ ਸਚੁ ਸੋਈ ।
ਦਰਸਨੁ ਦੇਖਿ ਭਈ ਮਤਿ ਪੂਰੀ ।
ਅਠਿਸਠਿ ਮਜਨੁ ਚਰਨਹ ਧੂਰੀ । ੧ । ਰਹਾਉ ।
ਨੇਤ੍ਰ ਸੰਤੋਖੇ ਏਕ ਲਿਵ ਤਾਰਾ । ਜਿਹਵਾ ਸੂਚੀ ਹਰਿਰਸ ਸਾਰਾ । ੨ ।
ਸਚੁ ਕਰਣੀ ਅਭ ਅੰਤਰਿ ਸੇਵਾ । ਮਨੁ ਤ੍ਰਿਪਤਾਸਿਆ ਅਲਖ ਅਭੇਵਾ । ੩ ।
ਜਹ ਜਹ ਦੇਖਉ ਤਹ ਤਹ ਸਾਚਾ । ਬਿਨੁ ਬੂਝੇ ਝਗਰਤ ਜਗੁ ਕਾਚਾ । ੪ ।

... ... ... ... ...

ਸਾਚੁ ਰਿਦੈ ਸਚੁ ਪ੍ਰੇਮ ਨਿਵਾਸ । ਪ੍ਰਣਵਤਿ ਨਾਨਕ ਹਮ ਤਾ ਕੇ ਦਾਸ । ੯ । ੮ ।

(ਗਉੜੀ ਗੁਆਰੇਰੀ ਮ: ੧)

ਮਨ ਮੇਰੇ ਤਿਨਿ ਕੀ ਓਟ ਲੇਹਿ । ਮਨੁ ਤਨੁ ਅਪਨਾ ਤਿਨ ਜਨ ਦੇਹਿ ।
ਜਿਨਿ ਜਨਿ ਅਪਨਾ ਪ੍ਰਭੂ ਪਛਾਤਾ । ਸੋ ਜਨੁ ਸਰਬ ਥੋਕ ਕਾ ਦਾਤਾ ।
ਤਿਸ ਕੀ ਸਰਨਿ ਸਰਬ ਸੁਖ ਪਾਵਹਿ ।
ਤਿਸ ਕੈ ਦਰਸਿ ਸਭ ਪਾਪ ਮਿਟਾਵਹਿ ।
ਅਵਰ ਸਿਆਨਪ ਸਗਲੀ ਛਾਡੁ । ਤਿਸੁ ਜਨ ਕੀ ਤੂ ਸੇਵਾ ਲਾਗੁ ।
ਆਵਨੁ ਜਾਨੁ ਨ ਹੋਵੀ ਤੇਰਾ ।
ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ । ੭ । ੧੭ ।

(ਗਉੜੀ ਸੁਖਮਨੀ ਮ: ੫)

ਸਚਾ ਨਾਮੁ ਧਿਆਇ ਤੂ ਸਭੋ ਵਰਤੈ ਸਚੁ ।
ਨਾਨਕ ਹੁਕਮੈ ਜੋ ਬੁਝੈ ਸੋ ਫਲੁ ਪਾਏ ਸਚੁ ।
ਕਥਨੀ ਬਦਨੀ ਕਰਤਾ ਫਿਰੈ ਹੁਕਮੁ ਨ ਬੂਝੈ ਸਚੁ ।
ਨਾਨਕ ਹਰਿ ਕਾ ਭਾਣਾ ਮੰਨੇ ਸੋ ਭਗਤੁ ਹੋਇ
ਵਿਣੁ ਮੰਨੇ ਕਚੁ ਨਿਕਚੁ । ੧ । ੯ ।

(ਸਲੋਕ ਮ: ੩ ਵਾਰ ਰਾਮਕਲੀ ਮ: ੩)

ਸਾਸ ਬਿਨਾ ਜਿਉ ਦੇਹੁਰੀ ਕਤ ਸੋਭਾ ਪਾਵੈ ।

ਦਰਸ ਬਿਹੂਨਾ ਸਾਧ ਜਨੁ ਖਿਨੁ ਟਿਕਣੁ ਨ ਆਵੈ ।
ਹਰਿ ਬਿਨੁ ਜੋ ਰਹਣਾ ਨਰਕੁ ਸੋ ਸਹਣਾ ਚਰਨ ਕਮਲ ਮਨੁ ਬੇਧਿਆ ।
ਹਰਿ ਰਸਿਕ ਬੈਰਾਗੀ ਨਾਮਿ ਲਿਵ ਲਾਗੀ
ਕਤਹੁ ਨ ਜਾਇ ਨਿਖੇਧਿਆ । ੩ । ੧ ।

(ਕੇਦਾਰਾ ਛੰਤ ਮ: ੫)

ਸਤ ਸੰਗਤਿ ਤੇ ਸਾਧ ਸੰਗ ਦੁਆਰਾ ਨਾਮ ਦ੍ਰਿੜ੍ਹ ਹੋਂਦਾ ਹੈ । ਬਾਣੀ ਦੀ ਸਮਝ ਪੈਂਦੀ ਹੈ ਤੇ ਬਾਣੀ ਅਨੁਸਾਰ ਪੁਰਸ਼ ਆਪਣੇ ਜੀਵਨ ਨੂੰ ਘੜਦਾ ਹੈ। ਹੁਣ ਨਾਮ ਦਾ ਸਰੂਪ, ਨਾਮ ਕੀ ਹੈ, ਜਾਪ ਕੀ ਹੈ ? ਇਤਯਾਦਿ ਪ੍ਰਸ਼ਨਾਂ ਉੱਪਰ ਵਿਚਾਰ ਕੀਤੀ ਜਾਂਦੀ ਹੈ ।

—0—

# ਨਾਮ

ਕਿਸੇ ਪੁਰਸ਼, ਥਾਂ ਜਾਂ ਵਸਤੂ ਨੂੰ ਜਿਸ ਸੰਗਿਆ ਨਾਲ ਅਸੀਂ ਪੁਕਾਰਦੇ ਹਾਂ ਉਸਨੂੰ 'ਨਾਉ' ਜਾਂ 'ਨਾਮ' ਕਹਿੰਦੇ ਹਾਂ। ਹਰ ਇਕ ਨਾਮ ਕਿਸੇ ਪਦਾਰਥ ਦਾ ਲਖਾਇਕ ਹੋਂਦਾ ਹੈ। ਜੇ ਕਿਸੇ ਸ੍ਰੋਤੇ ਨੇ ਕੋਈ ਵਸਤੂ ਵੇਖੀ ਨਾ ਹੋਵੇ ਤਾਂ ਉਸ ਵਸਤੂ ਦਾ ਕਲਪਤ ਨਾਮ ਦਸਣ ਨਾਲ ਉਸ ਨੂੰ ਉਸ ਵਸਤੂ ਦਾ ਗਿਆਨ ਨਹੀਂ ਹੋਂਦਾ। ਫਿਰ ਅਸੀ ਉਸ ਵਸਤੂ ਦੇ ਗੁਣ ਵਰਨਣ ਕਰਕੇ ਸ੍ਰੋਤੇ ਨੂੰ ਉਸ ਤੋਂ ਜਾਣੂ ਕਰਨ ਦਾ ਜਤਨ ਕਰਦੇ ਹਾਂ। ਸਤਿਗੁਰਾਂ ਆਪਣੀ ਬਾਣੀ ਵਿਚ ਨਿਰੰਕਾਰ ਦੀ ਹੋਂਦ ਨੂੰ ਲਖਾਣ ਲਈ ਕਈ ਨਾਮ ਜਿਨ੍ਹਾਂ ਵਿਚੋਂ ਬਹੁਤੇ ਅਗੇ ਵੀ ਵਰਤੇ ਜਾਂਦੇ ਸਨ, ਇਸਤੇਮਾਲ ਕੀਤੇ ਹਨ। ਨਾਲ ਹੀ ਨਿਰੰਕਾਰ ਦੇ ਗੁਣ ਵੀ ਵਰਨਣ ਕੀਤੇ ਹਨ ਤਾਂ ਜੁ ਨਿਰੇ ਕਲਪਤ ਨਾਮ ਤੋਂ ਜੇ ਕੋਈ ਭੁਲੇਖਾ ਕਿਸੇ ਦੇ ਮਨ ਵਿਚ ਰਹਿ ਗਇਆ ਹੋਵੇ ਤਾਂ ਉਹ ਦੂਰ ਹੋ ਜਾਵੇ।

ਪਰ ਨਾਮ ਪਦ ਗੁਰ-ਬਾਣੀ ਵਿਚ ਨਿਰਾ ਸੰਗਿਆ ਦੇ ਅਰਥ ਵਿਚ ਹੀ ਨਹੀਂ ਆਇਆ। ਹੇਠ ਲਿਖੇ ਗੁਰਵਾਕਾਂ ਦੀ ਵਿਚਾਰ ਸਾਨੂੰ ਨਾਮ ਦਾ ਇਕ ਹੋਰ ਅਰਥ ਵੀ ਦਰਸਾਂਦੀ ਹੈ।

ਨਾਮ ਕੇ ਧਾਰੇ ਸਗਲੇ ਜੰਤ। ਨਾਮ ਕੇ ਧਾਰੇ ਖੰਡ ਬ੍ਰਹਮੰਡ।
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ।
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ।
ਨਾਮ ਕੇ ਧਾਰੇ ਆਗਾਸ ਪਾਤਾਲ। ਨਾਮ ਕੇ ਧਾਰੇ ਸਗਲ ਆਕਾਰ।
ਨਾਮ ਕੇ ਧਾਰੇ ਪੁਰੀਆ ਸਭ ਭਵਨ। ਨਾਮ ਕੇ ਸੰਗਿ ਉਧਰੇ ਸੁਨਿ ਸ੍ਰਵਨ।
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ।
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ। ੫। ੧੬।

(ਗਉੜੀ ਸੁਖਮਨੀ ਮ: ੫)

ਨਾਮੁ ਨਿਰੰਜਨ ਅਲਖੁ ਹੈ ਕਿਉ ਲਖਿਆ ਜਾਈ ।
ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ ।
ਨਾਮੁ ਨਿਰੰਜਨ ਵਰਤਦਾ ਰਵਿਆ ਸਭ ਠਾਈ ।
ਗੁਰ ਪੂਰੇ ਤੇ ਪਾਈਐ ਹਿਰਦੈ ਦੇਇ ਦਿਖਾਈ ।
ਨਾਨਕ ਨਦਰੀ ਕਰਮੁ ਹੋਇ ਗੁਰ ਮਿਲੀਐ ਭਾਈ । ੧੩ ।

(ਵਾਰ ਸਾਰੰਗ ਮ: ੪)

ਜੇਤਾ ਕੀਤਾ ਤੇਤਾ ਨਾਉ । ਵਿਣੁ ਨਾਵੈ ਨਾਹੀ ਕੋ ਥਾਉ । ੧੯ ।

(ਜਪੁ ਮ: ੧)

ਇਸੁ ਕਾਇਆ ਅੰਦਰਿ ਬਹੁਤੁ ਪਸਾਰਾ ।
ਨਾਮੁ ਨਿਰੰਜਨ ਅਤਿ ਅਗਮ ਅਪਾਰਾ ।
ਗੁਰਮੁਖਿ ਹੋਵੈ ਸੋਈ ਪਾਏ ਆਪੇ ਬਖਸਿ ਮਿਲਾਵਣਿਆ । ੨ । ੫ । ੬ ।

(ਸੂਹੀ ਮ: ੩ ਅਸਟਪਦੀਆ)

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ।
ਦੇਹੀ ਮਹਿ ਇਸ ਕਾ ਬਿਸ੍ਰਾਮੁ ।੧ । ੨੩ ।

(ਗਉੜੀ ਸੁਖਮਨੀ ਮ; ੫)

ਨਾਮ ਤੋਂ ਮੁਰਾਦ ਇਸ ਲਈ ਇਕ ਸਰਬ-ਵਿਆਪਕ ਸ਼ਕਤੀ ਹੈ ਜੋ ਹਰ ਥਾਂ ਭਰਪੂਰ ਹੋ ਕੇ ਘਟ ਘਟ ਨੂੰ ਧਾਰ ਰਹੀ ਹੈ । ਇਨ੍ਹਾਂ ਸ਼ਬਦਾਂ ਵਿਚ ਨਾਮ ਤੋਂ ਭਾਵ ਨਿਰਾ ਨਿਰੰਕਾਰ ਦੀ ਕਿਸੇ ਸੰਗਿਆ ਤੋਂ ਨਹੀਂ । ਜੇ ਇਹ ਹੋਵੇ ਤਾਂ ਇਹ ਕਥਨ ਕਿ ਨਾਮ ਗੁਰੂ ਤੋਂ ਪ੍ਰਾਪਤ ਹੁੰਦਾ ਹੈ, ਨਿਰਾਰਥਕ ਹੋ ਜਾਂਦਾ ਹੈ । ਨਿਰੀ ਸੰਗਿਆ ਤੋਂ ਤਾਂ ਹਰ ਕੋਈ ਜਾਣੂ ਹੈ । ਨਿਰੰਕਾਰ ਦੇ ਬੇਅੰਤ ਨਾਮ ਲੋਕ ਰੋਜ਼ ਲੈਂਦੇ ਹਨ। ਪਰ ਨਾਮ ਦਾ ਸਰਬ-ਵਿਆਪਕ ਸਰੂਪ ਸਤਿਗੁਰੂ ਦੀ ਕਿਰਪਾ ਨਾਲ ਲਖੀਦਾ ਹੈ । ਐਵੇਂ ਨਹੀਂ ਲਖ ਸਕੀਦਾ । ਫੁਰਮਾਨ ਹੈ :

ਜਪਿ ਮਨ ਸਿਰੀ ਰਾਮੁ । ਰਾਮ ਰਮਤ ਰਾਮੁ । ਸਤਿ ਸਤਿ ਰਾਮੁ ।
ਬੋਲਹੁ ਭਈਆ ਸਦ ਰਾਮ ਰਾਮੁ ਰਾਮੁ ਰਵਿ ਰਹਿਆ ਸਰਬਗੇ । ੧ । ੬ ੧੩ ।

(ਸਾਰੰਗ ਮ: ੩)

ਆਸਾ ਦੀ ਵਾਰ ਵਿਚ ਫੁਰਮਾਇਆ ਹੈ ਕਿ ਨਿਰੰਕਾਰ ਨੇ ਆਪ ਸ੍ਰਿਸ਼ਟੀ ਰਚਨਾ ਕਰਕੇ ਅਰੰਭ ਵਿਚ 'ਨਾਮ' ਰਚਿਆ ।

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ । ੧ ।

(ਵਾਰ ਆਸਾ ਮ: ੧)

ਅਰੰਭ ਵਿਚ ਇਤਨਾ ਹੀ ਲਿਖਣਾ ਕਾਫੀ ਹੈ। ਜਿਉਂ ਜਿਉਂ ਇਸ ਵਿਸ਼ੇ ਤੇ ਵਧੀਕ ਵਿਚਾਰ ਕਰਾਂਗੇ ਤਿਉਂ ਤਿਉਂ ਇਹ ਭਾਵ ਵਧੀਕ ਪਰਗਟ ਹੋਵੇਗਾ। ਨਾਮ ਦੇ ਸਰਬ ਵਿਆਪਕ ਤੇ ਸਰਬ ਪ੍ਰਤਿਪਾਲਕ ਸਰੂਪ ਨੂੰ ਲਖਣਾ ਇਹ ਮਨੁਖ ਜੀਵਨ ਦਾ ਪਰਮ ਪ੍ਰਯੋਜਨ ਹੈ। ਇਸ ਨਾਮ[1] ਨੂੰ ਲਖ ਕੇ ਜੀਵ ਨਿਰੰਕਾਰ ਨਾਲ ਅਭੇਦ ਹੋਂਦਾ ਹੈ ਪਹਿਲੀ ਗੱਲ ਤਾਂ ਸਤਿਗੁਰੂ ਇਹ ਦਸਦੇ ਹਨ ਕਿ ਇਸ ਸਰੂਪ ਨੂੰ ਸਹੀ ਕੀਤੇ ਬਿਨਾ ਮਨੁਖ ਜਨਮ ਬਿਰਥਾ ਹੈ।

ਨਾਮੁ ਮਿਲੈ ਮਨੁ ਤ੍ਰਿਪਤੀਐ ਬਿਨੁ ਨਾਮੈ ਧ੍ਰਿਗੁ ਜੀਵਾਸੁ।
ਕੋਈ ਗੁਰਮੁਖਿ ਸਜਣੁ ਜੇ ਮਿਲੈ ਮੈ ਦੱਸੇ ਪ੍ਰਭੂ ਗੁਣਤਾਸੁ।
ਹਉ ਤਿਸੁ ਵਿਟਹੁ ਚਉ ਖੰਨੀਐ ਮੈ ਨਾਮ ਕਰੇ ਪਰਗਾਸੁ।੧।
ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ।
ਬਿਨੁ ਨਾਵੈ ਜੀਵਣੁ ਨਾ ਥੀਐ
ਮੇਰੇ ਸਤਿਗੁਰ ਨਾਮੁ ਦ੍ਰਿੜਾਇ।੧।ਰਹਾਉ।੨।੬੬।

(ਸ੍ਰੀ ਰਾਗ ਮ: ੪)

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ। ਨਾਨਕ ਅਵਰੁ ਨ ਜੀਵੈ ਕੋਇ।
ਜੇ ਜੀਵੈ ਪਤਿ ਲਥੀ ਜਾਇ। ਸਭੁ ਹਰਾਮੁ ਜੇਤਾ ਕਿਛੁ ਖਾਇ।
ਰਾਜਿ ਰੰਗੁ ਮਾਲਿ ਰੰਗੁ ਰੰਗਿ ਰਤਾ ਨਚੈ [2]ਨੰਗੁ।
ਨਾਨਕ ਠਗਿਆ ਮੁਠਾ ਜਾਇ।
ਵਿਣੁ ਨਾਵੈ ਪਤਿ ਗਇਆ ਗਵਾਇ।੧।੯।

(ਸਲੋਕ ਮ: ੧ ਵਾਰ ਮਾਝ)

ਕਿਆ ਖਾਧੈ ਕਿਆ ਪੈਧੈ ਹੋਇ। ਜਾ ਮਨਿ ਨਾਹੀ ਸਚਾ ਸੋਇ।
ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ।
ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ।
ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ।
ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ।੧।੧੦।

(ਸਲੋਕ ਮ: ੧ ਵਾਰ ਮਾਝ)

ਨਾਮ ਦੇ ਉਸ ਸ਼ਰਬ ਵਿਆਪਕ ਸਰੂਪ ਦੀ ਲੱਖਤਾ, ਜਪੁ, ਸਿਮਰਨ ਤੇ ਸਿਫਤ ਦੁਆਰਾ ਹੋਂਦੀ ਹੈ ਇਸ ਲਈ ਨਾਮ ਦਾ ਜਪਾ, ਸਿਮਰਨ ਤੇ ਕੀਰਤਨ ਵੀ ਜੀਵਨ ਦਾ ਮਨੋਰਥ ਦੱਸੇ ਗਏ ਹਨ।

---

[1] ਗੁਣ ਗਾਉਣੇ; ਜਪ ਤੇ ਸਿਮਰਨ ਇਸੇ ਨਾਮ ਨੂੰ ਲੱਖਣ ਦੇ ਵਸੀਲੇ ਹਨ।

[2] ਨੰਗੁ —ਬੇਸ਼ਰਮ

ਦੁਲਭ ਦੇਹ ਪਾਈ ਵਡਭਾਗੀ। ਨਾਮੁ ਨ ਜਪਹਿ ਤੇ ਆਤਮ ਘਾਤੀ। ੧।
ਮਰਿ ਨ ਜਾਹੀ ਜਿਨਾ ਬਿਸਰਤ ਰਾਮ
ਨਾਮ ਬਿਹੂਨ ਜੀਵਨ ਕਉਨ ਕਾਮ। ੧। ਰਹਾਉ।
ਖਾਤ ਪੀਤ ਖੇਲਤ ਹਸਤ ਬਿਸਥਾਰ। ਕਵਨ ਅਰਥ ਮਿਰਤਕ ਸੀਗਾਰ। ੨।
ਜੋ ਨ ਸੁਨਹਿ ਜਸੁ ਪਰਮਾਨੰਦਾ। ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ।੩।
ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ।
ਕੇਵਲ ਨਾਮੁ ਰਿਦ ਮਾਹਿ ਸਮਾਇਆ। ੪। ੪੨। ੧੧੧।

(ਗਉੜੀ ਗਵਾਰੇਰੀ ਮ: ੫)

ਬਿਨੁ ਸਿਮਰਨ ਜੈਸੇ ਸਰਪ ਆਰਜਾਰੀ।
ਤਿਉ ਜੀਵਹਿ ਸਾਕਤ ਨਾਮੁ ਬਿਸਾਰੀ। ੧।
ਏਕ ਨਿਮਖ ਜੋ ਸਿਮਰਨ ਮਹਿ ਜੀਆ।
ਕੋਟਿ ਦਿਨਸ ਲਾਖ ਸਦਾ ਥਿਰੁ ਥੀਆ। ੧। ਰਹਾਉ।
ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ।
ਕਾਗ[1] ਬਤਨ ਬਿਸਟਾ ਮਹਿ ਵਾਸ। ੨।
ਬਿਨੁ ਸਿਮਰਨ ਭਏ ਕੂਕਰ ਕਾਮ। ਸਾਕਤ ਬੇਸਵਾ ਪੂਤ ਨਿਨਾਮ।੩।
ਬਿਨੁ ਸਿਮਰਨ ਜੈਸੇ ਸੀਙ ਛਤਾਰਾ। ਬੋਲਹਿ ਕੂਰੁ ਸਾਕਤ ਮੁਖੁ ਕਾਰਾ। ੪।
ਬਿਨੁ ਸਿਮਰਨ ਗਰਧਬ ਕੀ ਨਿਆਈ।
ਸਾਕਤ ਥਾਨ ਭਰਿਸਟ ਫਿਰਾਹੀ। ੫।
ਬਿਨੁ ਸਿਮਰਨ ਕੂਕਰ ਹਰਕਾਇਆ।
ਸਾਕਤ ਲੋਭੀ ਬੰਧੁ ਨ ਪਾਇਆ। ੬।
ਬਿਨੁ ਸਿਮਰਨ ਹੈ ਆਤਮ ਘਾਤੀ।
ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ। ੭।
ਜਿਸ ਭਇਆ ਕ੍ਰਿਪਾਲੁ ਤਿਸੁ ਸਤਸੰਗਿ ਮਿਲਾਇਆ।
ਕਹੁ ਨਾਨਕ ਗੁਰਿ ਜਗਤੁ ਤਰਾਇਆ। ੮।

(ਗਉੜੀ ਮ: ੫)

ਨਾਮ ਬਿਨਾ ਜੋ ਪਹਿਰੈ ਖਾਇ। ਜਿਉ ਕੂਕਰੁ ਜੂਠਨ ਮਹਿ ਪਾਇ। ੧।
ਨਾਮ ਬਿਨਾ ਜੇਤਾ ਬਿਉਹਾਰੁ। ਜਿਉ ਮਿਰਤਕ ਮਿਥਿਆ ਸੀਗਾਰੁ। ੨।
ਨਾਮੁ ਬਿਸਾਰਿ ਕਰੇ ਰਸ ਭੋਗ। ਸੁਖੁ ਸੁਪਨੈ ਨਹੀ ਤਨ ਮਹਿ ਰੋਗ। ੩।

... ... ... ... ... ... ...

[1]ਬਤਨ—ਮੂੰਹ

ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ । ਕੋਟਿ ਕਰਮ ਕਰਤੋ ਨਰਕਿ ਜਾਵੈ । ੫ ।
ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ ।
ਚੋਰ ਕੀ ਨਿਆਈ ਜਮਪੁਰਿ ਬਾਧਾ । ੬ । ੧੦ ।

(ਗਉੜੀ ਮ: ੫)

ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ ।
ਕਿਆ ਸੁਲਤਾਨ ਸਲਾਮ ਵਿਹੂਣਾ ।
ਅੰਧੀ ਕੋਠੀ ਤੇਰਾ ਨਾਮੁ ਨਾਹੀ । ੧ । ੧੯ ।

(ਆਸਾ ਮ: ੪)

ਹਰਿ ਬਿਸਰਤ ਸਦਾ ਖੁਆਰੀ ।
ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ । ਰਹਾਉ ।
ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ ।
ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ । ੧ ।
ਗੁਣ ਨਿਧਾਨ ਗੁਣ ਤਿਨ ਹੀ ਗਾਏ ਜਾ ਕਉ ਕਿਰਪਾ ਧਾਰੀ ।
ਸੋ ਸੁਖੀਆ ਧੰਨੁ ਉਸੁ ਜਨਮਾ ਨਾਨਕ ਤਿਸੁ ਬਲਿਹਾਰੀ । ੨ । ੨ ।

(ਟੋਡੀ ਮ: ੫)

ਨਾਨਕ ਇਹੁ ਤਨੁ ਜਾਲਿ ਜਿਨਿ ਜਲਿਐ ਨਾਮੁ ਵਿਸਾਰਿਆ ।
ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ ਤਿਤੁ ਨਿਵੰਧੈ ਤਾਲਿ । ੧ । ੧੧ ।

(ਸਲੋਕ ਮ: ੧ ਵਾਰ ਸੂਹੀ ਮ: ੩)

ਜਿਨੀ ਨ ਪਾਇਓ ਪ੍ਰੇਮ ਰਸੁ ਕੰਤ ਨ ਪਾਇਓ ਸਾਉ ।
ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਉ ੧ ।
ਸਉ ਓਲ੍ਹਾਮੇ ਦਿਨੈ ਕੇ ਰਾਤੀ ਮਿਲਨਿ ਸਹੰਸ ।
ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ ।
ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ।
ਨਾਨਕ ਸਚੇ ਨਾਮ ਵਿਣ ਸਭੋ ਦੁਸਮਨੁ ਹੇਤੁ । ੨ । ੧੬ ।

(ਸਲੋਕ ਮ: ੧ ਵਾਰ ਸੂਹੀ ਮ: ੩)

ਸੋਈ ਮਲੀਨੁ ਦੀਨੁ ਹੀਨੁ ਜਿਸੁ ਪ੍ਰਭੁ ਬਿਸਰਾਨਾ ।
ਕਰਨੈਹਾਰੁ ਨ ਬੂਝਈ ਆਪੁ ਗਨੈ ਬਿਗਾਨਾ । ੧ ।
ਦੂਖੁ ਤਦੇ ਜਦਿ ਵੀਸਰੈ ਸੁਖੁ ਪ੍ਰਭ ਚਿਤਿ ਆਏ ।

ਸੰਤਨ ਕੈ ਆਨੰਦੁ ਏਹੁ ਨਿਤ ਹਰਿ ਗੁਣ ਗਾਏ ।੧। ਰਹਾਉ । ੨੦।੫੦।

(ਬਿਲਾਵਲੁ ਮ: ੫)

ਹਰਿ ਕੇ ਨਾਮ ਬਿਨਾ ਦੁਖੁ ਪਾਵੈ ।
ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ ।੧। ਰਹਾਉ ।
ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ ।
ਜੋਗ ਜਗ ਨਿਹਫਲ ਤਿਹ ਮਾਨੋ ਜੋ ਪ੍ਰਭ ਜਸੁ ਬਿਸਰਾਵੈ ।
ਮਾਨ ਮੋਹ ਦੋਨੋ ਕਉ ਪਰਹਰਿ ਗੋਵਿੰਦ ਕੇ ਗੁਨ ਗਾਵੈ ।
ਕਹੁ ਨਾਨਕ ਇਹਿ ਬਿਧ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ ੨।੨।

(ਬਿਲਾਵਲੁ ਮ: ੯)

ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ ।
ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ ।੩।੧।੨।

(ਸੂਹੀ ਮ: ੧ ਅਸਟਪਦੀਆ ਘਰ ੯)

ਜਾ ਮਹਿ ਭਜਨੁ ਰਾਮ ਕੋ ਨਾਹੀ ।
ਤਿਹ ਨਰਿ ਜਨਮੁ ਅਕਾਰਥੁ ਖੋਇਆ ਯਹ ਰਾਖਹੁ ਮਨ ਮਾਹੀ ।੧। ਰਹਾਉ ।
ਤੀਰਥਿ ਕਰੈ ਬਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ ।
ਨਿਹਫਲ ਧਰਮ ਤਾਹਿ ਤੁਮ ਮਾਨੋ ਸਾਚੁ ਕਹਤ ਮੈ ਯਾ ਕਉ । ੧ ।
ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਹਿ ਤਿਹ ਪਾਨੀ ।
ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ । ੨ ।
ਕਲਿ ਮਹਿ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦੁ ਬਤਾਵੈ ।
ਕਹੁ ਨਾਨਕ ਸੋਈ ਨਰੁ ਗਰੂਆ ਜੋ ਪ੍ਰਭ ਕੇ ਗੁਨ ਗਾਵੈ । ੩ । ੩ ।

(ਬਿਲਾਵਲੁ ਮ: ੯)

ਸੋਧਤ ਸੋਧਤ ਸੋਧਿ ਬੀਚਾਰਾ ।
ਬਿਨੁ ਹਰਿ ਭਗਤਿ ਨਹੀ ਛੁਟਕਾਰਾ । ੩ । ੧੬ । ੨੭ ।

(ਰਾਮਕਲੀ ਮ: ੫)

ਹੋਰ ਜਿਤਨੇ ਕਰਮ ਹਨ ਉਹ ਨਾਮ ਬਿਨਾਂ ਬਿਰਥਾ ਹਨ । ਉਨ੍ਹਾਂ ਦੁਆਰਾ ਪਰਮ ਪਦਵੀ ਪ੍ਰਾਪਤ ਨਹੀਂ ਹੋਂਦੀ ।

ਹਰਿ ਸਿਮਰਨੁ ਛਾਡਿ ਪਰਮ ਗਤਿ ਚਾਹੈ ।
ਮੂਲ ਬਿਨਾ ਸਾਖਾ ਕਤ ਆਹੈ । ੧ ।

ਗੁਰੁ ਗੋਵਿੰਦੁ ਮੇਰੇ ਮਨ ਧਿਆਇ ।
ਜਨਮ ਜਨਮ ਕੀ ਮੈਲੁ ਉਤਾਰੈ
ਬੰਧਨ ਕਾਟਿ ਹਰ ਸੰਗਿ ਮਿਲਾਇ । ੧ । ਰਹਾਉ ।
ਤੀਰਥਿ ਨਾਇ ਕਹਾ ਸੁਚਿ ਸੈਲੁ । ਮਨ ਕਉ ਵਿਆਪੈ ਹਉਮੈ ਮੈਲੁ ।
ਕੋਟਿ ਕਰਮ ਬੰਧਨ ਕਾ ਮੂਲੁ । ਹਰ ਕੇ ਭਜਨ ਬਿਨੁ ਬਿਰਥਾ ਪੂਲੁ । ੨ ।
ਬਿਨੁ ਖਾਏ ਬੂਝੈ ਨਹੀ ਭੂਖ । ਰੋਗੁ ਜਾਇ ਤਾਂ ਉਤਰ ਦੂਖ ।
ਕਾਮ ਕ੍ਰੋਧ ਲੋਭ ਮੋਹਿ ਬਿਆਪਿਆ ।
ਜਿਨਿ ਪ੍ਰਭਿ ਕੀਨਾ ਸੋ ਪ੍ਰਭੁ ਨਹੀ ਜਾਪਿਆ । ੩ ।
ਧਨੁ ਧਨੁ ਸਾਧ ਧੰਨੁ ਹਰਿ ਨਾਉ । ਆਠ ਪਹਰ ਕੀਰਤਨੁ ਗੁਣ ਗਾਉ ।
ਧਨੁ ਹਰਿ ਭਗਤਿ ਧਨੁ ਕਰਣੈਹਾਰ ।
ਸਰਣਿ ਨਾਨਕ ਪ੍ਰਭ ਪੁਰਖ ਅਪਾਰ । ੪ । ੩੨ । ੪੫ ।

(ਭੈਰਉ ਮ: ੫)

ਸੁਇਨੇ ਕਾ ਚਉਕਾ ਕੰਚਨ[1] ਕੁਆਰ ।
ਰੁਪੇ ਕੀਆ ਕਾਰਾ ਬਹੁਤ ਬਿਸਥਾਰੁ ।
ਰੇ ਮਨ ਲੇਖੈ ਕਬਹੂ ਨ ਪਾਇ । ਜਾਮਿ ਨ ਭੀਜੈ ਸਾਚ ਨਾਇ । ੧ । ਰਹਾਉ ।
[2]ਦਸ ਅਠ ਲੀਖੇ ਹੋਵਹਿ ਪਾਸਿ । ਚਾਰੇ ਬੇਦ ਮੁਖਾਗਰ ਪਾਠਿ ।
ਪੁਰਬੀ ਨਾਵੈ ਵਰਨਾ ਕੀ ਦਾਤਿ । ਵਰਤ ਨੇਮ ਕਰੇ ਦਿਨ ਰਾਤਿ । ੨ ।
ਕਾਜੀ ਮੁਲਾ ਹੋਵਹਿ ਸੇਖ । ਜੋਗੀ ਜੰਗਮ ਭਗਵੇ ਭੇਖ ।
ਕੋ ਗਿਰਹੀ ਕਰਮਾ ਕੀ ਸੰਧਿ । ਬਿਨੁ ਬੂਝੇ ਸਭ ਖੜੀਅਸਿ ਬੰਧਿ ।੩।੩।

(ਬਸੰਤ ਮ: ੧)

ਅਵਰਿ ਸਭਿ ਭੂਲੇ ਭ੍ਰਮਤ ਨ ਜਾਨਿਆ ।
ਏਕੁ ਸੁਧਾਖਰੁ[3] ਜਾ ਕੈ ਹਿਰਦੈ ਵਸਿਆ
ਤਿਨਿ ਬੇਦਹਿ ਤਤੁ ਪਛਾਨਿਆ । ੧ । ਰਹਾਉ ।
ਪਰਵਿਰਤਿ ਮਾਰਗੁ ਜੇਤਾ ਕਿਛੁ ਹੋਈਐ ਤੇਤਾ ਲੋਗ ਪਚਾਰਾ ।
ਜਉ ਲਉ ਰਿਦੈ ਨਹੀ ਪਰਗਾਸਾ ਤਉ ਲਉ ਅੰਧ ਅੰਧਾਰਾ । ੧ ।
ਜੈਸੇ ਧਰਤੀ ਸਾਧੇ ਬਹੁ ਬਿਧਿ ਬਿਨੁ ਬੀਜੈ ਨਹੀ ਜਾਮੈ ।
ਰਾਮ ਨਾਮ ਬਿਨੁ ਮੁਕਤਿ ਨ ਹੋਈ ਹੈ ਤੁਟੈ ਨਾਹੀ ਅਭਿਮਾਨੈ । ੨ ।
ਨੀਰੁ ਬਿਲੋਵੈ ਅਤਿ ਸ੍ਰਮੁ ਪਾਵੈ[4] ਨੈਨੂੰ ਕੈਸੇ ਰੀਸੈ ।

---

[1]ਕੁਆਰ—ਸੁੱਧ ।
[2]ਦਸ ਅਠ—ਅਠਾਰਾਂ ਪੁਰਾਣ ।
[3]ਸੁਧਾਖਰੁ—ਪਵਿਤਰ ਤੇ ਨਾਸ ਰਹਿਤ ਵਾਹਿਗੁਰੂ ।
[4]ਨੈਨੂੰ—ਮਖਣ ।

ਬਿਨੁ ਗੁਰ ਭੇਟੇ ਮੁਕਤਿ ਨ ਕਾਹੂ ਮਿਲਤ ਨਹੀ ਜਗਦੀਸੈ । ੩ ।
ਖੋਜਤ ਖੋਜਤ ਇਹੈ ਬਿਚਾਰਿਓ ਸਰਬ ਸੁਖਾ ਹਰਿ ਨਾਮਾ ।
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਾ ਕੈ ਲੇਖੁ ਮਥਾਮਾ । ੪ । ੧੦ ।

(ਸਾਰੰਗ ਮ: ੫)

ਜਿਨ੍ਹੀ ਨਾਮੁ ਵਿਸਾਰਿਆ ਕਿਆ ਜਪੁ ਜਾਪਹਿ ਹੋਰਿ ।
ਬਿਸਟਾ ਅੰਦਰਿ ਕੀਟ ਸੇ ਮੁਠੇ ਧੰਧੈ ਚੋਰਿ ।
ਨਾਨਕ ਨਾਮੁ ਨ ਵੀਸਰੈ ਝੂਠੇ ਲਾਲਚ ਹੋਰਿ । ੨ । ੨੫ ।

(ਸਲੋਕ ਮ: ੩ ਵਾਰ ਸਾਰੰਗ ਮ: ੪)

ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ।
ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ । ੧ । ੨੬ ।

(ਸਲੋਕ ਮ: ੩ ਵਾਰ ਸਾਰੰਗ ਮ: ੪)

ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ।
ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨ । ੪੪ ।

(ਸਲੋਕ ਮ: ੯)

ਨਾਮ ਦਾ ਸਿਮਰਨ ਨਿਰੰਕਾਰ ਦੀ ਪੂਜਾ ਹੈ ।

ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ । ੧ ।
ਸੰਤਹੁ ਗੁਰਮੁਖਿ ਪੂਰਾ ਪਾਈ ਨਾਮੋ ਪੂਜ ਕਰਾਈ । ੧ । ਰਹਾਉ ।
ਹਰਿ ਬਿਨੁ ਸਭੁ ਮੈਲਾ ਸੰਤਹੁ ਕਿਆ ਹਉ ਪੂਜ ਚੜਾਈ । ੨ ।
ਹਰਿ ਸਾਚੇ ਭਾਵੈ ਸਾ ਪੂਜਾ ਹੋਵੈ ਭਾਣਾ ਮਨਿ ਵਸਾਈ । ੩ ।
ਪੂਜਾ ਕਰੈ ਸਭੁ ਲੋਕੁ ਸੰਤਹੁ ਮਨਮੁਖਿ ਥਾਇ ਨ ਪਾਈ । ੪ ।
ਸਬਦਿ ਮਰੈ ਮਨੁ ਨਿਰਮਲੁ ਸੰਤਹੁ ਏਹ ਪੂਜਾ ਥਾਇ ਪਾਈ । ੫ ।
ਪਵਿਤ ਪਾਵਨ ਸੇ ਜਨ ਸਾਚੇ ਏਕ ਸਬਦਿ ਲਿਵ ਲਾਈ । ੬ ।
ਬਿਨੁ ਨਾਵੈ ਹੋਰ ਪੂਜ ਨ ਹੋਵੀ ਭਰਮਿ ਭੁਲੀ ਲੋਕਾਈ । ੭ । ੩ ।

(ਰਾਮਕਲੀ ਮ: ੩ ਅਸਟਪਦੀਆ)

ਅੰਤਰਿ ਪੂਜਾ ਮਨ ਤੇ ਹੋਇ । ਏਕੋ ਵੇਖੈ ਅਉਰੁ ਨ ਕੋਇ ।
ਦੂਜੈ ਲੋਕੀ ਬਹੁਤੁ ਦੁਖੁ ਪਾਇਆ ।
ਸਤਿਗੁਰਿ ਮੈਨੋ ਏਕੁ ਦਿਖਾਇਆ । ੧ । ੪ ।

(ਬਸੰਤ ਮ: ੩)

ਨਾਮ ਹਰ ਇਕ ਦੇ ਅੰਦਰ ਵਸਦਾ ਹੈ। ਪਰ ਬਿਨਾ ਸਤਿਗੁਰ ਦੇ ਲਭਦਾ ਨਹੀਂ। ਕਾਰਨ ਇਹ ਹੈ ਕਿ ਨਾਮ ਨਿਰਾ ਸੰਗਿਆ ਨਹੀਂ। ਨਾਮ ਸਰਬ ਵਿਆਪਕ ਸ਼ਕਤੀ ਹੈ। ਸਤਿਗੁਰ ਰਹਿਤ, ਬਾਣੀ ਤੇ ਸਿਮਰਨ ਦੁਆਰਾ ਹਉਮੈ ਦੀ ਮੈਲ ਕਟਦੇ ਹਨ ਤਾਂ ਫਿਰ ਨਾਮ ਮਿਲਦਾ ਹੈ।

ਰਸਨਾ ਨਾਮੁ ਸਭੁ ਕੋਈ ਕਹੈ। ਸਤਿਗੁਰੁ ਸੇਵੇ ਤਾ ਨਾਮੁ ਲਹੈ।
ਬੰਧਨ ਤੋੜੇ ਮੁਕਤਿ ਘਰਿ ਰਹੈ।
ਗੁਰ ਸਬਦੀ ਅਸਥਿਰੁ ਘਰਿ ਬਹੈ। ੧। ੯। ੨੨।

(ਮਲਾਰ ਮ: ੩)

ਹਉਮੈ ਕਰੀ ਤਾ ਤੂ ਨਾਹੀ ਤੂ ਹੋਵਹਿ ਹਉ ਨਾਹਿ।
ਬੂਝਹੁ ਗਿਆਨੀ ਬੂਝਣਾ ਏਹ ਅਕਥ ਕਥਾ ਮਨ ਮਾਹਿ।
ਬਿਨ ਗੁਰ ਤਤੁ ਨਾ ਪਾਈਐ ਅਲਖੁ ਵਸੈ ਸਭ ਮਾਹਿ।
ਸਤਿਗੁਰੁ ਮਿਲੈ ਤਾ ਜਾਣੀਐ ਜਾ ਸਬਦੁ ਵਸੈ ਮਨ ਮਾਹਿ।
ਆਪੁ ਗਇਆ ਭ੍ਰਮ ਭਉ ਗਇਆ ਜਨਮ ਮਰਨ ਦੁਖ ਜਾਹਿ।
ਗੁਰਮਤਿ ਅਲਖੁ ਲਖਾਈਐ ਊਤਮ ਮਤਿ ਤਰਾਹਿ।
ਨਾਨਕ *ਸੋਹੰ ਹੰਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਹਿ। ੧। ੧੯।

(ਸਲੋਕ ਮ: ੧ ਵਾਰ ਮਾਰੂ ਮ: ੩)

ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ।
ਗੁਰਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ। ੧।
ਸਤਿਗੁਰ ਤੇ ਹਰਿ ਪਾਈਐ ਭਾਈ।
ਅੰਤਰਿ ਨਾਮੁ ਨਿਧਾਨੁ ਹੈ
ਪੂਰੈ ਸਤਿਗੁਰਿ ਦੀਆ ਦਿਖਾਈ। ੧। ਰਹਾਉ। ੬। ੨੮।

(ਆਸਾ ਮ: ੩ ਅਸਟਪਦੀਆ)

ਹਰਿ ਅਉਖਧੁ ਸਭ ਘਟ ਹੈ ਭਾਈ। ਗੁਰ ਪੂਰੇ ਬਿਨੁ ਬਿਧਿ ਨ ਬਨਾਈ।
ਗੁਰਿ ਪੂਰੈ ਸੰਜਮੁ ਕਰਿ ਦੀਆ।
ਨਾਨਕ ਤਉ ਫਿਰਿ ਦੂਖ ਨ ਥੀਆ। ੪੫।

(ਗਉੜੀ ਬਾਵਨ ਅਖਰੀ ਮ: ੫)

ਗੁਰ ਪੂਰਾ ਉਹ ਪ੍ਰਹੇਜ਼ ਦਸਦਾ ਹੈ ਜਿਸ ਦੁਆਰਾ ਸਿਮਰਨ ਦੀ ਦਵਾ ਕਾਰਗਰ ਹੋਂਦੀ ਹੈ। ਇਸ ਲਈ ਜਦ ਤੋੜੀ ਮਨੁੱਖ ਗੁਰ ਉਪਦੇਸ਼ ਵਿਚ ਨ ਲਗੇ ਤੇ ਆਪਣਾ ਚਾਲ ਚਲਣ ਬਾਣੀ ਅਨੁਸਾਰ ਢਾਲਣ ਦਾ ਯਤਨ ਨਾ ਕਰੇ ਨਾਮ ਪ੍ਰਾਪਤ ਨਹੀਂ ਹੋਂਦਾ।

*ਸੋਹੰ ਹੰਸਾ —ਉਹ ਮੈਂ ਹਾਂ, ਮੈਂ ਉਹ ਹਾਂ।

ਗੁਰਮੁਖਿ ਹਿਰਦੈ ਜਿਨਿ ਰਾਮੁ ਪਛਾਤਾ ।
ਜਗਜੀਵਨੁ ਸੇਵਿ ਜੁਗ ਚਾਰੇ ਜਾਤਾ ।
ਹਉਮੈ ਮਾਰਿ ਗੁਰ ਸਬਦਿ ਪਛਾਤਾ ।
ਕ੍ਰਿਪਾ ਕਰੇ ਪ੍ਰਭ ਕਰਮ ਬਿਧਾਤਾ ।੨।
ਸੇ ਜਨ ਸਚੇ ਜੋ ਗੁਰ ਸਬਦਿ ਮਿਲਾਏ ।
ਧਾਵਤ ਵਰਜੇ ਠਾਕਿ ਰਹਾਏ ।
ਨਾਮੁ ਨਵਨਿਧਿ ਗੁਰ ਤੇ ਪਾਏ ।
ਹਰਿ ਕਿਰਪਾ ਤੇ ਹਰਿ ਵਸੈ ਮਨਿ ਆਏ ।੩।੬।੨੬।

(ਗਉੜੀ ਗਵਾਰੇਰੀ ਮ: ੩)

ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ।
ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ।
ਧੰਨੁ ਵਡਭਾਗੀ ਵਡਭਾਗੀਆ ਜੋ ਆਇ ਮਿਲੇ ਗੁਰ ਪਾਸਿ ।੨।੨।੬੬।

(ਸ੍ਰੀ ਰਾਗ ਮ: ੧)

ਬਿਨੁ ਸਤਿਗੁਰ ਹਰਿਨਾਮੁ ਨਾ ਲਭਈ
ਲਖ ਕੋਟੀ ਕਰਮ ਕਮਾਉ ।੨।੩।੭।

(ਸ੍ਰੀ ਰਾਗ ਮ: ੪)

ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ।
ਬਾਣੀ ਗੁਰਬਾਣੀ ਲਾਗੇ ਤਿਨ੍ਹ ਹਥਿ ਚੜਿਆ ਰਾਮ ।
ਗੁਰਬਾਣੀ ਲਾਗੇ ਤਿਨ੍ਹ ਹਥਿ ਚੜਿਆ ਨਿਰਮੋਲਕੁ ਰਤਨ ਅਪਾਰਾ ।
ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ ।
ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ।
ਗੁਰੂ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ।੪।੧।੮।

(ਆਸਾ ਮ: ੪ ਛੰਤ)

ਜਨੁ ਨਾਨਕੁ ਬੋਲੇ ਗੁਣ ਬਾਣੀ
ਗੁਰਬਾਣੀ ਹਰਿਨਾਮਿ ਸਮਾਇਆ ।੪।੫।

(ਗੂਜਰੀ ਮ: ੪)

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ
ਅੰਮ੍ਰਿਤੁ ਗੁਰਮਤਿ ਪਾਏ ਰਾਮ ।

ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ
ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ । ੧ । ੨ ।

(ਬਿਹਾਗੜਾ ਛੰਤ ਮ: ੪ ਘਰ ੧)

ਸਭਿ ਜਾਇ ਮਿਲਹੁ ਸਤਿਗੁਰੂ ਕਉ ਮੇਰੀ ਜਿੰਦੁੜੀਏ
ਜੋ ਹਰਿ ਹਰਿ ਨਾਮੁ ਦ੍ਰਿੜਾਵੈ ਰਾਮ ।
ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ । ੨ । ੫ ।

(ਬਿਹਾਗੜਾ ਮ: ੪ ਘਰ ੨)

ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮ ਨਾ ਪਾਇਆ ਜਾਇ ।
ਗੁਰ ਕੈ ਸਬਦਿ ਭੇਦਿਆ ਇਨ ਬਿਧਿ ਵਸਿਆ ਮਨਿ ਆਇ । ੧ । ੧੮ ।

(ਸਲੋਕ ਮ: ੩ ਵਾਰ ਬਿਹਾਗੜਾ)

ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮ ਅਪਾਰੁ ।
ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ।
ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ । ੮ । ੨ ।

(ਸੋਰਠਿ ਮ: ੧ ਅਸਟਪਦੀਆ)

ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ ।
ਗੁਰਬਾਣੀ ਨਿਰਬਾਣੁ ਸਬਦਿ ਪਛਾਣਿਆ । ੬ । ੧ ।

(ਸੂਹੀ ਮ: ੧ ਅਸਟਪਦੀਆ)

ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ ।
ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਆਇ । ੧ । ੨ । ੪ ।

(ਸੂਹੀ ਮ: ੩ ਅਸਟਪਦੀਆ)

ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ।
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿਨਾਮਾ । ੧ । ੪ ।

(ਬਿਲਾਵਲੁ ਮ: ੩)

ਜਗੁ ਕਊਆ ਮੁਖਿ ਚੁੰਚ ਗਿਆਨੁ । ਅੰਤਰਿ ਲੋਭੁ ਝੂਠੁ ਅਭਿਮਾਨੁ ।
ਬਿਨੁ ਨਾਵੈ ਪਾਜੁ ਲਹਗੁ ਨਿਦਾਨੁ । ੧ ।

ਸਤਿਗੁਰੁ ਸੇਵਿ ਨਾਮੁ ਵਸੈ ਮਨਿ ਚੀਤਿ ।
ਗੁਰ ਭੇਟੇ ਹਰਿਨਾਮੁ ਚੇਤਾਵੈ ਬਿਨੁ ਨਾਵੈ ਹੋਰ ਝੂਠੁ ਪਰੀਤਿ । ੧ । ਰਹਾਉ ।
ਗੁਰਿ ਕਹਿਆ ਸਾ ਕਾਰ ਕਮਾਵਹੁ । ਸਬਦੁ ਚੀਨਿ ਸਹਜ ਘਰਿ ਆਵਹੁ ।
ਸਾਚੈ ਨਾਇ ਵਡਾਈ ਪਾਵਹੁ । ੨ ।

... ... ... ... ... ... ...

ਗੁਰਮਤਿ ਮਾਨਿਆ ਕਰਣੀ ਸਾਰ । ਗੁਰਮਤਿ ਮਾਨਿਆ ਮੋਖ ਦੁਆਰੁ
ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ । ੮ । ੧ । ੩ ।

(ਬਿਲਾਵਲੁ ਮ: ੩ ਅਸਟਪਦੀਆ)

ਜਿਸਨੋ ਸਤਿਗੁਰ ਨਾਲਿ ਹਰਿ ਸਰਧਾ ਲਾਏ ਤਿਸੁ ਹਰਿ ਧਨ ਕੀ
ਵੰਡ ਹਥਿ ਆਵੈ ਜਿਸਨੋ ਕਰਤੈ ਧੁਰਿ ਲਿਖਿ ਪਾਇਆ । ੯ ।

(ਵਾਰ ਬਿਲਾਵਲ ਮ: ੪)

ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ
ਘਟਿ ਘਟਿ ਹਰ ਭਰਪੂਰਿ ਰਹਿਆ ।
ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ
ਜੋ ਗੁਰ ਸਰਣਾਈ ਭਜਿ ਪਇਆ । ੨ । ੬ ।

(ਪ੍ਰਭਾਤੀ ਮ : ੩)

ਤਨੁ ਮਨੁ ਖੋਜੇ ਤਾ ਨਾਉ ਪਾਏ । ਧਾਵਤੁ ਰਾਖੈ ਠਾਕਿ ਰਹਾਏ ।
ਗੁਰ ਕੀ ਬਾਣੀ ਅਨਦਿਨੁ ਗਾਵੈ ਸਹਜੇ ਭਗਤਿ ਕਰਾਵਣਿਆ । ੨ । ੧ । ੨ ।

(ਮਾਝ ਮ: ੩ ਅਸਟਪਦੀਆ)

ਗੁਰ ਸਿਖਿਆ ਨੂੰ ਸਾਧ ਕੇ ਜਦ ਤੀਕ ਮਨੁੱਖ ਕਾਮ ਆਦਿ ਦੋਖਾਂ ਨੂੰ ਦੂਰ ਨਹੀਂ ਕਰਦਾ ਨਾਮ ਪ੍ਰਾਪਤ ਨਹੀਂ ਹੋਂਦਾ ।

ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰ ਚੁਕਾਵੈ ।
ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ ।
ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤਦਾਰਾ
ਤਜਿ ਪਿਆਸ ਆਸ ਰਾਮ ਲਿਵ ਲਾਵੈ ।
ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਨਾਮਿ ਸਮਾਵੈ । ੨ । ੮ ।

(ਸਲੋਕ ਮ: ੪ ਵਾਰ ਮਾਝ)

ਗੁਰ ਕੇ ਚਰਨ ਕਮਲ ਨਮਸਕਾਰਿ। ਕਾਮ ਕ੍ਰੋਧ ਇਸੁ ਤਨ ਤੇ ਮਾਰਿ।
ਇਨ ਬਿਧਿ ਰਮਹੁ ਗੋਪਾਲ ਗੋੁਬਿੰਦੁ।
ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ। ੧। ਰਹਾਉ ੧੧। ੧੩।

(ਗੌਂਡ ਮ: ੫)

ਜਿਨੀ ਆਪਣਾ ਕੰਤੁ ਪਛਾਣਿਆ ਹਉ ਕਿਨ ਪੂਛਉ ਸੰਤਾ ਜਾਏ।
ਆਪੁ ਛੋਡਿ ਸੇਵਾ ਕਰੀ ਪਿਰੁ ਸਚੜਾ ਮਿਲੈ ਸਹਜਿ ਸੁਭਾਏ।
ਪਿਰੁ ਸਚਾ ਮਿਲੈ ਆਏ ਸਾਚੁ ਕਮਾਏ ਸਾਚਿ ਸਬਦਿ ਧਨ ਰਾਤੀ।
ਕਦੇ ਨ ਰਾਂਡ ਸਦਾ ਸੁਹਾਗਣਿ ਅੰਤਰਿ ਸਹਜਿ ਸਮਾਧੀ।
ਪਿਰ ਰਹਿਆ ਭਰਪੂਰੇ ਵੇਖੁ ਹਦੂਰੇ ਰੰਗੁ ਮਾਣੇ ਸਹਜਿ ਸੁਭਾਏ।
ਜਿਨੀ ਆਪਣਾ ਕੰਤੁ ਪਛਾਣਿਆ ਹਉ ਤਿਨ ਪੂਛਉ ਸੰਤਾ ਜਾਏ। ੩। ੧।

(ਵਡਹੰਸ ਮ: ੩)

ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ।
ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ। ੧੮।

(ਸਲੋਕ ਮ: ੯)

ਜਿਚਰੁ ਇਹੁ ਮਨੁ ਲਹਰੀ ਵਿਚਿ ਹੈ ਹਉਮੈ ਬਹੁਤੁ ਅਹੰਕਾਰੁ।
ਸਬਦੈ ਸਾਦੁ ਨ ਆਵਈ ਨਾਮਿ ਨ ਲਗੈ ਪਿਆਰੁ।
ਸੇਵਾ ਥਾਇ ਨ ਪਵਈ ਤਿਸ ਕੀ ਖਪਿ ਖਪਿ ਹੋਇ ਖੁਆਰੁ।
ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ।
ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ। ੧। ੨੧।

(ਸਲੋਕ ਮ: ੩ ਵਾਰ ਸਾਰੰਗ ਮ: ੪)

ਮੋਹਨ ਨੀਦ ਨ ਆਵੈ ਹਾਵੈ ਹਾਰ ਕਜਰ ਬਸਤ੍ਰ ਅਭਰਨ ਕੀਨੇ।
ਉਡੀਨੀ ਉਡੀਨੀ ਉਡੀਨੀ। ਕਬ ਘਰਿ ਆਵੈ ਰੀ। ੧। ਰਹਾਉ।
ਸਰਨਿ ਸੁਹਾਗਨਿ ਚਰਨ ਸੀਸੁ ਧਰਿ।
ਲਾਲਨੁ ਮੋਹਿ ਮਿਲਾਵਹੁ। ਕਬ ਘਰਿ ਆਵੈ ਰੀ। ੧।
ਸੁਨਹੁ ਸਹੇਰੀ ਮਿਲਨ ਬਾਤ ਕਹਉ
ਸਗਰੋ ਅਹੰ ਮਿਟਾਵਹੁ ਤਉ ਘਰ ਹੀ ਲਾਲਨੁ ਪਾਵਹੁ।
ਤਬ ਰਸ ਮੰਗਲ ਗੁਨ ਗਾਵਹੁ। ਆਨਦ ਰੂਪ ਧਿਆਵਹੁ।
ਨਾਨਕੁ ਦੁਆਰੈ ਆਇਓ। ਤਉ ਮੈ ਲਾਲਨੁ ਪਾਇਓ ਰੀ। ੨।
ਮੋਹਨ ਰੂਪੁ ਦਿਖਾਵੈ। ਅਬ ਮੋਹਿ ਨੀਦ ਸੁਹਾਵੈ।

ਸਭ ਮੇਰੀ ਤਿਖਾ ਬੁਝਾਨੀ । ਅਬ ਮੈ ਸਹਜਿ ਸਮਾਨੀ ।
ਮੀਠੀ ਪਿਰਹਿ ਕਹਾਨੀ ।
ਮੋਹਨੁ ਲਾਲਨੁ ਪਾਇਓ ਰੀ । ਰਹਾਉ ਦੂਜਾ । ੧ । ੨੮ ।

(ਬਿਲਾਵਲੁ ਮ: ੫)

ਸਾਚੋ ਸਾਚੁ ਸਮਾਲਿਹੁ ਦੁਖੁ ਜਾਇ । ਸਾਚੈ ਸਬਦਿ ਵਸੈ ਮਨਿ ਆਇ । ੧ ।
ਗੁਰਬਾਣੀ ਸੁਣਿ ਮੈਲੁ ਗਵਾਏ ।
ਸਹਜੇ ਹਰਿਨਾਮੁ ਮੰਨਿ ਵਸਾਏ । ੧ । ਰਹਾਉ । ੪ । ੫ ।

(ਧਨਾਸਰੀ ਮ: ੩)

ਨਿਰਾ ਅਉਗਣ ਕਟਣੇ ਹੀ ਕਾਫ਼ੀ ਨਹੀਂ, ਗੁਣ ਪੈਦਾ ਕਰਨ ਦੀ ਵੀ ਲੋੜ ਹੈ ।

ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ।
ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ । ੩ । ੨ । ੪ ।

(ਸੂਹੀ ਮ: ੧ ਘਰ ੨)

ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ ।
ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣ ਜਾਇ । ੧ । ੨ ।

(ਵਡਹੰਸ ਮ: ੧)

ਨਿਤ ਨਿਤ ਰਿਦੈ ਸਮਾਲਿ ਪ੍ਰੀਤਮੁ ਆਪਣਾ ।
ਜੇ ਚਲਹਿ ਗੁਣ ਨਾਲਿ ਨਾਹੀ ਦੁਖੁ ਸੰਤਾਪਣਾ । ੫ । ੧ । ੩ ।

(ਸੂਹੀ ਮ: ੧ ਅਸਟਪਦੀਆ)

ਪਰੰਤੂ ਗੁਰਮੱਤ ਇਥੇ ਇਕ ਹੋਰ ਅਸੂਲ ਦ੍ਰਿੜ੍ਹਾਂਦੀ ਹੈ । ਸਿਖ ਗੁਰ ਉਪਦੇਸ਼ ਵਿਚ ਲਗਦਾ ਹੈ । ਘਾਲਾਂ ਘਾਲਦਾ ਹੈ । ਪਰ [1]ਨਾਮ ਦੀ ਪ੍ਰਾਪਤੀ ਦਾਤ ਹੈ । ਇਹ ਘਾਲਾਂ ਦਾ ਫਲ ਨਹੀਂ ।

---

[1]Ch. All the adjustments of mind which contribute to the attainment of harmony and balance are very largely automatic and unconscious even when self-conciousness and introspcction are highly developed.

(Tansley, Page 285)

"ਇਕਸੁਰਤਾ ਤੇ ਸਮਤਾ ਪ੍ਰਾਪਤ ਕਰਨ ਵਿਚ ਸਹਾਈ ਹੋਣ ਵਾਲੀਆਂ ਮਨ ਦੀਆਂ ਸਾਰੀਆਂ ਅਦਲਾ ਬਦਲੀਆਂ ਬਹੁਤ ਹੱਦ ਤੀਕ ਸੁਤੰਤਰ ਅਤੇ ਅਚੇਤ ਹਨ, ਉਸ ਹਾਲਤ ਵਿਚ ਵੀ ਜਦੋਂ ਸਵੈ ਸਰੂਪ ਦੀ ਗਿਆਤ ਤੇ ਅੰਤਰਮੁਖਤਾ ਬਹੁਤ ਉਚੇ ਦਰਜੇ ਤੀਕ ਪੁਜੀਆਂ ਹੋਣ ।"

ਭਾਵ ਇਹ ਹੈ ਕਿ ਘਾਲ ਦਾ ਫਲ ਮੰਨੀਏ ਤਾਂ ਕਰਮਾਂ ਦੇ ਅਹੰਕਾਰ ਤੋਂ ਮਨੁਖ ਨਹੀਂ ਬਚ ਸਕਦਾ। ਸਿਖ ਇਕ ਪਤਿਬ੍ਰਤਾ ਇਸਤਰੀ ਹੈ, ਜੋ ਸਾਰੇ ਸ਼ਿੰਗਾਰ ਪਤੀ ਨੂੰ ਖੁਸ਼ ਕਰਨ ਲਈ ਕਰਦੀ ਹੈ ਪਰੰਤੂ ਪ੍ਰਸੰਨਤਾ ਪਤੀ ਦੀ ਕਿਰਪਾ ਸਮਝਦੀ ਹੈ। ਅਨੰਤ ਨਾਲ ਮੇਲ ਹਦ ਵਿਚ ਆਏ ਕਰਮਾਂ ਦਾ ਫਲ ਕਿਕੁਰ ਹੋ ਸਕਦਾ ਹੈ ? ਨਿਮਾਣੇ ਬੱਚੇ ਨੂੰ ਬੜੇ ਜਤਨਾਂ ਨਾਲ ਰਿੜ੍ਹ ਰਿੜ੍ਹ ਕੇ ਆਪਣੇ ਵਲ ਵਧਦਾ ਵੇਖ ਕੇ ਮਾਂ ਪਿਆਰ ਤੇ ਤਰਸ ਨਾਲ ਅੱਗੇ ਬਾਹਾਂ ਪਸਾਰ ਕੇ ਉਹਨੂੰ ਗੋਦ ਵਿਚ ਲੈ ਲੈਂਦੀ ਹੈ। ਹੇਠ ਲਿਖੇ ਸ਼ਬਦ ਇਸ ਭਾਵ ਨੂੰ ਸਪਸ਼ਟ ਕਰਦੇ ਹਨ।

ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ।
ਅਰਪਿ ਮਨੁ ਤਨੁ ਪ੍ਰਭੂ ਆਗੈ ਆਪੁ ਸਗਲ ਮਿਟਾਈਐ।
ਬਿਨਵੰਤਿ ਨਾਨਕੁ ਧਾਰਿ ਕਿਰਪਾ ਸਾਚਿ ਨਾਮਿ ਸਮਾਈਐ। ੨। ੨।

(ਜੈਤਸਰੀ ਮ: ੫ ਘਰ ੭ ਛੰਤ)

ਸਰਬ ਰੋਗ ਕਾ ਅਉਖਦੁ ਨਾਮੁ। ਕਲਿਆਣ ਰੂਪ ਮੰਗਲ ਗੁਣ ਗਾਮ।
ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ।
ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ। ੫। ੯।

(ਗਉੜੀ ਸੁਖਮਨੀ ਮ: ੫)

ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ।
ਤਿਸਹਿ ਪਰਾਪਤਿ ਨਾਨਕਾ ਜਿਸ ਨੋ ਲਿਖਿਆ ਆਇ। ੧। ੧੫।

(ਸਲੋਕ ਮ: ੫ ਵਾਰ ਗਉੜੀ ਮ: ੫)

ਘਾਲ ਨ ਮਿਲਿਓ ਸੇਵ ਨ ਮਿਲਿਓ ਮਿਲਿਓ ਆਇ ਅਚਿੰਤਾ।
ਜਾ ਕਉ ਦਇਆ ਕਰੀ ਮੇਰੈ ਠਾਕੁਰਿ ਤਿਨਿ ਗੁਰਹਿ ਕਮਾਨੋ ਮੰਤਾ। ੩। ੭।

(ਧਨਾਸਰੀ ਮ: ੫)

ਇਹਦਾ ਇਹ ਅਰਥ ਨਹੀਂ ਕਿ ਸਿਖ ਘਾਲ ਛੱਡ ਦੇਵੇ। ਘਾਲ ਜ਼ਰੂਰ ਘਾਲੇ ਪਰ ਪ੍ਰਾਪਤੀ ਮਿਹਰ ਤੋਂ ਹੈ।

ਜਿਨ ਕੰਉ ਸਤਿਗੁਰੁ ਭੇਟਿਆ ਸੇ ਹਰਿ ਕੀਰਤਿ ਸਦਾ ਕਮਾਹਿ।
ਅਚਿੰਤੁ ਹਰਿ ਨਾਮੁ ਤਿਨਕੈ ਮਨਿ ਵਸਿਆ ਸਚੈ ਸਬਦਿ ਸਮਾਹਿ। ੧। ੧੬।

(ਸਲੋਕ ਮ: ੩ ਵਾਰ ਵਡਹੰਸ ਮ: ੪)

ਗੁਰ ਕੀ ਕਾਰ ਕਮਾਵਣੀ ਭਾਈ ਆਪੁ ਛੋਡਿ ਚਿਤੁ ਲਾਇ।

ਸਦਾ ਸਹਜੁ ਫਿਰਿ ਦੁਖੁ ਨ ਲਗਈ ਭਾਈ
ਹਰਿ ਆਪਿ ਵਸੈ ਮਨਿ ਆਇ । ੨ । ੩ ।

(ਸੋਰਠਿ ਮ: ੫ ਅਸਟਪਦੀਆ)

ਪੰਚਮ ਪਾਤਸ਼ਾਹ ਇਸ ਸਾਰੇ ਖਿਆਲ ਨੂੰ ਅਤੀ ਸੁੰਦਰ ਸ਼ਬਦਾਂ ਵਿਚ ਐਉਂ ਬਿਆਨ ਕਰਦੇ ਹਨ।

ਗ੍ਰਿਹੁ ਵਸਿ ਗੁਰਿ ਕੀਨਾ ਹਉ ਘਰ ਕੀ ਨਾਰਿ ।
ਦਸ ਦਾਸੀ ਕਰ ਦੀਨੀ ਭਤਾਰਿ ।
ਸਗਲ ਸਮਗ੍ਰੀ ਮੈ ਘਰ ਕੀ ਜੋੜੀ ।
ਆਸ ਪਿਆਸੀ ਪਿਰ ਕਉ ਲੋੜੀ । ੧ ।
ਕਵਨ ਕਹਾ ਗੁਨ ਕੰਤ ਪਿਆਰੇ ।
ਸੁਘੜ ਸਰੂਪ ਦਇਆਲ ਮੁਰਾਰੇ । ੧ । ਰਹਾਉ ।
ਸਤੁ ਸੀਗਾਰੁ ਭਉ ਅੰਜਨੁ ਪਾਇਆ ।
ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ ।
ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ ।
ਧਨ ਸਭ ਸੁਖ ਪਾਵੈ ਜਾਂ ਪਿਰੁ ਘਰਿ ਆਵੈ । ੨ ।
[1]ਗੁਣ ਕਾਮਣ ਕਰਿ ਕੰਤੁ ਰੀਝਾਇਆ ।
ਵਸਿ ਕਰਿ ਲੀਨਾ ਗੁਰਿ ਭਰਮੁ ਚੁਕਾਇਆ ।
ਸਭ ਤੇ ਊਚਾ ਮੰਦਰੁ ਮੇਰਾ । ਸਭ ਕਾਮਣਿ ਤਿਆਗੀ ਪ੍ਰਿਉ ਪ੍ਰੀਤਮੁ ਮੇਰਾ ।
ਪ੍ਰਗਟਿਆ ਸੂਰੁ ਜੋਤਿ ਉਜੀਆਰਾ । ਸੇਜ ਵਿਛਾਈ ਸਰਧ ਅਪਾਰਾ ।
ਨਵ ਰੰਗ ਲਾਲ ਸੇਜ ਰਾਵਣ ਆਇਆ ।
ਜਨ ਨਾਨਕ ਪਿਰ ਧਨ ਮਿਲਿ ਸੁਖੁ ਪਾਇਆ । ੪ । ੪ ।

(ਸੂਹੀ ਮ: ੫)

ਮਨੁੱਖ ਦੇ ਜਤਨਾਂ ਦੀ ਤੁਛਤਾ ਤੇ ਨਿਰੰਕਾਰ ਦੀ ਮਿਹਰ ਦੀ ਅਪਾਰਤਾ ਇਕ ਹੋਰ ਸ਼ਬਦ ਵਿਚ ਸੁਹਣੀ ਗੁੰਦੀ ਹੈ ।

[2]ਹਰਣਾਖੀ ਕੂ ਸਚੁ ਵੈਣੁ ਸੁਣਾਈ ਜੋ ਤਉ ਕਰੇ ਉਧਾਰਣੁ ।
ਸੁੰਦਰ ਬਚਨ ਤੁਮ ਸੁਣਹੁ ਛਬੀਲੀ ਪਿਰੁ ਤੈਡਾ ਮਨ ਸਾਧਾਰਣੁ ।
ਦੂਰਜਨ ਸੇਤੀ ਨੇਹੁ ਰਚਾਇਓ ਦਸਿਵਿਖਾ ਮੈ ਕਾਰਣੁ ।

---

[1]ਗੁਣਾ ਦਾ ਟੂਣਾ ਕਰਕੇ ।

[2]ਹਰਣਾਖੀ—ਹਿਰਨ ਵਰਗੀਆ ਅੱਖਾਂ ਵਾਲੀ ਜਗਿਆਸੂ ਰੂਪੀ ਇਸਤਰੀ ।

ਊਣੀ ਨਾਹੀ ਝੂਣੀ ਨਾਹੀ ਨਾਹੀ ਕਿਸੈ ਵਿਹੂਣੀ ।
ਪਿਰੁ ਛੈਲੁ ਛਬੀਲਾ ਛਡਿ ਗਵਾਇਓ ਦੁਰਮਤਿ ਕਰਮਿ ਵਿਹੂਣੀ ।
ਨਾ ਹਉ ਭੁਲੀ ਨਾ ਹਉ ਚੁਕੀ ਨਾ ਮੈ ਨਾਹੀ ਦੋਸਾ ।
ਜਿਤੁ ਹਉ ਲਾਈ ਤਿਤੁ ਹਉ ਲਗੀ ਤੂ ਸੁਣਿ ਸਚੁ ਸੰਦੇਸਾ ।
ਸਾਈ ਸੁਹਾਗਣਿ ਸਾਈ ਭਾਗਣਿ ਜੈ ਪਿਰਿ ਕਿਰਪਾ ਧਾਰੀ ।
ਪਿਰਿ ਅਉਗਣ ਤਿਸਕੇ ਸਭਿ ਗਵਾਏ ਗਲ ਸੇਤੀ ਲਾਇ ਸਵਾਰੀ ।
ਕਰਮਹੀਣ ਧਨ ਕਰੈ ਬਿਨੰਤੀ ਕਦਿ ਨਾਨਕ ਆਵੈ ਵਾਰੀ ।
ਸਭਿ ਸੁਹਾਗਣਿ ਮਾਣਹਿ ਰਲੀਆ ਇਕ ਦੇਵਹੁ ਰਾਤਿ ਮੁਰਾਰੀ । ੧ । ੬ ।

(ਸਲੋਕ ਮ: ੫ ਵਾਰ ਰਾਮਕਲੀ ਮ: ੫)

ਨਾਮ ਦਾ ਭਾਵ ਜੋ ਉਪਰ ਪਰਗਟ ਕੀਤਾ ਗਇਆ ਹੈ ਇਹਨੂੰ ਸਾਖਿਆਤ ਕਿਕੁਰ ਕੀਤਾ ਜਾਵੇ ? ਗੁਰ ਉਪਦੇਸ਼ ਵਿਚ ਪ੍ਰਵਿਰਤ ਹੋਣਾ, ਗੁਰਬਾਣੀ ਅਨੁਸਾਰ ਆਪਣੇ ਜੀਵਣ ਨੂੰ ਢਾਲਣਾ ਅਰਥਾਤ ਗੁਰਮੱਤ ਗ੍ਰਹਿਣ ਕਰਕੇ ਮਨਮੱਤ ਦਾ ਤਿਆਗ ਕਰਨਾ, ਇਹ ਮਨ ਨੂੰ ਨਿਰਮਲ ਕਰਦਾ ਹੈ । ਫਿਰ ਕੀਰਤਨ ਦੁਆਰਾ ਗੁਣ ਗਾਵਣੇ ਇਹ ਮੈਲ ਕੱਟਣ ਦਾ ਕਾਰਨ ਬਣਦੇ ਹਨ । ਫਿਰ ਜਪੁ ਤੇ ਸਿਮਰਨੁ । ਜਿਤਨੇ ਵੀ ਖਿਆਲ ਮਨੁਖੀ ਮਨ ਵਿਚ ਉਤਪੰਨ ਹੁੰਦੇ ਹਨ, ਉਨ੍ਹਾਂ ਨੂੰ ਲਫਜਾਂ ਦੁਆਰਾ ਪਰਗਟ ਕਰਨ ਦਾ ਜਤਨ ਕੀਤਾ ਗਇਆ ਹੈ । ਉਹ ਲਫਜ਼ ਉਨ੍ਹਾਂ ਖਿਆਲਾਂ ਦੀ ਦੇਹ ਹਨ । ਕਿਸੇ ਲਫਜ਼ ਦਾ ਸੁਣਨਾ ਜਾਂ ਉਚਾਰਨਾ ਉਸ ਵਿਚ ਬੱਧੇ ਖਿਆਲ ਦੇ ਉਪਜਾਉਣ ਦਾ ਕਾਰਣ ਬਣਦਾ ਹੈ । ਨਾਮ ਦਾ ਜਾਪ ਮਨ ਵਿਚ ਨਾਮ ਦਾ ਖਿਆਲ ਉਪਜਾਉਣ ਦਾ ਕਾਰਨ ਬਣਦਾ ਹੈ । ਮਨ ਵਿਚ ਨਾਮ ਦਾ ਖਿਆਲ ਉਪਜਾਉਣ ਲਈ ਜਪੁ ਇਕ ਵਸੀਲਾ ਹੈ । ਘੜੀ ਘੜੀ ਜਪੁ ਕਰਨਾ ਉਸ ਖਿਆਲ ਨੂੰ ਮਨ ਵਿਚ ਢੇਰ ਚਿਰ ਕਾਇਮ ਰੱਖਣ ਦਾ ਜਤਨ ਹੈ । ਇਸ ਲਈ ਰਸਨਾ ਦੁਆਰਾ ਨਾਮ ਦਾ ਜਪੁ ਕਰਨਾ ਅਤੀ ਲੋੜੀਂਦੀ ਚੀਜ਼ ਹੈ । ਮਨ ਨੂੰ ਝਟ ਪਟ ਕਿਸੇ ਖਿਆਲ ਤੇ ਟਿਕਾ ਦੇਣਾ ਇਹ ਸੰਭਵ ਨਹੀਂ । ਪਰ ਸਿੱਧੀ ਤਦੋਂ ਹੀ ਹੋਂਦੀ ਹੈ ਜਦੋਂ ਜਿਸ ਖਿਆਲ ਦੇ ਰੂਪ 'ਸ਼ਬਦ' ਨੂੰ ਅਸੀ ਜੀਭ ਦੁਆਰਾ ਘੜੀ ਘੜੀ ਦੁਹਰਾ ਰਹੇ ਹਾਂ ਉਹ 'ਖਿਆਲ' ਮਨ ਵਿਚ ਵਸ ਜਾਵੇ ।

ਹਰਿ ਹਰਿ ਮੁਖ ਤੇ ਬੋਲਣਾ ਮਨਿ ਵੁਠੈ ਸੁਖੁ ਹੋਇ ।
ਨਾਨਕ ਸਭ ਮਹਿ ਰਵਿ ਰਹਿਆ ਥਾਨ ਥਨੰਤਰਿ ਸੋਇ । ੧ ਪਉੜੀ ।
ਹੇਰਉ ਘਟਿ ਘਟਿ ਸਗਲ ਕੈ ਪੂਰਿ ਰਹੇ ਭਗਵਾਨ ।
ਹੋਵਤ ਆਏ ਸਦ ਸਦੀਵ ਦੁਖ ਭੰਜਨ ਗੁਰ ਗਿਆਨ ।
ਹਉ ਛੁਟਕੈ ਹੋਇ ਅਨੰਦੁ ਤਿਹ ਹਉ ਨਾਹੀ ਤਹ ਆਪਿ ।
ਹਤੇ ਦੂਖ ਜਨਮਹ ਮਰਨ ਸੰਤ ਸੰਗ ਪਰਤਾਪ । ੫੧ ।

(ਗਉੜੀ ਬਾਵਨ ਅਖਰੀ ਮ: ੫)

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ।

ਗੁਰ ਪਰਸਾਦੀ ਨਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ।
ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ ।
ਹਰਿ ਤਿਸੁ ਕਦੇ ਨਾ ਵੀਸਰੈ ਹਰਿ ਹਰਿ ਕਰਹਿ ਸਦਾ ਮਨਿ ਚੀਤਿ । ੧੪ । ੬ ।

(ਗੂਜਰੀ ਮ: ੩)

ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ।
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ । ੮ । ੨ ।

(ਵਡਹੰਸ ਮ: ੩ ਅਸਟਪਦੀਆ)

ਬਿਨੁ ਜਿਹਵਾ ਜੋ ਜਪੈ ਹਿਆਇ । ਕੋਈ ਜਾਣੈ ਕੈਸਾ ਨਾਉ । ੨ । ੧ । ੬ ।

(ਮਲਾਰ ਮ: ੧)

ਗਾਵਨਹਾਰੀ ਗਾਵੈ ਗੀਤ । ਤੇ ਉਧਰੇ ਬਸੇ ਜਿਹ ਚੀਤ । ੧ ।
ਪੇਖੇ [1]ਬਿੰਜਨ ਪਰੋਸਨ ਹਾਰੈ । ਜਿਹ ਭੋਜਨੁ ਕੀਨੋ ਤੇ ਤ੍ਰਿਪਤਾਰੈ । ੨ ।
ਅਨਿਕ ਸ੍ਵਾਂਗ [2]ਕਾਛੇ ਭੇਖਧਾਰੀ । ਜੈਸੋ ਸਾ ਤੈਸੋ ਦ੍ਰਿਸਟਾਰੀ । ੩ ।
ਕਹਨ ਕਹਾਵਨ ਸਗਲ ਜੰਜਾਰ ।
ਨਾਨਕ ਦਾਸ ਸਚੁ ਕਰਣੀ ਸਾਰ । ੪ । ੫ ।

(ਕਾਨੜਾ ਮ: ੫)

ਕਰਮ ਕਰਨ ਤੋਂ ਪਹਿਲੋਂ ਕਰਮ ਦਾ ਖਿਆਲ ਮਨ ਵਿਚ ਉਪਜਦਾ ਹੈ । ਜਦੋਂ ਨਾਮ ਮਨ ਵਿਚ ਵਸ ਗਇਆ, ਕਰਮਾਂ ਦੀ ਰਾਹੀਂ ਵੀ ਪ੍ਰਗਟ ਹੋਵੇਗਾ । ਮਨਮੁਖ ਮੁਖੋਂ ਹਰਿ ਹਰਿ ਕਰਦਾ ਹੈ ਪਰ ਚਿਤਵਦਾ ਮਾਇਆ ਹੈ ਤੇ ਕਰਮ ਐਨ ਨਾਮ ਦੇ ਭਾਵ ਦੇ ਉਲਟ ਹਨ । ਇਸ ਲਈ ਸਤਿਗੁਰ ਫੁਰਮਾਂਦੇ ਹਨ ਕਿ ਮਨ ਬਚਨ ਕਰਮ ਦੁਆਰਾ ਨਾਮ ਵਿਚ ਲਗੇ ।

ਆਪਿ ਜਪਹੁ ਅਵਰਾ ਨਾਮੁ ਜਪਾਵਹੁ ।
ਸੁਨਤ ਕਹਤ ਰਹਤ ਗਤਿ ਪਾਵਹੁ । ੬ । ੧੯ ।

(ਗਉੜੀ ਸੁਖਮਨੀ ਮ: ੫)

ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ ।
ਸਦਾ ਸਦਾ ਜਾਨਹੁ ਤੇ ਸੁਖੀ । ੩ । ੧੪ ।

(ਗਉੜੀ ਸੁਖਮਨੀ ਮ: ੫)

---

[1]ਬਿੰਜਨ—ਚੰਗੇ ਚੰਗੇ ਖਾਣੇ ।

[2]ਕਾਛੇ—ਬਣਾਏ ।

ਮਨ ਬਚ ਕ੍ਰਮਿ ਰਾਮਨਾਮੁ ਚਿਤਾਰੀ ।
ਘੂਮਨ ਘੇਰਿ ਮਹਾ ਅਤਿ ਬਿਖੜੀ
ਗੁਰਮੁਖਿ ਨਾਨਕ ਪਾਰਿ ਉਤਾਰੀ । ੧ । ਰਹਾਉ । ੯ । ੩ । ੨੨ ।

(ਰਾਮਕਲੀ ਮ: ੫ ਅਸਟਪਦੀਆ)

ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ ।
ਸਰਬ ਫਲਾ ਸੋਈ ਜਨੁ ਪਾਏ । ੬ । ੧ । ੨ ।

(ਸੂਹੀ ਮ: ੫ ਅਸਟਪਦੀਆ)

ਜੇ ਨਿਰਾ ਜਿਹਵਾ ਦਾ ਹੀ ਜਾਪ ਹੈ ਤੇ ਮਨ ਅਤੇ ਕਰਮ ਹੋਰ ਪਾਸੇ ਜਾ ਰਹੇ ਹਨ ਤਾਂ

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ।
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ । ੧ । ੪ ।

(ਸੂਹੀ ਮ: ੪ ਘਰ ੧)

ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ ।
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ । ੪ । ੪ ।

(ਸਾਰੰਗ ਮ: ੪)

ਇਥੇ ਕਈ ਸੱਜਨ ਇਹ ਪ੍ਰਸ਼ਨ ਕਰਦੇ ਹਨ ਕਿ ਜਾਪ ਜਾਂ ਸਿਮਰਨ ਵੇਲੇ ਧਿਆਨ ਕਾਹਦਾ ਧਰੀਏ ? ਧਿਆਨ ਪੰਜਾਬੀ ਵਿਚ ਦੋ ਅਰਥਾਂ ਵਿਚ ਵਰਤਿਆ ਜਾਂਦਾ ਹੈ, ਤਸੱਵਰ ਤੇ ਸੁਰਤ ਨੂੰ ਇਕ ਪਾਸੇ ਲਾਣਾ ਅਰਥਾਤ ਲਿਵ । ਯੋਗ ਸ਼ਾਸਤ੍ਰਾਂ ਵਿਚ ਦਸਿਆ ਹੈ ਕਿ ਕਿਸੇ ਵਸਤੂ ਤੇ ਜੋ ਸਰੀਰ ਦੇ ਵਿਚ ਹੈ ਜਾਂ ਬਾਹਰ ਹੈ ਸੁਰਤ ਨੂੰ ਟਿਕਾਣਾ 'ਧਾਰਨਾ' ਕਹਾਉਂਦਾ ਹੈ । ਇਹ 'ਧਾਰਨਾ' ਜਦੋਂ ਕੁਝ ਚਿਰ ਤੀਕ ਪੱਕ ਜਾਵੇ ਤਾਂ ਉਹਨੂੰ 'ਧਿਆਨ' ਕਹਿੰਦੇ ਹਨ । ਜਦੋਂ ਮਨ ਰੂਪ ਨੂੰ ਛੱਡ ਕੇ ਅਰਥ ਮਾਤ੍ਰ ਤੇ ਹੀ ਟਿਕ ਜਾਏ ਉਹਨੂੰ 'ਸਮਾਧੀ' ਕਹਿੰਦੇ ਹਨ । ਜਿਸ ਦਾ ਭਾਵ ਇਹ ਹੈ ਕਿ ਰੂਪ ਦਾ ਆਸਰਾ ਧਿਆਨ ਪਕਾਣ ਲਈ ਹੈ ਸਿੱਧੀ ਅਰਥ ਪੁਰ ਮਨ ਨੂੰ ਟਿਕਾਣ ਵਿਚ ਹੈ । ਸਤਿਗੁਰ ਸਿਮਰਨ ਦਾ ਤ੍ਰੀਕਾ ਦਸਦੇ ਹਨ । ਨਿਰੰਕਾਰ ਦਾ ਰੂਪ ਕੋਈ ਨਹੀਂ ਇਸ ਲਈ ਧਿਆਨ ਕਾਹਦਾ ਧਰੀਏ ? ਜੇ ਕੋਈ ਨਿਰੰਕਾਰ ਦੀ ਮਨ ਮੰਨੀ ਮੂਰਤ ਥਾਪ ਲਈਏ ਤਾਂ ਉਹਦੇ ਵਿਚ ਮਨ ਆਪਣੀ ਕਲਪਨਾ ਥਾਪ ਕੇ ਤਸੱਵਰ ਆਪਣੇ ਹੀ ਕਿਸੇ ਸੰਕਲਪ ਦਾ ਕਰਾ ਦੇਵੇਗਾ । ਤਸੱਵਰ ਦੀ ਸਿੱਧੀ ਤੋਂ ਹੱਥ ਕੀ ਆਇਆ ? ਮਨ ਦੀ ਹੀ ਇਕ ਖੇਡ । ਇਸ ਲਈ ਸਿਮਰਨ ਵਿਚ ਅਰਥ ਪੁਰ ਮਨ ਨੂੰ ਟਿਕਾਣਾ ਪੈਂਦਾ ਹੈ ਬਿਨਾ ਕਿਸੇ ਰੂਪ ਦੀ ਸਹਾਇਤਾ ਦੇ । ਮਨ ਇਕਾਗਰ ਕਰਨ ਲਈ ਬਾਣੀ ਦਾ ਪਾਠ ਜਿਹਦੇ ਵਿਚ ਇਕੋ ਭਾਵ ਨੂੰ ਘੜੀ ਘੜੀ ਵਰਨਣ ਕੀਤਾ ਗਇਆ ਹੈ ਸਹਾਇਤਾ ਕਰਦਾ ਹੈ ਤੇ ਕੀਰਤਨ ਇਕ ਅਮੋਲਕ ਚੀਜ਼ ਹੈ । ਰਾਗ ਦਾ ਅਸਰ ਮਾਨੁਖੀ ਮਨ ਤੇ ਬਹੁਤ ਹੈ । ਇਹਦੇ ਵਿਚ

ਮਨ ਨੂੰ ਆਪਣੀ ਵੱਲ ਖਿੱਚ ਲੈਣ ਦੀ ਸ਼ਕਤੀ ਹੈ। ਇਸ ਲਈ ਬਾਣੀ ਦਾ ਪਾਠ ਤੇ ਕੀਰਤਨ ਸਿਮਰਨ ਦੇ ਰਾਹ ਵਿਚ ਧਾਰਨਾ ਤੇ ਧਿਆਨ ਦਾ ਕੰਮ ਦੇਂਦੇ ਹਨ।

ਚੰਚਲੁ ਚੀਤੁ ਨ ਰਹਈ ਠਾਇ। ਚੋਰੀ ਮਿਰਗੁ ਅੰਗੂਰੀ ਖਾਇ।
ਚਰਨ ਕਮਲ ਉਰਧਾਰੇ ਚੀਤ। ਚਿਰੁ ਜੀਵਨੁ ਚੇਤਨੁ ਨਿਤ ਨੀਤ।
ਚਿੰਤਤ ਹੀ ਦੀਸੈ ਸਭੁ ਕੋਇ। ਚੇਤਹਿ ਏਕੁ ਤਹੀ ਸੁਖੁ ਹੋਇ।
ਚਿਤਿ ਵਸੈ ਰਾਚੈ ਹਰਨਾਇ।
ਮੁਕਤਿ ਭਇਆ ਪਤਿ ਸਿਉ ਘਰਿ ਜਾਇ। ੨੩।

(ਰਾਮਕਲੀ ਮ: ੧ ਦਖਣੀ ਓਅੰਕਾਰ)

ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿਧਾਰੇ।
ਨਾਨਕ ਬਿਨੁ ਨਾਵੈ ਜੋਗੁ ਕਦੇ ਨਾ ਹੋਵੈ ਦੇਖਹੁ ਰਿਦੈ ਬੀਚਾਰੇ। ੬੮।

(ਰਾਮਕਲੀ ਮ: ੧ ਸਿਧ ਗੋਸਟਿ)

ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨਾ ਹੋਈ।
ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ।
ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ।
ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪ ਖੁਆਈ।
ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ।
ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ। ੭੨।

(ਰਾਮਕਲੀ ਮ:੧ ਸਿਧ ਗੋਸਟਿ)

ਧਿਆਨ ਮਾਰਗ ਵਾਲਿਆਂ ਦਾ ਅੰਤ ਸਵੈਸਰੂਪ ਨੂੰ ਵੇਖਣਾ ਹੈ। ਪਾਤੰਜਲ ਯੋਗ ਸੂਤ੍ਰਾਂ ਦਾ ਤੀਸਰਾ ਸੂਤ੍ਰ ਈਹੋ ਹੈ 'ਉਸ ਸਮੇਂ (ਸਮਾਧੀ ਸਮੇਂ) ਦ੍ਰਿਸਟਾ ਆਪਣੇ ਸਰੂਪ ਵਿਚ ਇਸਥਿਤ ਹੁੰਦਾ ਹੈ''। ਯੋਗ ਵਾਲੇ ਈਸ਼ਵਰ ਨੂੰ ਮੰਨਦੇ ਹਨ ਪਰ ਪੁਰਸ਼ ਪ੍ਰਕ੍ਰਿਤੀ ਤੇ ਈਸ਼ਵਰ ਤਿੰਨਾਂ ਨੂੰ ਅਨਾਦੀ ਮੰਨਦੇ ਹਨ ਅਤੇ ਈਸ਼ਵਰ ਵਿਚ ਲੀਨਤਾ ਉਨ੍ਹਾਂ ਦਾ ਪ੍ਰਯੋਜਨ ਨਹੀਂ। ਗੁਰ ਸਿਖ ਦੀ ਜਦੋਂ ਲਿਵ ਪਕਦੀ ਹੈ ਤਾਂ ਉਹ ਆਪੇ ਦਾ ਅਭਾਵ ਕਰਕੇ ਨਿਰੰਕਾਰ ਨਾਲ ਇੱਕ ਮਿੱਕ ਹੋ ਦਾ ਹੈ। ਉਹ ਅੰਦਰ ਬਾਹਰ ਸਾਰੀ ਥਾਂ ਨਿਰੰਕਾਰ ਨੂੰ ਹੀ ਵੇਖਦਾ ਹੈ। ਜੋਗ ਦਾ ਕਵੀਵਲ ਸ੍ਵੈਸਰੂਪ ਦੇ ਦੇਖਣ ਤੇ ਖਤਮ ਹੈ। ਸਿਖ ਦਾ ਪਰਮ ਪਦ ਅੱਗੇ ਹੈ! ਸਿਖ ਦਾ ਪਰਮ ਪਦ ਨਿਰੰਕਾਰ ਵਿਚ ਲਿਵ ਲਗਣ ਵਿਚ ਹੈ।

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ।
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ। ੧।
ਸੰਤ ਸੰਗਿ ਅੰਤਰਿ ਪ੍ਰਭੁ ਡੀਠਾ। ਨਾਮੁ ਪ੍ਰਭੂ ਕਾ ਲਾਗਾ ਮੀਠਾ।

ਸਗਲ ਸਮਿਗ੍ਰੀ ਏਕਸੁ ਘਟ ਮਾਹਿ । ਅਨਿਕ ਰੰਗ ਨਾਨਾ ਦ੍ਰਿਸਟਾਹਿ ।
ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ । ਦੇਹੀ ਮਹਿ ਇਸਕਾ ਬਿਸ੍ਰਾਮੁ ।
ਸੁੰਨ ਸਮਾਧਿ ਅਨਹਤ ਤਹ ਨਾਦ । ਕਹਨੁ ਨ ਜਾਈ ਅਚਰਜ ਬਿਸਮਾਦ ।
ਤਿਨਿ ਦੇਖਿਆ ਜਿਸੁ ਆਪਿ ਦਿਖਾਏ । ਨਾਨਕ ਤਿਸੁ ਜਨ ਸੋਝੀ ਪਾਏ । ੧ ।
ਸੋ ਅੰਤਰਿ ਸੋ ਬਾਹਰਿ ਅਨੰਤ । ਘਟਿ ਘਟਿ ਬਿਆਪਿ ਰਹਿਆ ਭਗਵੰਤ ।
ਧਰਨਿ ਮਾਹਿ ਆਕਾਸ ਪਇਆਲ । ਸਰਬ ਲੋਕ ਪੂਰਨ ਪ੍ਰਤਿਪਾਲ ।
ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ । ਜੈਸੀ ਆਗਿਆ ਤੈਸਾ ਕਰਮੁ ।
ਪਉਣ ਪਾਣੀ ਬੈਸੰਤਰ ਮਾਹਿ । ਚਾਰਿ ਕੁੰਟ ਦਹ ਦਿਸੇ ਸਮਾਹਿ ।
ਤਿਸਤੇ ਭਿੰਨ ਨਹੀ ਕੋ ਠਾਉ । ਗੁਰਪ੍ਰਸਾਦਿ ਨਾਨਕ ਸੁਖੁ ਪਾਉ । ੨ । ੨੩ ।

(ਗਉੜੀ ਸੁਖਮਨੀ ਮ: ੫)

ਮਾਇਆ ਦੇ ਪਾਰ ਹੋਏ ਵੇਦਾਂਤੀ ਦਾ ਆਤਮ ਬ੍ਰਹਮ ਵੀ ਉਹਨੂੰ ਤਟਸਥ ਦਿਸਦਾ ਹੈ, ਸਾਖੀ ਰੂਪ, ਨਿਰਾ ਦ੍ਰਿਸ਼ਟਾ । ਪਰੰਤੂ ਗੁਰਮੱਤ ਦਾ ਨਿਰੰਕਾਰ ਪਰੀਪੂਰਨ, ਆਗਿਆ ਵਿਚ ਸਭ ਨੂੰ ਤੋਰਦਾ, ਕਰਤਾ ਦਿਸਦਾ ਹੈ। ਜੋਗੀ ਜਾਂ ਵੇਦਾਂਤੀ ਪਰਮ ਪਦ ਨੂੰ ਪੁਜ ਕੇ ਆਪ ਵੀ ਨਿਰਾ ਦ੍ਰਿਸ਼ਟਾ ਹੀ ਰਹਿ ਜਾਂਦਾ ਹੈ। ਪਰ ਗੁਰਮੁਖ ਪਰਮ ਪਦ ਨੂੰ ਪੁਜ ਹੁਕਮ ਵਿਚ ਕਾਰ ਕਰਦਾ ਹੈ। ਦੁਖ ਦਾ ਨਾਸ ਕਰਨਾ ਤੇ ਪਰਉਪਕਾਰ ਕਰਨਾ ਇਹ ਉਹਦੀ ਸੁਭਾਵਕ ਕਾਰ ਹੁੰਦੀ ਹੈ ।

ਨਾਮ ਦਾ ਸਿਮਰਨ ਨਿਰਾ ਚਿਤ ਨੂੰ ਬ੍ਰਹਮਾਕਾਰ ਕਰਨ ਦਾ ਹੀ ਅੰਤਲਾ ਸਾਧਨ ਨਹੀਂ ਇਹ ਮੁੱਢ ਵਿਚ ਅੰਤਹਕਰਨ ਦੀ ਮੈਲ ਵੀ ਕਟਦਾ ਹੈ । ਯੋਗੀ ਯਮ ਨਿਯਮ ਦੁਆਰਾ ਮਨ ਦੀ ਮੈਲ ਕਟਦਾ ਹੈ । ਪ੍ਰਾਣਾਯਾਮ ਦੁਆਰਾ ਇੰਦਰੀਆਂ ਦਾ ਸੰਬੰਧ ਬਾਹਰਲੇ ਵਿਸ਼ਿਆਂ ਨਾਲੋਂ ਤੋੜਦਾ ਹੈ। ਨਾਦਾਨੁਸੰਧਾਨ ਵਾਲਾ ਅੰਦਰਲੀਆਂ ਆਵਾਜ਼ਾਂ (ਨਾਦ) ਸੁਣਕੇ ਮਨ ਦੇ ਸਿਮਰਤੀ ਆਦਿ ਫੁਰਨਿਆਂ ਨੂੰ ਰੋਕਦਾ ਹੈ । ਪਰ ਗੁਰਮੱਤ ਵਿਚ ਇਹ ਸਾਰਾ ਕੰਮ ਨਾਮ ਦਾ ਸਿਮਰਨਾ ਕਰਦਾ ਹੈ ।

ਭਰੀਐ ਹਥੁ ਪੈਰੁ ਤਨੁ ਦੇਹ । ਪਾਣੀ ਧੋਤੈ ਉਤਰਸੁ ਖੇਹ ।
ਮੂਤ ਪਲੀਤੀ ਕਪੜੁ ਹੋਇ । ਦੇ ਸਾਬੂਣੁ ਲਈਐ ਓਹੁ ਧੋਇ ।
ਭਰੀਐ ਮਤਿ ਪਾਪਾ ਕੈ ਸੰਗਿ । ਓਹੁ ਧੋਪੈ ਨਾਵੈ ਕੈ ਰੰਗਿ । ੨੦ ।

(ਜਪੁ ਮ: ੧)

ਲਾਗੀ ਮੈਲੁ ਮਿਟੈ ਸਚੁ ਨਾਇ । ਗੁਰਪ੍ਰਸਾਦਿ ਰਹੈ ਲਿਵ ਲਾਇ । ੧ । ੧੩ ।

(ਆਸਾ ਮ: ੧)

ਸੰਗਤਿ ਸੰਤ ਮਿਲਾਏ । ਹਰਿ ਸਰਿ ਨਿਰਮਲਿ ਨਾਏ ।
ਨਿਰਮਲਿ ਜਲਿ ਨਾਇ ਮੈਲੁ ਗਵਾਏ ਭਏ ਪਵਿਤੁ ਸਰੀਰਾ ।

ਦੁਰਮਤਿ ਮੈਲੁ ਗਈ ਭ੍ਰਮੁ ਭਾਗਾ ਹਉਮੈ ਬਿਨਠੀ ਪੀਰਾ ।੨।੧।੩।

(ਸੂਹੀ ਛੰਤ ਮ: ੪ ਘਰ ੨)

ਨਾਮਿ ਰਤੇ ਮਨੁ ਨਿਰਮਲੁ ਹੋਇ । ਹਰਿ ਗੁਣ ਗਾਵੈ ਹਉਮੈ ਮਲੁ ਖੋਇ ।੪।

(ਬਿਲਾਵਲੁ ਮ: ੩ ਸਤ ਵਾਰ)

ਹਰਿ ਸਿਮਰਨਿ ਤੇਰਾ ਹੋਇ ਉਧਾਰੁ ।
ਜਨਮ ਜਨਮ ਕਾ ਉਤਰੈ ਭਾਰੁ ।੩।੩੦।੪੧।

(ਰਾਮਕਲੀ ਮ: ੫)

ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ ।੨।੯।

(ਸਲੋਕ ਮ: ੩ ਵਾਰ ਰਾਮਕਲੀ ਮ: ੩)

ਮਨਿ ਤਿਨਿ ਵਸਿਆ ਹਰਿ ਪ੍ਰਭੁ ਸੋਈ । ਕਲਿ ਕਲੇਸ ਕਿਛੁ ਬਿਘਨੁ ਨ ਹੋਈ ।
ਸਦਾ ਸਦਾ ਪ੍ਰਭੁ ਜੀਅ ਕੈ ਸੰਗਿ । ਉਤਰੀ ਮੈਲੁ ਨਾਮ ਕੈ ਰੰਗਿ ।੨।
ਚਰਨ ਕਮਲ ਸਿਉ ਲਾਗੋ ਪਿਆਰੁ । ਬਿਨਸੇ ਕਾਮ ਕਰੋਧ ਅਹੰਕਾਰ ।੩।੬।

(ਪ੍ਰਭਾਤੀ ਮ: ੫)

ਅਹਿਨਿਸਿ ਨਾਮੁ ਜਪਹੁ ਰੇ ਪ੍ਰਾਣੀ ਮੈਲੇ ਹਛੇ ਹੋਈ ।੩।੧

(ਮਲਾਰ ਮ: ੧)

ਨਾਮ ਦੁਆਰਾ ਹੀ ਕਾਮ ਆਦਿ ਵਸ ਵਿਚ ਹੋਂਦੇ ਹਨ ।

ਜੋ ਹਰਿਨਾਮੁ ਧਿਆਇਦੇ ਮੇਰੀ ਜਿੰਦੁੜੀਏ ।
ਤਿਨਾ ਪੰਚੇ ਵਸਿਗਤਿ ਆਏ ਰਾਮ ।੩।੩।

(ਬਿਹਾਗੜਾ ਮ: ੪ ਘਰ ੨)

ਸਚਿ ਰਹਹੁ ਸਦਾ ਸਹਜੁ ਸੁਖੁ ਉਪਜੈ ਕਾਮ ਕ੍ਰੋਧੁ ਵਿਚਹੁ ਜਾਈ ।੨।
ਆਪੁ ਛੋਡਿ ਨਾਮ ਲਿਵ ਲਾਗੀ ਮਮਤਾ ਸਬਦਿ ਜਲਾਈ ।੩।੨।

(ਰਾਮਕਲੀ ਮ: ੩ ਅਸਟਪਦੀਆ)

ਨਾਮ ਮਨ ਵਿਚ ਵੱਸਿਆਂ ਇੰਦ੍ਰੀਆਂ ਫਿਰ ਵਿਸ਼ਿਆਂ ਵਲ ਨਹੀਂ ਦੌੜਦੀਆਂ ।

ਦੀਸਤ ਮਾਸੁ ਨ ਪਾਇ ਬਿਲਾਈ । ਮਹਾ ਕਸਾਬਿ ਛੁਰੀ ਸਟਿ ਪਾਈ ।
ਕਰਣਹਾਰ ਪ੍ਰਭੁ ਹਿਰਦੈ ਵੂਠਾ ।

ਫਾਥੀ ਮਛੁਲੀ ਕਾ ਜਾਲਾ ਤੂਟਾ । ੨ । ੩੯ । ੫੦ ।

(ਰਾਮਕਲੀ ਮ: ੫)

ਉਰਿਧਾਰੈ ਜੋ ਅੰਤਰਿ ਨਾਮੁ । ਸਰਬ ਮੈ ਪੇਖੈ ਭਗਵਾਨੁ ।
ਨਿਮਖ ਨਿਮਖ ਠਾਕੁਰ ਨਮਸਕਾਰੈ ।
ਨਾਨਕ ਓਹੁ ਅਪਰਸੁ ਸਗਲ ਨਿਸਤਾਰੈ । ੧ ।
ਮਿਥਿਆ ਨਾਹੀ ਰਸਨਾ ਪਰਸ । ਮਨ ਮਹਿ ਪ੍ਰੀਤਿ ਨਿਰੰਜਨ ਦਰਸ ।
ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ । ਸਾਧ ਕੀ ਟਹਲ ਸੰਤ ਸੰਗਿ ਹੇਤ ।
ਕਰਨ ਨ ਸੁਨੈ ਕਾਹੂ ਕੀ ਨਿੰਦਾ । ਸਭ ਤੇ ਜਾਨੈ ਆਪਸ ਕਉ ਮੰਦਾ ।
ਗੁਰ ਪ੍ਰਸਾਦਿ ਬਿਖਿਆ ਪਰਹਰੈ । ਮਨ ਕੀ ਬਾਸਨਾ ਮਨ ਤੇ ਟਰੈ ।
ਇੰਦ੍ਰੀ ਜਿਤ ਪੰਚ ਦੋਖ ਤੇ ਰਹਤ ।
ਨਾਨਕ ਕੋਟਿ ਮਧੇ ਕੋ ਐਸਾ ਅਪਰਸ । ੧ । ੯ ।

(ਗਉੜੀ ਸੁਖਮਨੀ ਮ; ੫)

ਮਾਇਆ ਮੋਹਿ ਜਗੁ ਬਾਧਾ ਜਮਕਾਲਿ ।
ਬਾਂਧਾ ਛੂਟੈ ਨਾਮੁ ਸਮ੍ਹਾਲਿ । ੨ । ੩ ।

(ਆਸਾ ਮ; ੧ ਅਸਟਪਦੀਆ)

ਹਉਮੈ ਮਮਤਾ ਮੋਹਣੀ ਮਨਮੁਖਾ ਨੋ ਗਈ ਖਾਇ ।
ਜੋ ਮੋਹਿ ਦੂਜੈ ਚਿਤੁ ਲਾਇਦੇ ਤਿਨ੍ਹਾ ਵਿਆਪਿ ਰਹੀ ਲਪਟਾਇ ।
[1]ਮਾਇਆ ਦੇ ਬੰਧਨ ਨਾਮ ਦੁਆਰਾ ਹੀ ਕਟੇ ਜਾਂਦੇ ਹਨ ।

---

[1]Cf I think it is inevitable that these convictions should emphasize a personal aspect of what we are trying to grasp. We have to build the spiritual world out of symbols taken from our own personality, as we build the scientific world out of the metrical symbols of the mathematician. If not, it can only be left ungraspable — an environment dimly felt in moments of exaltation but lost to us in sordid routine of life. To turn it into more continuous channels we must be able to approach the world-spirit in the midst of our cares and duties in that simpler relation of spirit to spirit in which all true religion finds expression. [Eddington Page-338.

"ਇਹ ਅਵਸ਼ ਹੈ ਕਿ ਇਹ ਨਿਸ਼ਚੇ, ਜਿਸ ਚੀਜ਼ ਨੂੰ ਅਸੀਂ ਸਮਝਣ ਦਾ ਜਤਨ ਕਰਦੇ ਰਹੇ ਹਾਂ, ਉਸ ਦੇ

ਗੁਰ ਕੈ ਸਬਦਿ ਪਰਜਾਲੀਐ ਤਾ ਇਹ ਵਿਚਹੁ ਜਾਇ ।
ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ ।
ਨਾਨਕ ਮਾਇਆ ਕਾ ਮਾਰਣੁ ਹਰਿ ਨਾਮ ਹੈ
ਗੁਰਮੁਖਿ ਪਾਇਆ ਜਾਇ । ੧੩ ।

(ਸਲੋਕ ਮ: ੩ ਗੂਜਰੀ ਕੀ ਵਾਰ ਮ: ੩)

ਬੰਧਨ ਕਾਟੈ ਸੋ ਪ੍ਰਭੂ ਜਾ ਕੈ ਕਲ ਹਾਥ ।
ਅਵਰ ਕਰਮ ਨਹੀ ਛੂਟੀਐ ਰਾਖਹੁ ਹਰਿ ਨਾਥ । ੧ । ੨੭ । ੫੭ ।

(ਬਿਲਾਵਲੁ ਮ: ੫)

ਨਾਮ ਸਿਮਰਨ ਵਿਚ ਲਗ ਜਾਣਾ ਸਭ ਤੋਂ ਉੱਚੀ ਵੀਚਾਰ ਤੇ ਧਰਮ ਹੈ ।

ਇਸ ਤੇ ਊਪਰਿ ਨਹੀਂ ਬੀਚਾਰੁ । ਜਾਕੈ ਮਨਿ ਬਸਿਆ ਨਿਰੰਕਾਰੁ । ੪ । ੨੨ ।

(ਗਉੜੀ ਸੁਖਮਨੀ ਮ: ੫)

ਸਰਬ ਧਰਮ ਮਹਿ ਸ੍ਰੇਸਟ ਧਰਮੁ ।
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ । ੮ । ੩ ।

(ਗਉੜੀ ਸੁਖਮਨੀ ਮ: ੫)

ਸਗਲ ਮਤਾਂਤ ਕੇਵਲ ਹਰਿਨਾਮ । ੭ । ੨੪ ।

(ਗਉੜੀ ਸੁਖਮਨੀ ਮ: ੫)

ਸੋ ਗਿਆਨੀ ਜਿਨਿ ਸਬਦਿ ਲਿਵ ਲਾਈ । ੫ । ੧ ।

(ਬਿਲਾਵਲੁ ਮ: ੧ ਅਸਟਪਦੀਆ)

ਨਿਰੰਕਾਰ ਨੂੰ ਨਾਮ ਦੁਆਰਾ ਹੀ ਜਾਣ ਸਕੀਦਾ ਹੈ ।

ਨਾਮ ਸੰਗਿ ਜਿਸ ਕਾ ਮਨੁ ਮਾਨਿਆ ।

---

ਜਾਤੀ ਨੁਕਤਾ ਨਿਗਾਹ ਪੁਰ ਜ਼ੋਰ ਦੇਣ । ਸਾਨੂੰ ਆਪਣੀ ਜ਼ਾਤ ਵਿਚੋਂ ਹੀ ਚਿੰਨ੍ਹ ਲੈ ਕੇ ਆਤਮਕ ਦੁਨੀਆਂ ਬਣਾਉਣੀ ਪੈਂਦੀ ਹੈ · ਠੀਕ ਉਸੇ ਤਰ੍ਹਾਂ ਜਿਕੁਰ ਗਣਿਤਵੇਤਾਂ ਦੇ ਮਾਪ ਚਿੰਨ੍ਹ ਲੈ ਕੇ ਅਸੀਂ ਸਾਇੰਸ ਦੀ ਦੁਨੀਆ ਬਣਾਦੇ ਹਾਂ । ਜੇ ਇਹ ਨਾ ਕਰੀਏ ਤਾਂ ਦੁਨੀਆ ਅਗਹ ਹੀ ਰਹਿੰਦੀ ਹੈ, ਇਕ ਉਦਾਲਾ ਪੁਦਾਲਾ ਜਿਹੜਾ ਉਚਿਆਣ ਦੇ ਖਿਣ ਵਿਚ ਧੁੰਦਲਾ ਜੇਹਾ ਅਨੁਭਵ ਹੁੰਦਾ ਹੈ ਪਰੰਤੂ ਜੀਵਨ ਦੇ ਨਿੱਤ ਧੰਧਿਆਂ ਵਿਚ ਲਗਿਆਂ ਗੁੰਮ ਜਾਂਦਾ ਹੈ । ਇਸਨੂੰ ਲਗਾਤਾਰ ਪ੍ਰਵਾਹ ਵਿਚ ਬਦਲਣ ਲਈ ਸਾਡੇ ਵਿਚ ਇਹ ਸ਼ਕਤੀ ਹੋਣੀ ਚਾਹੀਦੀ ਹੈ ਕਿ ਆਪਣੇ ਫਿਕਰਾਂ ਤੇ ਧੰਧਿਆਂ ਦੇ ਰੁਝੇਵੇਂ ਹੁੰਦਿਆਂ ਅਸੀਂ ਜਗਤ ਆਤਮਾ ਕੋਲ ਪੁਜ ਸਕੀਏ । ਇਹ ਸਮੀਪਤਾ ਉਸ ਆਤਮਾ ਦੇ ਆਤਮਾ ਨਾਲ ਸਿੱਧੇ ਸੰਬੰਧ ਦੁਆਰਾ ਲਭਣੀ ਚਾਹੀਦੀ ਹੈ ਜਿਸ ਦੁਆਰਾ ਸਾਰਾ ਸਚਾ ਧਰਮ ਪਰਗਟ ਹੁੰਦਾ ਹੈ ।

ਨਾਨਕ ਤਿਨਹਿ ਨਿਰੰਜਨੁ ਜਾਨਿਆ । ੩ । ੧੪ ।

(ਗਉੜੀ ਸੁਖਮਨੀ ਮ: ੫)

ਪੂਰਨਤਾ ਨਾਮ ਦੁਆਰਾ ਹੀ ਹਾਸਲ ਹੋਂਦੀ ਹੈ ।

ਆਠ ਪਹਰ ਪ੍ਰਭ ਬਸਹਿ ਹਜੂਰੇ । ਕਹੁ ਨਾਨਕ ਸੋਈ ਜਨੁ ਪੂਰੇ । ੭ । ੧੭ ।

(ਗਉੜੀ ਸੁਖਮਨੀ ਮ: ੫)

ਮਨੁਖ ਜਨਮ ਦੀ ਸਫਲਤਾ ਇਸੇ ਵਿਚ ਹੈ ।

ਜੋ ਜਾਨੈ ਤਿਸੁ ਸਦਾ ਸੁਖੁ ਹੋਇ । ਆਪਿ ਮਿਲਾਇ ਲਏ ਪ੍ਰਭੁ ਸੋਇ ।
ਓਹੁ ਧਨਵੰਤੁ ਕੁਲਵੰਤੁ ਪਤਿਵੰਤੁ । ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ।
ਧੰਨੁ ਧੰਨੁ ਧੰਨੁ ਜਨੁ ਆਇਆ । ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ।
ਜਨ ਆਵਨ ਕਾ ਇਹੈ ਸੁਆਉ । ਜਨ ਕੈ ਸੰਗਿ ਚਿਤਿ ਆਵੈ ਨਾਉ ।
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ।
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ । ੮ । ੨੩ ।

(ਗਉੜੀ ਸੁਖਮਨੀ ਮ: ੫)

ਆਤਮਾ ਦੀ ਖ਼ੁਰਾਕ ਨਾਮ ਹੈ ।

ਸਿਮਰਿ ਸਿਮਰਿ ਨਾਮੁ ਬਾਰੰਬਾਰ ।
ਨਾਨਕ ਜੀਅ ਕਾ ਇਹੈ ਅਧਾਰੁ । ੨ । ੨੪ ।

(ਗਉੜੀ ਸੁਖਮਨੀ ਮ: ੫)

ਜਿਨ੍ਹਾਂ ਦੇ ਅੰਦਰ ਨਾਮ ਵਸਦਾ ਹੈ ਉਹ ਸਭ ਨਾਲ ਪਿਆਰ ਕਰਦੇ ਹਨ । ਉਹ ਬੁਰਿਆਂ ਨਾਲ ਵੀ ਪਿਆਰ ਕਰਦੇ ਹਨ ।

ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ । ੧ । ੧ ।

(ਵਡਹੰਸ ਮ; ੧)

ਸਭੁ ਕੋਈ ਹੈ ਖਸਮ ਕਾ ਖਸਮਹੁ ਸਭੁ ਕੋ ਹੋਇ ।
ਹੁਕਮੁ ਪਛਾਣੈ ਖਸਮ ਕਾ ਤਾ ਸਚੁ ਪਾਵੈ ਕੋਇ ।
ਗੁਰਮੁਖਿ ਆਪੁ ਪਛਾਣੀਐ ਬੁਰਾ ਨਾ ਦੀਸੈ ਕੋਇ ।
ਨਾਨਕ ਗੁਰਮੁਖਿ ਨਾਮ ਧਿਆਈਐ ਸਹਿਲਾ ਆਇਆ ਸੋਇ । ੧ । ੧੯ ।

(ਸਲੋਕ ਮ: ੧ ਵਾਰ ਸਾਰੰਗ ਮ: ੪)

ਜੋ ਨਾਮ ਵਿਚ ਲਗ ਜਾਂਦੇ ਹਨ ਉਨ੍ਹਾਂ ਨੂੰ ਕਿਸੇ ਚੀਜ਼ ਦੀ ਪਰਵਾਹ ਨਹੀਂ ਰਹਿੰਦੀ ।

ਜਿਨਾ ਅੰਦਰਿ ਨਾਮੁ ਨਿਧਾਨੁ ਹਰਿ ਤਿਨ ਕੇ ਕਾਜ ਦਯਿ ਆਦੇ ਰਾਸਿ ।
ਤਿਨ ਚੂਕੀ ਮੁਹਤਾਜੀ ਲੋਕਨ ਕੀ ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ ।
ਜਾਂ ਕਰਤਾ ਵਲਿ ਤਾ ਸਭੁ ਕੋ ਵਲਿ ਸਭਿ ਦਰਸਨੁ ਦੇਖਿ ਕਰਹਿ ਸਾਬਾਸਿ ।
ਸਾਹੁ ਪਾਤਸਾਹੁ ਸਭੁ ਹਰਿ ਕਾ ਕੀਆ
ਸਭਿ ਜਨ ਕਉ ਆਇ ਕਰਹਿ ਰਹਰਾਸਿ । ੨ । ੧੦ ।

(ਸਲੋਕ ਮ: ੩ ਵਾਰ ਗਉੜੀ ਮ: ੪)

ਹੁਣ ਅਸੀ ਅਜੇਹੇ ਸ਼ਬਦ ਦੇਂਦੇ ਹਾਂ ਜਿਨ੍ਹਾਂ ਵਿਚ ਨਾਮ ਦਾ ਸਰੂਪ ਤੇ ਫਲ ਦੋਵੇਂ ਹੋਣਗੇ । ਨਾਲ ਹੀ ਨਾਮ ਜਪਣ ਵਾਲੇ ਦੇ ਕਰਤਵਾਂ ਦਾ ਵੀ ਜ਼ਿਕਰ ਹੋਵੇਗਾ ।

ਹਰਿ ਹਰਿ ਕਬਹੂ ਨ ਮਨਹੁ ਬਿਸਾਰੇ ।
ਈਹਾ ਊਹਾ ਸਰਬ ਸੁਖ ਦਾਤਾ ਸਗਲ ਘਟਾ ਪ੍ਰਤਿਪਾਰੇ । ੧ । ਰਹਾਉ ।
ਮਹਾ ਕਸਟ ਕਾਟੈ ਖਿਨ ਭੀਤਰਿ ਰਸਨਾ ਨਾਮੁ ਚਿਤਾਰੇ ।
ਸੀਤਲ ਸਾਂਤਿ ਸੂਖ ਹਰਿ ਸਰਣੀ ਜਲਤੀ ਅਗਨਿ ਨਿਵਾਰੇ । ੧ ।
ਗਰਭ ਕੁੰਡ ਨਰਕ ਤੇ ਰਾਖੈ ਭਵਜਲੁ ਪਾਰਿ ਉਤਾਰੇ ।
ਚਰਨ ਕਮਲ ਆਰਾਧਤ ਮਨਿ ਮਹਿ ਜਮ ਕੀ ਤ੍ਰਾਸ ਬਿਦਾਰੇ । ੨ । ੧ । ੧੩੮ ।

(ਗਉੜੀ ਪੂਰਬੀ ਮ: ੫)

ਰਸਨਾ ਜਪੀਐ ਏਕੁ ਨਾਮੁ ।
ਈਹਾ ਸੁਖੁ ਆਨੰਦੁ ਘਨਾ ਆਗੈ ਜੀਅ ਕੈ ਸੰਗਿ ਕਾਮ । ੧ । ਰਹਾਉ ।
ਕਟੀਐ ਤੇਰਾ ਅਹੰ ਰੋਗੁ । ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ । ੧ ।
ਹਰਿਰਸੁ ਜਿਨਿ ਜਨਿ ਚਾਖਿਆ । ਤਾਕੀ ਤ੍ਰਿਸਨਾ ਲਾਥੀਆ । ੨ ।
ਹਰਿ ਬਿਸ੍ਰਾਮ ਨਿਧਿ ਪਾਇਆ । ਸੋ ਬਹੁਰਿ ਨ ਕਤਹੀ ਧਾਇਆ । ੩ ।
ਹਰਿ ਹਰਿ ਨਾਮੁ ਜਾ ਕਉ ਗੁਰਿ ਦੀਆ ।
ਨਾਨਕ ਤਾ ਕਾ ਭਉ ਗਇਆ । ੪ । ੮ । ੧੪੬ ।

(ਗਉੜੀ ਮ: ੫)

ਉਠੰਦਿਆ ਬਹੰਦਿਆ ਸਵੰਦਿਆ ਸੁਖੁ ਸੋਇ ।
ਨਾਨਕ ਨਾਮਿ ਸਲਾਹਿਐ ਮਨੁ ਤਨੁ ਸੀਤਲੁ ਹੋਇ । ੧ । ੧੩ ।

(ਸਲੋਕ ਮ: ੫ ਵਾਰ ਗਉੜੀ ਮ: ੫)

ਜਾਕੈ ਸਿਮਰਣਿ ਹੋਇ ਅਨੰਦਾ ਬਿਨਸੈ ਜਨਮ ਮਰਣ ਭੈ ਦੁਖੀ ।

ਚਾਰਿ ਪਦਾਰਥ ਨਵਨਿਧਿ ਪਾਵਹਿ ਬਹੁਰਿ ਨਾ ਤ੍ਰਿਸਨਾ ਭੁਖੀ । ੧ ।
ਜਾ ਕੋ ਨਾਮੁ ਲੈਤ ਤੂ ਸੁਖੀ ।
ਸਾਸਿ ਸਾਸਿ ਧਿਆਵਹੁ ਠਾਕੁਰ ਕਉ ਮਨ ਤਨ ਜੀਅਰੇ ਮੁਖੀ । ੧ । ਰਹਾਉ ।
ਸਾਂਤਿ ਪਾਵਹਿ ਹੋਵਹਿ ਮਨ ਸੀਤਲ ਅਗਨਿ ਨ ਅੰਤਰਿ ਧੁਖੀ ।
ਗੁਰ ਨਾਨਕ ਕਉ ਪ੍ਰਭੂ ਦਿਖਾਇਆ
ਜਲਿ ਥਲਿ ਤ੍ਰਿਭਵਣਿ ਰੁਖੀ । ੨ । ੨੩੦ ।

(ਸੋਰਠਿ ਮ: ੫ ਘਰ ੨ ਦੁਪਦੇ)

ਮਾਈ ਮੇਰੇ ਮਨ ਕੋ ਸੁਖੁ ।
ਕੋਟਿ ਅਨੰਦ ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖੁ । ੧ । ਰਹਾਉ ।
ਕੋਟਿ ਜਨਮ ਕੇ ਕਿਲਬਿਖ ਨਾਸਹਿ ਸਿਮਰਤ ਪਾਵਨ ਤਨ ਮਨ ਸੁਖ ।
ਦੇਖਿ ਸਰੂਪੁ ਪੂਰਨੁ ਭਈ ਆਸਾ ਦਰਸਨੁ ਭੇਟਤ ਉਤਰੀ ਭੁਖ । ੧ ।
ਚਾਰਿ ਪਦਾਰਥ ਅਸਟ ਮਹਾ ਸਿਧਿ ਕਾਮ ਧੇਨੁ ਪਾਰਜਾਤ ਹਰਿ ਹਰਿ ਰੁਖੁ ।
ਨਾਨਕ ਸਰਨਿ ਗਹੀ ਸੁਖ ਸਾਗਰ
ਜਨਮ ਮਰਨ ਫਿਰਿ ਗਰਭ ਨ ਧੁਖੁ । ੨ । ੧੦ । ੨੯ ।

(ਟੋਡੀ ਮ: ੫ ਘਰ ੫)

ਚਰਨ ਕਮਲ ਪ੍ਰਭ ਹਿਰਦੈ ਧਿਆਏ । ਰੋਗ ਗਏ ਸਗਲੇ ਸੁਖ ਪਾਏ । ੧ ।
ਗੁਰਿ ਦੁਖੁ ਕਾਟਿਆ ਦੀਨੋ ਦਾਨੁ ।
ਸਫਲ ਜਨਮੁ ਜੀਵਨ ਪਰਵਾਨੁ । ੧ । ਰਹਾਉ ।
ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ ।
ਕਹੁ ਨਾਨਕ ਜਪਿ ਜੀਵੇ ਗਿਆਨੀ । ੨ । ੨ । ੨੦ ।

(ਬਿਲਾਵਲੁ ਮ: ੫)

ਸੁਖੁ ਨਾਹੀ ਬਹੁਤੈ ਧਨਿ ਖਾਟੇ । ਸੁਖੁ ਨਾਹੀ ਪੇਖੇ ਨਿਰਤਿ ਨਾਟੇ ।
ਸੁਖੁ ਨਾਹੀ ਬਹੁ ਦੇਸ ਕਮਾਏ । ਸਰਬ ਸੁਖਾ ਹਰਿ ਹਰਿ ਗੁਣ ਗਾਏ । ੧ ।
ਸੂਖ ਸਹਜ ਆਨੰਦ ਲਹਹੁ ।
ਸਾਧਸੰਗਤਿ ਪਾਈਐ ਵਡਭਾਗੀ
ਗੁਰਮੁਖਿ ਹਰਿ ਹਰਿ ਨਾਮੁ ਕਹਹੁ । ੧ । ਰਹਾਉ । ੨੮ । ੪੧ ।

(ਭੈਰਉ ਮ: ੫)

ਸਾਧ ਸੰਗਿ ਹਰਿ ਅੰਮ੍ਰਿਤੁ ਪੀਜੈ । ਨ ਜੀਉ ਮਰੈ ਨ ਕਬਹੂ ਛੀਜੈ । ੧ । ੬ ।

(ਵਡਹੰਸ ਮ: ੫ ਘਰ ੧)

**ਵਾਹੁ ਵਾਹੁ** ਗੁਰਸਿਖੁ ਨਿਤ ਸਭ ਕਰਹੁ ਗੁਰ ਪੂਰੇ ਵਾਹੁ ਵਾਹੁ ਭਾਵੈ ।
ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ
ਤਿਸੁ ਜਮ ਕੰਕਰੁ ਨੇੜਿ ਨ ਆਵੈ । ੨ । ੧੭ ।

(ਸਲੋਕ ਮ: ੩ ਵਾਰ ਗੂਜਰੀ ਮ: ੩)

ਨਿਧਿ ਸਿਧਿ ਨਿਰਮਲ ਨਾਮ ਬੀਚਾਰੁ ।
ਪੂਰਨ ਪੂਰਿ ਰਹਿਆ ਬਿਖੁ ਮਾਰਿ ।
[1]ਤ੍ਰਿਕੁਟੀ ਛੂਟੀ ਬਿਮਲ ਮਝਾਰਿ ।
ਗੁਰ ਕੀ ਮਤਿ ਜੀਇ ਆਈ ਕਾਰਿ । ੧ ।
ਇਨ ਬਿਧਿ ਰਾਮ ਰਮਤ ਮਨੁ ਮਾਨਿਆ ।
ਗਿਆਨ ਅੰਜਨ ਗੁਰ ਸਬਦਿ ਪਛਾਨਿਆ । ੧ । ਰਹਾਉ ।
ਇਕੁ ਸੁਖੁ ਮਾਨਿਆ ਸਹਜਿ ਮਿਲਾਇਆ ।
ਨਿਰਮਲ ਬਾਣੀ ਭਰਮੁ ਚੁਕਾਇਆ ।
ਲਾਲ ਭਏ ਸੂਹਾ ਰੰਗ ਮਾਇਆ ।
ਨਦਰਿ ਭਈ ਬਿਖੁ ਠਾਕਿ ਰਹਾਇਆ । ੨ ।
ਉਲਟ ਭਈ ਜੀਵਤ ਮਰਿ ਜਾਗਿਆ ।
ਸਬਦਿ ਰਵੇ ਮਨੁ ਹਰਿ ਸਿਉ ਲਾਗਿਆ ।
ਰਸੁ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ ।
ਭਾਇ ਬਸੇ ਜਮ ਕਾ ਭਉ ਭਾਗਿਆ । ੩ ।
ਸਾਦ ਰਹੇ ਬਾਦੰ ਅਹੰਕਾਰਾ । ਚਿਤੁ ਹਰਿ ਸਿਉ ਰਾਤਾ ਹੁਕਮਿ ਅਪਾਰਾ ।
ਜਾਤਿ ਰਹੇ ਪਤਿ ਕੇ ਆਚਾਰਾ । ਦ੍ਰਿਸਟਿ ਭਈ ਸੁਖੁ ਆਤਮ ਧਾਰਾ । ੪ ।

... ... ... ... ... ... ...

ਗਰਬ ਗਤੰ ਸੁਖ ਆਤਮ ਧਿਆਨਾ ।
ਜੋਤਿ ਭਈ ਜੋਤੀ ਮਾਹਿ ਸਮਾਨਾ । ੭ ।
ਨਹ ਪੰਡਿਤੁ ਨਹ ਚਤੁਰੁ ਸਿਆਨਾ । ਨਹ ਭੂਲੋ ਨਹ ਭਰਮਿ ਭੁਲਾਨਾ ।
ਕਥਉ ਨ ਕਥਨੀ ਹੁਕਮੁ ਪਛਾਨਾ ।
ਨਾਨਕ ਗੁਰਮਤਿ ਸਹਜਿ ਸਮਾਨਾ । ੮ ।

(ਗਉੜੀ ਗੁਆਰੇਰੀ ਮ: ੧)

---

[1]ਤ੍ਰਿਕੁਟੀ—ਗਿਆਤਾ, ਗਿਆਨ । ਗੇਯ ਦਾ ਭੇਦ, ਬਿਮਲ (ਨਿਰਮਲ ਨਾਮ) ਵਿਚ ਦੂਰ ਹੋਇਆ ।

ਕਰਿ ਕਿਰਪਾ ਦੀਓ ਮੋਹਿ ਨਾਮਾ ਬੰਧਨ ਤੇ ਛੁਟਕਾਏ ।
ਮਨ ਤੇ ਬਿਸਰਿਓ ਸਗਲੋ ਧੰਧਾ ਗੁਰ ਕੀ ਚਰਣੀ ਲਾਏ ।
ਸਾਧ ਸੰਗਿ ਚਿੰਤ ਬਿਰਾਨੀ ਛਾਡੀ ।
ਅਹੰਬੁਧਿ ਮੋਹ ਮਨ ਬਾਸਨ ਦੇ ਕਰਿ ਗਡਹਾ ਗਾਡੀ । ੧ । ਰਹਾਉ ।
ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸਕੇ ਬੈਰਾਈ ।
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ । ੨ ।
ਸਭੁ ਕੋ ਮੀਤੁ ਹਮੁ ਆਪਨ ਕੀਨਾ ਹਮ ਸਭਨਾ ਕੇ ਸਾਜਨ ।
ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ । ੩ ।
ਬਿਨਸਿਓ ਢੀਠਾ ਅੰਮ੍ਰਿਤੁ ਵੂਠਾ ਸਬਦ ਲਗੋ ਗੁਰ ਮੀਠਾ ।
ਜਲਿ ਥਲਿ ਮਹੀਅਲਿ ਸਰਬ ਨਿਵਾਸੀ ਨਾਨਕ ਰਮਈਆ ਡੀਠਾ । ੪ । ੩ ।

(ਧਨਾਸਰੀ ਮ: ੫)

ਤ੍ਰਿਸਨ ਬੁਝੀ ਮਮਤਾ ਗਈ ਨਾਠੇ ਭੈ ਭਰਮਾ ।
ਥਿਤਿ ਪਾਈ ਆਨਦੁ ਭਇਆ ਗੁਰਿ ਕੀਨੇ ਧਰਮਾ । ੧ ।
ਗੁਰੁ ਪੂਰਾ ਆਰਾਧਿਆ ਬਿਨਸੀ ਮੇਰੀ ਪੀਰ ।
ਤਨੁ ਮਨੁ ਸਭੁ ਸੀਤਲ ਭਇਆ ਪਾਇਆ ਸੁਖੁ ਬੀਰ । ੧ । ਰਹਾਉ ।
ਸੋਵਤ ਹਰਿ ਜਪਿ ਜਾਗਿਆ ਪੇਖਿਆ ਬਿਸਮਾਦੁ ।
ਪੀ ਅੰਮ੍ਰਿਤੁ ਤ੍ਰਿਪਤਾਸਿਆ ਤਾ ਕਾ ਅਚਰਜ ਸੁਆਦੁ । ੨ ।
ਆਪਿ ਮੁਕਤੁ ਸੰਗੀ ਤਰੇ ਕੁਲ ਕੁਟੰਬ ਉਧਾਰੇ ।
ਸਫਲ ਸੇਵਾ ਗੁਰਦੇਵ ਕੀ ਨਿਰਮਲ ਦਰਬਾਰੇ । ੩ ।
ਨੀਚੁ ਅਨਾਥੁ ਅਜਾਨੁ ਮੈ ਨਿਰਗੁਨੁ ਗੁਣਹੀਨੁ ।
ਨਾਨਕ ਕਉ ਕਿਰਪਾ ਭਈ ਦਾਸੁ ਅਪਨਾ ਕੀਨੁ । ੪ । ੨੫ । ੫੫ ।

(ਬਿਲਾਵਲੁ ਮ: ੫)

ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ ।
ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ । ੧ ।
ਚਰਨ ਕਮਲ ਗੁਰ ਕੇ ਜਪਤ ਹਰਿ ਜਪਿ ਹਉ ਜੀਵਾ ।
ਪਾਰਬ੍ਰਹਮੁ ਆਰਾਧਤੇ ਮੁਖਿ ਅੰਮ੍ਰਿਤੁ ਪੀਵਾ । ੧ । ਰਹਾਉ ।
ਜੀਅ ਜੰਤ ਸਭਿ ਸੁਖਿ ਬਸੇ ਸਭ ਕੈ ਮਨਿ ਲੋਚ ।
ਪਰਉਪਕਾਰ ਨਿਤ ਚਿਤਵਤੇ ਨਾਹੀ ਕਛੁ ਪੋਚ । ੧ ।
ਧੰਨੁ ਸੁ ਥਾਨੁ ਬਸੰਤ ਧੰਨੁ ਜਹ ਜਪੀਐ ਨਾਮੁ ।
ਕਥਾ ਕੀਰਤਨੁ ਹਰਿ ਅਤਿ ਘਨਾ ਸੁਖ ਸਹਜ ਬਿਸ੍ਰਾਮੁ । ੩ ।

ਮਨ ਤੇ ਕਦੇ ਨ ਵੀਸਰੈ ਅਨਾਥ ਕੋ ਨਾਥ ।
ਨਾਨਕ ਪ੍ਰਭ ਸਰਣਾਗਤੀ ਜਾ ਕੈ ਸਭੁ ਕਿਛੁ ਹਾਥ । ੪ । ੨੯ । ੫੯ ।

(ਬਿਲਾਵਲੁ ਮ: ੫)

ਤਾਤੀ ਵਾਉ ਨਾ ਲਗਈ ਪਾਰਬ੍ਰਹਮ ਸਰਣਾਈ ।
ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ । ੧ । ੧੫ । ੭੯ ।

(ਬਿਲਾਵਲੁ ਮ: ੫)

ਗੋਬਿੰਦ ਗੋਬਿੰਦ ਗੋਬਿੰਦ ਮਈ ।
ਜਬ ਤੇ ਭੇਟੇ ਸਾਧ ਦਇਆਰਾ ਤਬਤੇ ਦੁਰਮਤਿ ਦੂਰਿ ਭਈ । ੧ । ਰਹਾਉ ।
ਪੂਰਨ ਪੂਰਿ ਰਹਿਓ ਸੰਪੂਰਨ ਸੀਤਲ ਸਾਂਤਿ ਦਇਆਲ ਦਈ ।
ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ ਤਨ ਤੇ ਹੋਏ ਸਗਲ ਖਈ । ੧ ।
ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹ ਮੰਤੁ ਲਈ ।
ਕਹੁ ਨਾਨਕ ਜਿਨਿ ਮਨਹੁ ਪਛਾਨਿਆ ।
ਤਿਨ ਕਉ ਸਗਲੀ ਸੋਝ ਪਈ । ੨ । ੪ । ੯੦ ।

(ਬਿਲਾਵਲੁ ਮ: ੫)

ਕਹੁ ਨਾਨਕ ਜਿਨਿ ਠਾਕੁਰੁ ਪਾਇਆ ।
ਸਭੁ ਕਿਛੁ ਤਿਸਕੇ ਗ੍ਰਿਹ ਮਹਿ ਆਇਆ । ੪ । ੨ । ੧੭ ।

(ਟੋਡੀ ਮ: ੫ ਘਰ ੨)

ਐਸੀ ਕਿਰਪਾ ਮੋਹਿ ਕਰਹੁ ।
ਸੰਤਹ ਚਰਨ ਹਮਾਰੋ ਮਾਥਾ ਨੈਨ ਦਰਸੁ ਤਨਿ ਧੂਰਿ ਪਰਹੁ । ੧ । ਰਹਾਉ ।
ਗੁਰ ਕੋ ਸਬਦੁ ਮੇਰੈ ਹੀਅਰੈ ਬਾਸੈ ਹਰਿਨਾਮਾ ਮਨ ਸੰਗਿ ਧਰਹੁ ।
ਤਸਕਰ ਪੰਚ ਨਿਵਾਰਹੁ ਠਾਕੁਰ ਸਗਲੋ ਭਰਮਾ ਹੋਮਿ ਜਰਹੁ । ੧ ।
ਜੋ ਤੁਮ੍ਹ ਕਰਹੁ ਸੋਈ ਭਲ ਮਾਨੈ ਭਾਵਨ ਦੁਬਿਧਾ ਦੂਰਿ ਟਰਹੁ ।
ਨਾਨਕ ਕੇ ਪ੍ਰਭ ਤੁਮ ਹੀ ਦਾਤੇ ਸੰਤ ਸੰਗਿ ਲੇ ਮੋਹਿ ਉਧਰਹੁ । ੨ । ੩ । ੧੧੯ ।

(ਬਿਲਾਵਲੁ ਮ: ੫)

ਕੋਟਿ ਜਨਮ ਕੇ ਬਿਨਸੇ ਪਾਪ । ਹਰਿ ਹਰਿ ਜਪਤ ਨਾਹੀ ਸੰਤਾਪ ।
ਗੁਰ ਕੇ ਚਰਨ ਕਮਲ ਮਨਿ ਵਸੇ । ਮਹਾ ਬਿਕਾਰ ਤਨ ਤੇ ਸਭਿ ਨਸੇ । ੧ ।
ਗੋਪਾਲ ਕੋ ਜਸੁ ਗਾਉ ਪ੍ਰਾਣੀ ।
ਅਕਥ ਕਥਾ ਸਾਚੀ ਪ੍ਰਭ ਪੂਰਨ ਜੋਤੀ ਜੋਤਿ ਸਮਾਣੀ । ੧ । ਰਹਾਉ ।

ਤ੍ਰਿਸਨਾ ਭੂਖ ਸਭ ਨਾਸੀ । ਸੰਤ ਪ੍ਰਸਾਦਿ ਜਪਿਆ ਅਬਿਨਾਸੀ ।
ਰੈਨਿ ਦਿਨਸੁ ਪ੍ਰਭ ਸੇਵ ਕਮਾਨੀ ।
ਹਰਿ ਮਿਲਣੈ ਕੀ ਏਹ ਨੀਸਾਨੀ । ੨ । ੩੫ । ੪੬ ।

(ਰਾਮਕਲੀ ਮ: ੫)

ਮਾਈ ਮੈ ਧਨੁ ਪਾਇਓ ਹਰਿ ਨਾਮੁ ।
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ । ੧ । ਰਹਾਉ ।
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ।
ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ । ੧ ।
ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ।
ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ । ੨ ।
ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ।
ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ । ੩ । ੩ ।

(ਬਸੰਤ ਹਿੰਡੋਲ ਮ: ੯)

ਮੁਕਦੀ ਗੱਲ ਇਹ ਕਿ ਨਾਮ ਮਨ ਵਿਚ ਵਸਾਣ ਵਾਲਾ ਨਿਰੰਕਾਰ ਦਾ ਰੂਪ ਹੋ ਜਾਂਦਾ ਹੈ।

ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ।
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ । ੨੯ ।

(ਸਲੋਕ ਮ: ੯)

ਕਈਂ ਵਾਰੀ ਇਹ ਸੰਸਾ ਫੁਰ ਪੈਂਦਾ ਹੈ ਕਿ ਕਿਹੜਾ ਨਾਮ ਜਪੀਏ । ਸਤਿਗੁਰਾਂ ਸੰਗਿਆ ਰੂਪ ਵਿਚ ਕਈ ਨਾਮ ਨਿਰੰਕਾਰ ਦੇ ਲਖਾਇਕ ਵਰਤੇ ਹਨ ।

ਕਾਰਣ ਕਰਣ ਕਰੀਮ । ਸਰਬ ਪ੍ਰਤਿਪਾਲ ਰਹੀਮ ।
ਅਲਹ ਅਲਖ ਅਪਾਰ । ਖੁਦਿ ਖੁਦਾਇ ਵਡ ਬੇਸੁਮਾਰ । ੧ ।
ਓੁਂਨਮੋ ਭਗਵੰਤ ਗੁਸਾਈ ।
ਖਾਲਕੁ ਰਵਿ ਰਹਿਆ ਸਰਬ ਠਾਈ । ੧ । ਰਹਾਉ ।
ਜਗੰਨਨਾਥ ਜਗ ਜੀਵਨ ਮਾਧੋ । ਭਉ ਭੰਜਨ ਰਿਦ ਮਾਹਿ ਅਰਾਧੋ ।
ਰਿਖੀਕੇਸ ਗੋਪਾਲ ਗੋਵਿੰਦ । ਪੂਰਨ ਸਰਬਤ੍ਰ ਮੁਕੰਦ । ੨ ।
ਮਿਹਰਵਾਨ ਮਉਲਾ ਤੂਹੀ ਏਕ । ਪੀਰ ਪੈਕਾਂਬਰ ਸੇਖ ।
ਦਿਲਾ ਕਾ ਮਾਲਕੁ ਕਰੇ ਹਾਕੁ । ਕੁਰਾਨ ਕਤੇਬ ਤੇ ਪਾਕੁ । ੩ ।
ਨਾਰਾਇਣ ਨਰਹਰ ਦਇਆਲ । ਰਮਤ ਰਾਮ ਘਟ ਘਟ ਆਧਾਰ ।
ਬਾਸੁਦੇਵ ਬਸਤ ਸਭ ਠਾਇ । ਲੀਲਾ ਕਿਛੁ ਲਖੀ ਨ ਜਾਇ । ੪ ।

ਮਿਹਰ ਦਇਆ ਕਰਿ ਕਰਨੈਹਾਰ। ਭਗਤਿ ਬੰਦਗੀ ਦੇਹਿ ਸਿਰਜਣਹਾਰ।
ਕਹੁ ਨਾਨਕ ਗੁਰਿ ਖੋਏ ਭਰਮ। ਏਕੋ ਅਲਹੁ ਪਾਰਬ੍ਰਹਮ। ੫। ੩੪। ੪੫।

(ਰਾਮਕਲੀ ਮ: ੫)

ਪਰੰਤੂ ਜੋ ਨਾਮ ਸਿਖ ਸੰਗਤਾਂ ਵਿਚ ਪ੍ਰਚਲਿਤ ਹੈ ਤੇ ਭਾਈ ਗੁਰਦਾਸ ਆਦਿ ਸਿਖਾਂ ਨੇ ਜਿਸ ਦਾ ਅਭਿਆਸ ਕਰਨਾ ਲਿਖਿਆ ਹੈ ਉਹ 'ਵਾਹਿਗੁਰੂ' ਹੈ। ਦਸਮ ਪਾਤਸ਼ਾਹ ਜੀ ਨੇ ਇਸੇ ਨਾਮ ਨੂੰ ਲੈ ਕੇ "ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹ" ਬੁਲਾਵਣ ਦਾ ਹੁਕਮ ਦਿੱਤਾ।

—0—

# ਅਨਹਤ ਸ਼ਬਦ

ਜਿਨ੍ਹਾਂ ਪਾਠਕਾਂ ਉਪਰ ਲਿਖੀ ਵਿਚਾਰ ਨੂੰ ਗਹੁ ਨਾਲ ਪੜ੍ਹਿਆ ਹੈ, ਉਨ੍ਹਾਂ ਨੂੰ ਸਤਿਗੁਰ ਦੇ ਮਾਰਗ ਨਾਮ ਸਿਮਰਨ ਦੁਆਰਾ ਨਿਰੰਕਾਰ ਨਾਲ ਲਿਵ ਜੋੜਨ ਤੇ ਜੋਗੀਆਂ ਦੇ ਦਸੇ ਧਿਆਨ ਮਾਰਗ ਦੁਆਰਾ ਆਪਣੇ ਸਰੂਪ ਵਿਚ ਸਮਾਧੀ ਦੀ ਰਾਹੀਂ ਇਸਥਿਤ ਹੋਣ ਦਾ ਫਰਕ ਮਲੂਮ ਹੋ ਗਇਆ ਹੋਵੇਗਾ। ਪਰ ਵਿਸ਼ਾ ਅਜੇਹਾ ਹੈ ਜਿਸ ਵਿਚ ਭੁਲੇਖਾ ਪੈਣ ਦਾ ਬਹੁਤ ਡਰ ਹੈ। ਇਸ ਲਈ ਅਸੀਂ ਇਸ ਪੁਰ ਹੁਣ ਵਿਚਾਰ ਵਿਸਥਾਰ ਨਾਲ ਕਰਦੇ ਹਾਂ।

ਪਾਤੰਜਲ ਜੀ ਨੇ ਯੋਗ ਦਾ ਪ੍ਰਯੋਜਨ ਚਿਤ ਦੀਆਂ ਬ੍ਰਿਤੀਆਂ ਨੂੰ ਰੋਕਣਾ ਲਿਖਿਆ ਹੈ। ਯੋਗ ਦੇ ਅੱਠ ਅੰਗ ਹਨ, ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤਯਾਹਾਰ, ਧਾਰਨਾ, ਧਿਆਨ ਤੇ ਸਮਾਧੀ। ਯਮ ਤੇ ਨਿਯਮ ਇਹ ਸਦਾਚਾਰਕ ਸਹਾਇਤਾ ਯੋਗ ਦੇ ਰਾਹ ਵਿਚ ਜਾਣੋ। ਆਸਨ ਤੇ ਪ੍ਰਾਣਾਯਮ ਇਹ ਸਰੀਰਕ ਸਹਾਇਤਾ ਮਨ ਦੇ ਟਿਕਾ ਲਈ ਸਮਝੋ। ਸੁਰਤ ਨੂੰ ਟਿਕਾਣ ਦਾ ਅਸਲੀ ਕੰਮ ਸਿੱਧਾ ਪ੍ਰਤਯਾਹਾਰ ਤੋਂ ਅਰੰਭ ਹੋਂਦਾ ਹੈ। ਸਮਾਧੀ ਦਾ ਰੂਪ ਦਸਦੇ ਹੋਏ ਆਪ ਨੇ ਕਹਿਆ ਹੈ 'ਉਦੋਂ ਦ੍ਰਿਸ਼ਟਾ (ਪੁਰਸ਼) ਆਪਣੇ ਸਰੂਪ ਵਿਚ ਇਸਥਿਤ ਹੋਂਦਾ ਹੈ, (ਪਾਤੰਜਲ, ਯੋਗ ਸੂਤ੍ਰ ਅਧਯਾਯ ੧ ਸੂਤ੍ਰ ੩)। ਪਾਤੰਜਲ ਜੀ ਇਸੇ ਅਧਯਾਯ ਦੇ ੩੨ ਤੋਂ ੩੩ ਸੂਤ੍ਰਾਂ ਤੀਕ ਈਸ਼ਵਰ ਭਗਤੀ ਨੂੰ ਵੀ ਸਮਾਧੀ ਦਾ ਇਕ ਜ਼ਰੀਆ ਦਸਦੇ ਹਨ ਅਤੇ ਓਮ ਦੇ ਜਾਪ ਤੇ ਅਰਥ ਪੁਰ ਚਿਤ ਟਿਕਾਣ ਦੀ ਰਾਹੀਂ ਸਮਾਧੀ ਦੀ ਪ੍ਰਾਪਤੀ ਕਥਨ ਕਰਦੇ ਹਨ[1]। ਪ੍ਰਾਣਾਯਾਮ ਵੀ ਉਨ੍ਹਾਂ ਦੇ ਕਥਨ

---

[1]ਪਾਤੰਜਲ ਜੀ ਅਨੁਸਾਰ ਈਸ਼ਵਰ ਭਗਤੀ ਤੇ ਓਮ ਦਾ ਜਾਪ ਚਿਤ ਬ੍ਰਿਤੀਆਂ ਨੂੰ ਇਕਾਗਰ ਕਰਨ ਦਾ ਵਸੀਲਾ ਹੈ। ਗੁਰਮੱਤ ਅਨੁਸਾਰ ਕੇਵਲ ਨਾਮ ਦਾ ਜਾਪ ਹੀ ਅੰਤਲੀ ਮਨਜ਼ਲ ਤੀਕ ਅਪੜਾਂਦਾ ਹੈ : ਦੋਹਾਂ ਵਿਚ ਭੇਦ ਇਹ ਹੈ ਕਿ ਜੋਗੀ ਨਾਮ ਦੇ ਜਾਪ ਨੂੰ ਸਮਾਧੀ ਵਿਚ ਪੁਜਣ ਅਰਥਾਤ ਆਪਣੇ ਸਰੂਪ ਵਿਚ ਇਸਥਿਤ ਹੋਣ ਲਈ ਇਕ ਵਸੀਲਾ ਬਣਾਂਦਾ ਹੈ। ਸਿਖ ਨਾਮ ਦੇ ਜਾਪ ਦੀ ਰਾਹੀਂ ਨਿਰੰਕਾਰ ਵਿਚ ਅਤੁਟ ਲਿਵ ਪ੍ਰਾਪਤ ਕਰਦਾ ਹੈ ਤੇ ਅੰਤ ਆਪਣੇ ਸਰੂਪ ਵਿਚ ਨਾਂਹ ਸਗੋਂ ਨਿਰੰਕਾਰ ਵਿਚ ਲੀਨ ਹੋਂਦਾ ਹੈ।

ਅਨੁਸਾਰ ਇਕ ਰਾਹ ਚਿਤ ਦੀਆਂ ਬ੍ਰਿਤੀਆਂ ਨੂੰ ਰੋਕਣ ਦਾ ਹੈ। "ਜਦੋਂ ਇੰਦ੍ਰੇ ਆਪਣੇ ਆਪਣੇ ਵਿਸ਼ਿਆਂ ਨੂੰ ਛਡ ਕੇ ਮੁੜ ਕੇ ਅੰਦਰ ਚਿਤ ਵਿਚ ਹੀ ਲੀਨ ਹੋ ਜਾਂਦੇ ਹਨ ਇਹਦਾ ਨਾਮ ਪ੍ਰਤਯਾਹਰ ਹੈ" (ਪਾਤੰਜਲ ਯੋਗ ਸੂਤ੍ਰ ਅਧਯਾਯ ੨, ਸੂਤ੍ਰ ੫੪) "ਕਿਸੇ ਖਾਸ ਦੇਸ ਪੁਰ ਚਿੱਤ ਨੂੰ ਬੰਨ੍ਹ ਦੇਣਾ ਧਾਰਨਾ ਹੈ" "ਜਦੋਂ ਇਕੋ ਖਿਆਲ ਦਾ ਪਰਵਾਹ ਚਲਦਾ ਰਹੇ ਉਸਨੂੰ ਧਿਆਨ ਕਹਿੰਦੇ ਹਨ" "ਜਦੋਂ ਉਹ ਧਿਆਨ ਸਿਰਫ 'ਅਰਥ' (ਵਸਤੂ) ਨੂੰ ਪ੍ਰਕਾਸ਼ਦਾ ਹੈ, ਮਾਨੋ ਆਪਣੇ ਰੂਪ ਤੋਂ ਸੂਨ ਹੋ ਜਾਂਦਾ ਹੈ ਉਸ ਨੂੰ ਸਮਾਧੀ ਕਹਿੰਦੇ ਹਨ।" ਅਸਮਪ੍ਰਗਿਆਤ ਸਮਾਧੀ ਵਿਚ ਪੁਰਸ਼ ਆਪਣੇ ਸਰੂਪ ਵਿਚ ਇਸਥਿਤ ਹੋ ਜਾਂਦਾ ਹੈ ਅਤੇ ਪ੍ਰਕ੍ਰਿਤੀ ਦੀ ਖੇਡ ਉਹਦੇ ਲਈ ਮੁਕ ਜਾਂਦੀ ਹੈ।

ਹਠ ਯੋਗੀਆਂ ਨੇ ਪ੍ਰਾਣਾਯਾਮ ਨੂੰ ਹੀ ਸਮਾਧੀ ਦਾ ਜ਼ਰੀਆ ਬਣਾਣ ਪੁਰ ਜ਼ੋਰ ਦਿਤਾ। ਪ੍ਰਾਣਾਂ ਨੂੰ ਇੰਦ੍ਰੀਆਂ ਨਾਲੋਂ ਅੱਡ ਕਰ ਦਿਓ ਤਾਂ ਇਹ ਵਿਸ਼ਿਆਂ ਵਲ ਜਾ ਨਹੀਂ ਸਕਣਗੀਆਂ, ਕਿਉਂਕਿ ਜਾਣ ਦੀ ਤਾਕਤ ਹੀ ਇਨ੍ਹਾਂ ਵਿਚ ਨਹੀਂ ਰਹੇਗੀ। ਪਰ ਮਨ ਵਿਚ ਲਹਿਰਾਂ ਨਿਰਾ ਬਾਹਰ ਦੀਆਂ ਠੋਕਰਾਂ ਨਾਲ ਹੀ ਨਹੀਂ ਉਠਦੀਆਂ। ਸਿਮਰਤੀ (ਚੇਤਾ, ਯਾਦ) ਆਦਿ ਅੰਦਰੋ ਅੰਦਰ ਲਹਿਰਾਂ ਪੈਦਾ ਕਰ ਦੇਂਦੇ ਹਨ। ਉਨ੍ਹਾਂ ਲਹਿਰਾਂ ਨੂੰ ਰੋਕਣ ਲਈ ਸਰੀਰ ਦੇ ਅੰਦਰ ਦੀਆਂ ਅਵਾਜ਼ਾਂ ਪੁਰ ਚਿਤ ਨੂੰ ਟਿਕਾਣ ਦਾ ਰਾਹ ਹਠ ਯੋਗੀਆਂ ਪ੍ਰਚਾਰ ਕੀਤਾ। ਇੰਦ੍ਰੀਆਂ ਨੂੰ ਬੇ ਹਿਸ ਤਾਂ ਉਹ ਕਰ ਚੁਕੇ ਸਨ। ਜਿਥੇ ਪਾਤੰਜਲ ਵਾਲੇ ਜੋਗੀ ਕਿਸੇ ਮਨ ਭਾਉਂਦੀ ਅੰਦਰ ਜਾਂ ਬਾਹਰ ਦੀ ਚੀਜ਼ ਤੇ ਚਿਤ ਨੂੰ ਟਿਕਾਂਦੇ ਸਨ ਉਥੇ ਇਨ੍ਹਾਂ, ਜਿਨ੍ਹਾਂ ਬਾਹਰ ਦੀਆਂ ਚੀਜ਼ਾਂ ਦਾ ਗਿਆਨ ਇੰਦ੍ਰੀਆਂ ਨੂੰ ਪ੍ਰਾਣ ਚੜ੍ਹਾ ਕੇ ਬੇਹਿਸ ਕਰਕੇ ਰੋਕ ਦਿਤਾ ਸੀ' ਨਾਦ ਲਯ ਦਾ ਤ੍ਰੀਕਾ ਮਨ ਦੀਆਂ ਬ੍ਰਿਤੀਆਂ ਨੂੰ ਰੋਕਣ ਦਾ ਕਢਿਆ। ਇਸ ਵਿਸ਼ੇ ਤੇ ਵਧੀਕ ਚਾਨਣਾ ਪਾਣ ਲਈ ਅਸੀਂ ਹਠ ਯੋਗ ਪ੍ਰਦੀਪਕਾ ਵਿਚੋਂ ਹੇਠ ਲਿਖੀ ਵਿਚਾਰ ਨਕਲ ਕਰਦੇ ਹਾਂ।

"ਹੁਣ ਅਸੀਂ ਗੋਰਖ ਨਾਥ ਜੀ ਦੀ ਕਥਨ ਕੀਤੀ ਨਾਦ ਉਪਾਸਨਾਂ ਦਾ ਜ਼ਿਕਰ ਕਰਦੇ ਹਾਂ ਤੇ ਇਹਦੇ ਉਤੇ ਜੋ ਤੱਤ ਨੂੰ ਨਹੀਂ ਬੁਝ ਸਕੇ ਤੇ ਮੂਰਖ ਹਨ ਉਨ੍ਹਾਂ ਦੀ ਵੀ ਸਮਤੀ ਹੈ। ਸ੍ਰੀ ਆਦਿ ਨਾਥ (ਸ਼ਿਵ ਜੀ) ਦੇ ਕਥਨ ਕੀਤੇ ਕਰੋੜਾਂ ਹੀ ਤ੍ਰੀਕੇ ਲਯ ਦੇ ਹਨ। ਪਰੰਤੂ ਮੈਂ ਉਨ੍ਹਾਂ ਵਿਚੋਂ ਨਾਦ ਲਯ ਦੇ ਤ੍ਰੀਕੇ ਨੂੰ ਹੀ ਮੁਖ ਮੰਨਦਾ ਹਾਂ। ਯੋਗੀ ਮੁਕਤਾਸਨ[1] ਲਗਾ ਕੇ ਸਾਂਭਵੀ[2] ਮੁਦ੍ਰਾ ਧਾਰਨ ਕਰੇ ਤੇ ਫਿਰ ਇਕਾਗਰ ਚਿਤ ਹੋ ਕੇ ਅੰਦਰ ਦੀਆਂ ਅਵਾਜ਼ਾਂ ਸੁਣੇ! ਇਹ ਸਜੇ ਕੰਨ ਕੋਲ ਸੁਣੀਣਗੀਆਂ। ਕੰਨ, ਨੱਕ, ਮੂੰਹ, ਅੱਖਾਂ ਬੰਦ ਕਰ ਲਵੇ ਫਿਰ ਸੁਖਮਨਾ ਵਿਚ, ਜਿਹੜੀ ਪ੍ਰਾਣਾਯਾਮ ਦੁਆਰਾ ਮਲ ਰਹਿਤ ਕੀਤੀ ਗਈ ਹੈ, ਸਾਫ ਅਵਾਜ਼ਾਂ ਸੁਣਾਈ ਦੇਣਗੀਆਂ। ਸਾਰੀਆਂ ਯੋਗ ਦੀਆਂ ਕਿਰਿਆਂ ਵਾਂਗ

[1]ਇਕ ਅੱਡੀ ਨਾਲ ਸੀਉਣ ਨੂੰ ਦਬਾਓ ਤੇ ਦੂਜੀ ਇੰਦ੍ਰੀ ਦੀ ਜੜ੍ਹ ਪੁਰ ਰਖੋ। ਠੋਡੀ ਛਾਤੀ ਪੁਰ ਪੱਕੀ ਤਰਹ ਰਖੋ। ਇੰਦ੍ਰੀਆਂ ਨੂੰ ਰੋਕ ਕੇ ਸਿੱਰੇ ਭੌਠੋਂ ਤੇ ਭਰਵਟਿਆਂ ਦੇ ਵਿਚਕਾਰ ਧਿਆਨ ਜਮਾਓ। ਇਹ ਮੁਕਤਾਸਨ ਹੈ। ਕਈ ਐਉਂ ਕਹਿੰਦੇ ਹਨ, ਸੱਜੀ ਖੁਰੀ ਇੰਦ੍ਰੀ ਦੀ ਜੜ ਪੁਰ ਰਖੋ ਤੇ ਖੱਬੀ ਸੱਜੀ ਦੇ ਉਪਰ। ਇਹ ਸਿੱਧ ਆਸਨ ਜਾ ਮੁਕਤਾਸਨ ਹੈ ਇਸ ਨੂੰ ਬੱਜਰ ਆਸਨ ਤੇ ਗੁਪਤ ਆਸਨ ਵੀ ਕਹਿੰਦੇ ਹਨ।

[2]ਮਨ ਨੂੰ ਕਿਸੇ ਅੰਦਰੂਲੇ ਚਕਰ ਤੇ ਜਮਾਓ ਤੇ ਅੱਖਾਂ ਬਿਨਾਂ ਝਮਕੇ ਕਿਸੇ ਬਾਹਰਲੀ ਵਸਤ ਤੇ ਟਿਕਾਓ। ਇਹ ਸਾਂਭਵੀ ਮੁਦ੍ਰਾ ਹੈ।

ਇਹਦੀਆਂ ਵੀ ਚਾਰ ਅਵਸਥਾ ਹਨ। ਅਰੰਭ, ਘਟ, ਪਰਿਚਯ ਤੇ ਨਿਸ਼ਪਤੀ। ਪਹਿਲੀ ਅਵਸਥਾ ਉਦੋਂ ਹੈ ਜਦੋਂ ਪ੍ਰਾਣਾਯਾਮ ਦੁਆਰਾ (ਅਨਹਤ ਚਕ੍ਰ ਵਿਚ ਦੀ) ਬ੍ਰਹਮ ਗਰੰਥੀ ਵਿੰਨ੍ਹੀ ਜਾਂਦੀ ਹੈ ਤਾਂ ਹਿਦੇ ਅਕਾਸ਼ ਵਿਚ ਗਹਿਣਿਆਂ ਦੀ ਛਣਕਾਰ ਵਾਂਗ ਅਨੰਦਦਾਇਕ ਧੁਨੀ ਸੁਣਾਈ ਦੇਂਦੀ ਹੈ। ਜਦੋਂ ਰਿਦੇ ਅਕਾਸ਼ ਵਿਚ ਨਾਦ ਦਾ ਅਰੰਭ ਹੋਂਦਾ ਹੈ ਤਦੋਂ ਯੋਗੀ ਦਿਵ ਦੇਹੀ ਵਾਲਾ ਤੇਜਸਵੀ, ਉਤਮ ਸੁਗੰਧ ਵਾਲਾ, ਅਰੋਗ ਦੇਹੀ ਤੇ ਅਨੰਦ ਪੂਰਤ ਹਿਰਦੇ ਵਾਲਾ ਹੋ ਜਾਂਦਾ ਹੈ। ਘਟ ਅਵਸਥਾ ਭਾਵ ਦੂਜੀ ਅਵਸਥਾ ਵਿਚ ਜਦੋਂ ਸਵਾਸ ਮੱਧ ਚਕ੍ਰ (ਇਹ ਚਕ੍ਰ ਕੰਠ ਵਿਚ ਹੈ) ਵਿਚ ਜਾਂਦੇ ਹਨ ਤਾਂ ਜੋਗੀ ਦ੍ਰਿੜਾਸਨ ਤੇ ਦੇਵਤਿਆਂ ਦੇ ਗਿਆਨ ਵਾਲਾ ਹੋ ਜਾਂਦਾ ਹੈ। ਵਿਸ਼ਨੂੰ ਗਰੰਥੀ ਨੂੰ ਵਿਨ੍ਹ ਲੈਣਾ ਪਰਮਾਨੰਦ ਦਾ ਸੂਚਕ ਹੈ। ਫਿਰ ਅਤੀ ਸ਼ੂਨਯ ਵਿਚ (ਇਹ ਕੰਠ ਦੇ ਵਿਚ ਦੇ ਪਲਾੜ ਦਾ ਨਾਮ ਹੈ) ਭੇਰੀ ਵਰਗਾ ਸ਼ਬਦ ਸੁਣਾਈ ਦੇਂਦਾ ਹੈ। ਤੀਜੀ ਅਵਸਥਾ ਵਿਚ ਪੁਜੇ ਹੋਏ ਨੂੰ ਮਰਦਲ (ਇਕ ਪਰਕਾਰ ਦੀ ਢੋਲਕ) ਦੀ ਧੁਨੀ ਸੁਣਾਈ ਦੇਂਦੀ ਹੈ। ਪ੍ਰਾਨ ਮਹਾ ਸ਼ੂਨਯ (ਭਰਵਟਿਆਂ ਦੇ ਵਿਚ ਦੇ ਪੁਲਾੜ) ਵਿਚ ਜੋ ਸਾਰੀਆ ਸਿੱਧੀਆਂ ਦਾ ਅਸਥਾਨ ਹੈ ਚਲੇ ਜਾਂਦੇ ਹਨ। (ਨਾਦ ਦੇ ਸੁਣਨ ਤੋਂ ਜੋ) ਚਿਤਾਨੰਦ ਪੈਦਾ ਹੋਇਆ ਹੈ ਉਹਨੂੰ ਜਿਤ ਕੇ ਉਹ ਸਹਜ ਅਨੰਦ ਨੂੰ ਪ੍ਰਾਪਤ ਹੋਂਦਾ ਹੈ। ਦੋਸ਼. ਦੁਖ, ਬੁਢੇਪਾ, ਰੋਗ, ਭੁਖ, ਨੀਂਦ ਪੁਰ ਗਾਲਬ ਹੋ ਜਾਦਾ ਹੈ। ਜਦੋਂ (ਆਗਿਆ ਚਕ੍ਰ ਵਿਚ ਦੀ) ਰੁਦ੍ਰ ਗਰੰਥੀ ਨੂੰ ਵਿੰਨ੍ਹਕੇ ਪ੍ਰਾਣ ਈਸ਼ਵਰ ਦੇ ਅਸਥਾਨ ਵਿਚ ਜਾਂਦੇ ਹਨ, ਤਦੋ ਨਿਸ਼ਪੱਤੀ ਅਵਸਥਾ ਪ੍ਰਾਪਤ ਹੋਂਦੀ ਹੈ ਤਦੋਂ ਬੰਸਰੀ ਤੇ ਵੀਣਾਂ ਦੀ ਅਵਾਜ਼ ਸੁਣੀਂਦੀ ਹੈ।''

(ਹਠ ਯੋਗ ਪ੍ਰਦੀਪਕਾ, ਚੌਥਾ ਉਪਦੇਸ਼ ਸ਼ਲੋਕ ੬੫ ੭੬)

ਨਾਦ ਉਪਾਸਨਾ ਦੀ ਉਸਤਤ ਕਰਦੇ ਹੋਏ ਫਿਰ ਲੇਖਕ ਕਹਿੰਦਾ ਹੈ;

**''ਜਦ ਤੀਕ ਅਨਾਹਤ ਸ਼ਬਦ ਸੁਣੀਂਦਾ ਹੈ ਅਕਾਸ਼ ਦਾ ਸੰਕਲਪ ਰਹਿੰਦਾ ਹੈ। ਸ਼ਬਦ ਰਹਿਤ ਨੂੰ ਪਾਰ ਬ੍ਰਹਮ ਤੇ ਪਰਮਾਤਮ ਕਹਿੰਦੇ ਹਨ। ਜੋ ਕੁਝ ਨਾਦ ਦੇ ਰੂਪ ਵਿਚ ਸੁਣੀਂਦਾ ਹੈ ਉਹ ਸ਼ਕਤੀ ਹੈ ਜਿੱਥੇ ਤੱਤਾਂ ਦਾ ਅੰਤ ਹੈ ਉਹ ਨਿਰੰਕਾਰ ਹੈ ਉਹੋ ਹੀ ਪਰਮੇਸ਼ਰ ਹੈ।''**

(ਹਠਯੋਗ ਪ੍ਰਦੀਪਕਾ, ਚੌਥਾ ਉਪਦੇਸ਼ ਸਲੋਕ ੧੦੧, ੧੦੨)

''ਉਨਮਨੀ ਅਵਸਥਾ ਵਿਚ ਸਰੀਰ ਨਿਸਚੇ ਜਾਣੋ ਲਕੜ ਦੇ ਕੁੰਦੇ ਵਾਂਗ ਹੋ ਜਾਂਦਾ ਹੈ। ਜੋਗੀ ਸੰਖ ਤੇ ਧੌਂਸੇ ਦੀ ਅਵਾਜ਼ ਕਦਾਚਿੱਤ ਨਹੀਂ ਸੁਣ ਸਕਦਾ। ਸਾਰੀਆਂ ਅਵਸਥਾ ਤੋਂ ਖਲਾਸ ਸਾਰੀਆਂ ਚਿੰਤਾ ਤੋਂ ਪਾਕ ਮੁਰਦੇ ਵਾਂਗ ਯੋਗੀ ਰਹਿੰਦਾ ਹੈ। ਉਹ ਮੁਕਤ ਹੈ ਇਹਦੇ ਵਿਚ ਸੰਸਾ ਨਹੀਂ''।

(ਹਠਯੋਗ ਪ੍ਰਦੀਪਕਾ, ਚੌਥਾ ਉਪਦੇਸ਼ ਸਲੋਕ ੧੦੬, ੧੦੭)

ਪਾਠਕ ਨੂੰ ਇਤਨੀ ਲੰਮੀ ਵਿਚਾਰ ਪੜ੍ਹਨ ਦੀ ਖੇਚਲ ਇਸ ਲਈ ਦਿਤੀ ਹੈ ਕਿ ਜੋ ਕੁਝ ਅਸੀਂ ਕਹਿਣਾ ਚਾਹੁੰਦੇ ਹਾਂ ਉਹ ਚੰਗੀ ਤਰਹ ਸਮਝ ਵਿਚ ਆ ਜਾਏ। ਪਹਿਲੀ ਗੱਲ ਤਾਂ ਅਸੀਂ

ਇਹ ਦਸਣਾ ਚਾਹੁੰਦੇ ਹਾਂ ਕਿ ਅਨਾਹਤ ਸ਼ਬਦ ਦਾ ਅਰਥ ਯੋਗ ਵਿਚ ਇਹ ਨਹੀਂ, ਕਿ ਜੋ ਸ਼ਬਦ ਬਿਨਾ ਹਤ ਅਰਥਾਤ ਬਿਨਾ ਦੋ ਚੀਜ਼ਾਂ ਦੇ ਟਕਰਾਏ ਸੁਤੇ ਹੀ ਪਿਆ ਹੋਂਦਾ ਹੋਵੇ। ਅਨਾਹਤ ਸ਼ਬਦ ਇਸ ਲਈ ਨਾਮ ਰਖਿਆ ਗਿਆ ਹੈ ਕਿਉਂਕਿ ਇਹ ਸ਼ਬਦ ਉਦੋਂ ਪੈਦਾ ਹੋਂਦਾ ਹੈ ਜਦੋਂ ਪ੍ਰਾਨ **ਅਨਾਹਤ** ਚਕ੍ਰ ਵਿਚ ਹੀ ਬ੍ਰਹਮ ਗ੍ਰੰਥੀ ਨੂੰ ਵਿੰਨ੍ਹਦੇ ਹਨ। ਹਠ ਯੋਗੀ ਜਾਣਦੇ ਸਨ ਕਿ ਇਹ ਸਾਰੇ ਸ਼ਬਦ ਨਾੜੀਆਂ ਵਿਚ ਸੁਆਸਾਂ ਦੀ ਰਗੜ ਨਾਲ ਪੈਦਾ ਹੋਂਦੇ ਹਨ। ਤੇ ਅਵਾਜ਼ਾਂ ਕੰਨਾਂ ਦੀ ਰਾਹੀਂ ਹੀ ਸੁਣੀਂਦੀਆਂ ਹਨ। ਇਸ ਲਈ ਉਨ੍ਹਾਂ ਦਸਿਆ ਕਿ ਇਹ ਅਵਾਜ਼ਾਂ ਸੱਜੇ ਕੰਨ ਪਾਸ ਸੁਣੀਣਗੀਆਂ। ਇਨ੍ਹਾਂ ਸਾਰੀਆਂ ਅਵਾਜ਼ਾਂ ਸੁਣਨ ਦਾ ਭਾਵ ਉਨ੍ਹਾਂ ਇਹ ਦਸਿਆ ਹੈ ਕਿ ਮਨ ਦੀਆਂ ਲਹਿਰਾਂ ਨੂੰ ਰੋਕੀਏ। ਮਨ ਇਕਾਗਰ ਕਰਕੇ ਫਿਰ ਉਹ ਰਾਜ ਜੋਗ ਲਈ ਪ੍ਰੇਰਦੇ ਹਨ, ਇਸ ਲਈ ਇਹ ਕਹਿਆ ਹੈ ਕਿ ਜਦ ਤਕ ਸ਼ਬਦ ਸੁਣੀਂਦਾ ਹੈ ਅਕਾਸ ਦਾ ਸੰਕਲਪ ਨਹੀਂ ਹਟ ਸਕਦਾ। ਅਸਾਂ ਨਿਰਸ਼ਬਦ ਅਵਸਥਾ ਵਿਚ ਜਾਣਾ ਹੈ, ਜੋ ਸ਼ਬਦ ਦੀ ਸ਼ਕਲ ਵਿਚ ਸੁਣੀਂਦਾ ਹੈ ਉਹ ਸ਼ਕਤੀ ਹੈ (ਮਾਦੀ ਹੈ) ਅਸਾਂ ਇਸ ਅਵਸਥਾ ਤੋਂ ਉਤੇ ਪੁੱਜਣਾ ਹੈ। ਇਸ ਲਈ ਸਮਾਧੀ ਵਿਚ ਸ਼ਬਦ ਨੂੰ ਛਡਣਾ ਪਏਗਾ। ਪਾਤੰਜਲ ਜੀ ਅੱਖਾਂ ਰਾਹੀਂ ਕਿਸੇ ਰੂਪ ਦੇ ਧਿਆਨ ਟਿਕਾਵਣ ਲਈ ਪਹਿਲੇ ਕਹਿੰਦੇ ਹਨ। **ਫਿਰ ਕਹਿੰਦੇ ਹਨ ਸਮਾਧੀ ਵਿਚ ਰੂਪ ਨੂੰ ਛੱਡ ਕੇ ਨਿਰਾ ਅਰਥ ਵਲ ਜਾਣਾ ਹੈ।** ਹਠ ਯੋਗੀ ਬਾਹਰ ਵਲੋਂ ਤਾਂ ਨੱਕ, ਅੱਖਾਂ, ਕੰਨ, ਮੂੰਹ ਮੂੰਦ ਲੈਂਦੇ ਹਨ। ਇਸ ਲਈ ਉਹ ਅੰਦਰਲੇ ਸ਼ਬਦ ਦੀ ਰਾਹੀਂ ਧਿਆਨ ਇਕਾਗਰ ਕਰਨਾ ਦਸਦੇ ਹਨ। ਇਹ ਸ਼ਬਦ ਸੁਆਸਾਂ ਤੇ ਨਾੜੀਆਂ ਵਿਚ ਜਾਣ ਨਾਲ ਹੋਂਦਾ ਹੈ ਅਤੇ ਥਾਂ ਥਾਂ ਤੋਂ ਜਦ ਸੁਆਸ ਲੰਘਦੇ ਹਨ ਤਾਂ ਉਹ ਸ਼ਬਦ ਵੀ ਵੱਖ ਵੱਖ ਧੁਨੀ ਪਕੜਦਾ ਹੈ। ਪਰ ਛੇਕੜ ਜਦ ਮਨ ਇਕਾਗਰ ਹੋ ਗਇਆ ਤਾਂ ਇਸ ਸ਼ਬਦ ਨੂੰ ਵੀ ਛੱਡਣਾ ਹੈ। ਇਹ ਤਾਂ ਮਾਦੀ ਚੀਜ਼ ਹੈ। ਹਠ ਜੋਗੀ ਨੇ ਨਿਰਾਕਾਰ ਵਿਚ ਬ੍ਰਿਤੀ ਲਾਣੀ ਹੈ। ਇਸ ਸਾਰੀ ਵਿਚਾਰ ਦਾ ਸਿੱਟਾ ਇਹ ਹੈ ਕਿ ਭਰਵਟਿਆਂ ਵਿਚ ਧਿਆਨ ਲਗਾਣਾ ਜਾਂ ਨਾਦ ਸੁਣਨਾ ਇਹ ਵੱਖ ਵੱਖ ਇੰਦ੍ਰੀਆਂ ਦੀ ਰਾਹੀਂ ਧਿਆਨ ਮਾਰਗ ਦੇ ਮਨ ਨੂੰ ਇਕਾਗਰ ਕਰਨ ਲਈ ਸਾਧਨ ਹਨ। ਇਕਾਗਰਤਾ ਤੋਂ ਮਗਰੋਂ ਸਮਾਧੀ ਵਿਚ ਜਾਣ ਲਈ ਰੂਪ ਤੇ ਸ਼ਬਦ ਦੋਹਾਂ ਨੂੰ ਛਡ ਕੇ ਨਿਰਾ ਅਰਥ ਪੁਰ ਮਨ ਨੂੰ ਟਿਕਾਣਾ ਹੈ।

ਅੱਜ ਕਲ ਕਈ ਸਾਡੇ ਵੀਰ ਪ੍ਰਾਣਾਯਾਮ ਦੁਆਰਾ ਸੁਖਮਨਾ ਨੂੰ ਮਲ ਰਹਿਤ ਕੀਤੇ ਬਿਨਾ ਤੇ ਪ੍ਰਾਣਾਂ ਨੂੰ ਸੁਖਮਨਾ ਵਿਚ ਲਿਜਾਏ ਬਿਨਾ ਹੀ ਅੱਖਾਂ, ਮੂੰਹ, ਕੰਨ, ਨੱਕ ਮੀਟ ਕੇ ਸ਼ਬਦ ਸੁਣਨ ਦਾ ਜਤਨ ਕਰਦੇ ਹਨ। ਅੰਤਹਕਰਨ ਨੂੰ ਮਲ ਰਹਿਤ ਕਰਨ ਲਈ ਉਹ ਪਾਤੰਜਲ ਜੀ ਦੇ ਯਮ ਨਿਯਮ ਵੀ ਨਹੀਂ ਸਾਧਦੇ। ਉਹ ਕੇਵਲ ਨਾੜੀਆਂ ਵਿਚ ਲਹੂ ਦੇ ਗੇੜ, ਮਿਅਦੇ ਦੇ ਪਠਿਆਂ ਦੀ ਰਗੜ ਜਾਂ ਦਿਲ ਦੀ ਧੜਕਨ ਆਦਿ ਮਾਦੀ ਸ਼ਬਦਾਂ ਨੂੰ ਸੁਣ ਸਕਦੇ ਹਨ। ਇਹ ਤਾਂ ਸਪਸ਼ਟ ਹੈ ਕਿ ਉਹ ਹਠ ਯੋਗੀਆਂ ਦਾ ਅਨਾਹਤ ਸ਼ਬਦ ਨਹੀਂ ਸੁਣਦੇ। ਪਰ ਕਈ ਸਜਣ ਇਹ ਕਹਿੰਦੇ ਹਨ ਕਿ ਯੋਗੀ ਜੇਹੜਾ ਸ਼ਬਦ ਪ੍ਰਾਣਾਯਾਮ ਦੁਆਰਾ ਸੁਣਦੇ ਸਨ, ਉਹ ਅਸੀਂ ਸੁਰਤ ਨੂੰ ਉਨ੍ਹਾਂ ਥਾਵਾਂ ਤੇ ਟਿਕਾ ਕੇ ਸੁਣਦੇ ਹਾਂ। ਯੋਗੀ ਤਾਂ ਸਚ ਮੁਚਲਾ ਮਾਦੀ ਰਗੜ ਨਾਲ ਪੈਦਾ ਹੋਇਆ ਸ਼ਬਦ ਸੁਣਦੇ ਹਨ। ਬਿਨਾਂ ਸੁਆਸਾਂ ਦੀ ਰਗੜ ਜੋ ਖਿਆਲ ਦੀ ਸ਼ਕਤੀ ਦੁਆਰਾ ਸ਼ਬਦ ਸੁਣਨਾ ਹੈ ਉਹ ਨਿਰਾ ਮਨ ਦੀ ਕਲਪਨਾ ਹੈ। ਮਨ ਦੇ ਵਿਚ ਇਹ ਤਾਕਤ ਹੈ ਕਿ ਆਪਣੀ ਕਿਸੇ ਕਲਪਨਾ ਨੂੰ ਸਿੱਧ ਕਰ ਲਵੇ। ਮਾਨਸਿਕ

ਵਿਦਿਆ ਦਾ ਅਨਜਾਣ ਤੋਂ ਅਨਜਾਣ ਪਾਠੀ ਵੀ ਇਸ ਭੇਦ ਨੂੰ ਜਾਣਦਾ ਹੈ। ਮਨ ਨੂੰ ਸ਼ੁਧ ਕੀਤੇ ਬਿਨਾ ਉਸ ਦੀ ਕਲਪਨਾ ਵਿਚ ਰਚੇ ਰਹਿਣਾ ਵਿਚਾਰਵਾਨ ਚੰਗੀ ਤਰਹ ਸਮਝਦੇ ਹਨ ਕਿ ਕਲਿਆਨ ਦਾ ਕਾਰਨ ਨਹੀਂ ਹੋ ਸਕਦਾ।

ਇਕ ਹੋਰ ਗੱਲ ਦਾ ਵੀ ਇਥੇ ਜ਼ਿਕਰ ਕਰ ਦੇਵੀਏ। ਸ਼ਬਦ ਦੁਨੀਆ ਵਿਚ ਬੇਅੰਤ ਹੋ ਰਹੇ ਹਨ ਪਰ ਸਾਡੇ ਕੰਨ ਜੋ ਸ਼ਬਦ ਵਾਯੂ ਵਿਚ ਖਾਸ ਥੱਰਾਟ ਪੈਦਾ ਕਰਨ ਉਹੋ ਹੀ ਸੁਣ ਸਕਦੇ ਹਨ ਨਾ ਉਸ ਤੋਂ ਨੀਵੀਂ ਥੱਰਾਟ ਦੇ ਸ਼ਬਦ ਸੁਣ ਸਕਦੇ ਹਨ ਨਾ ਉੱਚੀ ਦੇ। ਕਿਸੇ ਮਨੁੱਖ ਵਿਚ ਇਹ ਤਾਕਤ ਕੁਦਰਤੀ ਹੋ ਸਕਦੀ ਹੈ ਕਿ ਉਹ ਉਹਨਾਂ ਨਾਲੋਂ ਉੱਚੀ ਜਾਂ ਨੀਵੀਂ ਥੱਰਾਟ ਦੀਆਂ ਅਵਾਜ਼ਾਂ ਸੁਣ ਲਵੇ। ਕਈ ਜਾਂਗਲੀ ਕੌਮਾਂ ਵਿਚ ਇਹ ਤਾਕਤ ਹੈ। ਜਨੌਰ, ਖਾਸ ਕਰਕੇ ਸ਼ਿਕਾਰੀ ਜਨੌਰ ਬਹੁਤ ਦੂਰੋਂ ਖੜਾਕ ਸੁਣ ਲੈਂਦੇ ਹਨ, ਪਰ ਇਹ ਅਨਾਹਤ ਸ਼ਬਦ ਨਹੀਂ।

ਪਾਤੰਜਲੀ ਜੀ ਸਿੱਧੀਆਂ ਵਿਚ ਜ਼ਿਕਰ ਕਰਦੇ ਹਨ ਕਿ ਜੇ ਜੋਗੀ ਕੰਨਾਂ ਤੇ ਆਕਾਸ਼ ਦੇ ਸੰਬੰਧ ਤੇ ਸੰਜਮ ਕਰ (ਅਰਥਾਤ ਧਾਰਨ ਧਿਆਨ, ਸਮਾਧੀ ਵਾਲਾ ਅਮਲ ਕਰੇ) ਤਾਂ ਉਹ ਬੜੇ ਦੂਰ ਦੂਰ ਦੀਆਂ ਅਵਾਜ਼ਾਂ ਸੁਣ ਸਕਦਾ ਹੈ ਪਰੰਤੂ ਉਹ ਸਾਰੇ ਹਤ ਸ਼ਬਦ ਹਨ। ਯੂਨਾਨੀ ਵੀ (Music of Spheres) ਗ੍ਰਿਹਾਂ ਦੀ ਚਾਲ ਨਾਲ ਜੋ ਸ਼ਬਦ ਪੈਦਾ ਹੋ ਰਹਿਆ ਹੈ ਉਹਦਾ ਜ਼ਿਕਰ ਕਰਦੇ ਹਨ, ਪਰ ਉਹ ਵੀ ਮਾਦੀ ਹੈ।

ਪੇਸ਼ਤਰ ਇਸ ਦੇ ਕਿ ਅਸੀਂ ਗੁਰਮੱਤ ਦਸੀਏ, ਅਸੀਂ ਅੱਜ ਕਲ ਦੀ ਸਾਇੰਸ ਦੀਆਂ ਵਿਚਾਰਾਂ ਤੇ ਵੀ ਥੋੜੀ ਨਜ਼ਰ ਮਾਰਨੀ ਚਾਹੁੰਦੇ ਹਾਂ। ਸਾਇੰਸ ਵਾਲੇ ਵੀ ਪੰਜ ਗਿਆਨ ਇੰਦ੍ਰੇ ਮੰਨਦੇ ਹਨ। ਰਸ ਲਈ ਜੀਭ ਤੇ ਤਾਲੂ ਦਾ ਕੁਝ ਹਿੱਸਾ, ਰੂਪ ਲਈ ਅੱਖਾਂ, ਸ਼ਬਦ ਲਈ ਕੰਨ, ਗੰਧ ਲਈ ਨੱਕ ਤੇ ਸਪਰਸ਼ ਲਈ ਖਲੜੀ। ਜਦੋਂ ਕਿਸੇ ਇੰਦ੍ਰੀ ਤੇ ਬਾਹਰੋਂ ਲਹਿਰਾਂ ਉਠ ਕੇ ਠੋਕਰ ਵਜਦੀ ਹੈ ਤਾਂ ਰੂਪ ਰਸ ਆਦਿ ਕੇਵਲ ਇੰਦ੍ਰੀ ਤੀਕ ਹੀ ਰਹਿ ਜਾਂਦੇ ਹਨ, ਉਹ ਅੱਗੇ ਨਹੀਂ ਜਾਂਦੇ। ਘਰ ਦਾ ਕੁੰਡਾ ਖੜਕਾ ਕੇ ਉਹ ਮੁੜ ਜਾਂਦੇ ਹਨ। ਅੱਗੇ ਖਬਰ ਨਸਾਂ ਦੀ ਰਾਹੀਂ ਦਿਮਾਗ ਵਿਚ ਜਾਂਦੀ ਹੈ। ਇਹ ਖਬਰ ਰਸ ਰੂਪ ਆਦਿ ਦੀ ਸ਼ਕਲ ਵਿਚ ਨਹੀਂ ਜਾਂਦੀ। ਇਹ ਖਬਰ ਕਿਸੇ ਗੁਪਤ ਬੋਲੀ ਵਿਚ ਅੱਪੜਦੀ ਹੈ। ਦਿਮਾਗ਼ ਉਸ ਦੇ ਅਰਥ ਕੱਢਦਾ ਹੈ ਤੇ ਮਨ ਨੂੰ ਜਾਣੂ ਕਰਦਾ ਹੈ। ਮਨ ਫਿਰ ਰੂਪ ਰੰਗ ਆਦਿ ਆਪਣੇ ਅੰਦਰੋਂ ਕਲਪ ਕੇ ਸੁਨੇਹੇ ਦਾ ਰੂਪ ਘੜ ਲੈਂਦਾ ਹੈ ਤੇ ਅੱਗੋਂ ਜੋ ਕਿਰਿਆ ਕਰਨ ਜੋਗ ਹੋਵੇ ਉਸ ਦੇ ਲਈ ਕਰਮ ਇੰਦ੍ਰੀਆਂ ਨੂੰ ਹੁਕਮ ਦੇਂਦਾ ਹੈ। ਇਸ ਦਾ ਸਾਰ ਇਹ ਹੈ ਕਿ ਸ਼ਬਦ ਆਦਿ ਨਿਰਾ ਇੰਦ੍ਰੀਆਂ ਤੀਕ ਪੁਜਦੇ ਹਨ, ਮਨ ਤੀਕ ਵੀ ਇਨ੍ਹਾਂ ਦੀ ਪਹੁੰਚ ਨਹੀਂ। ਇਹ ਕਹਿਣਾ ਕਿ ਇਹ ਉਸ ਤੋਂ ਵੀ ਅੱਗੇ ਆਤਮਾ ਤੀਕ ਅਪੜਦੇ ਹਨ ਵਰਤਮਾਨ ਤੇ ਪ੍ਰਾਚੀਨ ਖੋਜ ਦੇ ਵਿਰੁਧ ਹੈ।

ਯੋਗ ਦਾ ਪਰਮਪਦ ਇਹ ਹੈ, ਮਨ ਨੂੰ ਹੋਰ ਬ੍ਰਿਤੀਆਂ ਤੋਂ ਹੀਨ ਕਰਕੇ ਸ੍ਵੈ-ਸਰੂਪ ਵਿਚ ਇਸਥਿਤ ਕਰਨਾ। ਹਠ ਯੋਗੀ ਸਮਾਧੀ ਵਿਚ ਜਾ ਕੇ ਲਕੜੀ ਕੁੰਦੇ ਵਾਂਗ ਮੁਰਦਾ ਪਇਆ ਰਹਿਣ ਨੂੰ ਹੀ ਉੱਚੀ ਅਵਸਥਾ ਦਸਦਾ ਹੈ। ਗੁਰਮੱਤ ਦਾ ਪਰਮ ਪਦ ਆਪਣੇ ਮਨ ਨੂੰ ਨਿਰੰਕਾਰ ਵਿਚ ਜੋੜਨਾ

ਹੈ। ਸਿਖ ਨਾਮ ਵਿਚ ਸੁਰਤ ਲਾ ਕੇ ਕਿਰਿਆ ਹੀਨ ਨਹੀਂ ਹੋਂਦਾ ਮਨ ਦੀਆਂ ਬ੍ਰਿਤੀਆਂ ਨੂੰ ਕੀਕਰ ਰੋਕੀਏ, ਇਥੇ ਹੀ ਜੋਗ ਤੇ ਗੁਰਮੱਤ ਦਾ ਬਹੁਤ ਸਾਰਾ ਭੇਦ ਹੈ।

ਜਿਉ ਮੰਦਰ ਕਉ ਥਾਮੈ ਥੰਮਨੁ।
ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ। ੩। ੧੫।

(ਗਉੜੀ ਸੁਖਮਨੀ ਮ: ੫)

ਸਿੱਖ ਇੰਦ੍ਰੀਆਂ ਨੂੰ ਬੇਹਿਸ ਨਹੀਂ ਕਰਦਾ। ਇੰਦ੍ਰੀਆਂ ਦੀ ਰਾਹੀਂ ਜਦੋਂ ਮਨ ਵਿਚ ਕੋਈ ਫੁਰਨਾ ਪੈਦਾ ਹੁੰਦਾ ਹੈ ਉਸ ਨੂੰ ਗੁਰ ਸ਼ਬਦ ਦੁਆਰਾ ਰੋਕਦਾ ਹੈ। ਇਕੁਰ ਰੋਕਦਿਆਂ ਰੋਕਦਿਆਂ

ਰਹਤ ਰਹਤ ਰਹਿ ਜਾਹਿ ਬਿਕਾਰਾ। ਗੁਰ ਪੂਰੈ ਕੈ ਸਬਦਿ ਅਪਾਰਾ। ੪। ੪।

(ਗਉੜੀ ਬਾਵਨ ਅਖਰੀ ਮ: ੫)

ਮਨ ਦੇ ਵਿਕਾਰ (modifications) ਰਹਿ ਜਾਂਦੇ ਹਨ ਤੇ ਮਨ ਵਿਚ ਗੁਰ ਸ਼ਬਦ ਤੋਂ ਉਲਟ ਫੁਰਨੇ ਬੰਦ ਹੋ ਜਾਂਦੇ ਹਨ। ਇਸੇ ਸੁਰਤ ਨੂੰ ਸ਼ਬਦ ਵਿਚ ਲਾਵਣਾ ਕਹਿੰਦੇ ਹਨ। ਮਨ ਹਰ ਵੇਲੇ ਗੁਰ ਸ਼ਬਦ ਚੇਤੇ ਰਖੇ।

ਮਨੁ ਕੁੰਚਰੁ ਕਾਇਆ ਉਦਿਆਨੈ।
ਗੁਰੁ ਅੰਕਸੁ ਸਚੁ ਸਬਦੁ ਨੀਸਾਨੈ। ਰਾਜ ਦੁਆਰੈ ਸੋਭ ਸੁ ਮਾਨੈ। ੧। ੨।

(ਗਉੜੀ ਗਵਾਰੇਰੀ ਮ: ੧)

ਹਠ ਯੋਗੀ ਨਾਦ ਦਾ ਅੰਕਸ ਫੜਦਾ ਹੈ। ਸਿਖੀ ਦਾ ਅੰਕਸ ਗੁਰ ਸ਼ਬਦ ਹੈ। ਹਠ ਯੋਗੀ ਦੀਆਂ ਇੰਦ੍ਰੀਆਂ ਵਿਸ਼ਿਆਂ ਵਲ ਨਹੀਂ ਦੌੜਦੀਆਂ ਕਿਉਂਕਿ ਉਨ੍ਹਾਂ ਨਾਲੋਂ ਪ੍ਰਾਣਾਂ ਦਾ ਵਿਯੋਗ ਕਰਕੇ ਜੋਗੀ ਨੇ ਆਪਣੀਆਂ ਇੰਦ੍ਰੀਆਂ ਬੇਹਿਸ ਕਰ ਦਿਤੀਆਂ ਹਨ। ਪਰ ਗੁਰ ਸਿੱਖ ਨੇ ਮਨ ਨੂੰ ਗੁਰ ਸ਼ਬਦ ਵਿਚ ਲਾ ਦਿਤਾ ਹੈ। ਉਹਦੀਆਂ ਇੰਦ੍ਰੀਆਂ ਚੰਗੀਆਂ ਭਲੀਆਂ ਹਨ ਪਰ ਮਨ ਭੈੜੇ ਪਾਸੇ ਨਹੀਂ ਜਾ ਸਕਦਾ, ਇਸ ਲਈ ਇੰਦ੍ਰੀਆਂ ਵੀ ਭੈੜੇ ਪਾਸੇ ਨਹੀਂ ਜਾਂਦੀਆਂ। ਵਿਸ਼ੇ ਉਨ੍ਹਾਂ ਨੂੰ ਦਿਸਦੇ ਹਨ ਪਰ

ਦੀਸਤ ਮਾਸੁ ਨ ਖਾਇ ਬਿਲਾਈ।
ਮਹਾ ਕਸਾਬਿ ਛੁਰੀ ਸੁਟਿ ਪਾਈ। ੨। ੩੯। ੫੦।

(ਰਾਮਕਲੀ ਮ: ੫)

ਗੁਰ ਸ਼ਬਦ ਦੁਆਰਾ ਵਸ ਵਿਚ ਆਇਆ ਮਨ ਵਿਸ਼ਿਆਂ ਵਿਚ ਪ੍ਰਵਿਰਤ ਨਹੀਂ ਹੋਂਦਾ ਇਸ ਲਈ ਇੰਦ੍ਰੀਆਂ ਵਿਸ਼ੇ ਵੇਖਦੀਆਂ ਹਨ ਪਰ ਉਨ੍ਹਾਂ ਵਲ ਨਹੀਂ ਦੌੜਦੀਆਂ। ਗੁਰਮੱਤ ਵਿਚ ਪਹਿਲਾ ਹੱਲਾ ਹੀ ਮਨ ਤੇ ਹੈ। ਸਰੀਰ ਤਾਂ ਮਿਟੀ ਹੈ ਇਹ ਆਪ ਕੁਝ ਨਹੀਂ ਕਰ ਸਕਦਾ। ਜਦੋਂ ਮਨ ਵਸ ਹੋ ਗਇਆ ਸਰੀਰ ਆਪੇ ਹੀ ਵਸ ਹੋ ਗਇਆ। ਨਾਲੇ ਮਨ ਨੂੰ ਜਿੱਤ ਕੇ ਸਿਖ ਲਕੜੀ ਦੇ ਕੁੰਦੇ ਵਾਂਗ

ਮੁਰਦਾ ਨਹੀਂ ਪਇਆ ਰਹਿੰਦਾ। ਉਹ ਪਰਉਪਕਾਰ ਕਰਦਾ ਹੈ। ਆਪਣੀ ਕਿਰਤ ਨਾਲ ਆਪਣਾ ਪੇਟ ਪਾਲਦਾ ਤੇ ਹੋਰਨਾਂ ਦੀ ਸੇਵਾ ਕਰਦਾ ਹੈ। ਉਹਦੀ ਕਿਰਤ ਗੁਰ ਸ਼ਬਦ ਦੇ ਆਸਰੇ ਹੈ। ਉਹ ਹਉਮੈ ਨਾਸ ਕਰ ਚੁਕਾ ਹੈ। ਅੰਤਰ ਆਤਮੇ ਹਰ ਦਮ ਉਹ ਨਾਮ ਵਿਚ ਲੀਨ ਹੈ। ਸੁਰਤ ਨੂੰ ਹੁਣ ਵਿਸ਼ੇ ਨਹੀਂ ਖਿੱਚ ਸਕਦੇ। ਯੋਗੀ ਕਜੀਵਲ ਨੂੰ ਪ੍ਰਾਪਤ ਕਰਕੇ ਨਿਰਾ ਸਾਖੀ ਰੂਪ ਹੋ ਜਾਂਦਾ ਹੈ। ਸਿਖ ਨਾਮ ਵਿਚ ਲੀਨ ਹੋ ਕੇ ਹੁਕਮ ਵਿਚ ਕਾਰ ਕਮਾਂਦਾ ਹੈ। ਕਿਉਂਕਿ ਸਿਖ ਦਾ ਨਿਰੰਕਾਰ ਨਿਰਾ ਸਾਖੀ ਰੂਪ ਨਹੀਂ ਉਹ ਕਰਤਾ ਹੈ ਤੇ।

''ਹੁਕਮੀ ਹੁਕਮੁ ਚਲਾਏ ਰਾਹੁ'। ੩।

(ਜਪੁ ਮ: ੧)

ਜਿਸ ਕਿਰਤ ਵਿਚ ਉਹਦਾ ਨਿਰੰਕਾਰ ਲਗਾ ਹੈ ਸਿਖ ਉਸੇ ਕਿਰਤ ਵਿਚ ਲਗਦਾ ਹੈ।

ਸੰਤ ਗੋਬਿੰਦ ਕੈ ਏਕੈ ਕਾਮ। ੧। ਰਹਾਉ। ੧੬। ੮੯।

(ਗੋਂਡ ਮ: ੫)

ਗੁਰਮੱਤ ਵਿਚ ਮਨ ਨੂੰ ਇਕਾਗਰ ਕਰਨ ਲਈ ਭਰਵੱਟਿਆਂ ਵਿਚ ਧਿਆਨ ਲਾਣਾ ਜਾਂ ਨਾਦ ਸੁਣਨਾ ਨਹੀਂ ਦਸਿਆ। ਗੁਰ ਸ਼ਬਦ ਦਾ ਅੰਕਸ ਮਨ ਨੂੰ ਠੀਕ ਰਸਤੇ ਤੇ ਲਾਏਗਾ ਤੇ ਅਯੋਗ ਬ੍ਰਿਤੀਆਂ ਨੂੰ ਰੋਕੇਗਾ। ਜਦੋਂ ਮਨ ਨਿਰਮਲ ਹੋ ਗਇਆ ਨਾਮ ਦਾ ਵਾਸਾ ਇਹਦੇ ਵਿਚ ਹੋਵੇਗਾ ਤੇ ਫਿਰ ਇਹਦੇ ਵਿਚ ਅਯੋਗ ਬ੍ਰਿਤੀਆਂ ਨਹੀਂ ਉਪਜਣਗੀਆਂ। ਨਿਰੰਕਾਰੀ ਹੁਕਮ ਦੇ ਤਾਬੇ ਹੋ ਬ੍ਰਿਤੀਆਂ ਉਪਜਣਗੀਆਂ ਜਿਹੜੀਆਂ ਨਿਰੰਕਾਰ ਉਪਜਾਉਣਾ ਚਾਹੁੰਦਾ ਹੈ। ਸਿਖ ਦਾ ਪ੍ਰਯੋਜਨ ਇਹ ਨਹੀਂ ਕਿ ਮਨ ਉੱਕਾ ਬ੍ਰਿਤੀ ਹੀਨ ਹੋਵੇ, ਸਗੋਂ ਇਹ ਕਿ ਉਹ ਬ੍ਰਿਤੀਆਂ ਇਹਦੇ ਵਿਚ ਨ ਰਹਿਣ ਜੋ ਹੁਕਮ ਵਿਰੁਧ ਹਨ। ਹੁਕਮ ਅਨੁਸਾਰ ਬ੍ਰਿਤੀਆਂ ਸੁਖ ਦਾ ਕਾਰਨ ਹਨ। ਪਰ ਕਈ ਪੁਰਸ਼ ਗੁਰਬਾਣੀ ਦੇ ਆਸ਼ੇ ਵਿਰੁਧ ਸ਼ਬਦਾਂ ਦੇ ਅਰਥ ਕਰਕੇ ਸਿਖਾਂ ਨੂੰ ਫਿਰ ਅਵਾਜ਼ਾਂ ਸੁਣਨ ਵੱਲ ਪ੍ਰੇਰਦੇ ਹਨ। ਇਸ ਲਈ ਹੁਣ ਗੁਰਬਾਣੀ ਦੁਆਰਾ ਹੀ ਉਪਰ ਲਿਖੀਆਂ ਵਿਚਾਰਾਂ ਤੇ ਰੌਸ਼ਨੀ ਪਾਈ ਜਾਂਦੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰਬਾਣੀ ਵਿਚ 'ਪੰਚਸ਼ਬਦ' ਤੇ 'ਅਨਹਤ ਸ਼ਬਦ' ਪਦ ਵਰਤੇ ਗਏ ਹਨ। ਪਰ ਉਨ੍ਹਾਂ ਦਾ ਭਾਵ ਕੀ ਹੈ ਇਹ ਅਸੀਂ ਗੁਰਬਾਣੀ ਦੁਆਰਾ ਹੀ ਪ੍ਰਗਟ ਕਰਾਂਗੇ। ਪਹਿਲੋਂ ਅਸੀਂ ਜੋ ਉਤੇ ਗੁਰਮੱਤ ਸਿਧਾਂਤ ਦਸਿਆ ਹੈ ਉਹਦੀ ਪੁਸ਼ਟੀ ਲਈ ਪ੍ਰਮਾਣ ਲਿਖਦੇ ਹਾਂ। ਸਿਧਾਂਤ ਇਹ ਹੈ ਕਿ ਸਿਖ ਗੁਰ ਸ਼ਬਦ ਦੀ ਰਾਹੀਂ ਮਨ ਨੂੰ ਅਯੋਗ ਬ੍ਰਿਤੀਆਂ ਵਲੋਂ ਹੋੜਦਾ ਹੋੜਦਾ ਹਉਮੈ ਦਾ ਨਾਸ ਕਰਦਾ ਹੈ। ਫਿਰ ਉਸ ਮਨ ਵਿਚ ਨਾਮ ਦਾ ਵਾਸਾ ਹੋਂਦਾ ਹੈ ਤੇ ਫਿਰ ਸਿਖ ਨਿਰੰਕਾਰ ਵਿਚ ਲੀਨ ਹੋਇਆ ਹੁਕਮ ਅਨੁਸਾਰ ਕਾਰ ਕਮਾਂਦਾ ਹੈ।

ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ।
ਸਤਿਗੁਰ ਸੇਵਿ ਅੰਮ੍ਰਿਤ ਸਬਦੁ ਭਾਖੈ।
ਸਾਚੈ ਸਬਦਿ ਮੁਕਤਿ ਗਤਿ ਪਾਏ।

ਨਾਨਕ ਵਿਚਹੁ ਆਪੁ ਗਵਾਏ । ੪ ੧੩ ।

(ਆਸਾ ਮ: ੧)

ਸਾਚੁ ਨਾਮੁ ਗੁਰ ਸਬਦਿ ਵੀਚਾਰਿ ।
ਗੁਰਮੁਖਿ ਸਾਚੇ ਸਾਚੈ ਦਰਬਾਰਿ । ੧ । ੨੧ ।

(ਆਸਾ ਮ: ੧)

ਸਬਦਿ ਮੁਆ ਵਿਚਹੁ ਆਪੁ ਗਵਾਇ । ਸਤਿਗੁਰੁ ਸੇਵੇ ਤਿਲੁ ਨ ਤਮਾਇ ।
ਨਿਰਭਉ ਦਾਤਾ ਸਦਾ ਮਨਿ ਹੋਇ । ਸਾਚੀ ਬਾਣੀ ਪਾਏ ਭਾਗਿ ਕੋਇ ।
ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ ।
ਪੂਰੈ ਗੁਰ ਕੈ ਸਬਦਿ ਸਮਾਹਿ । ੧ ਰਹਾਉ ।
ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ । ਅੰਮ੍ਰਿਤ ਸਬਦਿ ਨਾਮੁ ਵਖਾਣੈ ।
ਸਾਚੀ ਬਾਣੀ ਸੂਚਾ ਹੋਇ । ਗੁਣ ਤੇ ਨਾਮ ਪਰਾਪਤਿ ਹੋਇ । ੨ ।
ਗੁਣ ਅਮੋਲਕ ਪਾਇ ਨ ਜਾਹਿ । ਮਨਿ ਨਿਰਮਲ ਸਾਚੈ ਸਬਦਿ ਸਮਾਹਿ ।
ਸੇ ਵਡਭਾਗੀ ਜਿਨ੍ਹ ਨਾਮੁ ਧਿਆਇਆ ।
ਸਦਾ ਗੁਣ ਦਾਤਾ ਮੰਨਿ ਵਸਾਇਆ । ੩ ।
ਜੋ ਗੁਣ ਸੰਗ੍ਰਹੈ ਤਿਨ੍ਹ ਬਲਿਹਾਰੈ ਜਾਉ । ਦਰਿ ਸਾਚੇ ਸਾਚੇ ਗੁਣਗਾਉ ।
ਆਪੇ ਦੇਵੈ ਸਹਜਿ ਸੁਭਾਇ ।
ਨਾਨਕ ਕੀਮਤਿ ਕਹਣੁ ਨ ਜਾਇ । ੪ । ੨ । ੪੧ ।

(ਆਸਾ ਮ: ੪)

ਸਦਾ ਸੋਹਾਗਣਿ ਜੋ ਪ੍ਰਭ ਭਾਵੈ । ਗੁਰ ਸਬਦੀ ਸੀਗਾਰੁ ਬਣਾਵੈ ।
ਸੇਜ ਸੁਖਾਲੀ ਅਨਦਿਨੁ ਹਰਿ ਰਾਵੈ । ਮਿਲਿ ਪ੍ਰੀਤਮ ਸਦਾ ਸੁਖੁ ਪਾਵੈ ।

... ... ... ... ...

ਆਗੈ ਜਾਤਿ ਰੂਪੁ ਨਾ ਜਾਇ । ਤੇਹਾ ਹੋਵੈ ਜੇਹੇ ਕਰਮ ਕਮਾਇ ।
ਸਬਦੇ ਊਚੋ ਊਚਾ ਹੋਇ । ਨਾਨਕ ਸਾਚਿ ਸਮਾਵੈ ਸੋਇ । ੪ । ੮ । ੪੭ ।

(ਆਸਾ ਮ: ੩)

ਜਿਨ ਕੈ ਪੋਤੈ ਪੁੰਨੁ ਤਿਨ੍ਹਾ ਗੁਰੂ ਮਿਲਾਏ ।
ਸਚੁ ਬਾਣੀ ਗੁਰੁ ਸਬਦੁ ਸੁਣਾਏ ।
ਜਹਾਂ ਸਬਦੁ ਵਸੈ ਤਹਾਂ ਦੁਖੁ ਜਾਏ ।
ਗਿਆਨਿ ਰਤਨਿ ਸਾਚੈ ਸਹਜਿ ਸਮਾਏ ।

ਨਾਵੈ ਜੇਵਡੁ ਹੋਰੁ ਧਨੁ ਨਾਹੀ ਕੋਇ । ਜਿਸਨੋ ਬਖਸੇ ਸਾਚਾ ਸੋਇ ।
ਪੂਰੈ ਸਬਦਿ ਮੰਨਿ ਵਸਾਇ । ਨਾਨਕ ਨਾਮਿ ਰਤੇ ਸੁਖੁ ਪਾਇ । ੫ । ੧੧ । ੫੦ ।

(ਆਸਾ ਮ: ੩)

ਤ੍ਰਿਭਵਣ ਸੂਝੈ ਆਪੁ ਗਵਾਵੈ । ਬਾਣੀ ਬੂਝੈ ਸਚਿ ਸਮਾਵੈ ।
ਸਬਦੁ ਵੀਚਾਰੇ ਏਕ ਲਿਵਤਾਰਾ । ਨਾਨਕ ਧੰਨੁ ਸਵਾਰਣਹਾਰਾ । ੮ । ੨ ।

(ਆਸਾ ਮ: ੧ ਅਸਟਪਦੀਆ)

ਬਿਨੁ ਸਬਦੈ ਆਪੁ ਨ ਜਾਪਈ ਸਭ ਅੰਧੀ ਭਾਈ ।
ਗੁਰਮਤੀ ਘਟਿ ਚਾਨਣਾ ਨਾਮੁ ਅੰਤਿ ਸਖਾਈ । ੨ । ੩ । ੨੯ ।

(ਆਸਾ ਮ: ੩ ਅਸਟਪਦੀਆ)

ਹਉ ਹਉ ਕਰਦੀ ਸਭ ਫਿਰੈ ਬਿਨੁ ਸਬਦੈ ਹਉ ਨਾ ਜਾਇ ।
ਨਾਨਕ ਨਾਮਿ ਰਤੇ ਤਿਨ ਹਉਮੈ ਗਈ ਸਚੈ ਰਹੇ ਸਮਾਇ । ੮ । ੮ । ੩੦ ।

(ਆਸਾ ਮ: ੩ ਅਸਟਪਦੀਆ)

ਲੇਖਾ ਪੜਿ ਨਾ ਪਹੂੰਚੀਐ ਕਥਿ ਕਹਣੈ ਅੰਤੁ ਨ ਪਾਇ ।
ਗੁਰ ਤੇ ਕੀਮਤਿ ਪਾਈਐ ਸਚਿ ਸਬਦਿ ਸੋਝੀ ਪਾਇ । ੭ ।
ਇਹੁ ਮਨੁ ਦੇਹੀ ਸੋਧਿ ਤੂੰ ਗੁਰ ਸਬਦਿ ਵੀਚਾਰਿ ।
ਨਾਨਕ ਇਸੁ ਦੇਹੀ ਵਿਚਿ ਨਾਮੁ ਨਿਧਾਨੁ ਹੈ
ਪਾਈਐ ਗੁਰ ਕੈ ਹੇਤਿ ਅਪਾਰਿ । ੮ । ੧੦ । ੩੨ ।

(ਆਸਾ ਮ: ੩ ਅਸਟਪਦੀਆ)

ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ ।
ਸਦ ਸੁਣਦਾ ਸਦ ਵੇਖਦਾ ਸਬਦਿ[1] ਰਹਿਆ ਭਰਪੂਰਿ । ੧ । ਰਹਾਉ ।

... ... ... ...

ਏਹ ਮਨ ਤੇਰਾ ਕੋ ਨਹੀ ਕਰਿ ਵੇਖੁ ਸਬਦਿ ਵੀਚਾਰੁ ।
ਹਰਿ ਸਰਣਾਈ ਭਜਿ ਪਉ ਪਾਇਹਿ ਮੋਖ ਦੁਆਰੁ । ੩ ।
ਸਬਦਿ ਸੁਣੀਐ ਸਬਦਿ ਬੁਝੀਐ ਸਚਿ ਰਹੈ ਲਿਵ ਲਾਇ ।
ਸਬਦੇ ਹਉਮੈ ਮਾਰੀਐ ਸਚੈ ਮਹਲਿ ਸੁਖੁ ਪਾਇ । ੪ ।

... ... ... ...

---

[1] ਸ਼ਬਦਿ—ਗੁਰਉਪਦੇਸ਼ ਦੁਆਰਾ ਪਰੀ ਪੂਰਨ ਦਿਸਦਾ ਹੈ ।

ਬਿਨੁ ਸਬਦੈ[1] ਸੁਣੀਐ ਨ ਦੇਖੀਐ ਜਗੁ ਬੋਲਾ ਅੰਨ੍ਹਾ ਭਰਮਾਇ ।
ਬਿਨੁ ਨਾਵੈ ਦੁਖੁ ਪਾਇਸੀ ਨਾਮੁ ਮਿਲੈ ਤਿਸੈ ਰਜਾਇ । ੮ ।
ਜਿਨ ਬਾਣੀ ਸਿਉ ਚਿਤੁ ਲਾਇਆ ਸੇ ਜਨ ਨਿਰਮਲ ਪਰਵਾਣੁ ।
ਨਾਨਕ ਨਾਮੁ ਤਿਨ੍ਾ ਕਦੇ ਨ ਵੀਸਰੈ ਸੇ ਦਰਿ ਸਚੇ ਜਾਣੁ । ੯ । ੧੩ । ੩੫ ।

(ਆਸਾ ਮ: ੩ ਅਸਟਪਦੀਆ)

ਤਿਤੁ ਅਗਮ ਤਿਤੁ ਅਗਮਪੁਰੇ ਕਹੁ ਕਿਤੁ ਬਿਧਿ ਜਾਈਐ ਰਾਮ ।
ਸਚ ਸੰਜਮੋ ਸਾਰਿ ਗੁਣਾ ਗੁਰ ਸਬਦੁ ਕਮਾਈਐ ਰਾਮ ।
ਸਚੁ ਸਬਦੁ ਕਮਾਈਐ ਨਿਜਘਰਿ ਜਾਈਐ ਪਾਈਐ ਗੁਣੀ ਨਿਧਾਨਾ ।
ਤਿਤੁ ਸਾਖਾ ਮੂਲੁ ਪਤੁ ਨਹੀ ਡਾਲੀ ਸਿਰਿ ਸਭਨਾ ਪਰਧਾਨਾ ।
ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ[2] ਨਹੀ ਪਾਈਐ ।
ਨਾਨਕ ਸਹਜਿ ਮਿਲੇ ਜਗ ਜੀਵਨ ਸਤਿਗੁਰ ਬੂਝ ਬੁਝਾਈਐ । ੨ । ੨ ।

(ਆਸਾ ਮ: ੧ ਛੰਤ)

ਗੋਬਿੰਦ ਪ੍ਰੀਤਿ ਸਿਉ ਇਕੁ ਸਹਜੁ ਉਪਜਿਆ ਵੇਖੁ ਜੈਸੀ ਭਗਤਿ ਬਨੀ।
ਆਪ ਸੇਤੀ ਆਪੁ ਖਾਇਆ
ਤਾ ਮਨੁ ਨਿਰਮਲੁ ਹੋਆ ਜੋਤੀ ਜੋਤਿ ਸਮਾਈ । ੨ । ੧ । ੩ ।

(ਗੂਜਰੀ ਮ: ੩)

ਬਜਰ ਕਪਾਟ ਕਾਇਆ ਗੜ੍ਹ ਭੀਤਰਿ ਕੂੜੁ ਕੁਸਤੁ ਅਭਿਮਾਨੀ ।
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ।
ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ ।
ਗੁਰ ਸਬਦੀ ਖੋਲਾਈਅਨਿ ਹਰਿ ਨਾਮੁ ਜਪਾਨੀ ।
ਹਰਿ ਜੀਉ ਅੰਮ੍ਰਿਤ ਬਿਰਖੁ ਹੈ ਜਿਨ੍ ਪੀਆ ਤੇ ਤ੍ਰਿਪਤਾਨੀ । ੧੪ ।

(ਵਾਰ ਗੂਜਰੀ ਮ: ੩)

ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ ਸਾਚ ਸਬਦਿ ਬੀਚਾਰੀ ।
ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ । ੨੯ ।

(ਵਡਹੰਸ ਮ: ੩)

---

[1]ਬਿਨ ਸਬਦੈ—ਗੁਰ ਉਪਦੇਸ਼ ਬਿਨਾ ਨਾ ਨਿਰੰਕਾਰ ਦਾ ਜ਼ਿਕਰ ਸੁਣੀਦਾ ਹੈ ਨਾ ਦਰਸ਼ਨ ਹੋ ਸਕਦਾ ਹੈ ।
[2]ਹਠਿ ਨਿਗ੍ਰਹਿ—ਹਠ ਦੁਆਰਾ ਇੰਦ੍ਰੀਆਂ ਨੂੰ ਰੋਕਣ ਨਾਲ ।

ਪਿਰਹੁ ਵਿਛੁੰਨੀਆਂ ਭੀ ਮਿਲਹਿ ਜੇ ਸਤਿਗੁਰ ਲਾਗਹ ਸਾਚੇ ਪਾਏ ।
ਸਤਿਗੁਰੁ ਸਦਾ ਦਇਆਲੁ ਹੈ ਅਵਗੁਣ ਸਬਦਿ ਜਲਾਏ ।
ਅਉਗੁਣ ਸਬਦਿ ਜਲਾਏ ਦੂਜਾ ਭਾਉ ਗਵਾਏ ਸਚੇ ਹੀ ਸਚਿ ਰਾਤੀ ।
ਸਚੈ ਸਬਦਿ ਸਦਾ ਸੁਖੁ ਪਾਇਆ ਹਉਮੈ ਗਈ ਭਰਾਤੀ ।
ਪਿਰੁ ਨਿਰਮਾਇਲੁ ਸਦਾ ਸੁਖ ਦਾਤਾ ਨਾਨਕ ਸਬਦਿ ਮਿਲਾਏ ।
ਪਿਰਹੁ ਵਿਛੁੰਨੀਆ ਭੀ ਮਿਲਹ ਜੇ ਸਤਿਗੁਰ ਲਾਗਹਿ ਸਾਚੇ ਪਾਏ । ੪ । ੧ ।

(ਵਡਹੰਸ ਮ: ੩)

ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ।
ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ । ੩ ।
ਜੰਤੁ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤਿ ਸਬਾਈ ।
ਸਤਿਗੁਰੁ ਸੇਵਿ ਪਦਾਰਥ ਪਾਵਹਿ ਛੂਟਹਿ ਸਬਦੁ ਕਮਾਈ । ੪ ।
ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾ ਚਾਰੀ ।
ਤੰਤੈ ਕਉ ਪਰਮ ਤੰਤੁ ਮਿਲਾਇਆ [1]ਨਾਨਕ ਸਰਣਿ ਤੁਮਾਰੀ । ੫ । ੬ ।

(ਸੋਰਠਿ ਮ: ੫)

[2]ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ।
ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ।
ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ । ੨ । ੪ ।

(ਸਲੋਕ ਮ: ੩ ਵਾਰ ਸੋਰਠਿ ਮ: ੪)

[3]ਸਬਦੁ ਦੀਪਕੁ ਵਰਤੈ ਤਿਹੁ ਲੋਇ । ਜੋ ਚਾਖੈ ਸੋ ਨਿਰਮਲੁ ਹੋਇ ।
ਨਿਰਮਲ ਨਾਮਿ ਹਉਮੈ ਮਲੁ ਧੋਇ ।
ਸਾਚੀ ਭਗਤਿ ਸਦਾ ਸੁਖੁ ਹੋਇ । ੨ । ੨ ।

(ਧਨਾਸਰੀ ਮ: ੩)

ਅਬ ਮਨ ਏਕਸ ਸਿਉ ਮੋਹੁ ਕੀਨਾ ।
ਮਰੈ ਨ ਜਾਵੈ ਸਦ ਹੀ ਸੰਗੇ ਸਤਿਗੁਰ ਸਬਦੀ ਚੀਨਾ । ੧ । ੨ ।

(ਧਨਾਸਰੀ ਮ: ੫)

---

[1]ਜੀਵ ਤੱਤ ਨੂੰ ਪਰਮ ਤੱਤ ਨਿਰੰਕਾਰ ਨਾਲ ਮੇਲ ਦਿਤਾ ।

[2]ਸਬਦੇ-ਗੁਰਉਪਦੇਸ਼ ਦੁਆਰਾ ਹੀ ।

[3]ਸਬਦੁ—ਗੁਰਉਪਦੇਸ਼ ਚਾਨਣ ਹੈ ਤਿੰਨਾਂ ਲੋਕਾਂ ਦਾ ।

ਹਰਿ ਹਰਿ ਗੁਣ ਗੋਵਿੰਦ ਜਪਾਹਾ । ਮਨੁ ਤਨੁ ਜੀਤਿ ਸਬਦੁ ਲੈ ਲਾਹਾ ।
ਗੁਰਮਤਿ ਪੰਚਦੂਤ ਵਸਿ ਆਵਹਿ । ਮਨਿ ਤਨਿ ਹਰਿ ਓਮਾਹਾ ਰਾਮ । ੨ । ੯ ।

(ਜੈਤਸਰੀ ਮ: ੪)

ਸੰਤ ਸੰਗਤਿ ਸਿਉ ਮੇਲੁ ਭਇਆ ਹਰਿ ਹਰਿ ਨਾਮਿ ਸਮਾਏ ਰਾਮ ।
ਗੁਰ ਕੈ ਸਬਦਿ ਸਦ ਜੀਵਨ ਮੁਕਤ ਭਏ ਹਰਿ ਕੈ ਨਾਮਿ ਲਿਵ ਲਾਇ ਰਾਮ ।
ਹਰਿਨਾਮਿ ਚਿਤੁ ਲਾਏ ਗੁਰਿ ਮੇਲਿ ਮਿਲਾਏ ਮਨੂਆ ਰਤਾ ਹਰਿਨਾਲੇ ।
ਸੁਖਦਾਤਾ ਪਾਇਆ ਮੋਹੁ ਚੁਕਾਇਆ ਅਨਦਿਨੁ ਨਾਮੁ ਸਮ੍ਾਲੇ ।
ਗੁਰ ਸਬਦੇ ਰਾਤਾ ਸਹਜੇ ਮਾਤਾ ਨਾਮੁ ਮਨਿ ਵਸਾਏ ।
ਨਾਨਕ ਤਿਨ ਘਰਿ ਸਦਹੀ ਸੋਹਿਲਾ ਜਿ ਸਤਿਗੁਰ ਸੇਵਿ ਸਮਾਇ । ੩ । ੪।੫।

(ਸੂਹੀ ਛੰਤ ਮ: ੩)

ਗੁਰਮੁਖਿ ਪ੍ਰਾਣੀ ਭਰਮੁ ਗਵਾਇ ।
ਸਹਜ ਧੁਨਿ ਉਪਜੈ ਹਰਿ ਲਿਵ ਲਾਇ । ੧ । ਰਹਾਉ ।

(ਗਉੜੀ ਗਵਾਰੇਰੀ ਮ: ੩ ਅਸਟਪਦੀਆ)

ਨਿਹਚਲੁ ਸਾਚੁ ਰਹਿਆ ਕਲ ਧਾਰਿ ।
ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ । ੧੦ । ੧ ।

(ਬਿਲਾਵਲੁ ਮ: ੩ ਵਾਰ ਸਤ)

ਸਦਾ ਹਜੂਰਿ ਦੂਰਿ ਨਹ ਦੇਖਹੁ ਰਚਨਾ ਜਿਨਿ ਰਚਾਈ । ੫ ।
ਸਚਾ ਸਬਦੁ ਰਵੈ ਘਟ ਅੰਤਰਿ ਸਚੇ ਸਿਉ ਲਿਵ ਲਾਈ । ੬ । ੨ ।

(ਰਾਮਕਲੀ ਮ: ੧ ਅਸਟਪਦੀਆ)

ਗੁਰਮੁਖਿ ਧਰਤੀ ਸਾਚੈ ਸਾਜੀ । ਤਿਸ ਮਹਿ ਓਪਤਿ ਖਪਤਿ ਸੁ ਬਾਜੀ ।
ਗੁਰ ਕੈ ਸਬਦਿ ਰਪੈ ਰੰਗੁ ਲਾਇ । ਸਾਚਿ ਰਤਉ ਪਤਿ ਸਿਉ ਘਰਿ ਜਾਇ ।
ਸਾਚ ਸਬਦ ਬਿਨੁ ਪਤਿ ਨਹੀ ਪਾਵੈ ।
ਨਾਨਕ ਬਿਨੁ ਨਾਵੈ ਕਿਉ ਸਾਚਿ ਸਮਾਵੈ । ੩੦ ।

(ਰਾਮਕਲੀ ਮ: ੧ ਸਿਧ ਗੋਸਟਿ)

ਨਾਮੇ ਰਤੇ ਹਉਮੈ ਜਾਇ । ਨਾਮਿ ਰਤੇ ਸਚਿ ਰਹੇ ਸਮਾਇ ।
ਨਾਮਿ ਰਤੇ ਜੋਗ ਜੁਗਤਿ ਬੀਚਾਰੁ । ਨਾਮਿ ਰਤੇ ਪਾਵਹਿ ਮੋਖ ਦੁਆਰ ।
ਨਾਮਿ ਰਤੇ ਤ੍ਰਿਭਵਣ ਸੋਝੀ ਹੋਇ ।

ਨਾਨਕ ਨਾਮਿ ਰਤੇ ਸਦਾ ਸੁਖੁ ਹੋਇ । ੩੨ ।

(ਰਾਮਕਲੀ ਮ: ੧ ਸਿਧ ਗੋਸਟਿ)

ਸਚ ਭੈ ਰਾਤਾ ਗਰਬੁ ਨਿਵਾਰੈ । ਏਕੋ ਜਾਤਾ ਸਬਦੁ ਵੀਚਾਰੈ ।
ਸਬਦੁ ਵਸੈ ਸਚੁ ਅੰਤਰਿ ਹੀਆ । ਤਨੁ ਮਨੁ ਸੀਤਲੁ ਰੰਗਿ ਰੰਗੀਆ ।
ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ । ਨਾਨਕ ਨਦਰੀ ਨਦਰਿ ਪਿਆਰੇ । ੪੭ ।

(ਰਾਮਕਲੀ ਮ: ੧ ਸਿਧ ਗੋਸਟਿ)

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ।
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ । ੧ ।
ਆਵਣ ਜਾਣੁ ਰਹਿਓ ।
ਤਪਤ ਕੜਾਹਾ ਬੁਝਿ ਗਇਓ ਗੁਰਿ ਸੀਤਲ ਨਾਮ ਦੀਓ । ੫ । ੧੪ ।

(ਮਾਰੂ ਮ: ੫)

ਕਾਇਆ ਕੁਸੁਧ ਹਉਮੈ ਮਲੁ ਲਾਈ । ਜੇ ਸਉ ਧੋਵਹਿ ਤ ਮੈਲੁ ਨ ਜਾਈ ।
ਸਬਦਿ ਧੋਪੈ ਤਾ ਹਛੀ ਹੋਵੈ ਫਿਰਿ ਮੈਲੀ ਮੂਲਿ ਨਾ ਹੋਈ ਹੇ । ੧੦ ।
ਪੰਚ ਦੂਤ ਕਾਇਆ ਸੰਘਾਰਹਿ । ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ।
ਅੰਤਰਿ ਮਾਇਆ ਮੋਹ ਗੁਬਾਰਾ ਜਿਉ ਸੁਪਨੈ ਸੁਧਿ ਨ ਹੋਈ ਹੇ । ੧੧ ।
ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ।
ਸਤਿਗੁਰੁ ਆਇ ਮਿਲਿਆ ਵਡਭਾਗੇ ।
ਅੰਤਰਿ ਸਾਚੁ ਰਵਹਿ ਰੰਗਿ ਰਾਤੇ ਸਹਜਿ ਸਮਾਵੈ ਸੋਈ ਹੇ । ੧੨ ।
ਗੁਰ ਕੀ ਚਾਲ ਗੁਰੂ ਤੇ ਜਾਪੈ । ਪੂਰਾ ਸੇਵਕੁ ਸਬਦਿ ਸਿਞਾਪੈ ।
ਸਦਾ ਸਬਦੁ ਰਵੈ ਘਟ ਅੰਤਰਿ ਰਸਨਾ ਰਸੁ ਚਾਖੈ ਸਚ ਸੋਈ ਹੇ । ੧੩ ।
ਹਉਮੈ ਮਾਰੇ ਸਬਦਿ ਨਿਵਾਰੇ । ਹਰਿ ਕਾ ਨਾਮੁ ਰਖੈ ਉਰਿ ਧਾਰੇ ।
ਏਕਸੁ ਬਿਨੁ ਹਉ ਹੋਰੁ ਨ ਜਾਣਾ ਸਹਜੇ ਹੋਇ ਸੁ ਹੋਈ ਹੇ । ੧੪ ।
ਬਿਨੁ ਸਤਿਗੁਰ ਸਹਜੁ ਕਿਨੈ ਨਹੀ ਪਾਇਆ ।
ਗੁਰਮੁਖਿ ਬੂਝੈ ਸਚਿ ਸਮਾਇਆ ।
ਸਚਾ ਸੇਵਿ ਸਬਦਿ ਸਚਿ ਰਾਤੇ ਹਉਮੈ ਸਬਦੇ ਖੋਈ ਹੇ । ੧੫ । ੨ ।

(ਮਾਰੂ ਮ: ੩ ਸੋਲਹੇ)

ਸੋ ਜਨੁ ਨਿਰਮਲੁ ਜਿਨਿ ਆਪੁ ਪਛਾਤਾ ।
ਆਪੇ ਆਇ ਮਿਲਿਆ ਸੁਖਦਾਤਾ ।

ਰਸਨਾ ਸਬਦਿ ਰਤੀ ਗੁਣ ਗਾਵੈ ਦਰਿ ਸਾਚੈ ਪਤਿ ਪਾਈ ਹੇ । ੨ ।

... ... ... ... ... ...

ਸਬਦਿ ਮਰੈ ਸੋਈ ਜਨੁ ਪੂਰਾ । ਸਤਿਗੁਰੁ ਆਖਿ ਸੁਣਾਏ ਸੂਰਾ ।
ਕਾਇਆ ਅੰਦਰਿ ਅੰਮ੍ਰਿਤਸਰੁ ਸਾਚਾ ਮਨੁ ਪੀਵੈ ਭਾਇ ਸੁਭਾਈ ਹੇ । ੪ ।

... ... ... ... ... ...

ਜੁਗਿ ਜੁਗਿ ਸਾਚਾ ਏਕੋ ਦਾਤਾ । ਪੂਰੈ ਭਾਗਿ ਗੁਰ ਸਬਦੁ ਪਛਾਤਾ ।
ਸਬਦਿ ਮਿਲੇ ਸੇ ਵਿਛੁੜੇ ਨਾਹੀ ਨਦਰੀ ਸਹਜਿ ਮਿਲਾਈ ਹੇ । ੧੪ । ੩ ।

(ਮਾਰੂ ਮ: ੩ ਸੋਲਹੇ)

ਇਕਿ ਸਬਦੁ ਵੀਚਾਰਿ ਸਦਾ ਜਨ ਜਾਗੇ ।
ਇਕਿ ਮਾਇਆ ਮੋਹਿ ਸੋਇ ਰਹੇ ਅਭਾਗੇ ।
ਆਪੇ ਕਰੇ ਕਰਾਏ ਆਪੇ ਹੋਰੁ ਕਰਣਾ ਕਿਛੂ ਨ ਜਾਈ ਹੇ । ੧੦ ।
ਕਾਲੁ ਮਾਰਿ ਗੁਰ ਸਬਦਿ ਨਿਵਾਰੇ । ਹਰਿ ਕਾ ਨਾਮੁ ਰਖੈ ਉਰਧਾਰੇ ।
ਸਤਿਗੁਰ ਸੇਵਾ ਤੇ ਸੁਖੁ ਪਾਇਆ ਹਰਿਕੈ ਨਾਮਿ ਸਮਾਈ ਹੇ । ੧੧ ।

... ... ... ... ... ...

ਗੁਰਮੁਖਿ ਹਰਿ ਜੀਉ ਏਕੋ ਜਾਤਾ । ਅੰਤਰਿ ਨਾਮੁ ਸਬਦਿ ਪਛਾਤਾ ।
ਜਿਸੁ ਤੂ ਦੇਹਿ ਸੋਈ ਜਨੁ ਪਾਏ ਨਾਨਕ ਨਾਮਿ ਵਡਾਈ ਹੇ । ੧੬ । ੪ ।

(ਮਾਰੂ ਮ: ੩ ਸੋਲਹੇ)

ਕਿਸੁ ਸੇਵੀ ਤੈ ਕਿਸੁ ਸਾਲਾਹੀ । ਸਤਿਗੁਰੁ ਸੇਵੀ ਸਬਦਿ ਸਾਲਾਹੀ ।
ਸਚੈ ਸਬਦਿ ਸਦਾ ਮਤਿ ਉਤਮ ਅੰਤਰਿ ਕਮਲੁ ਪ੍ਰਗਾਸੀ ਹੇ । ੩ ।

... ... ... ... ... ...

ਗੁਰਮੁਖਿ ਨਾਮਿ ਸਬਦਿ ਸਾਲਾਹੇ । ਅਗਮ ਅਗੋਚਰ ਵੇਪਰਵਾਹੇ ।
ਏਕ ਨਾਮਿ ਜੁਗ ਚਾਰਿ ਉਧਾਰੇ । ਸਬਦੇ ਨਾਮਿ ਵਿਸਾਹਾ ਹੇ । ੧੧ । ੧੧ ।

(ਮਾਰੂ ਮ: ੩ ਸੋਲਹੇ)

ਸਦਾ ਹਦੂਰਿ ਗੁਰਮੁਖਿ ਜਾਪੈ । ਸਬਦੇ ਸੇਵੈ ਸੋ ਜਨੁ ਧ੍ਰਾਪੈ ।
ਅਨਦਿਨੁ ਸੇਵਹਿ ਸਚੀ ਬਾਣੀ ਸਬਦਿ ਸਚੈ ਉਮਾਹਾ ਹੇ । ੮ ।

... ... ... ...

ਸੇ ਭਗਤ ਸਚੇ ਤੇਰੈ ਮਨਿ ਭਾਏ ।
ਦਰਿ ਕੀਰਤਨੁ ਕਰਹਿ ਗੁਰ ਸਬਦਿ ਸੁਹਾਏ ।
ਸਾਚੀ ਬਾਣੀ ਅਨਦਿਨੁ ਗਾਵਹਿ
ਨਿਰਧਨ ਕਾ ਨਾਮੁ ਵੇਸਾਹਾ ਹੇ । ੧੨ । ੧੨ ।

(ਮਾਰੂ ਮ: ੩ ਸੋਲਹੇ)

ਆਪੁ ਪਛਾਣੈ ਸੋ ਸਭਿ ਗੁਣ ਜਾਣੈ । ਗੁਰ ਕੈ ਸਬਦਿ ਹਰਿਨਾਮੁ ਵਖਾਣੈ ।
ਅਨਦਿਨੁ ਨਾਮਿ ਰਤਾ ਦਿਨੁ ਰਾਤੀ ਮਾਇਆ ਮੋਹੁ ਚੁਕਾਹਾ ਹੈ । ੮ ।

... ... ... ...

ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ । ਅਨਦਿਨੁ ਹਰਿ ਕਾ ਨਾਮੁ ਵਖਾਣੀ ।
ਹਰਿ ਹਰਿ ਸਚਾ ਵਸੈ ਘਟ ਅੰਤਰਿ ਸੋ ਘਟੁ ਨਿਰਮਲੁ ਤਾਹਾ ਹੇ । ੧੦ । ੪ । ੧੩ ।

(ਮਾਰੂ ਮ: ੩ ਸੋਲਹੇ)

ਅਗਿਆਨੁ ਤ੍ਰਿਸਨਾ ਇਸੁ ਤਨਹਿ ਜਲਾਏ ।
ਤਿਸ ਦੀ ਬੂਝੈ ਜਿ ਗੁਰ ਸਬਦੁ ਕਮਾਏ ।
ਤਨੁ ਮਨੁ ਸੀਤਲੁ ਕ੍ਰੋਧੁ ਨਿਵਾਰੇ ਹਉਮੈ ਮਾਰਿ ਸਮਾਇਆ । ੧੫ । ੯ । ੨੩ ।

(ਮਾਰੂ ਮ: ੩ ਸੋਲਹੇ)

ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ ਤਰੇ ।
ਸਨਕ ਸਨੰਦਨ ਤਪਸੀ ਜਨ ਕੇਤੇ ਗੁਰ ਪਰਸਾਦੀ ਪਾਰਿ ਪਰੇ । ੧ ।
ਭਵਜਲੁ ਬਿਨੁ ਸਬਦੈ ਕਿਉ ਤਰੀਐ ।
ਨਾਮ ਬਿਨਾ ਜਗੁ ਰੋਗਿ ਬਿਆਪਿਆ ।
ਦੁਬਿਧਾ ਡੁਬਿ ਡੁਬਿ ਮਰੀਐ । ੧ । ਰਹਾਉ ।

... ... ... ...

ਗੁਰ ਤੇ ਮਨੁ ਮਾਰਿਆ ਸਬਦੁ ਵੀਚਾਰਿਆ ਤੇ ਵਿਰਲੇ ਸੰਸਾਰਾ ।
ਨਾਨਕ ਸਾਹਿਬੁ ਭਰਿਪੁਰਿ ਲੀਣਾ ਸਾਚ ਸਬਦਿ ਨਿਸਤਾਰਾ । ੪ । ੧ । ੨ ।

(ਭੈਰਉ ਮ: ੧)

ਗੁਰ ਕਾ ਸਬਦੁ ਸਭ ਰੋਗ ਗਵਾਏ ਜਿਸਨੋ ਹਰਿ ਜੀਉ ਲਾਏ ।
ਨਾਮੇ ਨਾਮਿ ਮਿਲੈ ਵਡਿਆਈ ਜਿਸਨੋ ਮੰਨਿ ਵਸਾਏ । ੨ । ੨ । ੧੩ ।

(ਭੈਰਉ ਮ: ੩)

ਮਨਸਾ ਮਨਹਿ ਸਮਾਇ ਲੈ ਗੁਰ ਸਬਦੀ ਵੀਚਾਰ ।
ਗੁਰ ਪੂਰੇ ਤੇ ਸੋਝੀ ਪਵੈ ਫਿਰਿ ਮਰੈ ਨ ਵਾਰੋ ਵਾਰ । ੧ ।
ਮਨ ਮੇਰੇ ਰਾਮ ਨਾਮੁ ਆਧਾਰੁ ।
ਗੁਰ ਪਰਸਾਦਿ ਪਰਮ ਪਦੁ ਪਾਇਆ ।
ਸਭ ਇਛ ਪੁਜਾਵਣਹਾਰੁ । ੧ । ਰਹਾਉ ।
ਸਭ ਮਹਿ ਏਕੋ ਰਵਿ ਰਹਿਆ ਗੁਰ ਬਿਨੁ ਬੂਝ ਨ ਪਾਇ ।
ਗੁਰਮੁਖਿ ਪ੍ਰਗਟੁ ਹੋਆ ਮੇਰਾ ਹਰਿ ਪ੍ਰਭ
ਅਨਦਿਨੁ ਹਰਿ ਗੁਣ ਗਾਇ । ੨ । ੭ । ੧੭ ।

(ਭੈਰਉ ਮ: ੩)

ਅਪਣੀ ਦਇਆ ਕਰੇ ਸੋ ਪਾਏ । ਹਰਿ ਕਾ ਨਾਮੁ ਮੰਨਿ ਵਸਾਏ ।
ਸਾਚ ਸਬਦੁ ਹਿਰਦੈ ਮਨ ਮਾਹਿ । ਜਨਮ ਜਨਮ ਕੇ ਕਿਲਵਿਖ ਜਾਹਿ । ੧ ।
ਰਾਮ ਨਾਮੁ ਜੀਅ ਕੋ ਅਧਾਰੁ ।
ਗੁਰ ਪਰਸਾਦਿ ਜਪਹੁ ਨਿਤ ਭਾਈ
ਤਾਰਿ ਲਏ ਸਾਗਰ ਸੰਸਾਰੁ । ੧ । ੧੬ । ੨੯ ।

(ਭੈਰਉ ਮ: ੫)

ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ।
ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ।
ਤਿਨ ਬਹਦਿਆ ਉਠਦਿਆ ਕਦੇ ਨ ਵਿਸਰੇ ਜਿ ਆਪਿ ਬਖਸੇ ਕਰਤਾਰਿ ।
ਨਾਨਕ ਗੁਰਮੁਖਿ ਮਿਲੇ ਨਾ ਵਿਛੁੜਹਿ ਜਿ ਮੇਲੇ ਸਿਰਜਣਹਾਰਿ । ੧੫ ।

(ਸਲੋਕ ਮ: ੪ ਵਾਰਾਂ ਤੋਂ ਵਧੀਕ)

ਚਲਤੌ ਚਲੈ ਚਲੈ ਦਹ ਦਹ ਦਿਸਿ ਗੁਰੁ ਰਾਖੈ ਹਰਿ ਲਿਵ ਲਾਵੈਗੋ ।
ਸਤਿਗੁਰ ਸਬਦੁ ਦੇਇ ਰਿਦ ਅੰਤਰਿ ਮੁਖਿ ਅੰਮ੍ਰਿਤੁ ਨਾਮੁ ਚੁਆਵੈਗੋ । ੧ । ੫ ।

(ਕਾਨੜਾ ਮ: ੪ ਅਸਟਪਦੀਆ)

ਗੁਰ ਸੇਵਾ ਬਿਨੁ ਭਗਤਿ ਨਾ ਹੋਈ । ਅਨੇਕ ਜਤਨ ਕਰੈ ਜੇ ਕੋਈ ।
ਹਉਮੈ ਮੇਰਾ ਸਬਦੇ ਖੋਈ । ਨਿਰਮਲ ਨਾਮੁ ਵਸੈ ਮਨਿ ਸੋਈ । ੬ ।
ਇਸੁ ਜਗ ਮਹਿ ਸਬਦੁ ਕਰਣੀ ਹੈ ਸਾਰੁ । ਬਿਨੁ ਸਬਦੈ ਹੋਰੁ ਮੋਹੁ ਗੁਬਾਰੁ ।
ਸਬਦੇ ਨਾਮੁ ਰਖੈ ਉਰਿ ਧਾਰਿ । ਸਬਦੇ ਗਤਿ ਮਤਿ ਮੋਖ ਦੁਆਰੁ । ੭ ।੧।

(ਪ੍ਰਭਾਤੀ ਮ: ੧ ਅਸਟਪਦੀਆ)

ਅੰਤਰਿ ਜੂਠਾ ਕਿਉ ਸੁਚਿ ਹੋਇ । ਸਬਦੀ ਧੋਵੈ ਵਿਰਲਾ ਕੋਇ ।
ਗੁਰਮੁਖਿ ਕੋਈ ਸਚੁ ਕਮਾਵੈ । ਆਵਣ ਜਾਣਾ ਠਾਕਿ ਰਹਾਵੈ । ੮ । ੫ ।

(ਪ੍ਰਭਾਤੀ ਮ: ੧ ਅਸਟਪਦੀਆ)

ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ ।
ਹਰਿਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਹਾਲਿ । ੧ ।
ਮਨ ਮੇਰੇ ਸਬਦਿ ਰਪੈ ਰੰਗੁ ਹੋਇ ।
ਸਚੀ ਭਗਤਿ ਸਚਾ ਹਰਿ ਮੰਦਰੁ ਪ੍ਰਗਟੀ ਸਾਚੀ ਸੋਇ । ੧ । ਰਹਾਉ ।

... ... ... ... ...

ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ ।
ਪਵਿਤੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ । ੯ । ੧ ।

(ਪ੍ਰਭਾਤੀ ਮ: ੩ ਅਸਟਪਦੀਆ)

ਦੂਖ ਵਿਸਾਰਣੁ ਸਬਦੁ ਹੈ ਜੇ ਮੰਨਿ ਵਸਾਏ ਕੋਇ ।
ਗੁਰ ਕਿਰਪਾ ਤੇ ਮਨਿ ਵਸੈ ਕਰਮ ਪਰਾਪਤਿ ਹੋਇ । ੯ ।

(ਸਲੋਕ ਮ: ੩ ਵਾਰਾਂ ਤੋਂ ਵਧੀਕ)

ਇਹ ਗੁਰਬਾਣੀ ਦੇ ਪ੍ਰਮਾਣ ਵਿਚਾਰ ਕੇ ਗੁਰਸਿੱਖਾਂ ਨੂੰ ਗੁਰਮੱਤ ਸਿਧਾਂਤ ਤਾਂ ਨਿਸਚੇ ਹੋ ਗਇਆ ਹੋਵੇਗਾ ! ਹੁਣ ਅਸੀਂ ਬਾਣੀ ਦੁਆਰਾ ਹੀ 'ਦਸਮ ਦੁਆਰ' 'ਪੰਚ ਸ਼ਬਦ' ਤੇ 'ਅਨਾਹਤ ਸ਼ਬਦ' ਦਾ ਅਰਥ ਸਮਝਾਣ ਦਾ ਜਤਨ ਕਰਦੇ ਹਾਂ । ਦਸਮ ਦੁਆਰ ਕੀ ਹੈ ?

ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ।
ਵਜਾਇਆ ਵਾਜਾ ਪਉਣ ਨਉ ਦੁਆਰੇ
ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ।
ਗੁਰਦੁਵਾਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ।
ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ।
ਕਹੈ ਨਾਨਕੁ ਹਰਿ ਪਿਆਰੈ
ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ । ੩੮ ।

(ਰਾਮਕਲੀ ਮ: ੩ ਅਨੰਦੁ)

ਅਗੇ ਅਸੀਂ ਦਸ ਚੁਕੇ ਹਾਂ ਕਿ ਨਾਮ ਸਾਡੇ ਅੰਦਰ ਵੱਸਦਾ ਹੈ । ਦਸਵਾਂ ਦੁਆਰ ਉਹ ਹੈ ਜਿਥੇ ਅਨੇਕ ਰੂਪ ਨਿਰੰਕਾਰ ਦੇ ਨਾਮ ਦਾ ਖਜਾਨਾ ਹੈ । ਭਾਵ, ਜਿਥੇ ਸਾਡੇ ਅੰਤਹਕਰਨ ਵਿਚ ਨਿਰੰਕਾਰੀ ਜੋਤ ਦਾ ਵਾਸ ਹੈ ਉਹ ਦਸਮ ਦੁਆਰ ਹੈ । ਉਸ ਦਸਮ ਦੁਆਰ ਵਿਚ ਸਿਖ ਜਾਂਦਾ ਕਿਸ ਤਰਹ

ਹੈ । ਹਠ ਯੋਗੀ ਪ੍ਰਾਣਾਯਾਮ ਕਰਕੇ ਹੀ ਚਕਰ ਵਿੰਨ੍ਹ ਕੇ ਉੱਥੇ ਪੁਜਦਾ ਹੈ । ਨਵੀਨ ਸੁਰਤ ਅਭਿਆਸੀ ਨੱਕ ਕੰਨ ਆਦਿ ਬੰਦ ਕਰ ਕੇ ਆਵਾਜ਼ ਦੇ ਧਿਆਨ ਦੁਆਰਾ ਜਾਣਾ ਦਸਦੇ ਹਨ ਪਰ ਸਿਖ ਦੇ ਪੁਜਨ ਦਾ ਤਰੀਕਾ ਇਹ ਹੈ :

ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਜਘਰਿ ਵਸਿਆ ਆਇ ।
ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਇ ।
ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ।
ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ
ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ।
ਤਹ ਅਨੇਕ ਵਾਜੇ ਸਦਾ ਅਨਹਦੁ ਹੈ ਸਚੇ ਰਹਿਆ ਸਮਾਇ ।
ਇਉ ਕਹੈ ਨਾਨਕੁ ਸਤਿਗੁਰਿ ਮਿਲਿਐ
ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਇ । ੫ । ੨ । ੭

(ਆਸਾ ਮ: ੩ ਛੰਤ)

ਸਤਿਗੁਰ ਦੇ ਮੇਲ ਨਾਲ ਮਨ ਆਪਣੇ ਆਪ ਵਿਚ ਥਿਰ ਹੋਇਆ ਫਿਰ ਨਾਮ ਜਪਿਆ । ਜਦੋਂ ਨਾਮ ਵਿਚ ਲੀਨ ਹੋਏ ਦਸਮ ਦੁਆਰ ਖੁਲ੍ਹਿਆ, ਉੱਥੇ ਅੰਮ੍ਰਿਤ ਦਾ ਭੋਜਨ ਹੈ । ਸਾਰੇ ਜਗਤ ਨੂੰ ਥਿਰ ਰਖਣ ਵਾਲੇ ਸ਼ਬਦ ਦੀ ਧੁਨ ਸਹਿਜੇ ਹੀ ਹੈ । ਜੋਗੀ ਤਾਂ ਅਨਾਹਤ ਦੀਆਂ ਪੰਜ ਅਵਾਜ਼ਾਂ ਦਸਦੇ ਹਨ ਪਰ ਉਥੇ ਅਨੇਕ ਵਾਜਿਆਂ ਦੀ ਧੁਨ ਹੈ । ਈਹੋ ਨਕਸ਼ਾ 'ਸੋ ਦਰੁ' ਵਿਚ ਖਿਚਿਆ ਹੈ ।

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ
ਜਿਤੁ ਬਹਿ ਸਰਬ ਸਮਾਲੇ ।
ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ।
ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ।

(ਸੋਦਰੁ ਰਾਗੁ ਆਸਾ ਮ: ੧)

ਹਠ ਜੋਗੀ ਤਾਂ ਨਾਦ ਦੀ ਰਾਹੀਂ ਮਨ ਨੂੰ ਬ੍ਰਿਤੀ-ਹੀਨ ਕਰਦੇ ਹਨ । ਫਿਰ ਨਾਦ ਦਾ ਵੀ ਖਹਿੜਾ ਛੱਡ ਕੇ ਨਿਰਵਿਕਾਰ ਅਵਸਥਾ ਵਿਚ ਜਾਂਦੇ ਹਨ । ਉਹਨਾਂ ਦਾ ਸਾਰਾ ਜਤਨ ਕਯੀਵਲ ਪਦ ਨੂੰ ਹਾਸਲ ਕਰਨਾ ਹੈ । ਤੀਜੇ ਪਾਦ ਦੇ ੫੬ ਸੂਤਰ ਵਿਚ ਪਾਤੰਜਲ ਜੀ ਨੇ ਦਸਿਆ ਹੈ ਕਿ ਜਦੋਂ ਪੁਰਸ਼ (ਰੂਹ) ਤੇ ਸੱਤ੍ਵ (ਬੁੱਧੀ) ਦੀ ਇਕੋ ਜੇਹੀ ਸ਼ੁਧੀ ਹੋ ਜਾਂਦੀ ਹੈ, ਅਰਥਾਤ ਬੁਧੀ ਵਿਚ ਸਵਾਏ ਪੁਰਸ਼ ਦੇ ਹੋਰ ਕੋਈ ਲਿਸ਼ਕਾਰਾ ਨਹੀਂ ਪੈਂਦਾ, ਉਹ ਕਯੀਵਲ ਹੈ । ਸਿਖ ਆਪਾ ਵਾਰ ਕੇ ਨਿਰੰਕਾਰ ਨਾਲ ਲੀਨ ਹੋਣਾ ਲੋੜਦਾ ਹੈ । ਬੇਅੰਤ ਦੀ ਛੋਹ ਵੇਲੇ ਉਹ ਅਨੇਕਾਂ ਨਾਦਾਂ ਦੇ ਰਸ ਨੂੰ ਜੋ ਉਹਦੇ ਦਰ ਤੇ ਹੋ ਰਹੇ ਹਨ, ਅਨੁਭਵ ਕਰਦਾ ਹੈ । ਇਹ ਨਾਦ ਜੋਗੀ ਦੇ ਨਾਦ ਨਾਲੋਂ ਬਹੁਤ ਅੱਡਰਾ ਹੈ । ਜੋਗੀ ਤਾਂ ਦਸਮ ਦੁਆਰ ਵਿਚ ਪੁਜਣ ਤੋਂ ਪਹਿਲੇ ਅਨਹਦ ਸ਼ਬਦ ਸੁਣਦਾ ਹੈ ਪਰ ਗੁਰਮੱਤ

ਅਨੁਸਾਰ ਇਸ ਸ਼ਬਦ ਦਾ ਰਸ ਦਸਮ ਦੁਆਰ ਵਿਚ ਪੁੱਜ ਕੇ ਪਤਾ ਲਗਦਾ ਹੈ। ਹੋਰ ਪ੍ਰਮਾਣਾਂ ਦੁਆਰਾ ਦਸਦੇ ਹਾਂ ਕਿ ਦਸਮ ਦੁਆਰ ਵਿਚ ਪੁਜਣ ਦਾ ਗੁਰਮੱਤ ਕੀ ਤ੍ਰੀਕਾ ਦਸਦੀ ਹੈ।

ਸੋਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ ਆਇ।
ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ। ੩। ੩। ੫

(ਗੂਜਰੀ ਮ:੩)

ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ।
ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ।
ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ।
ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ।
ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ। ੧੫।

[ਵਾਰ ਰਾਮਕਲੀ ਮ: ੩)

ਅਦਿਸਟ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆਥਾ।
ਅਨਹਦ ਸਬਦੁ ਦਸਮ ਦੁਆਰਿ ਵਜਿਓ।
ਤਹ ਅੰਮ੍ਰਿਤ ਨਾਮੁ ਚੁਆਇਆਥਾ। ੨। ੩। ੧੨।

(ਮਾਰੂ ਮ: ੫)

ਦੇਹੀ ਨਗਰੀ ਨਾਉ ਦਰਵਾਜੇ। ਸਿਰਿ ਸਿਰਿ ਕਰਣੈ ਹਾਰੈ ਸਾਜੇ।
ਦਸਵੈ ਪੁਰਖੁ ਅਤੀਤੁ ਨਿਰਾਲਾ। ਆਪੇ ਅਲਖੁ ਲਖਾਇਆ। ੪। ੨। ੧੯।

(ਮਾਰੂ ਮ: ੧ ਸੋਲਹੇ)

ਇਹਨਾਂ ਪ੍ਰਮਾਣਾਂ ਤੋਂ ਸਿੱਧ ਹੈ ਕਿ ਗੁਰਮੱਤ ਦੀ ਰਾਹੀਂ ਨਾਮ ਜਪ ਕੇ ਹੀ ਦਸਮ ਦੁਆਰ ਖੁਲ੍ਹਦਾ ਹੈ ਤੇ ਫਿਰ ਜਦੋਂ ਨਾਮ ਸਾਖਿਆਤ ਹੋਂਦਾ ਹੈ ਉਦੋਂ ਅਨੇਕਾਂ ਨਾਦਾਂ ਦਾ ਰਸ ਆਉਂਦਾ ਹੈ। ਹੇਠ ਲਿਖੇ ਸ਼ਬਦ ਇਹ ਦਸਦੇ ਹਨ ਕਿ 'ਅਨਾਹਤ ਸ਼ਬਦ' ਤੇ 'ਪੰਚ ਸ਼ਬਦ' ਕਦੋਂ ਤੇ ਕਿਸ ਤਰਹ ਪਰਗਟ ਹੋਂਦੇ ਹਨ। ਨਾਲ ਹੀ ਕਸਵਟੀ ਇਹ ਦੱਸੀ ਹੈ ਕਿ ਜਦੋਂ ਇਹ ਪਰਗਟ ਹੋਂਦੇ ਹਨ ਦੁਖ ਤੇ ਪਾਪ ਨਾਸ ਹੋ ਜਾਂਦਾ ਹੈ।

ਗੁਰਮਤਿ ਰਾਮੁ ਜਪੈ ਜਨੁ ਪੂਰਾ।
ਤਿਤੁ ਘਟਿ ਅਨਹਤ ਬਾਜੇ ਤੂਰਾ। ੨। ੧੬।

(ਗਉੜੀ ਗਵਾਰੇਰੀ ਮ: ੧)

ਙੰਙਾ ਨਰਕ ਪਰਹਿ ਤੇ ਨਾਹੀ। ਜਾਕੈ ਮਨਿ ਤਨਿ ਨਾਮੁ ਬਸਾਹੀ।

ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ । ਬਿਖੁ ਮਾਇਆ ਮਹਿ ਓਇ ਖਪਤੇ ।
ਨੰਨਾਕਾਰੁ ਨਾ ਹੋਤਾ ਤਾ ਕਹੁ । ਨਾਮ ਮੰਤ੍ਰੁ ਗੁਰਿ ਦੀਨੋ ਜਾ ਕਹੁ ।
ਨਿਧਿ ਨਿਧਾਨ ਹਰਿ ਅੰਮ੍ਰਿਤ ਪੂਰੇ । ਤਹ ਬਾਜੇ ਨਾਨਕ ਅਨਹਦ ਤੂਰੇ । ੩੬ ।

(ਗਉੜੀ ਬਾਵਨ ਅਖਰੀ ਮ: ੫)

ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ । ੭ । ੧ ।

(ਗਉੜੀ ਸੁਖਮਨੀ ਮ: ੫)

ਅਨਹਦੋ ਅਨਹਦੁ ਵਾਜੈ ਰੁਣਝੁਣਕਾਰੇ ਰਾਮ ।
ਮੇਰਾ ਮਨੋ ਮੇਰਾ ਮਨੁ ਰਾਤਾ ਲਾਲ ਪਿਆਰੇ ਰਾਮ ।
ਅਨਦਿਨੁ ਰਾਤਾ ਮਨੁ ਬੈਰਾਗੀ ਸੁੰਨ ਮੰਡਲਿ ਘਰੁ ਪਾਇਆ ।
ਆਦਿ ਪੁਰਖੁ ਅਪਰੰਪਰੁ ਪਿਆਰਾ ਸਤਿਗੁਰਿ ਅਲਖੁ ਲਖਾਇਆ ।
ਆਸਣਿ ਬੈਸਣਿ ਥਿਰੁ ਨਾਰਾਇਣੁ ਤਿਤੁ ਮਨੁ ਰਾਤਾ ਵੀਚਾਰੇ ।
ਨਾਨਕ ਨਾਮਿ ਰਤੇ ਬੈਰਾਗੀ ਅਨਹਦ ਰੁਣ ਝੁਣਕਾਰੇ ੧ । ੨ ।

(ਆਸਾ ਮ: ੧ ਛੰਤ)

ਸਤਿਗੁਰੁ ਸੇਵਿ ਜਿਨਿ ਨਾਮੁ ਪਛਾਤਾ ਸਫਲ ਜਨਮੁ ਜਗਿ ਆਇਆ ।
ਹਰਿ ਰਸੁ ਚਾਖਿ ਸਦਾ ਮਨੁ ਤ੍ਰਿਪਤਿਆ ਰੁਣ ਗਾਵੈ ਗੁਣੀ ਅਘਾਇਆ ।
ਕਮਲੁ ਪ੍ਰਗਾਸਿ ਸਦਾ ਰੰਗ ਰਾਤਾ ਅਨਹਦ ਸਬਦੁ ਵਜਾਇਆ ।
ਤਨੁ ਮਨੁ ਨਿਰਮਲ ਨਿਰਮਲੁ ਬਾਣੀ ਸਚੇ ਸਚਿ ਸਮਾਇਆ । ੩ । ੭ ।

(ਸੋਰਠਿ ਮ: ੩)

ਸਾਂਤਿ ਸਹਜ ਆਨੰਦ ਨਾਮੁ ਜਪਿ ਵਾਜੇ ਅਨਹਦ ਤੂਰਾ । ੧। ੮ ।੩੬ ।

(ਸੋਰਠਿ ਮ: ੫ ਚੁਪਦੇ ਘਰ੨)

ਜਿਤੁ ਗ੍ਰਿਹਿ ਗੁਨ ਗਾਵਤੇ ਹਰਿ ਕੇ ਗੁਨ ਗਾਵਤੇ ਰਾਮ ਗੁਨ ਗਾਵਤੇ
ਤਿਤੁ ਗ੍ਰਿਹਿ ਵਾਜੇ ਪੰਚ ਸਬਦ ਵਡ ਭਾਗ ਮਥੋਰਾ ।
ਤਿਨ੍ਹ ਜਨ ਕੇ ਸਭਿ ਪਾਪ ਗਏ ਸਭਿ ਦੋਖ ਗਏ ਸਭਿ ਰੋਗ ਗਏ ਕਾਮੁ ਕ੍ਰੋਧੁ
ਲੋਭ ਮੋਹ ਅਭਿਮਾਨੁ ਗਏ ਤਿਨ੍ਹ ਜਨ ਕੇ ਹਰਿ ਮਾਰਿ ਕਢੇ ਪੰਚ ਚੋਰਾ । ੧।੨।੫।

(ਸਾਰੰਗ ਮ: ੪)

ਦ੍ਰਿਸਟਿ ਭਈ ਤਬ ਭੀਤਰਿ ਆਇਓ ।
ਮੇਰਾ ਮਨੁ ਅਨਦਿਨੁ ਸੀਤ ਲਾਗਿਓ ।

ਕਹੁ ਨਾਨਕ ਰਸਿ ਮੰਗਲ ਗਾਏ ਸਬਦੁ ਅਨਾਹਦੁ ਬਾਜਿਓ । ੪ । ੫ ।

(ਸਾਰੰਗ ਮ: ੫)

ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ ।
ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ । ੨ । ੧

(ਕਾਨੜਾ ਮ:੪ ਅਸਟਪਦੀਆ)

ਪੰਚੇ ਸਬਦ ਵਜੇ ਮਤਿ ਗੁਰਮਤਿ ਵਡਭਾਗੀ ਅਨਹਦੁ ਵਜਿਆ ।
ਆਨਦ ਮੂਲੁ ਰਾਮੁ ਸਭੁ ਦੇਖਿਆ ਗੁਰ ਸਬਦੀ ਗੋਵਿਦੁ ਗਜਿਆ ।
ਆਦਿ ਜੁਗਾਦਿ ਵੇਸੁ ਹਰਿ ਏਕੋ ਮਤਿ ਗੁਰਮਤਿ ਹਰਿ ਪ੍ਰਭੁ ਭਜਿਆ । ੭ ।

(ਵਾਰ ਕਾਨੜਾ ਮ. ੪)

ਅਨਹਤ ਸ਼ਬਦ ਉਥੇ ਹੀ ਪਰਗਟ ਹੁੰਦਾ ਹੈ ਜਿਸ ਘਟ ਵਿਚ ਗੁਰਮੱਤ ਗ੍ਰਹਿਣ ਕਰਕੇ ਨਾਮ ਦਾ ਜਾਪ ਹੁੰਦਾ ਹੈ ਤੇ ਪਰਗਟ ਉਸ ਵੇਲੇ ਹੋਂਦਾ ਹੈ ਜਦੋਂ ਜੀਵ ਆਤਮਾ ਦਾ ਨਿਰੰਕਾਰੀ ਜੋਤ ਨਾਲ ਮੇਲ ਹੋਂਦਾ ਹੈ । ਜੋਗੀ ਨਾਦ ਨੂੰ ਹੇਠਾਂ ਛਡ ਕੇ ਆਪਣੇ ਨਿਰਵਿਕਾਰ ਸਰੂਪ ਵਿਚ ਜਾਂਦਾ ਹੈ । ਨਵੀਨ ਸੁਰਤ ਅਭਿਆਸੀ ਪਹਿਲੇ ਦਿਨ ਤੋਂ ਹੀ ਅਨਹਦ ਸ਼ਬਦ ਸੁਣਨ ਲਗ ਪੈਂਦਾ ਹੈ । ਪਰ ਗੁਰੂ ਸਾਹਿਬ ਦਾ ਦਸਿਆ ਅਨਹਦ ਸ਼ਬਦ ਹੋਂਦਾ ਹੀ ਜੀਵ ਆਤਮਾ ਦੇ ਨਿਰੰਕਾਰ ਨਾਲ ਮੇਲ ਸਮੇਂ ਹੈ ਪਹਿਲੋਂ ਨਹੀਂ, ਹੇਠ ਲਿਖੇ ਪ੍ਰਮਾਣਾਂ ਤੋਂ ਇਹ ਗਲ ਸਪਸ਼ਟ ਹੋਂਦੀ ਹੈ ।

ਮੇਰੈ ਮਨਿ ਅਨਦੁ ਭਇਆ ਜੀਉ ਵਜੀ ਵਾਧਾਈ ।
ਘਰਿ ਲਾਲੁ ਆਇਆ ਪਿਆਰਾ ਸਭ ਤਿਖਾ ਬੁਝਾਈ ।
ਮਿਲਿਆ ਤ ਲਾਲੁ ਗੁਪਾਲੁ ਠਾਕੁਰੁ ਸਖੀ ਮੰਗਲੁ ਗਾਇਆ ।
ਸਭ ਮੀਤ ਬੰਧਪ ਹਰਖੁ ਉਪਜਿਆ ਦੂਤ ਥਾਉ ਗਵਾਇਆ ।
ਅਨਹਤ ਵਾਜੇ ਵਜਹਿ ਘਰ ਮਹਿ ਪਿਰ ਸੰਗਿ ਸੇਜ ਵਿਛਾਈ ।
ਬਿਨਵੰਤਿ ਨਾਨਕੁ ਸਹਜਿ ਰਹੈ ਹਰਿ ਮਿਲਿਆ ਕੰਤੁ ਸੁਖਦਾਈ । ੧ । ੪ ।

(ਗਉੜੀ ਛੰਤ ਮ: ੫)

ਸੰਤ ਸੰਗਿ ਅੰਤਰਿ ਪ੍ਰਭੁ ਡੀਠਾ । ਨਾਮੁ ਪ੍ਰਭੂ ਕਾ ਲਾਗਾ ਮੀਠਾ ।
ਸਗਲ ਸਮਿਗ੍ਰੀ ਏਕਸ ਘਟ ਮਾਹਿ । ਅਨਿਕ ਰੰਗ ਨਾਨਾ ਦ੍ਰਿਸਟਾਹਿ ।
ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ । ਦੇਹੀ ਮਹਿ ਇਸਕਾ ਬਿਸ੍ਰਾਮੁ ।
ਸੁੰਨ ਸਮਾਧਿ ਅਨਹਤ ਤਹ ਨਾਦ । ਕਹਨੁ ਨ ਜਾਈ ਅਚਰਜ ਬਿਸਮਾਦ ।
ਤਿਨਿ ਦੇਖਿਆ ਜਿਸੁ ਆਪਿ ਦਿਖਾਏ ।
ਨਾਨਕ ਤਿਸੁ ਜਨ ਸੋਝੀ ਪਾਇ । ੧ । ੨੩ ।

(ਗਉੜੀ ਸੁਖਮਨੀ ਮ: ੫)

ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ
ਮੁਖਿ ਅੰਮ੍ਰਿਤ ਬੈਣ ਅਲਾਏ ਰਾਮ ।
ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ
ਮਨਿ ਸੁਣੀਐ ਹਰਿ ਲਿਵ ਲਾਏ ਰਾਮ ।
ਚਿਰੀ ਵਿਛੁੰਨਾ ਹਰਿ ਪ੍ਰਭੁ ਪਾਇਆ ਗਲਿ ਮਿਲਿਆ ਸਹਜਿ ਸੁਭਾਏ ਰਾਮ
ਜਨ ਨਾਨਕ ਮਨਿ ਅਨਦੁ ਭਇਆ ਹੈ ਮੇਰੀ ਜਿੰਦੁੜੀਏ ।
ਅਨਹਤ ਸਬਦ ਵਜਾਏ ਰਾਮ । ੨ । ੧ ।

(ਬਿਹਾਗੜਾ ਛੰਤ ਮ: ੪ ਘਰ ੪)

ਹਮ ਘਰਿ ਸਾਜਨ ਆਏ ਸਾਚੈ ਮੇਲਿ ਮਿਲਾਏ ।
ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ।
ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ।
ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ।
ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰ ਸਾਜਨ ਆਏ । ੧ ।

(ਸੂਹੀ ਮ: ੧ ਛੰਤ ਘਰ ੨)

ਪਿਰੁ ਉਚੜੀਐ ਮਾੜੜੀਐ ਤਿਹੁ ਲੋਆ ਸਿਰਤਾਜਾ ਰਾਮ ।
ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ ।
ਸਬਦੁ ਵੀਚਾਰੀ ਕਰਣੀ ਸਾਰੀ ਰਾਮ ਨਾਮੁ ਨੀਸਾਣੋ ।
ਨਾਮ ਬਿਨਾ ਖੋਟੇ ਨਹੀ ਠਾਹਰ ਨਾਮੁ ਰਤਨੁ ਪਰਵਾਣੋ ।
ਪਤਿ ਮਤਿ ਪੂਰੀ ਪੂਰਾ ਪਰਵਾਨਾ ਨਾ ਆਵੈ ਨਾ ਜਾਸੀ ।
ਨਾਨਕ ਗੁਰਮੁਖਿ ਆਪੁ ਪਛਾਣੈ ਪ੍ਰਭ ਜੈਸੇ ਅਵਿਨਾਸੀ । ੪ । ੧ । ੩ ।

(ਸੂਹੀ ਮ: ੧ ਛੰਤ ਘਰ ੩)

ਹਰਿ ਹਰੇ ਹਰਿ ਗੁਣ ਗਾਵਹੁ ਹਰਿ ਗੁਰਮੁਖੇ ਪਾਏ ਰਾਮ ।
ਅਨਦਿਨੋ ਸਬਦ ਰਵਹੁ ਅਨਹਦ ਸਬਦ ਵਜਾਏ ਰਾਮ ।
ਅਨਹਦ ਸਬਦ ਵਜਾਏ ਹਰਿ ਜੀਉ ਘਰ ਆਏ ਹਰ ਗੁਣ ਗਾਵਹੁ ਨਾਰੀ ।
ਅਨਦਿਨੁ ਭਗਤਿ ਕਰਹਿ ਗੁਰ ਆਗੈ ਸਾ ਧਨ ਕੰਤ ਪਿਆਰੀ ।
ਗੁਰ ਕਾ ਸਬਦੁ ਵਸਿਆ ਘਟ ਅੰਤਰਿ ਸੇ ਜਨ ਸਬਦਿ ਸੁਹਾਏ ।
ਨਾਨਕ ਤਿਨ ਘਰਿ ਸਦ ਹੀ ਸੋਹਿਲਾ ।
ਹਰਿ ਕਰਿ ਕਿਰਪਾ ਘਰਿ ਆਏ । ੧ । ੪ । ੫ ।

(ਸੂਹੀ ਮ: ੩ ਛੰਤ)

ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ ਸਾਚ ਸਬਦਿ ਰਸਿ ਲੀਣਾ । ੧ ।
ਮੇਰਾ ਗੁਰੁ ਦਇਆਲੁ ਸਦਾ ਰੰਗਿ ਲੀਣਾ ।
ਅਹਿਨਿਸਿ ਰਹੈ ਏਕ ਲਿਵ ਲਾਗੀ ਸਾਚੇ ਦੇਖ ਪਤੀਣਾ । ੧ । ਰਹਾਉ ।
ਰਹੈ ਗਗਨਪੁਰਿ ਦ੍ਰਿਸਟਿ ਸਮੈਸਰਿ ਅਨਹਤ ਸਬਦ ਰੰਗੀਣਾ । ੨ । ੮ ।

(ਰਾਮਕਲੀ ਮ: ੧ ਅਸਟਪਦੀਆ)

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ।
ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ।
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ।
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ । ੫ ।

(ਰਾਮਕਲੀ ਮ: ੩ ਅਨੰਦੁ)

ਇਹ ਭਵਜਲੁ ਜਗਤੁ ਸਬਦਿ ਗੁਰ ਤਰੀਐ ।
ਅੰਤਰ ਕੀ ਦੁਬਿਧਾ ਅੰਤਰਿ ਜਰੀਐ ।
ਪੰਚ ਬਾਣ ਲੇ ਜਮ ਕਉ ਮਾਰੈ ਗਗਨੰਤਰਿ ਧਣਖੁ ਚੜਾਇਆ । ੯ ।
ਸਾਕਤ ਨਰਿ ਸਬਦਿ ਸੁਰਤਿ ਕਿਉ ਪਾਈਐ ।
ਸਬਦ ਸੁਰਤਿ ਬਿਨੁ ਆਈਐ ਜਾਈਐ ।
ਨਾਨਕ ਗੁਰਮੁਖਿ ਮੁਕਤਿ ਪਰਾਇਣੁ ਹਰਿ ਪੂਰੈ ਭਾਗ ਮਿਲਾਇਆ । ੧੦ ।
ਨਿਰਭਉ ਸਤਿਗੁਰੁ ਹੈ ਰਖਵਾਲਾ ਭਗਤਿ ਪਰਾਪਤਿ ਗੁਰ ਗੋਪਾਲਾ ।
ਧੁਨਿ ਅਨੰਦ ਅਨਾਹਦੁ ਵਾਜੈ
ਗੁਰ ਸ਼ਬਦਿ ਨਿਰੰਜਨੁ ਪਾਇਆ । ੧੧ । ੪ । ੨੧ ।

(ਮਾਰੂ ਮ: ੧ ਸੋਲਹੇ)

ਇਨ੍ਹਾਂ ਉੱਪਰ ਲਿਖੇ ਪ੍ਰਮਾਣਾਂ ਤੋਂ ਚੰਗੀ ਤਰਹ ਸਿੱਧ ਹੋਇਆ ਕਿ ਗੁਰਸ਼ਬਦ ਦੇ ਕਮਾਉਣ ਤੇ ਨਾਮ ਦੇ ਅਭਿਆਸ ਦਵਾਰਾ ਦਸਮ ਦੁਆਰ ਜੋ ਸਾਡੇ ਅੰਤਹਕਰਣ ਵਿਚ ਹੈ ਖੁਲ੍ਹਦਾ ਹੈ । ਨਾਮ ਸਾਖਿਆਤ ਹੋਂਦਾ ਹੈ ਤੇ ਜੋਤ ਨਾਲ ਜੋਤ ਰਲਣ ਸਮੇਂ ਪੰਚ ਸ਼ਬਦ ਤੇ ਅਨਾਹਦ ਸ਼ਬਦ ਪਰਗਟ ਹੋਂਦੇ ਹਨ । ਜਿਹੜੇ ਹਠ ਯੋਗੀ ਨਾਦ ਦਾ ਅਭਿਆਸ ਕਰਦੇ ਹਨ, ਉਹ ਵੀ ਇਹ ਕਹਿੰਦੇ ਸਨ ਸਰੂਪ ਵਿਚ ਜਾਣ ਸਮੇਂ ਨਾਦ ਦਾ ਖਿਆਲ ਛੱਡਣਾ ਪੈਂਦਾ ਹੈ । ਇਸ ਲਈ 'ਪੰਚ ਸ਼ਬਦ' ਤੇ 'ਅਨਹਦ ਸ਼ਬਦ' ਤੋਂ ਮੁਰਾਦ ਕੋਈ ਆਵਾਜ਼ ਤਾਂ ਹੋ ਨਹੀ ਸਕਦੀ । 'ਪੰਚ ਸ਼ਬਦ' ਦਾ ਭਾਵ ਇਹ ਹੈ ਕਿ ਜੋ ਅਨੰਦ ਜੋਗੀ ਪੰਚ ਕਿਸਮ ਦੇ ਅੰਦਰੂਨੀ ਸ਼ਬਦਾਂ ਨੂੰ ਸੁਣ ਕੇ ਲੈਂਦੇ ਸਨ ਉਸ ਤੋਂ ਵਧੀਕ ਅਨੰਦ ਸਤਿਗੁਰ ਕਹਿੰਦੇ ਹਨ ਨਿਰੰਕਾਰ ਨਾਲ ਮੇਲ ਸਮੇਂ ਹੋਂਦਾ ਹੈ । 'ਪੰਚ ਸ਼ਬਦ' ਦਾ ਇਕ ਹੋਰ ਭਾਵ ਵੀ ਹੈ । ਸਾਜ਼ਾਂ ਵਿਚੋਂ ਜਿੰਨੇ ਰਾਗ ਨਿਕਲਦੇ ਹਨ ਉਹਨਾਂ ਨੂੰ ਪੰਜ ਭਾਂਤਾਂ ਦਾ

ਕਹਿਆ ਗਇਆ ਹੈ। ੧. ਤੱਤ, ਜੋ ਤਾਰਾਂ ਵਿਚੋਂ ਨਿਕਲੇ। ੨. ਵਿਤ, ਜੋ ਚਮੜੇ ਵਿਚੋਂ ਨਿਕਲੇ। ੩. ਘਨ, ਜੋ ਧਾਤਾਂ ਵਿਚੋਂ ਨਿਕਲੇ। ੪. ਨਾਦ. ਜੋ ਘੜੇ ਆਦਿ ਦੇ ਵਜਾਉਣ ਨਾਲ ਪੈਦਾ ਹੋਵੇ। ੫. ਸੁਖਰ, ਜੋ ਸਵਾਸਾਂ ਦਵਾਰਾ ਪੈਦਾ ਹੋਵੇ। ਰਾਗ ਮਨ ਨੂੰ ਅਨੰਦ ਦੇਣ ਵਾਲੀ ਵਸਤੂ ਹੈ। ਨਾਲੇ ਜਦੋਂ ਸਾਜ ਇਕ ਸੁਰ ਹੋਣ ਤਾਂ ਰਾਗ ਹੋਂਦਾ ਹੈ ਨਹੀਂ ਤਾਂ ਰੌਲਾ। ਜਦੋਂ ਮਨ ਵਸ ਵਿਚ ਆ ਜਾਂਦਾ ਹੈ ਤਾਂ ਸਾਰੀਆਂ ਤਾਕਤਾਂ ਇਕ ਸੁਰ ਹੋ ਜਾਂਦੀਆਂ ਹਨ। ਉਦੋਂ ਜੋ ਅਨੰਦ ਅੰਦਰ ਉਪਜਦਾ ਹੈ ਉਸ ਨੂੰ ਰਾਗ ਦੀ ਉਪਮਾ ਦੇ ਕੇ ਹੀ ਦੂਜੇ ਨੂੰ ਚੰਗੀ ਤਰਹ ਸਮਝਾ ਸਕੀਦਾ ਹੈ। 'ਪੰਚ ਸ਼ਬਦ' ਦੀ ਧੁਨ ਉਪਜਣ ਦਾ ਭਾਵ ਇਹ ਹੈ ਕਿ ਜੋ ਅਨੰਦ ਰਾਗ ਤੋਂ ਉਤਪੰਨ ਹੋਂਦਾ ਹੈ ਉਸ ਤੋਂ ਵਧੀਕ ਅਨੰਦਹੁਣ ਪ੍ਰਾਪਤ ਹੋਇਆ ਹੈ। ਚਿਤ ਦੇ ਅਨੰਦ ਨੂੰ ਇਸੇ ਦ੍ਰਿਸ਼ਟਾਂਤ ਦੁਆਰਾ ਅਨੰਦੁ ਸਾਹਿਬ ਦੇ ਅਰੰਭ ਵਿ ਚ ਪ੍ਰਗਟ ਕੀਤਾ ਗਇਆ ਹੈ।

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ।
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ।
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ। ੧।

(ਰਾਮਕਲੀ ਮ: ੩ ਅਨੰਦ)

ਦਸਵੇਂ ਗੁਰੂ ਜੀ ਨੇ ਵੀ ਮੇਲ ਸਮੇਂ ਦੇ ਅਨੰਦ ਨੂੰ ਰਾਗ ਦੇ ਅਨੰਦ ਨਾਲ ਉਪਮਾ ਦਿਤੀ ਹੈ।

ਤਾਤੀ ਗਹੁ ਆਤਮ ਬਸ ਕਰਕੀ ਭਿਛਾ ਨਾਮ ਅਧਾਰੰ।
ਬਾਜੈ ਪਰਮ ਤਾਰ ਤਤ ਹਰਿ ਕੋ ਉਪਜੈ ਰਾਗ ਰਸਾਰੰ। ੧।
ਉਘਟੈ ਤਾਨ ਤਰੰਗ ਰੰਗਿ ਅਤਿ ਗਿਆਨ ਗੀਤ ਬੰਧਾਨੰ।
ਚਕਿਚਕਿ ਰਹੇ ਦੇਵ ਦਾਨਵ ਮੁਨਿ ਛਕ੍ਰਿਛਕਿ ਬਿਯੋਮ ਬਿਮਾਨੰ। ੨,। ੨। ੨੬।

(ਰਾਮਕਲੀ ਮ: ੧੦)

ਸੰਸਾਰ ਵਿਚ ਆਮ ਤੌਰ ਤੇ ਵੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਦੇ ਘਰ ਖੁਸ਼ੀ ਹੋਂਦੀ ਹੈ ਤਾਂ ਉਹ ਉਸ ਨੂੰ ਰੌਸ਼ਨੀ ਤੇ ਵਾਜਿਆਂ ਦਵਾਰਾ ਹੀ ਪਰਗਟ ਕਰਦਾ ਹੈ। ਮੇਲ ਸਮੇਂ ਦੇ ਅਨੰਦ ਨੂੰ ਸਤਿਗੁਰੂ ਆਮ ਜੀਵਾਂ ਨੂੰ ਲਖਾਣ ਲਈ ਈਹੋ ਦੋ ਅਲੰਕਾਰ ਵਰਤਦੇ ਹਨ। ਹੇਠ ਲਿਖੇ ਸ਼ਬਦ ਉਸ ਅਨੰਦ ਨੂੰ ਚਾਨਣ ਦੇ ਰੂਪ ਵਿਚ ਦ੍ਰਿਸ਼ਟਾਂਦੇ ਹਨ।

ਕਰਿ ਕਿਰਪਾ ਜਉ ਸਤਿਗੁਰੁ ਮਿਲਿਓ।

---

[1]ਮਨ ਨੂੰ ਵਸ ਕਰਨਾ ਇਹ ਵੀਣਾ (ਇਕ ਤਾਰਾਂ ਵਾਲਾ ਸਾਜ਼) ਫੜੇ ਤੇ ਨਾਮ ਦੀ ਭਿਖਿਆ ਦਾ ਆਸਰਾ ਲਵੇ। ਜਦੋਂ ਹਰਿ ਰੂਪੀ ਤੱਤ ਦੀ ਵਡੀ ਤਾਰ (ਬਾਜ) ਪੁਤ ਜਰਬ ਪਏਗੀ ਤਾਂ ਅਨੰਦ ਦਾਇਕ ਰਾਗ ਪੈਦਾ ਹੋਵੇਗਾ। ਅਜੇਹੇ ਤਾਨ ਤੋਂ ਤਰੰਗ ਉਪਜਣਗੇ ਤੇ ਗਿਆਨ ਦਾ ਐਸਾ ਗੀਤ ਬੰਨ੍ਹਿਆ ਹੋਇਆ ਨਿਕਲੇਗਾ ਕਿ ਦੇਵਤੇ ਰਾਖਸ਼ ਮੁਨੀ ਹੈਰਾਨ ਹੋਣਗੇ ਤੇ ਅਕਾਸ਼ ਵਿਚ ਬਿਬਾਨਾਂ ਵਿਚ ਬੈਠੇ ਦੇਵਤੇ ਵੀ ਸੁਣ ਕੇ ਤ੍ਰਿਪਤ ਹੋ ਜਾਣਗੇ।

ਮਨ ਮੰਦਰ ਮਹਿ ਦੀਪਕੁ ਜਲਿਓ । ੭ । ੧ ।

(ਗਉੜੀ ਮ: ੫)

ਸੰਤ ਪ੍ਰਸਾਦਿ ਮੇਰੇ ਪੂਰ ਮਨੋਰਥ ਕਰਿ ਕਿਰਪਾ ਭੇਟੇ ਗੁਣਤਾਸ ।
ਸਾਂਤਿ ਸਹਜ ਸੂਖ ਮਨਿ ਉਪਜਿਓ ਕੋਟਿ ਸੂਰ ਨਾਨਕ ਪਰਗਾਸ । ੨ । ੫ । ੨੪ ।

(ਟੋਡੀ ਮ: ੫)

ਦਿਨੁ ਰਾਤਿ ਚਾਨਣੁ ਚਾਉ ਉਪਜੈ ਸਬਦੁ ਗੁਰ ਕਾ ਮਨਿ ਵਸੈ ।
ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰੁ ਗੁਰੁ ਦਸੈ । ੬ । ੨ । ੫ ।

(ਸੂਹੀ ਮ: ੧ ਛੰਤ ਘਰੁ ੪)

ਅੰਤਰਿ ਰਤਨੁ ਬੀਚਾਰੇ । ਗੁਰਮੁਖਿ ਨਾਮੁ ਪਿਆਰੇ ।
ਹਰਿਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ ।
ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ । ੩ । ੧੩ ।

(ਸੂਹੀ ਛੰਤ ਮ: ੮ ਘਰੁ ੨)

ਸਰੀਰਕ ਪੱਧਰ ਤੇ ਇਸਤ੍ਰੀ ਪੁਰਸ਼ ਦੇ ਸਰੀਰਕ ਮੇਲ ਦਾ ਅਨੰਦ ਮਨੁਖ ਨੂੰ ਪਤਾ ਹੈ । ਕੋਮਲ ਹੁਨਰਾਂ ਵਿਚ ਰਾਗ ਦਾ ਅਨੰਦ ਵਿਸ਼ੇਸ਼ ਹੈ । ਚਾਨਣ ਵੀ ਸਰੀਰਕ ਤੇ ਮਾਨਸਿਕ ਪੱਧਰ ਤੇ ਮਨੁੱਖ ਨੂੰ ਸੁਖਦਾਈ ਹੁੰਦਾ ਹੈ । ਹਠ ਯੋਗੀ ਨਾਦ ਲਯ ਦੇ ਅਨੰਦ ਨੂੰ ਅਤੀ ਉੱਤਮ ਬਿਆਨ ਕਰਦਾ ਹੈ । ਸਤਿਗੁਰੂ ਜੀਵ ਆਤਮਾ ਦੇ ਨਿਰੰਕਾਰ ਨਾਲ ਮੇਲ ਸਮੇਂ ਜੋ ਅਕਹਿ ਅਨੰਦ ਉਪਜਦਾ ਹੈ ਉਸਨੂੰ ਇਨ੍ਹਾਂ ਸਾਰੇ ਅਲੰਕਾਰਾਂ ਦਵਾਰਾ ਕਥਨ ਕਰਦੇ ਹਨ ਤਾਂ ਜੋ ਉਸ ਅਨੰਦ ਦਾ ਕੁਝ ਖਿਆਲ ਦੇ ਸਕਣ । ਅਕਹਿ ਅਨੰਦ ਮਨੁਖਾਂ ਦੇ ਤਜਰਬੇ ਵਿਚ ਆਏ ਅਨੰਦਾਂ ਦਵਾਰਾ ਦਰਸਾਣ ਦਾ ਜਤਨ ਹੈ ।

ਹੁਣ 'ਅਨਹਦ ਸ਼ਬਦ' ਦਾ ਭਾਵ ਲਭੀਏ ।

'ਅਨਹਦ' ਪਦ ਨੂੰ ਗੁਰਬਾਣੀ ਵਿਚ ਨਿਰਾ 'ਸ਼ਬਦ' ਨਾਲ ਹੀ ਨਹੀਂ ਵਰਤਿਆ ਗਇਆ, ਇਹ ਪਦ 'ਬਾਣੀ' ਨਾਲ ਵੀ ਆਇਆ ਹੈ ।

ਚਰਨ ਕਮਲ ਰਿਦ ਅੰਤਰਿ ਧਾਰੇ । ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ । ੨ ।
ਪੰਚ ਸਖੀ ਮਿਲਿ ਮੰਗਲੁ ਗਾਇਆ ।
ਅਨਹਦ ਬਾਣੀ ਨਾਦੁ ਵਜਾਇਆ ।
ਗੁਰੁ ਨਾਨਕੁ ਤੁਠਾ ਮਿਲਿਆ ਹਰਿ ਰਾਇ ।
ਸੁਖਿ ਰੈਣਿ ਵਿਹਾਣੀ ਸਹਜਿ ਸੁਭਾਇ । ੪ । ੧੭ ।

(ਆਸਾ ਮ: ੫)

ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ ।

ਕਹੁ ਨਾਨਕ ਨਿਹਚਲ ਘਰੁ ਬਾਧਿਓ ਗੁਰਿ ਕੀਓ ਬੰਧਾਨੀ । ੪ । ੫ ।

(ਧਨਾਸਰੀ ਮ: ੫)

ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ।
ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ।
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ । ੫ । ੧ ।

(ਮਾਰੂ ਮ: ੫ ਸੋਲਹੇ)

ਗੁਰ ਕਾ ਸਬਦੁ ਵਸੈ ਮਨਿ ਜਾ ਕੈ । ਦੂਖੁ ਦਰਦੁ ਭ੍ਰਮੁ ਤਾਕਾ ਭਾਗੈ ।
ਸੂਖ ਸਹਜ ਆਨੰਦ ਨਾਮ ਰਸੁ ਅਨਹਦ ਬਾਣੀ ਸਹਜ ਧੁਨਾ । ੧੦ । ੧ । ੮ ।

(ਮਾਰੂ ਮ: ੫ ਸੋਲਹੇ)

ਇਨ੍ਹਾਂ ਪ੍ਰਮਾਣਾਂ ਤੋਂ ਇਹ ਸਿੱਧ ਹੋਂਦਾ ਹੈ ਕਿ ਜਦੋਂ ਨਿਰੰਕਾਰ ਨਾਲ ਮੇਲ ਹੋਂਦਾ ਹੈ ਤਾਂ ਅਨਹਦ ਬਾਣੀ ਦੀ ਧੁਨ ਵੀ ਉਪਜਦੀ ਹੈ । ਜੋਗੀ ਮੰਨਦੇ ਹਨ ਕਿ ਸਮਾਧੀ ਵਿਚ ਜਾ ਕੇ ਸਰੂਪ ਦਾ ਸਾਖਿਆਤ ਗਿਆਨ ਹੋਂਦਾ ਹੈ (ਪਾਤੰਜਲ ਯੋਗ ਸੂਤ੍ਰ ਅਧਯਾਯ ੧ ਸੂਤ੍ਰ ੪੮ ਤੇ ੪੯) ਇਕੁਰ ਹੀ ਨਿਰੰਕਾਰ ਦੇ ਮੇਲ ਸਮੇਂ ਵੀ ਆਤਮਾ ਨੂੰ ਗਿਆਨ ਜ਼ਰੂਰ ਹੋਣਾ ਹੋਇਆ । ਹੇਠ ਲਿਖੇ ਸ਼ਬਦ ਇਸ ਗਿਆਨ ਦਾ ਸਾਫ਼ ਜ਼ਿਕਰ ਕਰਦੇ ਹਨ ।

ਸੁੰਨ ਸਮਾਧਿ ਗੁਫਾ ਤਹ ਆਸਨ । ਕੇਵਲ ਬ੍ਰਹਮ ਪੂਰਨ ਤਹ ਬਾਸਨੁ ।
ਭਗਤ ਸੰਗਿ ਪ੍ਰਭੁ ਗੋਸਟਿ ਕਰਤ ।
ਤਹ ਹਰਖ ਨ ਸੋਗ ਨ ਜਨਮ ਮਰਤ । ੨ । ੨੪ । ੩੫ ।

(ਰਾਮਕਲੀ ਮ: ੫)

ਨਉ ਸਰ ਸੁਭਰ ਦਸਵੈ ਪੂਰੇ । ਤਹ ਅਨਹਤ ਸੁੰਨ ਵਜਾਵਹਿ ਤੂਰੇ ।
ਸਾਚੈ ਰਾਚੇ ਦੇਖਿ ਹਜੂਰੇ । ਘਟਿ ਘਟਿ ਸਾਚੁ ਰਹਿਆ ਭਰਪੂਰੇ ।
ਗੁਪਤੀ ਬਾਣੀ ਪਰਗਟੁ ਹੋਇ । ਨਾਨਕ ਪਰਖਿ ਲਏ ਸਚੁ ਸੋਇ । ੫੩ ।

(ਰਾਮਕਲੀ ਮ: ੧ ਸਿਧ ਗੋਸਟਿ)

ਇਸ ਲਈ 'ਅਨਹਦ' ਦਾ ਅਰਥ ਹੈ ਨਾਸ ਰਹਿਤ ਜਾਂ ਅਤੁਟ । 'ਅਨਹਦ' ਬਾਣੀ ਸੱਚੀ ਅਟੱਲ ਬਾਣੀ ਤੇ 'ਅਨਹਦ ਸ਼ਬਦ' ਨਾਮ ਦਾ ਅਤੁਟ ਗਿਆਨ ਜਿਸ ਵਿਚੋਂ ਲਿਵ ਕਦੀ ਨ ਤੁਟੇ । ਗੁਰੂ ਇਸ ਗਿਆਨ ਤੇ ਗੁਪਤੀ ਬਾਣੀ ਨੂੰ ਆਪਣੇ ਉਪਦੇਸ਼ ਦੁਆਰਾ ਸੰਸਾਰ ਵਿਚ ਪ੍ਰਚਾਰ ਕਰਦੇ ਹਨ । ਇਸ ਲਈ ਗੁਰਬਾਣੀ ਨੂੰ ਵੀ ਅਨਹਦ ਬਾਣੀ ਤੇ ਅਨਹਦ ਸ਼ਬਦ ਕਹਿਆ ਗਇਆ ਹੈ ।

ਆਨੰਦ ਵਜਹਿ ਨਿਤ ਵਾਜੇ ਪਾਰਬ੍ਰਹਮੁ ਮਨਿ ਵੂਠਾ ਰਾਮ ।
ਗੁਰਮੁਖੇ ਸਚੁ ਕਰਣੀ ਸਾਰੀ ਬਿਨਸੇ ਭ੍ਰਮ ਭੈ ਝੂਠਾ ਰਾਮ ।

ਅਨਹਦ ਬਾਣੀ ਗੁਰਮੁਖਿ ਵਖਾਣੀ ਜਸੁ ਸੁਣਿ ਸੁਣਿ ਮਨੁ ਤਨੁਹਰਿਆ ।
ਸਰਬ ਸੁਖਾ ਤਿਸ ਹੀ ਬਣਿ ਆਏ ਜੋ ਪ੍ਰਭਿ ਅਪਨਾ ਕਰਿਆ ।
ਘਰ ਮਹਿ ਨਵਨਿਧਿ ਭਰੇ ਭੰਡਾਰਾ ਰਾਮਿਨਾਮਿ ਰੰਗੁ ਲਾਗਾ ।
ਨਾਨਕ ਜਨੁ ਪ੍ਰਭ ਕਦੇ ਨਾ ਵਿਸਰੈ ਪੂਰਨ ਜਾ ਕੇ ਭਾਗਾ । ੧ । ੪ । ੭ ।

(ਸੂਹੀ ਛੰਤ ਮ: ੫)

ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ । ੬੫ ।

(ਰਾਮਕਲੀ ਮ: ੧ ਸਿਧ ਗੋਸਟਿ)

ਤਿਨਿ ਕਰਤੈ ਇਕੁ ਚਲਤੁ ਉਪਾਇਆ ।
ਅਨਹਦ ਬਾਣੀ ਸਬਦੁ ਸੁਣਾਇਆ ।
ਮਨਮੁਖਿ ਭੂਲੇ ਗੁਰਮੁਖਿ ਬੁਝਾਇਆ ।
ਕਾਰਣੁ ਕਰਤਾ ਕਰਦਾ ਆਇਆ । ੧ ।
ਗੁਰ ਕਾ ਸਬਦੁ ਮੇਰੈ ਅੰਤਰਿ ਧਿਆਨੁ ।
ਹਉ ਕਬਹੁ ਨ ਛੋਡਉ ਹਰਿ ਕਾ ਨਾਮੁ । ੧ । ਰਹਾਉ ।

(ਭੈਰਉ ਮ: ੩ ਘਰ ੨ ਅਸਟਪਦੀਆ)

ਪੰਚਮ ਗੁਰੂ ਸ੍ਰੀ ਹਰਿ ਮੰਦਰ ਜੀ ਦੀ ਉਸਤਤ ਕਰਦੇ ਹੋਏ ਫੁਰਮਾਂਦੇ ਹਨ ।

ਗਿਆਨ ਧਿਆਨ ਪੂਰਨ ਪਰਮੇਸਰੁ ਹਰਿ ਹਰਿ ਕਥਾ ਨਿਤ ਸੁਣੀਐ ਰਾਮ ।
ਅਨਹਦ ਚੋਜ ਭਗਤ ਭਵਭੰਜਨ ਅਨਹਦ ਵਾਜੇ ਧੁਨੀਐ ਰਾਮ ।
ਅਨਹਦ ਝੁਣਕਾਰੇ ਤਤੁ ਬੀਚਾਰੇ ਸੰਤ ਗੋਸਟਿ ਨਿਤ ਹੋਵੈ ।
ਹਰਿਨਾਮੁ ਅਰਾਧਹਿ ਮੈਲੁ ਸਭ ਕਾਟਹਿ ਕਿਲਵਿਖ ਸਗਲੇ ਖੋਵੈ ।
ਤਹ ਜਨਮ ਨ ਮਰਣਾ ਆਵਣ ਜਾਣਾ ਬਹੁੜਿ ਨ ਪਾਈਐ ਜੋਨੀਐ ।
ਨਾਨਕ ਗੁਰੁ ਪਰਮੇਸਰੁ ਪਾਇਆ ਜਿਸ ਪ੍ਰਸਾਦਿ ਇਛ ਪੁਨੀਐ । ੪ । ੩ । ੯ ।

(ਸੂਹੀ ਛੰਤ ਮ: ੫)

ਫਿਰ ਗੁਰਬਾਣੀ ਦੇ ਕੀਰਤਨ ਬਾਬਤ 'ਅਨਹਦ ਸ਼ਬਦ' ਵਰਤਿਆ ਗਇਆ ਹੈ ।

ਰੁਣਝੁਣੋ ਸਬਦੁ ਅਨਾਹਦੁ ਨਿਤ ਉਠਿ ਗਾਈਐ ਸੰਤਨ ਕੈ ।
ਕਿਲਵਿਖ ਸਭਿ ਦੋਖ ਬਿਨਾਸਨੁ ਹਰਿਨਾਮੁ ਜਪੀਐ ਗੁਰਮੰਤਨ ਕੈ । ੧ । ੩ ।

(ਰਾਮਕਲੀ ਮ: ੫ ਛੰਤ)

ਅਨਹਤ ਸਬਦੁ ਸੁਹਾਵਾ । ਸਚੁ ਮੰਗਲੁ ਹਰਿ ਜਸੁ ਗਾਵਾ ।
ਗੁਣ ਗਾਇ ਹਰਿ ਹਰਿ ਦੂਖ ਨਾਸੇ ਰਹਸੁ ਉਪਜੈ ਮਨਿ ਘਣਾ ।

ਮਨੁ ਤਨੁ ਨਿਰਮਲੁ ਦੇਖਿ ਦਰਸਨੁ ਨਾਮੁ ਪ੍ਰਭ ਕਾ ਮੁਖਿ ਭਨਾ । ੨ । ੧ । ੩ ।

(ਸੂਹੀ ਮ: ੫ ਛੰਤ)

ਕੀਰਤਨੁ ਨਿਰਮੋਲਕ ਹੀਰਾ । ਆਨੰਦ ਗੁਣੀ ਗਹੀਰਾ ।
ਅਨਹਦ ਬਾਣੀ ਪੂੰਜੀ । ਸੰਤਨ ਹਥਿ ਰਾਖੀ ਕੂੰਜੀ । ੨ । ੨੪ । ੩੫ ।

(ਰਾਮਕਲੀ ਮ: ੫)

ਸਗੋਂ ਗੁਰ ਨਾਨਕ ਜੀ ਨੇ ਫੁਰਮਾਇਆ ਹੈ ਕਿ ਸਾਰੇ ਨਾਦ ਤੇ ਗਿਆਨਾਂ ਦਾ ਭੰਡਾਰ ਗੁਰਬਾਣੀ ਹੈ ।

ਸਭਿ ਨਾਦਬੇਦ ਗੁਰਬਾਣੀ । ਮਨੁ ਰਾਤਾ ਸਾਰਿਗਪਾਣੀ ।
ਤਹ ਤੀਰਥ ਵਰਤ ਤਪ ਸਾਰੇ । ਗੁਰ ਮਿਲਿਆ ਹਰਿ ਨਿਸਤਾਰੇ । ੩ । ੧੦ ।

(ਰਾਮਕਲੀ ਮ: ੧)

ਸਿੱਧਾਂ ਦੇ ਪ੍ਰਸ਼ਨ ਦੇ ਉਤ੍ਰ ਵਿਚ, ਇਸੇ ਸ਼ਬਦ ਅਰਥਾਤ ਸਦਾ ਰਹਿਣ ਵਾਲੇ ਗਿਆਨ ਨੂੰ ਆਪਣਾ ਗੁਰੂ ਦੱਸਿਆ ਸੀ । ਇਹ ਗਿਆਨ ਵੀ ਨਾਮ ਵਾਂਗ ਸਰਬ-ਵਿਆਪਕ ਹੈ, ਕਿਉਂਜੁ ਨਾਮ ਦੇ ਸਾਖਿਆਤ ਹੋਣ ਤੇ ਹੀ ਇਸ ਦੀ ਸੂਝ ਪੈਂਦੀ ਹੈ । ਇਸ ਲਈ ਜਦੋਂ ਸਿੱਧਾਂ ਪ੍ਰਸ਼ਨ ਕੀਤਾ ।

ਸੁ ਸਬਦੁ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ । ੫੯ ।

ਤਾਂ ਸਤਿਗੁਰਾਂ ਉੱਤਰ ਦਿੱਤਾ ।

ਸੁ ਸਬਦੁ[1] ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ । ੫੯ ।

ਅਤੇ ।

ਸੁਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ । ੬੫ ।

(ਰਾਮਕਲੀ ਮ: ੧ ਸਿੱਧ ਗੋਸਟਿ)

ਗਿਆਨ ਦਾ ਪ੍ਰਕਾਸ਼ਕ ਹੋਣ ਕਰਕੇ ਇਸ ਨੂੰ ਜੋਤਿ ਸਰੂਪ ਅਰਥਾਤ ਚਾਨਣ ਰੂਪ ਕਹਿਆ ਹੈ ।

ਪ੍ਰਥਮੇ ਤਿਆਗੀ ਹਉਮੈ ਪ੍ਰੀਤਿ । ਦੁਤੀਆ ਤਿਆਗੀ ਲੋਗਾ ਰੀਤਿ ।
ਤ੍ਰੈ ਗੁਣ ਤਿਆਗਿ ਦੁਰਜਨ ਮੀਤ ਸਮਾਨੇ ।
ਤੁਰੀਆ ਗੁਣੁ ਮਿਲਿ ਸਾਧ ਪਛਾਨੇ । ੨ ।
ਸਹਜ ਗੁਫਾ ਮਹਿ ਆਸਣੁ ਬਾਧਿਆ । ਜੋਤਿ ਸਰੂਪ ਅਨਾਹਦੁ ਵਾਜਿਆ ।
ਮਹਾ ਅਨੰਦੁ ਗੁਰ ਸਬਦੁ ਵੀਚਾਰਿ ।

---

[1] ਸਬਦ ਦਾ ਵਾਸਾ ਹਰ ਥਾਂ ਹੈ ਪਰ ਉਹ ਅਲਖ ਹੈ । ਮੈਂ ਜਿਥੇ ਦੇਖਦਾ ਹਾਂ ਉਥੇ ਹੀ ਉਹ ਹੈ ।

ਪ੍ਰਿਅ ਸਿਉ ਰਾਤੀ ਧਨ ਸੋਹਾਗਣਿ ਨਾਰਿ । ੩ । ੨ ।

(ਆਸਾ ਮ: ੫)

ਜਪੁਜੀ ਸਾਹਿਬ ਵਿਚ ਇਸ ਸਬਦੁ ਦੇ ਪਰਗਟ ਕਰਨ ਦੀ ਇਹ ਵਿਉਂਤ ਦਸੀ ਗਈ ਹੈ ।

ਜਤੁ ਪਹਾਰਾ ਧੀਰਜੁ ਸੁਨਿਆਰੁ । ਅਹਰਣਿ ਮਤਿ ਵੇਦੁ ਹਥਿਆਰੁ ।
ਭਉ ਖਲਾ ਅਗਨਿ ਤਪ ਤਾਉ । ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ।
ਘੜੀਐ ਸਬਦੁ ਸਚੀ ਟਕਸਾਲ । ਜਿਨ ਕਉ ਨਦਰਿ ਕਰਮੁ ਤਿਨ ਕਾਰ ।
ਨਾਨਕ ਨਦਰੀ ਨਦਰਿ ਨਿਹਾਲ । ੩੮ ।

(ਜਪੁ ਮ: ੧)

ਰਾਮਕਲੀ ਵਿਚ ਇਹਦਾ ਹੋਰ ਬਿਸਥਾਰ ਹੈ ।

ਖਟੁ ਮਟੁ ਦੇਹੀ ਮਨੁ ਬੈਰਾਗੀ । ਸੁਰਤਿ ਸਬਦੁ ਧੁਨਿ ਅੰਤਰਿ ਜਾਗੀ ।
ਵਾਜੈ ਅਨਹਦੁ ਮੇਰਾ ਮਨੁ ਲੀਣਾ । ਗੁਰ ਬਚਨੀ ਸਚਿ ਨਾਮਿ ਪਤੀਣਾ । ੧ ।
ਪ੍ਰਾਣੀ ਰਾਮ ਭਗਤਿ ਸੁਖੁ ਪਾਈਐ ।
ਗੁਰਮੁਖਿ ਹਰਿ ਹਰਿ ਮੀਠਾ ਲਾਗੈ ਹਰਿ ਹਰਿ ਨਾਮਿ ਸਮਾਈਐ । ੧ । ਰਹਾਉ ।
ਮਾਇਆ ਮੋਹੁ ਬਿਵਰਜਿ ਸਮਾਏ । ਸਤਿਗੁਰੁ ਭੇਟੈ ਮੇਲਿ ਮਿਲਾਏ ।
ਨਾਮੁ ਰਤਨੁ ਨਿਰਮੋਲਕੁ ਹੀਰਾ । ਤਿਤੁ ਰਾਤਾ ਮੇਰਾ ਮਨੁ ਧੀਰਾ । ੨ ।
ਹਉਮੈ ਮਮਤਾ ਰੋਗੁ ਨ ਲਾਗੈ । ਰਾਮ ਭਗਤਿ ਜਮ ਕਾ ਭਉ ਭਾਗੈ ।
ਜਮ ਜੰਦਾਰੁ ਨ ਲਾਗੈ ਮੋਹਿ । ਨਿਰਮਲ ਨਾਮੁ ਰਿਦੈ ਹਰਿ ਸੋਹਿ । ੩ ।
ਸਬਦੁ ਬੀਚਾਰਿ ਭਏ ਨਿਰੰਕਾਰੀ । ਗੁਰਮਤਿ ਜਾਗੇ ਦੁਰਮਤਿ ਪਰਹਾਰੀ ।
ਅਨਦਿਨੁ ਜਾਗਿ ਰਹੇ ਲਿਵ ਲਾਈ ।
ਜੀਵਨ ਮੁਕਤਿ ਗਤਿ ਅੰਤਰਿ ਪਾਈ । ੪ ।
ਅਲਿਪਤ ਗੁਫਾ ਮਹਿ ਰਹਹਿ ਨਿਰਾਰੇ । ਤਸਕਰ ਪੰਚ ਸਬਦਿ ਸੰਘਾਰੇ ।
ਪਰ ਘਰ ਜਾਇ ਨ ਮਨੁ ਡੋਲਾਏ । ਸਹਜਿ ਨਿਰੰਤਰਿ ਰਹਉ ਸਮਾਏ । ੫ ।
ਗੁਰਮੁਖਿ ਜਾਗਿ ਰਹੇ ਅਉਧੂਤਾ । ਸਦ ਬੈਰਾਗੀ ਤਤੁ ਪਰੋਤਾ ।
ਜਗੁ ਸੂਤਾ ਮਰਿ ਆਵੈ ਜਾਇ । ਬਿਨੁ ਗੁਰ ਸਬਦ ਨ ਸੋਝੀ ਪਾਇ । ੬ ।
ਅਨਹਦ ਸਬਦੁ ਵਜੈ ਦਿਨੁ ਰਾਤੀ । ਅਵਿਗਤ ਕੀ ਗਤਿ ਗੁਰਮੁਖਿ ਜਾਤੀ ।
ਤਉ ਜਾਨੀ ਜਾ ਸਬਦਿ ਪਛਾਨੀ । ਇਕੋ ਰਵਿ ਰਹਿਆ ਨਿਰਬਾਨੀ । ੭ ।
ਸੁੰਨ ਸਮਾਧਿ ਸਹਜਿ ਮਨੁ ਰਾਤਾ । ਤਜਿ ਹਉ ਲੋਭਾ ਏਕੋ ਜਾਤਾ ।
ਗੁਰ ਚੇਲੇ ਅਪਨਾ ਮਨੁ ਮਾਨਿਆ । ਨਾਨਕ ਦੂਜਾ ਮੇਟਿ ਸਮਾਨਿਆ । ੮ । ੩ ।

(ਰਾਮਕਲੀ ਮ: ੧ ਅਸਟਪਦੀਆ)

ਇਹ ਯਾਦ ਰਹੇ ਕਿ ਨਾਮ ਦੇ ਦਰਸ਼ਨਾਂ ਦੀਆਂ ਦੋ ਝਾਕੀਆਂ ਗੁਰਬਾਣੀ ਵਿਚ ਆਈਆਂ

ਹਨ। ਨਾਮ ਦੇ ਅੰਤਹਕਰਨ ਵਿਚ ਦਰਸ਼ਨ ਤੇ ਨਾਮ ਦੇ ਬਾਹਰ ਕੁਦਰਤ ਵਿਚ ਦਰਸ਼ਨ। ਸੁਖਮਨੀ ਸਾਹਿਬ ਦੀ ਤੇਈਵੀਂ ਅਸਟਪਦੀ ਵਿਚ ਪਹਿਲੀ ਪਉੜੀ ਅੰਤ੍ਰੀਵ ਅਵਸਥਾ ਦਸਕੇ ਫਿਰ 'ਕੁਦਰਤ ਵਸਿਆ' ਦਾ ਨਕਸ਼ਾ ਖਿੱਚਦੀ ਹੈ। ਹੇਠ-ਲਿਖੇ ਸ਼ਬਦ ਵਿਚ 'ਸੋਦਰੁ' ਵਿਚ ਖਿਚਿਆ ਨਕਸ਼ਾ, ਤੇ ਸਚ ਖੰਡ ਦਾ ਜੋ ਨਕਸ਼ਾ ਜਪੁਜੀ ਵਿਚ ਹੈ ਉਹ ਰਲਾ ਕੇ ਫਿਰ ਅੰਤ੍ਰੀਵ ਹਾਲਤ ਵੀ ਦਸੀ ਹੈ।

ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ।
ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ।
ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ।
ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ।
ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ।
ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ।
ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ।
ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ।
ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ।
ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ। ੧। ੨੭।

(ਸਲੋਕ ਮ: ੧ ਵਾਰ ਮਲਾਰ ਮ: ੧)

'ਦੇਹੀ ਦੇ ਅੰਦਰ ਜੋ ਨਿਰੰਕਾਰ ਦਾ ਵਾਸ ਸਾਖਿਆਤ ਦਿਖਾ ਦੇਵੇ ਉਹ ਸਿਆਣਾ ਸਤਿਗੁਰ ਪੁਰਖ ਹੈ। ਉਸ ਥਾਂ ਪੰਚ ਸ਼ਬਦਾਂ ਦੀ ਧੁਨੀ ਇਕਰਸ ਹੈ (ਭਾਵ ਹੋਰ ਰਾਗ ਤਾਂ ਵਾਜੇ ਵੱਜਣ ਤਾਂ ਸੁਣੀਦੇ ਹਨ ਪਰ ਉਥੋਂ ਦਾ ਸੰਗੀਤ-ਰਸ ਅਤੁਟ ਹੈ)। ਉਥੇ ਗੁਰ ਸ਼ਬਦ ਸਪਸ਼ਟ ਪਰਗਟ ਹੈ (ਭਾਵ ਗੁਰਬਾਣੀ ਦਾ ਗੋਝ ਭਾਵ ਅਰਥਾਤ ਸਰਬ ਵਿਆਪਕ ਨਾਮ ਜਿਸ ਵਲ ਸਾਰੀ ਬਾਣੀ ਇਸ਼ਾਰੇ ਕਰਦੀ ਹੈ, ਉਹ ਸਾਹਮਣੇ ਹੈ) ਉਥੇ ਦੀਪ, ਲੋਕ, ਪਤਾਲ, ਦੇਸ ਤੇ ਮੰਡਲ ਹਨ (ਕਾਰ ਵੇਖ ਕੇ) ਵਿਸਮਾਦ ਅਵਸਥਾ ਆ ਉਪਜੀ ਹੈ। ਨਿਰੰਕਾਰ ਸ਼ਾਹਿੰਸ਼ਾਹ ਸਦਾ ਥਿਰ ਤਖਤ ਪੁਰ ਬਿਰਾਜ ਰਹਿਆ ਹੈ ਤੇ ਉਹਦੇ ਦਰ ਪੁਰ ਕਈ ਬਾਜੇ ਉੱਚੇ ਉੱਚੇ ਬੱਜ ਰਹੇ ਹਨ। ਇਸ ਮਨ ਨੂੰ ਸੁਖੀ ਕਰਨ ਵਾਲੀ ਅਵਸਥਾ ਦੇ ਇਹ ਰਾਗ ਸੁਣਕੇ ਮਨ ਦੀਆਂ ਹੋਰ ਬ੍ਰਿਤੀਆਂ ਰੋਕ ਕੇ ਜਦੋਂ ਅਕਥ (ਨਿਰੰਕਾਰ) ਦੀ ਦੀ ਕਥਾ ਦਾ ਵੀਚਾਰ ਕੀਤਾ ਜਾਵੇ ਤਾਂ ਮਨ ਦਾ ਫੁਰਨਾ ਮਨ ਵਿਚ ਹੀ ਲੀਨ ਹੋ ਜਾਂਦਾ ਹੈ। ਰਿਦੇ ਕਮਲ ਉਲਟਾ ਹੋ ਕੇ (ਸੰਸਾਰ ਵਲੋਂ ਟੁੱਟਕੇ) ਨਾਮ ਅੰਮ੍ਰਿਤ ਨਾਲ ਭਰਪੂਰ ਹੈ, ਮਨ ਹੋਰ ਕਿਧਰੇ ਨਹੀਂ ਜਾਂਦਾ। (ਮਨ ਦ੍ਵਾਰਾ ਜੋ ਨਾਮ ਦਾ ਜਾਪ ਹੈ ਉਹ ਅਜਪਾ ਜਾਪ ਹੈ) ਹੁਣ ਮਨ ਦੀ ਲਿਵ ਇਸ ਅਜਪਾ ਜਾਪ ਵਿਚੋਂ ਉਟਕਦੀ ਨਹੀਂ। ਮਨ ਇਸ ਵਿਚ ਹੀ ਸਦਾ ਲਈ ਲੀਨ ਹੋ ਗਇਆ ਹੈ। ਸਾਰੀਆਂ ਇੰਦ੍ਰੀਆਂ ਤੇ ਪੰਜ ਗਿਆਨ ਇੰਦ੍ਰੇ ਹੁਣ ਇਕ ਸੁਰ ਹੋ ਗਏ ਜਦੋਂ ਗੁਰੂ ਦ੍ਵਾਰਾ ਖਾਸ ਸਰੂਪ ਦਾ ਵਾਸਾ ਮਿਲਿਆ। ਜੋ ਮਨੁਖ ਗੁਰ ਸ਼ਬਦ ਨੂੰ ਖੋਜ ਕੇ ਇਹ ਘਰ ਪ੍ਰਾਪਤ ਕਰਦਾ ਹੈ ਨਾਨਕ ਉਸਦਾ ਦਾਸ ਹੈ''।

ਇਸ ਸ਼ਬਦ ਵਿਚ ਅੰਦਰ ਦੇ ਅਨੰਦ, ਲੋਆਂ ਪਤਾਲਾਂ ਦੇ ਹੁਕਮ ਵਿਚ ਚਲਨ, ਸਾਰੀ ਸ੍ਰਿਸ਼ਟੀ ਦੇ ਆਪਣੇ ਆਪਣੇ ਬਾਜੇ ਨਾਲ ਤਖਤ ਪੁਰ ਬੈਠੇ ਸ਼ਾਹਿੰਸ਼ਾਹ ਦੀ ਆਰਤੀ ਕਰਨ, ਮਨ ਦੇ ਇਕਾਗਰ ਹੋਣ, ਨਾਮ ਦੇ ਅਤੁਟ ਸਿਮਰਨ ਤੇ ਨਿਰੰਕਾਰ ਵਿਚ ਸਮਾ ਜਾਣ ਦੀ ਸਾਰੀ ਖੇਡ, ਦੱਸ ਦਿਤੀ ਹੈ। ਜਿਹੜੇ ਸੱਜਣ ਜੋਗੀਆਂ ਦੇ ਮਤ ਅਨੁਸਾਰ ਜਾਂ ਹੋਰ ਕਿਸੇ ਨਵੀਨ ਮਤ ਦੇ ਉਪਦੇਸ਼ ਅਨੁਸਾਰ ਉਹਨਾਂ ਮੱਤਾਂ ਦੀ ਦੱਸੀ ਪਰਮ ਪਦਵੀ ਨੂੰ ਪੁਜਣਾ ਲੋੜਦੇ ਹਨ ਉਹ ਜੋ ਚਾਹਨ ਕਰਨ। ਪਰ ਗੁਰ ਸਿੱਖਾਂ ਲਈ ਸਚ ਖੰਡ ਨੂੰ ਪੁਜਣ ਦਾ ਰਾਹ ਸਤਿਗੁਰਾਂ ਸਾਫ ਦੱਸ ਦਿਤਾ ਹੈ। ਇਸ ਲਈ ਗੁਰਮੱਤ ਦੇ ਦੱਸੇ ਅਨਹਤ ਸ਼ਬਦ ਦੇ ਚਾਹਵਾਨ ਗੁਰਬਾਣੀ ਨੂੰ ਕਮਾਣ ਤੇ ਨਾਮ ਵਿਚ ਲੱਗਣ। ਨਾਮ ਦੇ ਸਾਖਿਆਤ ਹੋਣ ਤੇ ਇਹ ਜੋਤਿ ਸਰੂਪ ਪ੍ਰਚੰਡ ਗਿਆਨ ਉਹਨਾਂ ਨੂੰ ਸਾਖਿਆਤ ਹੋਵੇਗਾ। ਗੁਰਮੱਤ ਦੇ ਦੱਸੇ ਜੋਗ ਦਾ ਈਹੋ ਰਾਹ ਹੈ ਜੇਹਾ ਕਿ ਸਤਿਗੁਰਾਂ ਫੁਰਮਾਇਆ ਹੈ।

ਗੁਰਮੁਖਿ ਜੋਗ ਸਬਦਿ ਆਤਮੁ ਚੀਨੈ ਹਿਰਦੈ ਏਕੁ ਮੁਰਾਰੀ। ੧। ੭। ੯।

(ਰਾਮਕਲੀ ਮ: ੧ ਅਸਟਪਦੀਆ)

ਸਤਿਗੁਰ ਸੇਵੇ ਸੋ ਫਲੁ ਪਾਏ। ਹਿਰਦੈ ਨਾਮੁ ਵਿਚਹੁ ਆਪੁ ਗਵਾਏ।
ਅਨਹਦ ਬਾਣੀ ਸਬਦੁ ਵਜਾਏ। ੭। ੫।

(ਗਉੜੀ ਗਵਾਰੇਰੀ ਮ: ੩ ਅਸਟਪਦੀਆ)

ਅੰਤ ਵਿਚ ਇਹ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ ਕਿ ਹੁਕਮ, ਸ਼ਬਦ ਤੇ ਨਾਮ ਇਕੋ ਪਦਾਰਥ ਦੇ ਵਖ ਵਖ ਨੁਕਤਾ ਨਿਗਾਹਾਂ ਤੋਂ ਕੇਵਲ ਅਡਰੇ ਅਡਰੇ ਦ੍ਰਿਸ਼ ਹਨ।

ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ।
ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮ ਮਿਲੈ ਬੈਆਲੰ। ੮। ੧। ੪।

(ਮਲਾਰ ਮ: ੧ ਅਸਟਪਦੀਆ)

# ਕਰਮ

ਮਾਨਸਿਕ ਵਿੱਦਿਆ ਦੇ ਨਵੀਨ ਖੋਜੀ ਇਸ ਸਿਟੇ ਤੇ ਪੁਜੇ ਹਨ ਕਿ ਮਨੁੱਖੀ ਅੰਤਹਕਰਨ ਦੇ ਦੋ ਵਡੇ ਭਾਗ ਹਨ, ਸੁਚੇਤ (Conscious) ਅਤੇ ਅਚੇਤ (un-conscious)। ਜਾਗ੍ਰਿਤ ਅਵਸਥਾ ਵਿਚ ਹਰ ਇਕ ਮਨੁੱਖ ਦੇ ਮਨ ਵਿਚ ਚੇਤਨਤਾ ਦੀ ਰੌ ਚਲਦੀ ਰਹਿੰਦੀ ਹੈ, ਜਿਸ ਵਿਚ ਗਿਆਨ ਇੰਦ੍ਰੀਆਂ ਦੀ ਰਾਹੀਂ ਬਾਹਰਲੇ ਵਿਸ਼ਿਆਂ ਦੇ ਸੰਸਕਾਰ ਪੈਂਦੇ ਰਹਿੰਦੇ ਹਨ ਤੇ ਮਨ ਵਿਚ ਮਾਨੋ ਚਲਦੀਆਂ ਤਸਵੀਰਾਂ ਦਾ ਤਮਾਸ਼ਾ ਲਗਾ ਰਹਿੰਦਾ ਹੈ। ਜਰਾ ਡੂੰਘ ਵਿਚ ਬੀਤ ਚੁਕੀ ਕਿਰਿਆ ਦਾ ਚੇਤਾ ਰਹਿੰਦਾ ਹੈ। ਇਹ ਚੇਤਾ ਹਰ ਵੇਲੇ ਚੇਤਨਤਾ ਦੀ ਲਹਿਰ ਵਿਚ ਹਾਜ਼ਰ ਨਹੀਂ ਰਹਿੰਦਾ। ਜਦੋਂ ਜ਼ਰਾ ਯਤਨ ਕਰੀਏ ਤਾਂ ਇਸ ਲਹਿਰ ਵਿਚ ਆ ਮੌਜੂਦ ਹੁੰਦਾ ਹੈ। ਇਸ ਤੋਂ ਡੂੰਘੇਰਾ ਅਚੇਤ ਭਾਗ ਹੈ। ਸੁਚੇਤ ਭਾਗ ਵਿਚ ਕਈ ਸੰਕਲਪ ਪੈਦਾ ਹੁੰਦੇ ਹਨ ਜਿਹਨਾਂ ਨੂੰ ਅਸੀਂ ਧਰਮ ਵਿਰੁਧ, ਭਾਈਚਾਰੇ ਵਿਰੁਧ ਜਾਂ ਰਿਵਾਜ਼ ਵਿਰੁਧ ਸਮਝ ਕੇ ਦਬਾ ਦੇਂਦੇ ਹਾਂ। ਇਹ ਅੰਤਹਕਰਨ ਵਿਚੋਂ ਨਿਕਲਦੇ ਨਹੀਂ। ਇਹ ਅਚੇਤ ਭਾਗ ਵਿਚ ਰਹਿੰਦੇ ਹਨ ਤੇ ਜਦੋਂ ਸੁਪਨਿਆਂ ਵਿਚ ਕਦੀ ਦਾਅ ਲਗਦਾ ਹੈ, ਹੋਰ ਹੋਰ ਰੂਪ ਧਾਰ ਕੇ ਆ ਵਿਖਾਲੀ ਦੇਂਦੇ ਹਨ। ਇਸੇ ਲਈ ਸੁਪਨਿਆਂ ਵਿਚ ਮਨੁੱਖ ਕਈ ਉਹ ਉਹ ਮੰਦੇ ਕਰਮ ਕਰਦਾ ਹੈ ਜਿਹਦਾ ਖਿਆਲ ਕਰਕੇ ਵੀ ਉਹ ਜਾਗ੍ਰਿਤ ਅਵਸਥਾ ਵਿਚ ਕੰਬ ਜਾਂਦਾ ਹੈ। ਅਚੇਤ ਭਾਗ ਦੇ ਸਭ ਤੋਂ ਹੇਠਲੇ ਡੂੰਘ ਵਿਚ ਹਰ ਇਕ ਮਨੁੱਖ ਦਾ ਸੁਭਾਵ ਰਹਿੰਦਾ ਹੈ। ਇਹ ਸੁਭਾਵ ਸਾਨੂੰ ਵਿਰਸੇ ਵਿਚ ਮਿਲਦਾ ਹੈ। ਬਾਹਰਲੇ ਵਿਸ਼ੇ ਜਦੋਂ ਸੁਚੇਤ ਭਾਗ ਵਿਚ ਆਪਣੀ ਹਾਜ਼ਰੀ ਦੀ ਰਪੋਟ ਕਰਦੇ ਹਨ ਤਾਂ ਉਹਨਾਂ ਦੇ ਗ੍ਰਹਿਣ ਜਾਂ ਤਿਆਗ ਦਾ ਹੁਕਮ ਇਸ ਸੁਭਾਅ ਵਾਲੇ ਭਾਗ ਵਿਚੋਂ ਉਠਦਾ ਹੈ ਤੇ ਤ੍ਰਾਣ ਜੋ ਯੋਗ ਕਿਰਿਆ ਲਈ ਚਾਹੀਦਾ ਹੈ ਉਹ ਵੀ ਈਹੋ ਹਿੱਸਾ ਮੁਹੱਈਆ ਕਰਦਾ ਹੈ। ਕਈ ਖੋਜੀ ਇਹ ਵਿਰਾਸਤ ਜਿਸਮਾਨੀ ਮੰਨਦੇ ਹਨ। ਭਾਵ ਇਹ ਕਿ ਉਹ ਇਹ ਨਹੀਂ ਮੰਨਦੇ ਕਿ ਇਕੋ ਆਤਮਾ ਮੁੜ ਮੁੜ ਕੇ ਜਨਮ ਲੈਂਦੀ ਹੈ। ਉਹ ਇਹ ਮੰਨਦੇ ਹਨ ਕਿ ਪਿਉ ਦਾਦੇ ਤੇ ਨਸਲ ਦਾ ਸੁਭਾਵ ਸਰੀਰ ਦੀ ਰਾਹੀਂ ਔਲਾਦ ਵਿਚ ਆ ਜਾਂਦਾ ਹੈ।

ਹਿੰਦੁਸਤਾਨੀ ਵਿਚਾਰਵਾਨ ਆਵਾਗਵਨ ਨੂੰ ਮੰਨਦੇ ਹਨ। ਉਹ ਇਸ ਲਈ ਕਿਸੇ ਖਾਸ ਮਨੁੱਖ ਦੇ ਸੁਭਾਵ ਨੂੰ ਉਸ ਦੀ ਆਤਮਾ ਦੇ ਪਿਛਲੇ ਜਨਮਾਂ ਦੇ ਸੰਸਕਾਰਾਂ ਦਾ ਫਲ ਮੰਨਦੇ ਹਨ।

ਸੰਸਕਾਰ ਕੀ ਹੁੰਦਾ ਹੈ ? ਜਿਕੁਰ ਰੇਤ ਵਿਚ ਤੁਰੀਏ ਤਾਂ ਖੁਰਾ ਲਗ ਜਾਂਦਾ ਹੈ ਇਕੁਰ ਹੀ ਮਨ ਵਿਚੋਂ ਲੰਘਦੇ ਸੰਕਲਪ ਖੁਰਾ ਛਡ ਜਾਂਦੇ ਹਨ। ਜੇ ਇਹ ਗੱਲ ਨ ਹੁੰਦੀ ਤਾਂ ਅਸੀਂ ਆਪਣੇ ਕਿਸੇ ਪਿਛਲੇ ਕਰਮ ਨੂੰ ਮੁੜ ਚੇਤੇ ਵਿਚ ਨਾ ਲਿਆ ਸਕਦੇ। ਜਦੋਂ ਮਨ ਮੁੜ ਕੇ ਉਸੇ ਸਕੰਲਪ ਨੂੰ ਚਿਤਵੇ ਤਾਂ ਸੰਸਕਾਰ ਡੂੰਘੇ ਹੋ ਕੇ ਆਦਤ ਦਾ ਰੂਪ ਧਾਰ ਲੈਂਦੇ ਹਨ। ਸਰੀਰ ਦੇ ਜਿਤਨੇ ਕਰਮ ਹਨ ਇਹ ਮਨ ਦੇ ਸੰਕਲਪਾਂ ਦਾ ਸਿੱਟਾ ਹਨ। ਇਸ ਲਈ ਜੇ ਮੁੜ ਮੁੜ ਉਹੋ ਕਰਮ ਕਰੀਏ ਤਾਂ ਭਾਵ ਇਹ ਹੈ ਕਿ ਮਨ ਵਿਚ ਮੁੜ ਮੁੜ ਉਹੋ ਸੰਕਲਪ ਆਇਆ। ਸਿੱਟਾ ਇਹ ਕਿ ਉਸ ਕਰਮ ਦੀ ਸਾਡੇ ਵਿਚ ਆਦਤ ਹੋ ਗਈ। ਇਹ ਆਦਤਾਂ ਹੌਲੀ ਹੌਲੀ ਪੱਕ ਕੇ ਸੁਭਾਵ ਦਾ ਰੂਪ ਧਾਰਦੀਆਂ ਹਨ ਤੇ ਸਾਡਾ ਸਭਾਉ ਹੀ ਸਾਡੇ ਦੁਖ ਸੁਖ ਦਾ ਕਾਰਨ ਬਣਦਾ ਹੈ। ਜਿਤਨੀ ਕਿਰਿਆ ਵਿਚ ਅਸੀਂ ਹੁਣ ਪ੍ਰਵਿਰਤ ਹੋਂਦੇ ਹਾਂ ਉਹ ਬਾਹਲਾ ਸੁਭਾਵ ਦੇ ਆਸਰੇ ਹੁੰਦੀ ਹੈ ਤੇ ਸੁਭਾਵ ਪਿਛਲੇ ਕਰਮਾਂ ਦਾ ਫਲ ਹੈ। ਇਕੁਰ ਪਿਛਲੇ ਕਰਮ ਆਪਣੇ ਫਲ ਸੁਭਾਵ ਦੀ ਰਾਹੀਂ ਸਾਡੀ ਅਗਲੀ ਜ਼ਿੰਦਗੀ ਤੇ ਅਸਰ ਪਾਂਦੇ ਹਨ ਤੇ ਇਨ੍ਹਾਂ ਦੇ ਜਾਲ ਵਿਚੋਂ ਮਨੁੱਖ ਨੂੰ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ।

ਕਾਰਨ ਤੇ ਕਾਰਜ ਦਾ ਸਿਧਾਂਤ ਬੜਾ ਮੰਨਿਆ ਪ੍ਰਮੰਨਿਆ ਤੇ ਬਹੁਤ ਪੁਰਾਣਾ ਹੈ। ਪਰ ਇਸ ਨੂੰ ਮੰਨਣ ਵਾਲੇ ਕਈ ਵਿਦਵਾਨ ਇਕ ਭੁਲੇਖੇ ਵਿਚ ਪੈ ਜਾਂਦੇ ਹਨ। ਉਨ੍ਹਾਂ ਨੂੰ ਇਹ ਚੇਤੇ ਨਹੀਂ ਰਹਿੰਦਾ ਕਿ ਕਾਰਨ ਤੇ ਕਾਰਜ ਦੇ ਸੰਬੰਧ ਨੂੰ ਵੇਖਣਾ ਇਹ ਚੇਤਨ ਮਨ ਦੀ ਖੇਡ ਹੈ। ਜਿਸ ਵਸਤੂ ਵਿਚ ਚੇਤਨਤਾ ਨਹੀਂ ਉਸ ਲਈ ਕਾਰਨ ਤੇ ਕਾਰਜ ਦੀ ਸੰਗਲੀ ਕਿੱਥੇ ? ਤੇ ਚੇਤਨ ਹਸਤੀ ਵਿਚ ਇਹ ਵੀ ਸ਼ਕਤੀ ਹੈ ਕਿ ਜਿਸ ਕਾਰਜ ਨੂੰ ਕਰਨਾ ਹੋਵੇ ਉਸ ਦੇ ਕਾਰਨ ਵੀ ਮੁਹੱਈਆ ਕਰ ਲਵੇ। ਘੜਾ ਕਾਰਜ ਹੈ। ਘੜਾ ਬਣਾਨ ਵਾਲਾ ਘੁਮਿਆਰ ਮਿੱਟੀ ਲਿਆ ਕੇ ਘੜੇ ਦਾ ਰੂਪ ਚਿਤਵ ਕੇ, ਚੱਕ ਫੇਰ ਕੇ, ਆਪਣੇ ਸਰੀਰ ਦਾ ਜ਼ੋਰ ਲਾ ਕੇ ਘੜਾ ਬਣਾ ਸਕਦਾ ਹੈ। ਜੇ ਘੁਮਿਆਰ ਘੜੇ ਦੀ ਚਿਤਵਨੀ ਨਾ ਕਰੇ, ਮਿੱਟੀ ਮਣਾਂ ਮੂੰਹ ਪਈ ਰਹੇ ਤੇ ਉਹ ਵੀ ਕੋਲ ਬੈਠਾ ਰਹੇ ਘੜਾ ਨਹੀਂ ਤਿਆਰ ਹੋ ਸਕਦਾ! ਕਾਰਨ ਤੇ ਕਾਰਜ ਦਾ ਸਬੰਧ ਇਸ ਲਈ ਚੇਤਨ ਸੱਤਾ ਦੀ ਰਾਹੀਂ ਹੈ। ਇਸ ਸਿਧਾਂਤ ਨੂੰ ਗੁਰਮੱਤ ਵਿਚ ਐਉਂ ਦਸਿਆ ਹੈ।

ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ।
ਕਾਰਣ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ। ੨।

(ਸਲੋਕ ਸਹਸਕ੍ਰਿਤੀ ਮ: ੧)

ਕਰਮਾਂ ਦਾ ਸਿਧਾਂਤ ਕਾਰਨ ਕਾਰਜ ਦੇ ਸਿਧਾਂਤ ਦਾ ਹੀ ਇਕ ਰੂਪ ਹੈ। ਗੁਰਮੱਤ ਵਿਚ ਇਹ ਮੰਨਿਆ ਹੈ ਕਿ ਕਰਮ ਆਪਣੇ ਆਪ ਫਲ ਪੈਦਾ ਕਰਨ ਦੇ ਸਮਰਥ ਨਹੀਂ। ਨਿਰੰਕਾਰ ਦਾ ਹੁਕਮ ਕਰਮਾਂ ਦਾ ਫ਼ਲ ਪ੍ਰਦਾਤਾ ਹੈ। ਮਨੁੱਖਾਂ ਦੇ ਕਰਮਾਂ ਤੇ ਉਨ੍ਹਾਂ ਦੇ ਸਿੱਟਿਆਂ ਦੇ ਵਿਚਕਾਰ ਚੇਤਨ ਸੱਤਾ, ਜੋ ਸਰਬ ਵਿਆਪਕ ਹੈ, ਦਾ ਹੱਥ ਹੈ। ਜੇ ਕਦੀ ਇਹ ਮੰਨਿਆ ਜਾਂਦਾ ਕਿ ਕਰਮਾਂ ਦਾ ਫਲ ਸੁਤੇ ਹੀ ਮਿਲ ਜਾਂਦਾ ਹੈ ਤਾਂ ਲੇਖਾ ਮੰਗਣ ਆਦਿ ਦੇ ਖਿਆਲ ਦਾ ਕੀ ਅਰਥ ਹੋਇਆ ? ਜਿਕੁਰ ਕਿਸੇ ਮੰਦ ਕਰਮੀ ਨੂੰ ਉਹਦੇ ਕੀਤੇ ਦਾ ਫਲ ਦੇਣ ਲਈ ਹਾਕਮ ਦੀ ਲੋੜ ਹੈ, ਇਕੁਰ ਹੀ ਸਰਬ-ਵਿਆਪਕ ਹੁਕਮ ਕਰਮ ਦਾ ਫਲ ਪ੍ਰਦਾਤਾ ਮੰਨਿਆ ਹੈ।

ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ । ੨ ।

(ਜਪੁ ਮ: ੧)

ਪਰ ਨਾਲ ਹੀ ਇਹ ਦਸਿਆ ਹੈ ਕਿ ਹੁਕਮ ਦੀ ਕਲਮ ਸਾਡੇ ਕਰਮਾਂ ਅਨੁਸਾਰ ਚਲਦੀ ਹੈ ।

ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ । ੨ । ੯ ।

(ਸਲੋਕ ਮ: ੧ ਵਾਰ ਸਾਰੰਗ ਮ: ੪)

ਕਿਸੇ ਪਿਛਲੇ ਅਧਯਾਯ ਵਿਚ ਅਸੀਂ ਗੁਰਬਾਣੀ ਦੇ ਪ੍ਰਮਾਣਾਂ ਨਾਲ ਚੰਗੀ ਤਰਹ ਸਿੱਧ ਕਰ ਚੁਕੇ ਹਾਂ ਕਿ ਨਿਰੰਕਾਰ ਹੁਕਮ ਨਾਲ ਹਉਮੈ ਹਸਤੀ ਵਿਚ ਆਈ । ਹਉਮੈ ਸ਼ਖਸੀਅਤ ਦਾ ਕੇਂਦਰ ਬਣੀ ਤੇ ਫਿਰ ਕੀਤੇ ਕਰਮਾਂ ਨੇ ਉਸ ਸ਼ਖਸੀਅਤ ਦੇ ਖਾਸ ਸੁਭਾਵ ਦਾ ਰੂਪ ਧਾਰਿਆ । ਸਾਡੇ ਵਿਚ ਜੋ ਅਉਗੁਣ ਹਨ ਉਹੀ ਸਾਡੇ ਬੰਧਨ ਹਨ ਤੇ ਕਰਮਾਂ ਦਾ ਫਲ ਸਾਨੂੰ ਜ਼ਰੂਰ ਭੁਗਤਣਾ ਪੈਣਾ ਹੈ, ਭਾਵ ਸਾਡੇ ਸੁਭਾਵ ਵਿਚ ਰਚ ਗਏ ਔਗੁਣਾਂ ਸਾਨੂੰ ਦੁਖੀ ਕਰਦੇ ਰਹਿਣਾ ਹੈ । ਇਸ ਸਿਧਾਂਤ ਦੀ ਹੋਰ ਪੁਸ਼ਟੀ ਹੇਠਲੇ ਪ੍ਰਮਾਣਾਂ ਤੋਂ ਹੁੰਦੀ ਹੈ ।

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ । ੪ । ੧ ।

(ਸੋਰਠਿ ਮ: ੧)

ਮੂਲੁ ਮਤਿ ਪਰਵਾਣਾ ਏਹੋ ਨਾਨਕੁ ਆਖਿ ਸੁਣਾਏ ।
ਕਰਣੀ ਉਪਰਿ ਹੋਇ [1]ਤਪਾਵਸੁ ਜੇ ਕੋ ਕਹੈ ਕਹਾਏ । ੨ ।

(ਵਾਰ ਸਾਰੰਗ ਮ: ੪)

ਘੜੀ ਚਸੇ ਕਾ ਲੇਖਾ ਲੀਜੈ ਬੁਰਾ ਭਲਾ ਸਹੁ ਜੀਆ । ੫ । ੨ ।

(ਤੁਖਾਰੀ ਮ: ੧)

ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ।
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ । ੧ ।
ਚਿਤ ਚੇਤਸਿ ਕੀ ਨਹੀ ਬਾਵਰਿਆ ।
ਹਰਿ ਬਿਸਰਤ ਤੇਰੇ ਗੁਣ ਗਲਿਆ । ੧ ਰਹਾਉ ।
ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ।
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ । ੨ ।
ਕਾਇਆ [2]ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ।
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨੀ ਚਿੰਤ ਭਈ । ੩ । ੩ ।

(ਮਾਰੂ ਮ: ੧)

[1]ਤਪਾਵਸੁ—ਨਿਰਨਾ, ਫੈਸਲਾ ।

[2]ਆਰਣੁ=ਭੱਠੀ ਲੁਹਾਰ ਦੀ ।

ਨਾਨਕ ਆਖੈ ਰੇ ਮਨਾ ਸੁਣੀਐ ਸਿਖ ਸਹੀ ।
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ।
ਤਲਬਾ ਪਉਸਨਿ [1]ਆਕੀਆ ਬਾਕੀ ਜਿਨਾ ਰਹੀ ।
ਅਜਰਾਈਲੁ ਫਰੇਸਤਾ ਹੋਸੀ ਆਇ ਤਈ ।
ਆਵਣੁ ਜਾਣੁ ਨ ਸੁਝਈ ਭੀੜੀ ਗਲੀ [2]ਫਹੀ ।
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ । ੨ । ੧੪ ।

((ਸਲੋਕ ਮ: ੧ ਵਾਰ ਰਾਮਕਲੀ ਮ: ੩)

ਨਿੰਦਾ ਕਰਿ ਕਰਿ ਬਹੁਤੁ ਵਿਗੂਤਾ ਗਰਭ ਜੋਨਿ ਮਹਿ ਕਿਰਤਿ ਪਇਆ ।
ਪੂਰਬ ਕਮਾਣੇ ਛੋਡਹਿ ਨਾਹੀ
ਜਮ ਦੂਤਿ ਗ੍ਰਸਿਓ ਮਹਾ ਭਇਆ । ੨ । ੪੪ । ੫੫ ।

(ਰਾਮਕਲੀ ਮ: ੫)

ਦੋਸ ਨ ਦੀਜੈ ਕਾਹੂ ਲੋਗ । ਜੋ ਕਮਾਵਨੁ ਸੋਈ ਭੋਗ ।
ਆਪਨ ਕਰਮ ਆਪੇ ਹੀ ਬੰਧ ।
ਆਵਨੁ ਜਾਵਨੁ ਮਾਇਆ ਧੰਧ । ੧ । ੮ । ੧੯ ।

(ਰਾਮਕਲੀ ਮ: ੫)

ਪੇਖਤ ਲੀਲਾ ਰੰਗ ਰੂਪ ਚਲਨੈ ਦਿਨੁ ਆਇਆ ।
ਸੁਪਨੇ ਕਾ ਸੁਪਨਾ ਭਇਆ ਸੰਗਿ ਚਲਿਆ ਕਮਾਇਆ । ੩ । ੨੦ । ੫੦ ।

(ਬਿਲਾਬਲੁ ਮ: ੫)

ਜੈਸਾ ਕਰੇ ਸੁ ਤੈਸਾ ਪਾਵੈ । ਆਪਿ ਬੀਜਿ ਆਪੇ ਹੀ ਖਾਵੈ । ੫ । ੭ ।

(ਧਨਾਸਰੀ ਮ: ੧)

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ । ੧੪ ।

(ਵਾਰ ਆਸਾ ਮ: ੧)

ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ । ੧੯ ।

(ਵਾਰ ਆਸਾ ਮ: ੧)

ਦਿਨੁ ਰਾਤਿ ਕਮਾਇੜੋ ਸੋ ਆਇਓ ਮਾਥੈ ।

---

[1]ਆਕੀਆ— ਹੁਕਮ ਤੋਂ ਬੇਮੁਖ । [2]ਫਹੀ— ਫਸ ਗਈ ।

ਜਿਸੁ ਪਾਸਿ ਲੁਕਾਇਦੜੋ ਸੋ ਵੇਖੀ ਸਾਥੇ । ੧ । ੪ । ੧੩ ।

(ਆਸਾ ਮ: ੫ ਛੰਤ ਘਰ ੭)

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ।
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ । ੨੧ ।

(ਆਸਾ ਮ: ੧ ਪਟੀ)

ਮਨ ਮੂਰਖ ਕਾਹੇ ਬਿਲਲਾਈਐ ।
ਪੂਰਬ ਲਿਖੇ ਕਾ ਲਿਖਿਆ ਪਾਈਐ । ੪ । ੧੫ ।

(ਗਉੜੀ ਸੁਖਮਨੀ ਮ: ੫)

ਅਸੀਂ ਉਪਰ ਦਸ ਚੁਕੇ ਹਾਂ ਕਿ ਪਿਛਲੇ ਕਰਮਾਂ ਅਨੁਸਾਰ ਭਾਗ ਨਿਰੰਕਾਰੀ ਹੁਕਮ ਦੁਆਰਾ ਲਿਖੇ ਜਾਂਦੇ ਹਨ । ਇਸ ਲਈ ਇਸ ਗੱਲ ਨੂੰ ਕਈ ਸ਼ਬਦਾਂ ਵਿਚ ਐਉਂ ਦਸਿਆ ਹੈ ਕਿ ਪੂਰਬਲੇ ਲੇਖ ਜਾਂ ਹੁਕਮ ਦੁਆਰਾ ਲਿਖੇ ਧੁਰ ਦੇ ਲੇਖ ਮਿਟ ਨਹੀਂ ਸਕਦੇ । ਉਹ ਫਲ ਮਨੁੱਖ ਨੂੰ ਅਵੱਸ਼ ਭੋਗਣੇ ਪੈਂਦੇ ਹਨ ।

ਮਤਿ ਪੰਖੇਰੂ ਕਿਰਤੁ ਸਾਥਿ ਕਬ ਉਤਮ ਕਬ ਨੀਚ ।
ਕਬ ਚੰਦਨਿ ਕਬ ਅਕਿ ਡਾਲਿ ਕਬ ਉਚੀ ਪਰੀਤਿ ।
ਨਾਨਕ ਹੁਕਮਿ ਚਲਾਈਐ ਸਾਹਿਬ ਲਗੀ ਰੀਤਿ । ੨ । ੨੧ ।

(ਸਲੋਕ ਮ: ੧ ਵਾਰ ਮਾਝ)

ਕੁੰਟਿ ਚਾਰਿ ਦਹਿਦਿਸਿ ਭ੍ਰਮੇ ਕਰਮ ਕਿਰਤ ਕੀ ਰੇਖ ।
ਸੂਖ ਦੂਖ ਮੁਕਤਿ ਜੋਨਿ ਨਾਨਕ ਲਿਖਿਓ ਲੇਖ । ੧ । ੧੭ ।

(ਗਉੜੀ ਬਾਵਨ ਅਖਰੀ ਮ: ੫)

ਬਾਬਾ ਆਇਆ ਹੈ ਉਠਿ ਚਲਣਾ ਅਧਪੰਧੈ ਹੈ ਸੰਸਾਰੋਵਾ ।
ਸਿਰਿ ਸਿਰਿ ਸਚੜੈ ਲਿਖਿਆ ਦੁਖੁ ਸੁਖੁ ਪੁਰਬਿ ਵੀਚਾਰੋਵਾ ।
ਦੁਖੁ ਸੁਖ ਦੀਆ ਜੇਹਾ ਕੀਆ ਸੋ ਨਿਬਹੈ ਜੀਅ ਨਾਲੇ ।
ਜੇਹੇ ਕਰਮ ਕਰਾਏ ਕਰਤਾ ਦੂਜੀ ਕਾਰ ਨ ਭਾਲੇ ।
ਆਪਿ ਨਿਰਾਲਮੁ ਧੰਧੈ ਬਾਧੀ ਕਰਿ ਹੁਕਮੁ ਛਡਾਵਣਹਾਰੋ ।
ਅਜੁ ਕਲਿ ਕਰਦਿਆ ਕਾਲੁ ਬਿਆਪੈ ਦੂਜੈ ਭਾਇ ਵਿਕਾਰੋ । ੪ ।

(ਵਡਹੰਸੁ ਮ: ੧ ਅਲਾਹਣੀਆ)

ਬਾਬਾ ਨਾਂਗੜਾ ਆਇਆ ਜਗ ਮਹਿ ਦੁਖੁ ਸੁਖੁ ਲੇਖੁ ਲਿਖਾਇਆ ।

ਲਿਖਿਅੜਾ ਸਾਹਾ ਨ ਟਲੈ ਜੇਹੜਾ ਪੁਰਬਿ ਕਮਾਇਆ । ੩ । ੫ ।

(ਵਡਹੰਸ ਮ: ੧ ਅਲਾਹਣੀਆ)

ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ।
ਜਹਾ ਦਾਣੇ ਤਹਾ ਖਾਣੇ ਨਾਨਕਾ ਸਚੁ ਹੇ । ੨ । ੨੮ ।

(ਸਲੋਕ ਮ: ੨ ਵਾਰ ਸੋਰਠਿ ਮ: ੪)

ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ । ੧ । ੩ ।

(ਧਨਾਸਰੀ ਮ: ੧ ਛੰਤੁ)

ਕਰਮਾਂ ਦਾ ਅੰਤ੍ਰੀਵ ਫਲ ਤਾਂ ਔਗੁਣ ਹਨ । ਦੂਜਾ ਉਹ ਕਾਰਨ ਆ ਪੈਦਾ ਹੁੰਦੇ ਹਨ ਜਿਨ੍ਹਾਂ ਵਿਚ ਔਗੁਣ ਪ੍ਰਫੁਲਤ ਹੋ ਕੇ ਸਾਡੇ ਲਈ ਦੁਖ ਉਪਜਾਉਂਦੇ ਹਨ । ਜਦੋਂ ਉਹ ਹਾਲਤਾਂ ਸਾਨੂੰ ਆ ਘੇਰਨ ਸਾਡੇ ਸੁਭਾਵ ਵਿਚ ਹਰਖ ਪੈਦਾ ਹੋਇਆ । ਇਸ ਲਈ ਪਿਛਲੇ ਕਰਮ ਜਾਂ ਲਿਖੇ ਲੇਖ ਸਾਨੂੰ ਬੱਝੀਆਂ ਲੀਹਾਂ ਵਿਚ ਤੋਰਦੇ ਹਨ ਤੇ ਜਦ ਤੀਕ ਆਪਣੀ ਮੱਤ ਵਰਤਦੇ ਹਾਂ ਅਸੀਂ ਕਿਸੇ ਹੋਰ ਲੀਹ ਵਿਚ ਨਹੀਂ ਜਾ ਸਕਦੇ ।

ਜੋ ਧੁਰਿ ਲਿਖਿਆ ਲੇਖੁ ਸੋ ਕਰਮ ਕਮਾਇਸੀ । ੫ ।

(ਵਾਰ ਗੂਜਰੀ ਮ: ੩)

ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ।
ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰੁ । ੧੯ । ੧ । ੩ ।

(ਸੂਹੀ ਮ: ੩ ਅਸਟਪਦੀਆ)

ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ ।
ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ ।
ਨਾਨਕ ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰੁ । ੨ । ੧੭ ।

(ਸਲੋਕ ਮ: ੧ ਵਾਰ ਸੂਹੀ)

ਜੋ ਧੁਰਿ ਲਿਖਿਆ ਸੁ ਕਰਮ ਕਮਾਇਆ ।
ਕੋਇ ਨ ਮੇਟੈ ਧੁਰਿ ਫੁਰਮਾਇਆ ।
ਸਤ ਸੰਗਤਿ ਮਹਿ ਤਿਨ ਹੀ ਵਾਸਾ
ਜਿਨ ਕਉ ਧੁਰਿ ਲਿਖਿ ਪਾਈ ਹੇ । ੧੫ । ੧ ।

(ਮਾਰੂ ਮ: ੩ ਸੋਲਹੇ)

ਜੇਤੇ ਜੀਅ ਲਿਖੀ ਸਿਰਿ ਕਾਰ । ਕਰਣੀ ਉਪਰਿ ਹੋਵਗਿ ਸਾਰ । ੪ । ੩ ।

(ਬਸੰਤ ਮ: ੧)

ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ । ਪ੨ ।

(ਰਾਗ ਰਾਮਕਲੀ ਮ: ੧ ਦਖਣੀ ਓਅੰਕਾਰ)

ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ । ੩ । ੧ ।

(ਵਡਹੰਸੁ ਮ: ੧, ਛੰਤ)

ਓਇ ਵੇਚਾਰੇ ਕਿਆ ਕਰਹਿ ਜਾਂ ਭਾਗ ਧੁਰਿ ਮੰਦੇ । ੧੨ ।

(ਵਾਰ ਗਉੜੀ ਮ: ੪)

ਇਥੋਂ ਤੀਕ ਕਿ ਸੰਬੰਧੀਆਂ ਨਾਲ ਸੰਜੋਗ ਭੀ ਕੀਤੇ ਕਰਮਾਂ ਅਨੁਸਾਰ ਹੈ ।

ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ।
ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹ ਕੋ ਨ ਸਹਾਈ । ੧ । ੧ ।

(ਜੈਤਸਰੀ ਮ: ੫ ਘਰ ੩)

ਸਤਸੰਗ ਤੇ ਸਤਿਗੁਰ ਨਾਲ ਮੇਲ ਭੀ ਲਿਖੇ ਲੇਖਾਂ ਅਨੁਸਾਰ ਹੈ ।

ਜਨੁ ਨਾਨਕੁ ਗੁਰੁ ਤਿਨ੍ਹੀ ਪਾਇਆ
ਜਿਨ ਧੁਰਿ ਲਿਖਤੁ[1] ਲਿਲਾਟਿ ਲਿਖਾਸੇ । ੧ । ੩ । ੨੦ ।

(ਆਸਾ ਛੰਤ ਮ: ੪)

ਜਿਸੁ ਹੋਵੈ ਪੂਰਬਿ ਲਿਖਿਆ ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ । ੨ । ੭ ।

(ਵਾਰ ਗਉੜੀ ਮ: ੪)

[2]ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ ।
ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ ।
ਬਗੁਲਾ ਕਾਗੁ ਨ ਰਹਈ ਸਰਵਰਿ ਜੇ ਹੋਵੈ ਅਤਿ ਸਿਆਣਾ ।
ਓਨਾ ਰਿਜਕੁ ਨ ਪਇਓ ਓਥੈ ਓਨ੍ਹਾ ਹੋਰੋ ਖਾਣਾ ।
ਸਚਿ ਕਮਾਣੈ ਸਚੋ ਪਾਈਐ ਕੂੜੈ ਕੂੜਾ ਮਾਣਾ
ਨਾਨਕ ਤਿਨ ਕੋ ਸਤਿਗੁਰੁ ਮਿਲਿਆ ਜਿਨਾ ਧੁਰੇ ਪੈਯਾ ਪਰਵਾਣਾ । ੧ । ੨੧ ।

(ਸਲੋਕ ਮ: ੧ ਵਾਰ ਰਾਮਕਲੀ ਮ: ੩)

ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ।

---

[1]ਲਿਲਾਟ-ਮੱਥੇ ਤੇ ।
[2]ਸਰਵਰ—ਸਤਸੰਗ ਤੇ ਹੰਸ—ਸਤਸੰਗੀ ।

ਨਾਨਕ ਅੰਮ੍ਰਿਤੁ ਏਕ ਹੈ ਦੂਜਾ ਅੰਮ੍ਰਿਤ ਨਾਹਿ ।
ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ।
ਤਿਨ੍ਹੀ ਪੀਤਾ ਰੰਗ ਸਿਉ ਜਿਨ ਕਉ ਲਿਖਿਆ ਆਦਿ । ੧ । ੪ ।

(ਸਲੋਕ ਮ: ੨ ਵਾਰ ਸਾਰੰਗ ਮ: ੪)

ਇਸ ਲਈ ਕਈ ਸ਼ਬਦਾਂ ਵਿਚ ਅਸੀਂ ਇਹ ਪੜ੍ਹਦੇ ਹਾਂ ਕਿ ਹੁਕਮ ਅਨੁਸਾਰ ਕਈ ਭੁਲੇ ਹੋਏ ਹਨ ਤੇ ਕਈ ਰਾਹ ਪੈ ਗਏ ਹਨ । ਪਰ ਇਹ ਗਲ ਸਾਨੂੰ ਭੁਲਣੀ ਨਹੀਂ ਚਾਹੀਦੀ ਕਿ ਹੁਕਮ ਦੀ ਕਲਮ ਜੀਵਾਂ ਦੇ ਕਰਮਾਂ ਅਨੁਸਾਰ ਵਗਦੀ ਹੈ । ਹੁਕਮ ਨਿਰਨਾ ਕਰਨ ਵਾਲੀ ਸ਼ਕਤੀ ਹੈ ਪਰ ਤਪਾਵਸੁ ਅਰਥਾਤ ਨਿਰਨਾ ਜਿੰਦਾਂ ਉੱਪਰ ਦਸ ਚੁਕੇ ਹਾਂ ਅਮਲਾਂ ਪੁਰ ਹੋਂਦਾ ਹੈ ।

ਕਕਾ ਕਾਰਨ ਕਰਤਾ ਸੋਊ । ਲਿਖਿਓ ਲੇਖੁ ਨ ਮੇਟਤ ਕੋਊ ।
ਨਹੀ ਹੋਤ ਕਛੁ ਦੋਊ ਬਾਰਾ । ਕਰਨੈਹਾਰੁ ਨ ਭੂਲਨਹਾਰਾ ।
ਕਾਹੂ ਪੰਥੁ ਦਿਖਾਰੈ ਆਪੈ । ਕਾਹੂ ਉਦਿਆਨ ਭ੍ਰਮਤ ਪਛੁਤਾਪੈ ।
ਆਪਨ ਖੇਲੁ ਆਪ ਹੀ ਕੀਨੋ । ਜੋ ਜੋ ਦੀਨੋ ਸੋ ਨਾਨਕ ਲੀਨੋ । ੧੭ ।

(ਗਉੜੀ ਬਾਵਨ ਅਖਰੀ ਮ: ੫)

[1]ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ ਤਾ ਤਿਨੀ ਖਸਮੁ ਧਿਆਇਆ ।
ਏਨਾ ਸੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ ।
ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ ।
ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧੁ ਆਪੁ ਬੁਝਾਇਆ ।
ਸਹਿਜੇ ਹੀ ਸਚਿ ਸਮਾਇਆ । ੧੧ ।

(ਵਾਰ ਆਸਾ ਮ: ੧)

ਇਸ ਕਰਮਾਂ ਅਨੁਸਾਰ ਲਿਖੇ ਲੇਖ ਅੱਗੇ ਕਿਸੇ ਦਾ ਜ਼ੋਰ ਨਹੀਂ ਚਲਦਾ । ਚੇਤਾ ਰਖੋ ਕਿ ਇਸ ਲੇਖ ਦਾ ਸਿੱਟਾ ਸਾਡਾ ਸੁਭਾਵ ਹੈ। ਤੇ ਸਾਡੀ ਸਾਰੀ ਕਿਰਿਆ ਸੁਭਾਵ ਦੇ ਆਸਰੇ ਹੈ । ਮਨੁੱਖ ਦੀ ਸਿਆਣਪ ਤੇ [2]ਵਿਚਾਰ ਉੱਪਰ ੨ ਹੀ ਹੁੰਦੀ ਹੈ ਕਿਰਿਆ ਵਿਚ ਸੁਭਾਵ ਹੀ ਵਰਤਦਾ ਹੈ ।

ਲਲਾ ਲਪਟਿ ਬਿਖੈ ਰਸ ਰਾਤੇ । ਅਹੰਬੁਧਿ ਮਾਇਆ ਮਦ ਮਾਤੇ ।
ਇਆ ਮਾਇਆ ਮਹਿ ਜਨਮਹਿ ਮਰਨਾ ।
ਜਿਉ ਜਿਉ ਹੁਕਮੁ ਤਿਵੈ ਤਿਉ ਕਰਨਾ ।
ਕੋਊ ਊਨ ਨ ਕੋਊ ਪੂਰਾ । ਕੋਊ ਸੁਘਰੁ ਨ ਕੋਊ ਮੂਰਾ ।

---

[1] ਦਰਗਾਹ ਵਿਚੋਂ ਜਿਨ੍ਹਾਂ ਨੂੰ ਤੂੰ ਇਹ ਕਰਮ ਲਿਖ ਦਿਤਾ ਹੈ ਉਹ ਤੇਰੇ ਨਾਮ ਵਿਚ ਲਗੇ ਹਨ ।
[2] ਵੇਖੋ ਨੋਟ ਪੰਨਾ ੧੧੦,

ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ।
ਨਾਨਕ ਠਾਕੁਰੁ ਸਦਾ ਅਲਿਪਨਾ । ੧੧ ।

(ਗਉੜੀ ਬਾਵਨ ਅੱਖਰੀ ਮ: ੫)

ਅਗੇ ਅਸੀਂ ਦਸ ਚੁਕੇ ਹਾਂ ਕਿ ਮਾਇਆ ਮੋਹ ਕਰਤਾਰ ਨੇ ਆਪ ਹੀ ਪੈਦਾ ਕੀਤਾ ਹੈ । ਜੋਤ ਜਿਸ ਦੇ ਆਸਰੇ ਸਾਰਾ ਵਿਹਾਰ ਚਲਦਾ ਹੈ ਉਹ ਵੀ ਨਿਰੰਕਾਰ ਦੀ ਦਾਤ ਹੈ । ਹੁਕਮ ਜਿਹੜਾ ਕਰਮਾਂ ਅਨੁਸਾਰ ਨਿਰਨਾ ਕਰਦਾ ਹੈ ਉਹ ਬੀ ਨਿਰੰਕਾਰੀ ਤਾਕਤ ਹੈ । ਇਨ੍ਹਾਂ ਤਿੰਨਾਂ ਹੀ ਖਿਆਲਾਂ ਨੂੰ ਕਈ ਵੇਰ ਇਕੋ ਥਾਂ ਵਰਨਣ ਕੀਤਾ ਵੇਖ ਕੇ ਘਬਰਾ ਜਾਈਦਾ ਹੈ ਕਿ ਫਿਰ ਮਨੁੱਖ ਦੇ ਕੀ ਵਸ ਵਿਚ ਹੋਇਆ ? ਮਨੁੱਖ ਨੂੰ ਸਾਜਣਹਾਰ ਨੇ ਜਿੰਨੀ ਤਾਕਤ ਦਿੱਤੀ ਹੈ ਉਹੋ ਹੀ ਵਰਤ ਸਕਦਾ ਹੈ । ਜਿਕੁਰ ਕੋਈ ਹਾਕਮ ਆਪਨੇ ਅਧਿਕਾਰਾਂ ਤੋਂ ਬਾਹਰ ਜਾਏ ਤਾਂ ਦੋਸ਼ੀ ਹੈ ਇਕੁਰ ਹੀ ਮਨੁੱਖ ਨੂੰ ਜੋ ਕਲਾ ਬਖਸ਼ੀ ਗਈ ਹੈ ਉਸ ਤੋਂ ਇਧਰ ਉਧਰ ਨਹੀਂ ਜਾ ਸਕਦਾ । ਆਜ਼ਾਦੀ ਸਦਾ ਹੀ ਨੇਮ-ਵਸ ਹੋਂਦੀ ਹੈ । ਆਜ਼ਾਦੀ ਦਾ ਭਾਵ ਮਨ-ਮੰਨੀ ਮੌਜ ਕਦੀ ਤੇ ਕਿਧਰੇ ਨਹੀਂ ਹੋਂਦਾ । ਮਨੁੱਖ ਜੀਵਨ ਦਾ ਆਧਾਰ ਨਿਰੰਕਾਰੀ ਤਾਕਤ ਹੈ ਜੋ ਮਨੁੱਖ ਨੂੰ ਦਿਤੀ ਗਈ ਹੈ । ਸਤਿਗੁਰ ਫੁਰਮਾਂਦੇ ਹਨ ।

ਰੂਪਵੰਤੁ ਹੋਇ ਨਾਹੀ ਮੋਹੈ । ਪ੍ਰਭ ਕੀ ਜੋਤਿ ਸਗਲ ਘਟ ਸੋਹੈ ।
ਧਨਵੰਤਾ ਹੋਇ ਕਿਆ ਕੋ ਗਰਬੈ । ਜਾ ਸਭੁ ਕਿਛੁ ਤਿਸ ਕਾ ਦੀਆ ਦਰਬੈ ।
ਅਤਿ ਸੂਰਾ ਜੇ ਕੋਊ ਕਹਾਵੈ । ਪ੍ਰਭ ਕੀ ਕਲਾ ਬਿਨਾ ਕਹ ਧਾਵੈ ।
ਜੇ ਕੋ ਹੋਇ ਬਹੈ ਦਾਤਾਰੁ । ਤਿਸੁ ਦੇਨਹਾਰੁ ਜਾਨੈ ਗਾਵਾਰੁ । ੨ । ੧੫ ।

(ਗਉੜੀ ਸੁਖਮਨੀ ਮ: 5)

ਕਿਰਤ ਕਮਾਵਨ ਸੁਭ ਅਸੁਭ ਕੀਨੇ ਤਿਨਿ ਪ੍ਰਭਿ ਆਪਿ ।
ਪਸੁ ਆਪਨ ਹਉ ਹਉ ਕਰੈ ਨਾਨਕ ਬਿਨੁ ਹਰਿ ਕਹਾ ਕਮਾਤਿ । ੧ । ਪਉੜੀ
ਏਕਹਿ ਆਪਿ ਕਰਾਵਨਹਾਰਾ । ਆਪਹਿ ਪਾਪ ਪੁੰਨ ਬਿਸਥਾਰਾ ।
ਇਆ ਜੁਗ ਜਿਤੁ ਜਿਤੁ ਆਪਹਿ ਲਾਇਓ ।
ਸੋ ਸੋ ਪਾਇਓ ਜੁ ਆਪਿ ਦਿਵਾਇਓ । ੮ ।

(ਗਉੜੀ ਬਾਵਨ ਅਖਰੀ ਮ: ੫)

ਹੁਣ ਸਵਾਲ ਇਹ ਹੈ ਕਿ ਇਹ ਕਰਮ-ਜਾਲ ਟੁਟੇ ਕਿਸ ਤਰਹ ? ਸਾਡੇ ਦੇਸ ਦੇ ਕਈ ਵਿਚਾਰਵਾਨਾਂ ਦਾ ਤਾਂ ਇਹ ਖਿਆਲ ਹੈ ਕਿ ਕੀਤੇ ਕਰਮਾਂ ਦਾ ਫਲ ਜ਼ਰੂਰ ਭੋਗਣਾ ਪੈਂਦਾ ਹੈ । ਇਸ ਲਈ ਪਾਤੰਜਲ ਜੀ ਚੌਥੇ ਅਧਯਾਯ ਦੇ ਚੌਥੇ ਤੇ ਪੰਜਵੇਂ ਸਲੋਕ ਵਿਚ ਜ਼ਿਕਰ ਕਰਦੇ ਹਨ ਕਿ ਜੋਗੀ ਲੋਕ ਕਰਮਾਂ ਨੂੰ ਮੁਕਾਣ ਲਈ ਕਾਯਾ-ਵਿਊਹ ਪੈਦਾ ਕਰ ਲੈਂਦੇ ਹਨ । ਭਾਵ ਬਹੁਤ ਸਾਰੇ ਸਰੀਰ ਆਪਣੀ ਸ਼ਕਤੀ ਦੁਆਰਾ ਬਣਾ ਲੈਂਦੇ ਹਨ । ਤੇ ਉਨ੍ਹਾਂ ਵਿਚ ਮਨ ਵੀ ਸਾਜ ਕੇ ਸਾਰੇ ਕਰਮਾਂ ਨੂੰ ਮੁਕਾ ਸੁੱਟਦੇ ਹਨ । ਅਤੇ ਜਿਤਨੇ ਜਨਮ ਉਨ੍ਹਾਂ ਲੈਣੇ ਸਨ ਇਕਰ ਖਤਮ ਕਰ ਦੇਂਦੇ ਹਨ । ਪਰ

ਗੁਰਮੱਤ ਵਿਚ ਕਰਮਾਂ ਦੀ ਇਤਨੀ ਸ਼ਕਤੀ ਨਹੀਂ ਮੰਨੀ ਜਾਂਦੀ। ਅਸੀਂ ਦਸ ਚੁੱਕੇ ਹਾਂ ਕਿ ਕਰਮਾਂ ਦਾ ਅੰਤ੍ਰੀਵ ਅਸਰ ਤਾਂ ਖਾਸ ਸੁਭਾਵ ਪੈਦਾ ਕਰਨਾ ਹੈ। ਜਦੋਂ ਤੱਕ ਅਸੀਂ ਉਸ ਸੁਭਾਵ ਦੇ ਮਗਰ ਤੁਰਦੇ ਹਾਂ, ਅਸੀਂ ਪਿਛਲੇ ਕਰਮਾਂ ਦੇ ਅਸਰ ਤੋਂ ਨਹੀਂ ਬੱਚ ਸਕਦੇ। ਪਰ ਜੇ ਅਸੀਂ ਮਨ-ਮੱਤ ਤਿਆਗਣ ਦਾ ਫੈਸਲਾ ਕਰ ਲਈਏ ਤੇ ਗੁਰਮੱਤ ਤੇ ਤੁਰਨ ਦਾ ਪ੍ਰਣ ਕਰ ਲਈਏ ਤਾਂ ਸਾਡਾ ਪਿਛਲਾ ਸੁਭਾਵ ਹੌਲੀ ਹੌਲੀ ਖਤਮ ਹੋ ਜਾਂਦਾ ਤੇ ਅਸੀਂ ਗੁਰੂ ਦੇ ਸੁਭਾਵ ਅਨੁਸਾਰੀ ਹੋ ਕੇ ਉਸ ਉੱਚ ਸੁਭਾਵ ਵਾਲੇ ਹੋ ਜਾਂਦੇ ਹਾਂ। ਗੁਰ-ਸਿੱਖ ਨੂੰ ਕਾਯਾ ਵਿਊਹ ਦੀ ਲੋੜ ਨਹੀਂ। ਉਹ ਤਾਂ ਮਨ ਨੂੰ ਗੁਰੂ ਦੇ ਮਗਰ ਤੋਰ ਕੇ ਸਾਰੇ ਪਿਛਲੇ ਕਰਮਾਂ ਦੇ ਸਿੱਟੇ ਮਨ ਨੂੰ ਮਾਰ ਦੇਂਦਾ ਹੈ ਤੇ ਇਕੁਰ ਉਹ ਕਰਮ ਜਾਲ ਦੇ ਫੰਦੇ ਤੋਂ ਨਿਕਲ ਜਾਂਦਾ ਹੈ ਤੇ ਖੁਸ਼-ਕਿਸਮਤੀ ਉਸ ਦੇ ਮਸਤਕ ਤੇ ਆ ਡੇਰਾ ਕਰਦੀ ਹੈ।

ਸਤਿਗੁਰਿ ਮਿਲਿਐ ਫਲੁ ਪਾਇਆ।
ਜਿਨਿ ਵਿਚਹੁ ਅਹਕਰਣੁ ਚੁਕਾਇਆ।
ਦੁਰਮਤਿ ਕਾ ਦੁਖੁ ਕਟਿਆ ਭਾਗੁ ਬੈਠਾ ਮਸਤਕਿ ਆਇ ਜੀਉ।੧੧।੧।

(ਸ੍ਰੀ ਰਾਗ ਮ: ੫ ਅਸਟਪਦੀਆ)

ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ।
ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ।੩।੫।੧੪।

(ਮਾਰੂ ਮ: ੫)

ਕਹਤੁ ਨਾਨਕੁ ਇਹੁ ਜੀਉ ਕਰਮ ਬੰਧੁ ਹੋਈ।
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ।੫।੧।

(ਭੈਰਉ ਮ: ੩)

ਗੁਰਮਤ ਤੇ ਤੁਰਨਾ ਈਹੋ ਕਰਮਾਂ ਤੋਂ ਛੁਟਣ ਦਾ ਰਾਹ ਹੈ

ਕਿਰਤੁ ਨ ਕੋਈ ਮੇਟਣਹਾਰਾ। ਗੁਰ ਕੈ ਸਬਦੇ ਮੋਖ ਦੁਆਰਾ।
ਪੂਰਬਿ ਲਿਖਿਆ ਸੋ ਫਲੁ ਪਾਇਆ ਜਿਨਿ ਆਪੁ ਮਾਰਿ ਪਛਾਤਾ ਹੇ।੭।੯।

(ਮਾਰੂ ਮ: ੩ ਸੋਲਹੇ)

ਜੋ ਕਿਛੁ ਕੀਨੋ ਸੁ ਪ੍ਰਭੂ ਰਜਾਇ।
ਜੁ ਧੁਰਿ ਲਿਖਿਆ ਸੁ ਮੇਟਣਾ ਨ ਜਾਇ।
ਹੁਕਮੈ ਬਾਧਾ ਕਾਰ ਕਮਾਇ।
ਏਕ ਸਬਦਿ ਰਾਚੈ ਸਚਿ ਸਮਾਇ।੭।੧।੪।

(ਮਲਾਰ ਮ: ੧ ਅਸਟਪਦੀਆ)

**ਜਦੋਂ ਸਿੱਖ ਆਪਣੀ** ਮਰਜ਼ੀ ਨਿਰੰਕਾਰੀ ਹੁਕਮ ਦੇ ਤਾਬੇ ਕਰ ਦੇਂਦਾ ਹੈ, ਕਰਮ ਮੁੱਕ ਜਾਂਦੇ ਹਨ। **ਦੂਜੇ ਸ਼ਬਦਾਂ** ਵਿਚ ਨਾਮ ਵਿਚ ਲੀਨ ਹੋਣ ਨਾਲ ਕਰਮ ਮੁੱਕ ਜਾਂਦੇ ਹਨ ਹੋਰ ਕਿਸੇ ਤਰਹ ਨਹੀਂ।

ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ।
ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ। ੩। ੨। ੨੯।

(ਸ੍ਰੀ ਰਾਗੁ ਮ: ੩ ਅਸਟਪਦੀਆ)

ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ।
ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ।
ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ। ੭। ੫।

(ਸ੍ਰੀ ਰਾਗੁ ਮ: ੧ ਅਸਟਪਦੀਆ)

ਮਸਤਕਿ ਲਿਲਾਟਿ ਲਿਖਿਆ ਧੁਰਿ ਠਾਕੁਰਿ ਮੇਟਣਾ ਨਾ ਜਾਇ।
ਨਾਨਕ ਸੇ ਜਨ ਪੂਰਨ ਹੋਏ ਜਿਨ ਹਰਿ ਭਾਣਾ ਭਾਇ। ੮। ੧।

(ਮਲਾਰ ਮ: ੩ ਅਸਟਪਦੀਆ)

ਤੁਧੁ ਦੁਖੁ ਸੁਖੁ ਨਾਲਿ ਉਪਾਇਆ ਲੇਖੁ ਕਰਤੈ ਲਿਖਿਆ।
ਨਾਵੈ ਜੇਵਡ ਹੋਰ ਦਾਤਿ ਨਾਹੀ ਤਿਸੁ ਰੂਪੁ ਨ ਰਿਖਿਆ।
ਨਾਮੁ ਅਖੁਟੁ ਨਿਧਾਨੁ ਹੈ ਗੁਰਮੁਖਿ ਮਨਿ ਵਸਿਆ।
ਕਰਿ ਕਿਰਪਾ ਨਾਮੁ ਦੇਵਸੀ ਫਿਰਿ ਲੇਖੁ ਨਾ ਲਿਖਿਆ।
ਸੇਵਕ ਭਾਇ ਸੇ ਜਨ ਮਿਲੇ ਜਿਨ ਹਰਿ ਜਪੁ ਜਪਿਆ। ੬।

(ਵਾਰ ਸੂਹੀ ਮ: ੩)

ਸਦਾ ਨਾਮੁ ਸਮਾਲੇ ਸਤਿਗੁਰੁ ਹੈ ਨਾਲੇ ਸਤਿਗੁਰੁ ਸੇਵਿ ਸੁਖੁ ਪਾਇਆ।
ਸਬਦੇ ਕਾਲੁ ਮਾਰਿ ਸਚੁ ਉਰਿਧਾਰਿ
ਫਿਰਿ ਆਵਣ ਜਾਣੁ ਨ ਹੋਇਆ। ੧। ੩।

(ਵਡਹੰਸ ਮ: ੩)

ਇਸ ਸੰਬੰਧੀ ਇਕ ਹੋਰ ਧਿਆਨ ਹੈ ਜਿਸ ਵਲ ਪਾਠਕਾਂ ਦਾ ਖ਼ਿਆਲ ਦਿਵਾਣਾ ਜ਼ਰੂਰੀ ਹੈ। ਗੁਰਮਤ ਅਨੁਸਾਰ ਜੀਵ ਆਤਮਾ ਨਿਰੰਕਾਰ ਦੀ ਸਾਜੀ ਹੋਈ ਹੈ। ਹਰ ਸਾਜਣ ਵਾਲਾ ਆਪਣੀ ਸ੍ਰਿਸ਼ਟੀ ਲਈ ਕੋਈ ਆਦਰਸ਼ ਰੱਖਦਾ ਹੈ। ਜਪੁਜੀ ਵਿਚ ਪਹਿਲੇ ਹੀ ਲਿਖਿਆ ਹੈ ਕਿ ਨਿਰੰਕਾਰ ਨੇ ਸਾਜਣ ਸਮੇਂ ਨਾਲ ਹੀ ਲਿਖ ਦਿਤਾ ਕਿ ਮਨੁੱਖ ਦੀ ਪੂਰਨਤਾ ਹੁਕਮ ਵਿਚ ਤੁਰਨ ਨਾਲ

ਹੋਵੇਗੀ । ਇਹ ਮਨੁੱਖੀ ਸ੍ਰਿਸ਼ਟੀ ਦਾ ਪਰਮ ਪ੍ਰਯੋਜਨ ਹੈ । ਇਸ ਲਈ ਹੁਕਮ ਵਿਚ ਤੁਰਨ ਅਤੇ ਨਾਮ ਦੇ ਜਾਪੁ ਨੂੰ ਧੁਰ ਦੀ ਕਾਰ ਲਿਖਿਆ ਹੈ :

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ । ੧ ।

(ਜਪੁ ਮ: ੧)

ਕਰਣੀ ਕਾਰ ਧੁਰਹੁ ਫੁਰਮਾਈ ਆਪਿ ਮੁਆ ਮਨੁ ਮਾਰੀ ।
ਨਾਨਕ ਨਾਮੁ ਮਹਾ ਰਸੁ ਮੀਠਾ ਤ੍ਰਿਸਨਾ ਨਾਮਿ ਨਿਵਾਰੀ । ੫ । ੨ ।

(ਧਨਾਸਰੀ ਮ: ੧ ਛੰਤ)

ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ । ੨੪ ।

(ਵਾਰ ਆਸਾ ਮ: ੧)

ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ ।
ਹਉਮੈ ਅਨ ਸਿਉ ਲਰਿ ਮਰੈ ਸੋ ਸੋਭਾਦੂ ਹੋਇ ।
ਮਣੀ ਮਿਟਾਇ ਜੀਵਤ ਮਰੈ ਗੁਰ ਪੂਰੇ ਉਪਦੇਸ ।
ਮਨੂਆ ਜੀਤੈ ਹਰਿ ਮਿਲੈ ਤਿਹ ਸੂਰਤਣ ਵੇਸ ।
ਣਾ ਕੋ ਜਾਣੈ ਆਪਣੋ ਏਕਹਿ ਟੇਕ ਅਧਾਰ ।
ਰੈਣਿ ਦਿਨਸੁ ਸਿਮਰਤ ਰਹੈ ਸੋ ਪ੍ਰਭੁ ਪੁਰਖੁ ਅਪਾਰ ।
ਰੇਣ ਸਗਲ ਇਆ ਮਨੁ ਕਰੈ ਏਊ ਕਰਮ ਕਮਾਇ ।
ਹੁਕਮੈ ਬੂਝੈ ਸਦਾ ਸੁਖੁ ਨਾਨਕ ਲਿਖਿਆ ਪਾਇ । ੩੧ ।

(ਗਉੜੀ ਬਾਵਨ ਅਖਰੀ ਮ: ੫)

—0—

# ਆਵਾ ਗਵਨ

ਵਰਤਮਾਨ ਸਮੇਂ ਦੇ ਸਾਇੰਸ ਵੇਤਾ ਇਹ ਮੰਨਦੇ ਹਨ ਕਿ ਮਨੁੱਖ ਸਰੀਰ ਦੇ ਹੋਂਦ ਵਿਚ ਆਵਣ ਤੋਂ ਪਹਿਲੇ ਜਿੰਦ ਕਈ ਸਰੀਰਾਂ ਵਿਚੋਂ ਲੰਘੀ। ਉਨ੍ਹਾਂ ਦੇ ਖਿਆਲ ਮੂਜਬ ਨਿਰਜੀਵ ਮਾਦੇ ਵਿਚੋਂ ਜੀਵ ਪਹਿਲਾਂ ਬਨਸਪਤੀ ਦੇ ਰੂਪ ਵਿਚ ਪੈਦਾ ਹੋਇਆ। ਫਿਰ ਹੌਲੀ ਹੌਲੀ ਤ੍ਰੱਕੀ ਕਰਦਾ ਕਰਦਾ ਤੁਰਦੇ ਫਿਰਦੇ ਜਨੌਰਾਂ ਦੇ ਰੂਪ ਵਿਚ ਆਇਆ। ਫਿਰ ਬਾਂਦਰ ਆਦਿਕਾਂ ਦੇ ਸਰੀਰ ਤੋਂ ਤ੍ਰੱਕੀ ਹੋ ਕੇ ਮਨੁੱਖ ਦਾ ਸਰੀਰ ਬਣਿਆ। ਇਸ ਸਾਰੇ ਸਿਧਾਂਤ ਵਿਚ ਇਹ ਨਹੀਂ ਮੰਨਿਆ ਜਾਂਦਾ ਕਿ ਕੋਈ ਖਾਸ ਆਤਮਾ ਇਨ੍ਹਾਂ ਸਾਰੇ ਰੂਪਾਂ ਵਿਚੋਂ ਲੰਘੀ ਹੈ। ਆਮ ਸਾਇੰਸਵੇਤਾ ਈਹੋ ਹੀ ਮੰਨਦੇ ਹਨ ਕਿ ਇਹ ਐਵੋਲੀਉਸ਼ਨ (ਵਿਕਾਸ) ਸਰੀਰਕ ਹੈ। ਇਹ ਵੀ ਉਹ ਦੱਸਦੇ ਹਨ ਕਿ ਜਿਉਂ ਜਿਉਂ ਸਰੀਰਕ ਐਵੋਲੀਉਸ਼ਨ ਹੋਂਦੀ ਹੈ, ਸੂਝ ਵਿਚ ਵੀ ਤ੍ਰੱਕੀ ਹੋਂਦੀ ਜਾਂਦੀ ਹੈ ਤੇ ਅੰਤ ਮਾਨੁਖੀ ਦੇਹ ਵਿਚ ਵਿਚਾਰ ਤੇ ਨਿਰਨਾ ਸ਼ਕਤੀ ਵੀ ਆ ਜਾਂਦੀ ਹੈ। ਪਰ ਇਸ ਸਾਰੇ ਸਿਧਾਂਤ ਵਿਚ ਦੋ ਥਾਂ ਬੜੇ ਵੱਡੇ ਵੱਡੇ ਖੱਪੇ ਹਨ ਜਿਹੜੇ ਅਜੇ ਸਾਇੰਸਵੇਤਾ ਭਰ ਨਹੀਂ ਸਕੇ। ਨਿਰਜੀਵ ਮਾਦੇ ਵਿਚੋਂ ਅਜੇ ਤੀਕ ਤਜਰਬਿਆਂ ਨਾਲ ਇਹ ਸਾਬਤ ਨਹੀਂ ਕਰ ਸਕੇ ਕਿ ਜੀਵ ਪੈਦਾ ਹੋ ਸਕਦਾ ਹੈ, ਦੂਜਾ ਚੇਤਨ ਸੱਤਾ ਜੋ ਮਾਨੁੱਖੀ ਸਰੀਰ ਵਿਚ ਆ ਕੇ ਸਪੱਸ਼ਟ ਪ੍ਰਗਟ ਹੁੰਦੀ ਹੈ ਇਹ ਨਿਰੀ ਜਿੰਦ ਨਾਲੋਂ ਬਹੁਤ ਅੱਡਰੀ ਚੀਜ਼ ਹੈ ਤੇ ਇਹ ਮੰਨਣਾ ਕਿ ਜਿੰਦ ਵਿਚੋਂ ਇਹ ਹੌਲੀ ਹੌਲੀ ਨਿਕਲ ਖੜੋਤੀ ਹੈ ਸੰਭਵ ਨਹੀਂ। ਐਡਿੰਗਟਨ ਸਾਹਿਬ ਐਉਂ ਲਿਖਦੇ ਹਨ :

"Starting from aether, electrons and other physical machinery we cannot reach conscious man and render count of what is apprehended in his consciousness. Conceivably we might reach a human machine interacting by reflexes with its environment, but we cannot reach rational man morally responsible to pursue the truth as to aether or electrons or to religions."

(Eddington. Page 344)

ਇਸਦਾ ਖੁੱਲ੍ਹਾ ਉਲਥਾ ਇਹ ਹੈ ''ਈਥਰ (ਅਕਾਸ਼) ਬਿਜਲਾਣੂਆਂ (ਇਲੈਕਟ੍ਰਾਨਾਂ) ਤੇ ਹੋਰ ਪਦਾਰਥਕ ਸਮਿਆਨ ਤੋਂ ਅਰੰਭ ਕਰਕੇ ਅਸੀਂ ਚੇਤਨ ਮਨੁੱਖ ਤੀਕ ਨਹੀਂ ਅਪੜ ਸਕਦੇ ਤੇ ਨਾ ਹੀ ਜੋ ਕੁਝ ਉਹਦੀ ਚੇਤਨਤਾ ਵਿਚ ਵਰਤ ਰਹਿਆ ਹੈ ਉਹਦਾ ਪੂਰਾ ਲੇਖਾ ਦੇ ਸਕਦੇ ਹਾਂ। ਹੋ ਸਕਦਾ ਹੈ ਕਿ ਅਸੀਂ ਇਕ ਮਾਨੁੱਖੀ ਮਸ਼ੀਨ ਤਕ ਅੱਪੜ ਪਈਏ ਜੋ ਆਪਣੇ ਇਰਦੇ ਗਿਰਦੇ ਪਈਆਂ ਵਸਤਾਂ ਤੋਂ ਉਠਦੀਆਂ ਲਹਿਰਾਂ ਦੇ ਉਤਰ ਵਿਚ ਪਈ ਹਿਲਦੀ ਜੁਲਦੀ ਹੈ ਪਰ ਅਸੀਂ ਵਿਚਾਰ ਯੁਕਤ ਮਨੁੱਖ ਤੀਕ, ਜੋ ਇਖਲਾਕੀ ਤੌਰ ਪੁਰ ਈਥਰ ਜਾਂ ਬਿਜਲਾਣੂਆਂ ਜਾਂ ਧਰਮ ਬਾਬਤ ਸਚਾਈ ਲਭਣ ਲਈ ਜ਼ੁੰਮੇਵਾਰ ਹੈ, ਨਹੀਂ ਅਪੜ ਸਕਦੇ''।

ਅਸੀਂ ਅੱਗੇ ਦੱਸ ਚੁੱਕੇ ਹਾਂ ਕਿ ਚੇਤਨ ਸੱਤਾ ਸਰਬ ਵਿਆਪਕ ਹੈ। ਗੁਰਮੱਤ ਵਿਚ ਇਹ ਮੰਨਿਆ ਗਿਆ ਹੈ, ਕਿ ਹਉਮੈ ਦੀ ਕੰਧ ਚੇਤਨਤਾ ਨੂੰ ਖਾਸ ਸ਼ਖਸੀਅਤ ਦਾ ਰੂਪ ਦੇ ਦੇਂਦੀ ਹੈ ਤੇ ਹਉਮੈ ਸੰਯੁਕਤ ਚੇਤਨਤਾ ਫਿਰ ਕਰਮ ਅਰੰਭਦੀ ਹੈ ਤੇ ਉਨ੍ਹਾਂ ਅਨੁਸਾਰ ਜਨਮ ਧਾਰਦੀ ਹੈ। ਆਵਾਗਵਨ ਦੇ ਸਿਧਾਂਤ ਤੇ ਐਵੋਲੀਊਸ਼ਨ ਦੇ ਸਿਧਾਂਤ ਤਾਂ ਕੇਵਲ ਸਰੀਰ ਤਕ ਹੀ ਆਪਣੀ ਨਜ਼ਰ ਮਹਿਦੂਦ ਰੱਖਦਾ ਹੈ ਤੇ ਮੰਨਦਾ ਹੈ ਕਿ ਸਰੀਰਕ ਉੱਨਤੀ ਅਨੁਸਾਰ ਅੰਦਰਲੀ ਸੂਝ ਵਧਦੀ ਜਾਂਦੀ ਹੈ। ਪਰ ਆਵਾਗਵਨ ਦਾ ਸਿਧਾਂਤ ਇਹ ਦੱਸਦਾ ਹੈ ਕਿ ਜੀਵ ਆਤਮਾ ਦੀ ਉੱਨਤੀ ਅਨੁਸਾਰ ਉਹਨੂੰ ਚੰਗੇਰਾ ਸਰੀਰ ਮਿਲਦਾ ਹੈ। ਇਹ ਦੋਵੇਂ ਹੀ ਸਿਧਾਂਤ ਮੰਨਦੇ ਹਨ ਕਿ ਮਨੁੱਖੀ ਸਰੀਰ ਬੜੇ ਚਿਰ ਪਿਛੋਂ ਪ੍ਰਾਪਤ ਹੋਂਦਾ ਹੈ। ਸਤਿਗੁਰ ਫੁਰਮਾਂਦੇ ਹਨ :

ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ ਜੀਵਿ ਜੀਵਿ ਮੁਏ ਮੁਏ ਜੀਵੇ।<br>
ਕੇਤਿਆ ਕੇ ਬਾਪ ਕੇਤਿਆ ਕੇ ਬੇਟੇ ਕੇਤੇ ਗੁਰ ਚੇਲੇ ਹੂਏ।<br>
ਆਗੈ ਪਾਛੈ ਗਣਤ ਨ ਆਵੈ ਕਿਆ ਜਾਤੀ ਕਿਆ ਹੁਣਿ ਹੂਏ।<br>
ਸਭੁ ਕਰਣਾ ਕਿਰਤੁ ਕਰਿ ਲਿਖੀਐ ਕਰਿ ਕਰਿ ਕਰਤਾ ਕਰੇ ਕਰੇ।<br>
ਮਨਮੁਖਿ ਮਰੀਐ ਗੁਰਮੁਖਿ ਤਰੀਐ ਨਾਨਕ ਨਦਰੀ ਨਦਰਿ ਕਰੇ। ੨। ੩।

(ਸਲੋਕ ਮ: ੧ ਵਾਰ ਸਾਰੰਗ ਮ: ੪)

ਕਈ ਜਨਮ ਭਏ ਕੀਟ ਪਤੰਗਾ। ਕਈ ਜਨਮ ਗਜ ਮੀਨ ਕੁਰੰਗਾ।<br>
ਕਈ ਜਨਮ ਪੰਖੀ ਸਰਪ ਹੋਇਓ। ਕਈ ਜਨਮ ਹੈਵਰ ਬ੍ਰਿਖ ਜੋਇਓ। ੧।<br>
ਮਿਲੁ ਜਗਦੀਸ ਮਿਲਨ ਕੀ ਬਰੀਆ।<br>
ਚਿਰੰਕਾਲ ਇਹ ਦੇਹ ਸੰਜਰੀਆ। ੧। ਰਹਾਉ।<br>
ਕਈ ਜਨਮ ਸੈਲ ਗਿਰਿ ਕਰਿਆ। ਕਈ ਜਨਮ ਗਰਭ ਹਿਰਿ ਖਰਿਆ।<br>
ਕਈ ਜਨਮ ਸਾਖ ਕਰਿ ਉਪਾਇਆ।<br>
ਲਖ ਚਉਰਾਸੀਹ ਜੋਨਿ ਭ੍ਰਮਾਇਆ। ੨। ੩। ੭੨।

(ਗਉੜੀ ਗਵਾਰੇਰੀ ਮ: ੫)

ਮਾਨੁੱਖ ਦੇਹੀ ਨੂੰ ਉੱਤਮ ਸਮਝਿਆ ਗਇਆ ਹੈ ਤੇ ਕਿਉਂਜੁ ਚੇਤਨਤਾ ਇਹਦੇ ਵਿਚ ਬਹੁਤ ਉੱਚੇ ਦਰਜੇ ਤੀਕ ਅਪੜੀ ਹੋਈ ਹੈ ਤੇ ਵਿਚਾਰ ਭੀ ਆ ਪ੍ਰਗਟ ਹੋਈ ਹੈ ਇਸ ਲਈ ਗੁਰਮੱਤ ਇਹ ਦਸਦੀ ਹੈ ਕਿ ਮਨੁੱਖ ਪਰਮ ਪਦ ਤੀਕ ਪੁੱਜ ਸਕਦਾ ਹੈ। ਜੋ ਜੀਵ ਮਨੁੱਖ ਦੇਹੀ ਵਿਚ ਇਸ ਪਰਮ ਪਦ ਲਈ ਜਤਨ ਨਹੀਂ ਕਰੇਗਾ ਉਹ ਆਵਾਗਵਨ ਦੇ ਚੱਕ੍ਰ ਵਿਚੋਂ ਨਿਕਲ ਨਹੀਂ ਸਕੇਗਾ!

ਲਖ ਚਉਰਾਸੀਹ ਜੋਨਿ ਸਬਾਈ। ਮਾਣਸ ਕਉ ਪ੍ਰਭਿ ਦੀਈ ਵਡਿਆਈ।
ਇਸੁ ਪਉੜੀ ਤੇ ਜੋ ਨਰ ਚੂਕੈ ਸੋ ਆਇ ਜਾਇ ਦੁਖੁ ਪਾਇਦਾ। ੨। ੧। ੫।

(ਮਾਰੂ ਮ: ੫ ਸੋਲਹੇ)

ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ।
ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ। ੨। ੨।

(ਸੋਰਠਿ ਮ: ੯)

ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ।
ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ। ੩। ੩।

(ਸੋਰਠਿ ਮ: ੯)

ਕਈ ਨਵੀਨ ਵਿਚਾਰਵਾਨ ਇਹ ਮੰਨਦੇ ਹਨ। ਜੀਵਆਤਮਾ ਜਦੋਂ ਇਕੇਰਾਂ ਮਾਨੁੱਖੀ ਸਰੀਰ ਦਾ ਭਾਗੀ ਹੋ ਗਈ ਤਾਂ ਮੁੜ ਕੇ ਹੇਠਾਂ ਨਹੀਂ ਜਾ ਸਕਦੀ। ਗੁਰਮੱਤ ਵਿਚ ਇਹ ਮੰਨਿਆ ਗਇਆ ਹੈ ਕਿ ਉਹ ਹੇਠਾਂ ਜਾ ਸਕਦੀ ਹੈ।

ਸੰਤਨ ਕੈ ਦੂਖਨਿ ਸਰਪ ਜੋਨਿ ਪਾਇ।
ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ। ੨। ੧੩।

(ਗਉੜੀ ਸੁਖਮਨੀ ਮ: ੫)

ਸੂਕਰ ਸੁਆਨ ਗਰਧਭ ਮੰਜਾਰਾ। ਪਸੂ ਮਲੇਛ ਨੀਚ ਚੰਡਾਲਾ।
ਗੁਰ ਤੇ ਮੁਹੁ ਫੇਰੇ ਤਿਨ ਜੋਨਿ ਭਵਾਈਐ।
ਬੰਧਨਿ ਬਾਧਿਆ ਆਈਐ ਜਾਈਐ।

(ਬਿਲਾਵਲੁ ਮ: ੧ ਅਸਟਪਦੀਆ)

ਪੁਨਰ ਜਨਮ ਤੋਂ ਪਹਿਲੋਂ ਵੀ ਸਾਕਤਾਂ ਲਈ ਦੁਖੀ ਜੀਵਨ ਦਾ ਜ਼ਿਕਰ ਹੈ।

ਪ੍ਰੇਤ ਪਿੰਜਰ ਮਹਿ ਦੂਖ ਘਨੇਰੇ। ਨਰਕਿ ਪਚਹਿ ਅਗਿਆਨ ਅੰਧੇਰੇ।
ਧਰਮਰਾਇ ਕੀ ਬਾਕੀ ਲੀਜੈ ਜਿਨਿ ਹਰਿ ਕਾ ਨਾਮ ਵਿਸਾਰਾ ਹੇ। ੬। ੩। ੯।

(ਮਾਰੂ ਮ: ੧ ਸੋਲਹੇ)

ਇਹ ਆਵਾਗਵਨ ਸਾਕਤਾਂ ਲਈ ਹੈ ।

ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ ।
ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ । ੧ । ੨ । ੪ ।

(ਸੂਹੀ ਛੰਤ ਮ: ੧ ਅਸਟਪਦੀਆ)

ਜੋ ਗੁਰਮੱਤ ਤੇ ਤੁਰਦੇ ਹਨ ਉਨ੍ਹਾਂ ਲਈ ਆਵਾਗਵਨ ਮੁਕ ਜਾਂਦਾ ਹੈ ।

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ।
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ । ੧ ।
ਆਵਣ ਜਾਣੁ ਰਹਿਓ ।
ਤਪਤ ਕੜਾਹਾ ਬੁਝਿ ਗਇਓ,
ਗੁਰਿ ਸੀਤਲ ਨਾਮ ਦੀਓ । ੧ । ਰਹਾਉ । ੫ । ੧੪ ।

(ਮਾਰੂ ਮ: ੫)

# ਕਰਾਮਾਤ

ਕਰਾਮਾਤਾਂ ਬਾਬਤ ਦੋ ਖਿਆਲ ਉੱਘੇ ਹਨ। ਬਾਜ਼ੇ ਧਰਮ ਤਾਂ ਇਹ ਮੰਨਦੇ ਹਨ ਕਿ ਨਬੀ ਤੇ ਪੈਗੰਬਰ ਜੋ ਰੱਬ ਵੱਲੋਂ ਦੁਨੀਆ ਨੂੰ ਧਰਮ ਦੀ ਸਿੱਖਿਆ ਦੇਣ ਆਉਂਦੇ ਹਨ, ਉਨ੍ਹਾਂ ਨੂੰ ਰੱਬ ਵੱਲੋਂ ਖਾਸ ਤਾਕਤਾਂ ਮਿਲਦੀਆਂ ਹਨ, ਤਾਂ ਜੁ ਉਨ੍ਹਾਂ ਤਾਕਤਾਂ ਦੀ ਰਾਹੀਂ ਉਹ ਮੁਅਜਜ਼ੇ ਵਿਖਾ ਕੇ ਇਹ ਸਾਬਤ ਕਰ ਸਕਣ ਕਿ ਅਸੀਂ ਰੱਬ ਵੱਲੋਂ ਹਾਂ। ਪਰ ਫਰਊਨ ਦੇ ਸਾਹਮਣੇ ਜਦੋਂ ਹਜ਼ਰਤ ਮੂਸਾ ਜੀ ਦੇ ਮੁਅਜਜ਼ਿਆਂ ਦਾ ਹਾਲ ਪੜ੍ਹੀਏ ਤਾਂ ਪਤਾ ਲਗਦਾ ਹੈ ਕਿ ਮਿਸਰ ਦੇ ਜਾਦੂਗਰ ਵੀ ਕਈ ਕਰਾਮਾਤਾਂ ਵਿਖਾ ਸਕਦੇ ਸਨ। ਹਿੰਦੁਸਤਾਨ ਵਿਚ ਵੀ ਕਰਾਮਾਤਾਂ ਤੇ ਸਿੱਧੀਆਂ ਨੂੰ ਮੰਨਿਆ ਜਾਂਦਾ ਰਹਿਆ ਹੈ। ਪਾਤੰਜਲ ਜੀ ਯੋਗ ਸੂਤ੍ਰਾਂ ਦੇ ਵਿਭੂਤੀ ਪਾਦ ਵਿਚ ਉਨ੍ਹਾਂ ਤਾਕਤਾਂ ਦਾ ਜ਼ਿਕਰ ਕਰਦੇ ਹਨ ਜੋ ਹਰ ਇਕ ਮਨੁੱਖ ਨੂੰ ਚਿੱਤ ਦੀ ਇਕਾਗਰਤਾ ਦੁਆਰਾ ਪ੍ਰਾਪਤ ਹੋ ਸਕਦੀਆਂ ਹਨ। ਉਹ ਇਹ ਵੀ ਦੱਸਦੇ ਹਨ ਕਿ ਇਹ ਤਾਕਤਾਂ ਦਵਾਈਆਂ, ਮੰਤ੍ਰਾਂ ਤੇ ਤਪ ਦੁਆਰਾ ਵੀ ਆ ਜਾਂਦੀਆਂ ਹਨ ਤੇ ਕਈਆਂ ਵਿਚ ਜਨਮ ਤੋਂ ਹੀ ਹੋਂਦੀਆਂ ਹਨ। ਪਹਿਲੇ ਖਿਆਲ ਦੇ ਮੁਜਬ ਕਰਾਮਾਤਾਂ ਖਾਸ ਤਾਕਤਾਂ ਹਨ ਜੋ ਚੁਣਵੇ ਮਨੁੱਖਾਂ ਨੂੰ ਨਿਰੰਕਾਰ ਦੇਂਦਾ ਹੈ। ਦੂਜੇ ਖਿਆਲ ਮੁਜਬ ਇਹ ਤਾਕਤਾਂ ਹਰ ਇਕ ਮਨੁੱਖ ਆਪਣੇ ਯਤਨ ਨਾਲ ਹਾਸਲ ਕਰ ਸਕਦਾ ਹੈ। ਪਰ ਜੋਗੀ ਇਹ ਵੀ ਮੰਨਦੇ ਹਨ ਕਿ ਜੋ ਮਨੁੱਖ ਸਿੱਧੀਆਂ ਮਗਰ ਲੱਗ ਪੈਂਦਾ ਹੈ ਉਹ ਕਯੀਵਲ ਨੂੰ ਪ੍ਰਾਪਤ ਨਹੀਂ ਕਰ ਸਕਦਾ।

ਸਿਖ ਇਤਿਹਾਸ ਵਿਚ ਵੀ ਕਰਾਮਾਤਾਂ ਦਾ ਜ਼ਿਕਰ ਹੈ ਪਰ ਇਹ ਕਿਧਰੇ ਨਹੀਂ ਦਸਿਆ ਗਇਆ ਕਿ ਗੁਰੂ ਸਾਹਿਬਾਂ ਨੇ ਕਰਾਮਾਤਾਂ ਵਿਖਾ ਕੇ ਕਹਿਆ ਹੋਵੇ ਕਿ ਸਾਡੀ ਸਿੱਖਿਆ ਇਸ ਲਈ ਮੰਨੋ ਕਿ ਅਸੀਂ ਕਰਾਮਾਤਾਂ ਵਿਖਾ ਸਕਦੇ ਹਾਂ। ਨਾ ਹੀ ਆਪਣੇ ਤੋਂ ਕੋਈ ਬਿਪਤਾ ਟਾਲਣ ਲਈ ਕਰਾਮਾਤਾਂ ਤੋਂ ਕੰਮ ਲਇਆ ਹੈ।

(੧) ਗੁਰੂ ਅਰਜਨ ਦੇਵ ਜੀ ਨੂੰ ਅੰਤ ਸਮੇਂ ਹਜਰਤ ਮੀਆਂ ਮੀਰ ਨੇ ਕਹਿਆ ਕਿ

ਇਤਨੀਆਂ ਤਾਕਤਾਂ ਦੇ ਮਾਲਕ ਹੋ ਕੇ ਕਿਉਂ ਦੁਖ ਸਹਾਰਦੇ ਹੋ ? ਸਾਹਿਬਾਂ ਕਹਿਆ ਤਾਕਤਾਂ ਵਿਖਾਣ ਨਾਲੋਂ ਭਾਣਾ ਮੰਨਣਾ ਵਧੀਕ ਉੱਚੀ ਪਦਵੀ ਹੈ ।

(੨) ਬਾਬਾ ਅਟੱਲ ਜੀ ਤੇ ਬਾਬਾ ਗੁਰਦਿੱਤਾ ਜੀ ਦੇ ਕਰਾਮਾਤ ਵਿਖਾਣ ਤੇ ਗੁਰੂ ਹਰਿ ਗੋਬਿੰਦ ਜੀ ਨੇ ਅਜੇਹੀ ਨਰਾਜ਼ਗੀ ਪਰਗਟ ਕੀਤੀ ਕਿ ਦੋਹਾਂ ਸਾਹਿਬਜ਼ਾਦਿਆਂ ਆਪਣਾ ਸਰੀਰ ਛੱਡਣਾ ਹੀ ਮੁਨਾਸਿਬ ਸਮਝਿਆ ।

(੩) ਨਾਵੇਂ ਪਾਤਸ਼ਾਹ ਨੇ ਸਿਰ ਦੇਣਾ ਕਬੂਲ ਕੀਤਾ ਪਰ ਕਰਾਮਾਤ ਨ ਵਿਖਾਈ ।

(੪) ਬਾਣੀ ਦੇ ਵਿਚ ਖਾਸ ਤਾਕਤਾਂ ਦੀ ਹੋਂਦ ਨੂੰ ਮੰਨਿਆ ਗਇਆ ਹੈ ਤੇ ਦਸਿਆ ਗਇਆ ਹੈ ਕਿ ਤਾਕਤਾਂ ਨਿਰੰਕਾਰ ਦੀ ਮਿਹਰ ਨਾਲ ਹਾਸਲ ਹੋ ਜਾਂਦੀਆਂ ਹਨ ਪਰ ਨਾਲ ਹੀ ਇਹ ਦਸਿਆ ਹੈ ਕਿ ਨਾਮ ਸਭ ਤੋਂ ਵੱਡੀ ਦਾਤ ਹੈ । ਕਰਾਮਾਤਾਂ ਨਾਮ ਤੋਂ ਬਿਨਾਂ ਹੇਚ ਹਨ ।

ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ ।
ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ ।
ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ ।
ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ ।
ਏਤਾ ਤਾਣੁ ਹੋਵੈ ਮਨ ਅੰਦਰ ਕਰੀ ਭਿ ਆਖਿ ਕਰਾਈ ।
ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ ।
ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ । ੧ । ੧੯ ।

(ਸਲੋਕ ਮ: ੧ ਵਾਰ ਮਾਝ ਮ: ੧)

ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ।
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ।
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ । ੨ । ੨੦ ।

(ਸਲੋਕ ਮ: ੩ ਵਾਰ ਸੋਰਠਿ ਮ: ੪)

ਗੁਰਮੱਤ ਵਿਚ ਸਿੱਧੀਆਂ ਨੂੰ ਹੋਰ ਪਾਸੇ ਦਾ ਸੁਆਦ ਕਹਿਆ ਗਇਆ ਹੈ ਤੇ ਉਪਦੇਸ਼ ਇਹ ਕੀਤਾ ਗਇਆ ਹੈ ਕਿ ਇਨ੍ਹਾਂ ਦੇ ਭੁਲਾਵੇ ਵਿਚ ਆ ਕੇ ਨਾਮ ਤੋਂ ਨਾ ਉੱਕ ਜਾਣਾ ।

ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ । ੨੯ ।

(ਜਪੁ ਮ: ੧)

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ।
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ।

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੩ ॥ ੧ ॥

(ਸਿਰੀ ਰਾਗ ਮ: ੧)

ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ।
ਨਦਰੀ ਕਿਸੈ ਨ ਆਵਊ ਨ ਕਿਛੁ ਪੀਆ ਨ ਖਾਉ ।
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੩ ॥ ੨ ॥

(ਸਿਰੀ ਰਾਗ ਮ: ੧)

ਮੁੱਕਦੀ ਗੱਲ ਇਹ ਹੈ ਕਿ ਖਾਸ ਤਾਕਤਾਂ ਦੀ ਹੋਂਦ ਨੂੰ ਮੰਨਿਆ ਗਇਆ ਹੈ । ਪਰ ਇਹ ਜ਼ਰੂਰੀ ਨਹੀਂ ਕਿ ਜਿਹਦੇ ਪਾਸ ਇਹ ਤਾਕਤਾਂ ਹੋਣ ਉਹ ਠੀਕ ਹੀ ਸੰਤ ਹੈ । ਜਿਕੁਰ ਮਨੁਖ ਮਾਇਕ ਪਦਾਰਥਾਂ ਨੂੰ ਖੁਦਗਰਜ਼ੀ ਲਈ ਵਰਤ ਸਕਦਾ ਹੈ, ਇਕੁਰ ਹੀ ਇਹ ਤਾਕਤਾਂ ਵੀ ਖੁਦਗਰਜ਼ੀ ਲਈ ਵਰਤੀਆਂ ਜਾ ਸਕਦੀਆਂ ਹਨ । ਇਸ ਲਈ ਇਨ੍ਹਾਂ ਦਾ ਲਾਲਚ ਸਿੱਖ ਨਾ ਕਰੇ । ਸਭ ਤੋਂ ਵੱਡੀ ਦਾਤ ਨਾਮ ਹੈ । ਇਹਨੂੰ ਛੱਡ ਕੇ ਤਾਕਤਾਂ ਮਗਰ ਨਾ ਭਟਕੇ ।

--0--

# ਭਾਈਚਾਰਕ ਬਣਤਰ

ਮਨੁੱਖਾਂ ਦਾ ਆਪੋ ਵਿਚ ਦੀ ਇਕ ਦੂਜੇ ਨਾਲ ਵਰਤਾਰਾ ਬਹੁਤਾ ਉਨ੍ਹਾਂ ਆਦਰਸ਼ਾਂ ਤੇ ਨਿਰਭਰ ਰਖਦਾ ਹੈ ਜੋ ਉਸ ਧਰਮ ਨੇ ਥਾਪੇ ਹੋਣ ਜਿਸ ਮਗਰ ਉਹ ਮਨੁੱਖ ਤੁਰਦੇ ਹਨ। ਇਸ ਲਈ ਜਦੋਂ ਕਿਸੇ ਧਰਮ ਦਾ ਪਰਚਾਰ ਅਰੰਭ ਹੋਂਦਾ ਹੈ ਤੇ ਹੌਲੀ ਹੌਲੀ ਉਹਦੇ ਸ਼ਰਧਾਲੂ ਵਧਦੇ ਹਨ, ਪਹਿਲੀ ਭਾਈਚਾਰਕ ਵਰਤੋਂ ਤੇ ਬਣਤਰ ਵਿਚ ਵੀ ਸਹਜੇ ਸਹਜੇ ਤਬਦੀਲੀ ਅਰੰਭ ਹੋ ਜਾਂਦੀ ਹੈ। ਸਿੱਖ ਧਰਮ ਦੇ ਪਰਚਾਰ ਨੇ ਈਹੋ ਅਸਰ ਕੀਤਾ। ਸਾਰੇ ਮਨੁੱਖ ਇਕੋ ਜੇਹੇ ਹਨ। ਇਸ ਲਈ ਜਾਤ ਪਾਤ ਦੇ ਭੇਦ ਮਿਟਣੇ ਚਾਹੀਦੇ ਹਨ। ਇਹ ਪਹਿਲਾ ਭਾਈਚਾਰਕ ਅਸੂਲ ਸੀ ਜਿਸ ਨੂੰ ਗੁਰਮੱਤ ਨੇ ਦ੍ਰਿੜ੍ਹ ਕਰਾਣਾ ਅਰੰਭ ਕੀਤਾ।

ਜਾਤਿ ਕਾ ਗਰਬੁ ਨ ਕਰੀਅਹੁ ਕੋਈ।
ਬ੍ਰਹਮੁ [1]ਬਿੰਦੇ ਸੋ ਬ੍ਰਾਹਮਣੁ ਹੋਈ। ੧।
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ।
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ। ੧। ਰਹਾਉ।
ਚਾਰੇ ਵਰਨ ਆਖੈ ਸਭੁ ਕੋਈ। ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ। ੨।
ਮਾਟੀ ਏਕ ਸਗਲ ਸੰਸਾਰਾ। ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ। ੩।
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ। ਘਟਿ ਵਧਿ ਕੋ ਕਰੈ ਬੀਚਾਰਾ। ੪।
ਕਹਤੁ ਨਾਨਕੁ ਇਹੁ ਜੀਉ ਕਰਮ ਬੰਧੁ ਹੋਈ।
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ। ੫। ੧।

(ਭੈਰਉ ਮ: ੩)

[1]ਬਿੰਦੇ—ਜਾਣਦਾ ਹੈ।

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ।
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ । ੪ । ੧੦ ।

(ਪ੍ਰਭਾਤੀ ਮ: ੩)

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ।
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ । ੩ । ੧੧ ।

(ਸਲੋਕ ਮ: ੧ ਵਾਰ ਆਸਾ ਮ: ੧)

[1]ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ ।
ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ । ੨ ।
ਘਿਅ ਪਟ ਭਾਂਡਾ[2] ਕਹੈ ਨ ਕੋਇ ।
ਐਸਾ ਭਗਤੁ ਵਰਨ ਮਹਿ ਹੋਇ । ੩ । ੧ । ੨ ।

(ਤਿਲੰਗ ਮ: ੧ ਘਰ ੨)

ਸੋ ਬ੍ਰਹਮਣੁ ਜੋ ਬਿੰਦੇ ਬ੍ਰਹਮੁ । ਜਪੁ ਤਪੁ ਸੰਜਮੁ ਕਮਾਵੈ ਕਰਮੁ ।
ਸੀਲ ਸੰਤੋਖ ਕਾ ਰਖੈ ਧਰਮੁ । ਬੰਧਨ ਤੋੜੈ ਹੋਵੈ ਮੁਕਤੁ ।
ਸੋਈ ਬ੍ਰਹਮਣੁ ਪੂਜਣ ਜੁਗਤੁ । ੧੬ ।

(ਸਲੋਕ ਮ: ੧ ਸਲੋਕ ਵਾਰਾਂ ਤੋਂ ਵਧੀਕ)

ਅਛੂਤ ਜਾਤਾਂ ਨਾਲ ਲੋਕ ਛੁਹੰਦੇ ਨਹੀਂ ਸਨ । ਨੀਵੀਂ ਜਾਤ ਦੇ ਹੱਥ ਦੀ ਰੋਟੀ ਨਹੀਂ ਸੀ ਖਾਂਦੇ ਅਤੇ ਆਪਣੀ ਜਾਤ ਗੋਤ ਬਿਨਾਂ ਵਿਆਹ ਨਹੀਂ ਸੀ ਕਰਦੇ । ਗੁਰੂ ਨਾਨਕ ਦੇਵ ਜੀ ਨੇ ਭਾਈ ਲਾਲੋ ਦੇ ਘਰ ਰਹਿ ਕੇ ਖਾਣ ਪੀਣ ਦਾ ਭਰਮ ਦੂਰ ਕੀਤਾ । ਤੀਜੀ ਪਾਤਸ਼ਾਹੀ ਹੁਕਮ ਹੀ ਦੇ ਦਿੱਤਾ ਕਿ ਜੋ ਸਾਡੇ ਦਰਸ਼ਨ ਲਈ ਆਵੇ ਲੰਗਰ ਵਿਚੋਂ ਪ੍ਰਸ਼ਾਦ ਛਕ ਕੇ ਆਵੇ । ਚੂਹੜਿਆਂ ਤਕ ਨੂੰ ਦਸਮ ਪਾਤਸ਼ਾਹ ਨੇ ਅੰਮ੍ਰਿਤ ਛਕਾ ਦਿੱਤਾ ਤੇ ਜਦੋਂ ਖਾਲਸਾ ਸਾਜਿਆ ਗਇਆ ਵਿਆਹ ਵੀ ਬਿਨਾ ਜਾਤ ਪਾਤ ਦੇ ਭੇਦ ਦੇ ਅਰੰਭ ਹੋ ਗਏ ।

੨ ਇਸਤ੍ਰੀਆਂ ਨੂੰ ਅੱਗੇ ਸੂਦਰਾਂ ਵਾਂਗ ਨੀਚ ਮੰਨਿਆ ਜਾਂਦਾ ਸੀ । ਗੁਰੂ ਨਾਨਕ ਜੀ ਨੇ ਇਹ ਭਰਮ ਮਿਟਾਇਆ ।

[3]ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ।

---

[1]ਕੇਸਰਿ, ਫੁੱਲ ਕਸਤੂਰੀ ਤੇ ਸੋਨਾ । (ਇਹ ਪਵਿਤ੍ਰ ਮੰਨੇ ਜਾਂਦੇ ਹਨ) ਤੇ ਸਾਰੇ ਸਰੀਰਾਂ ਪੁਰ ਚੜ੍ਹਦੇ ਹਨ । (ਇਕੁਰ ਭਗਤ ਪਵਿਤ੍ਰ ਹਨ) ਉਨ੍ਹਾਂ ਦੀ ਜੋਤ ਚੰਦਨ ਵਾਂਗ ਸਭ ਸੰਗਤੀਆਂ ਨੂੰ ਸੁਗੰਧੀ ਵਾਲਾ ਕਰਦੀ ਹੈ ।

[2]ਭਾਂਡਾ—ਨਿੰਦਾ ਜੋਗ ।

[3]ਭੰਡ—ਇਸਤ੍ਰੀ ।

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ।
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨਾ ਕੋਇ।
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ।
ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ।
ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ । ੨ । ੧੯ ।

(ਸਲੋਕ ਮ: ੧ ਆਸਾ ਦੀ ਵਾਰ)

੩. ਜਦੋਂ ਕਿਸੇ ਇਸਤ੍ਰੀ ਦਾ ਪਤੀ ਮਰ ਜਾਂਦਾ ਸੀ ਤਾਂ ਕਈ ਵੇਰ ਉਸਨੂੰ ਨਾਲ ਹੀ ਸਾੜ ਦਿਤਾ ਜਾਂਦਾ ਸੀ । ਇਸ ਰਸਮ ਵਿਰੁਧ ਸਤਿਗੁਰ ਨੇ ਪਰਚਾਰ ਕੀਤਾ।

ਕਲਿਜੁਗ ਮਹਿ ਮਿਲਿ ਆਏ ਸੰਜੋਗ ।
ਜਿਚਰੁ ਆਗਿਆ ਤਿਚਰੁ ਭੋਗਹਿ ਭੋਗ ।
[1]ਜਲੈ ਨ ਪਾਈਐ ਰਾਮ ਸਨੇਹੀ ।
ਕ੍ਰਿਤਿ ਸੰਜੋਗਿ ਸਤੀ ਉਠਿ ਹੋਈ । ੧ । ਰਹਾਉ ।
ਦੇਖਾ ਦੇਖੀ ਮਨ ਹਠਿ ਜਲਿ ਜਾਈਐ ।
ਪ੍ਰਿਅ ਸੰਗੁ ਨ ਪਾਵੈ ਬਹੁ ਜੋਨਿ ਭਵਾਈਐ ।
ਸੀਲ ਸੰਜਮਿ ਪ੍ਰਿਅ ਆਗਿਆ ਮਾਨੈ ।
ਤਿਸੁ ਨਾਰੀ ਕਉ ਦੁਖੁ ਨ ਜਮਾਨੈ । ੩ ।
ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ ।
ਧੰਨੁ ਸਤੀ ਦਰਗਹ ਪਰਵਾਨਿਆ । ੪ । ੩੦ । ੯੯ ।

(ਗਉੜੀ ਗਵਾਰੇਰੀ ਮ: ੫)

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ।
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ । ੧ ।
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ ।
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨਿ । ੨ ।
ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ ।
ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ ।
ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ।

---

[1]ਜਲੈ—ਸੜਨ ਨਾਲ

ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ । ੩ । ੬ ।

(ਸਲੋਕ ਮ: ੩ ਵਾਰ ਸੂਹੀ ਮ: ੩)

ਗੁਰਮੱਤ ਵਿਚ ਇਸਤ੍ਰੀਆਂ ਨੂੰ ਗੁਰਬਾਣੀ ਦੇ ਪਾਠ, ਕੀਰਤਨ ਤੇ ਪਰਚਾਰ ਦੇ ਸਾਰੇ ਅਧਿਕਾਰ ਦਿੱਤੇ ਗਏ ।

੪. ਅੱਡ ਅੱਡ ਮੱਤਾਂ ਵਿਚ ਵਿਆਹ ਦੇ ਵੱਖ ਵੱਖ ਆਦਰਸ਼ ਹਨ । ਕੋਈ ਤਾਂ ਇਹਨੂੰ ਤੀਵੀਂ ਮਰਦ ਦਾ ਆਪੋ ਵਿਚ ਦੀ ਰਲ ਕੇ ਰਹਿਣ ਦਾ ਇਕ ਠੇਕਾ ਸਮਝਦੇ ਹਨ ਤੇ ਇਹ ਪ੍ਰਣ ਕਈ ਹਾਲਤਾਂ ਵਿਚ ਤੋੜਨਾ ਜਾਇਜ਼ ਮੰਨਦੇ ਹਨ । ਕਈ ਇਹਨੂੰ ਸੰਤਾਨ ਉਤਪੱਤੀ ਤੇ ਉਹਦੀ ਸੰਭਾਲ ਦਾ ਜ਼ਰੀਆ ਜਾਣਦੇ ਹਨ । ਗੁਰਮੱਤ ਵਿਚ ਇਹਨੂੰ ਆਤਮਕ ਮੇਲ ਦਾ ਇਕ ਸਾਧਨ ਦਸਿਆ ਹੈ ।

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ।
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ । ੩ । ੯ ।

(ਵਾਰ ਸੂਹੀ ਮ: ੩)

ਵਿਆਹ ਵੇਲੇ ਗ੍ਰਹਿ ਨਛੱਤ੍ਰ ਵੇਖ ਸਾਹੇ ਸੋਧਨੇ ਭੀ ਵਰਜਿਤ ਹਨ ।

ਸਾਹਾ ਗਣਹਿ ਨ ਕਰਹਿ ਬੀਚਾਰੁ । ਸਾਹੇ ਊਪਰਿ ਏਕੰਕਾਰੁ ।
ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ ।
ਗੁਰਮਤਿ ਹੋਇ ਤ ਹੁਕਮੁ ਪਛਾਣੈ । ੧ ।
ਝੂਠੁ ਨ ਬੋਲਿ ਪਾਡੇ ਸਚੁ ਕਹੀਐ ।
ਹਉਮੈ ਜਾਇ ਸਬਦਿ ਘਰੁ ਲਹੀਐ । ੧ । ਰਹਾਉ ।
ਗਣਿ ਗਣਿ ਜੋਤਕੁ ਕਾਂਡੀ [1]ਕੀਨੀ । ਪੜੈ ਸੁਣਾਵੈ ਤਤੁ ਨ ਚੀਨੀ ।
ਸਭਸੈ ਊਪਰਿ ਗੁਰ ਸਬਦੁ ਬੀਚਾਰੁ ।
ਹੋਰ ਕਥਨੀ ਬਦਉ ਨ ਸਗਲੀ ਛਾਰੁ । ੨ । ੪ ।

(ਰਾਮਕਲੀ ਮ: ੧ ਅਸਟਪਦੀਆ)

ਵਿਆਹ ਪੜ੍ਹਾਈ ਜੋ ਪਾਂਧੇ ਲੈਂਦੇ ਸਨ ਉਹਦੇ ਵਿਰੁਧ ਵੀ ਉਪਦੇਸ਼ ਹੈ ਤਾਂ ਜੁ ਆਪਣੇ ਲਾਲਚ ਲਈ ਵਿਆਹ ਕਰਾਉਣ ਵਾਲੇ ਅਯੋਗ ਜੋੜੀਆਂ ਨਾ ਜੋੜਨ ।

ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ ।
ਸਾਈ ਪੁਤ੍ਰੀ ਜਜਮਾਨ ਕੀ
ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ । ੬ ।

(ਆਸਾ ਮ: ੩ ਪਟੀ)

[1]ਕਾਂਡੀ—ਪਤ੍ਰੀ ।

੫. ਨਸ਼ੇ ਦੀ ਨਿਖੇਧੀ ਹੇਠ ਲਿਖੇ ਉਪਦੇਸ਼ ਦੁਆਰਾ ਕੀਤੀ ਗਈ ਹੈ :

ਦੁਰਮਤਿ ਮਦੁ ਜੋ ਪੀਵਤੇ ਬਿਖਲੀਪਤਿ ਕਮਲੀ।
ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ। ੩। ੧੨। ੧੧੪।

(ਆਸਾ ਮ: ੫)

ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ।
ਜਿਤੁ ਪੀਤੈ ਮਤਿ ਦੂਰ ਹੋਇ ਬਰਲੁ[1] ਪਵੈ ਵਿਚਿ ਆਇ।
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ।
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ।
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ[2] ਪਾਰਿ ਵਸਾਇ।
ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ।

(ਸਲੋਕ ਮ: ੩ ਵਾਰ ਬਿਹਾਗੜਾ ਮ: ੪)

੬. ਸਿਖਾਂ ਨੂੰ ਖਾਸ ਹੁਕਮ ਦਿੱਤਾ ਗਇਆ ਹੈ ਕਿ ਕਿਰਤ ਕਰਕੇ ਆਪਣਾ ਗੁਜ਼ਾਰਾ ਕਰਨ ਤੇ ਉਹਦੇ ਵਿਚੋਂ ਵੰਡ ਕੇ ਖਾਣ।

ਘਾਲਿ ਖਾਇ ਕਿਛੁ ਹਥਹੁ ਦੇਇ। ਨਾਨਕ ਰਾਹੁ ਪਛਾਣਹਿ ਸੇਇ। ੧। ੨੧।

(ਸਲੋਕ ਮ: ੪ ਵਾਰ ਸਾਰੰਗ)

ਮੰਗਣ ਖਾਦੇ ਵਿਰੁਧ ਇਉਂ ਕਿਹਾ ਹੈ।

ਸਤਿਗੁਰਿ ਮਿਲਿਐ ਭੁਖ ਗਈ ਭੇਖੀ ਭੁਖ ਨ ਜਾਇ।
ਦੁਖਿ ਲਗੈ ਘਰਿ ਘਰਿ ਫਿਰੈ ਅਗੈ ਦੂਣੀ ਮਿਲੈ ਸਜਾਇ।
ਅੰਦਰਿ ਸਹਜੁ ਨ ਆਇਓ ਸਹਜੇ ਹੀ ਲੈ ਖਾਇ।
ਮਨ ਹਠਿ ਜਿਸ ਤੇ ਮੰਗਣਾ ਲੈਣਾ ਦੁਖੁ ਮਨਾਇ।
ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ। ੧। ੪।

(ਸਲੋਕ ਮ: ੩ ਵਾਰ ਵਡਹੰਸ)

ਦਾਨ ਹਰ ਕਿਸੇ ਨੂੰ ਦੇਣਾ ਸਫਲ ਨਹੀਂ ਹੋਂਦਾ। ਪਾਤ੍ਰ ਨੂੰ ਹੀ ਦੇਣਾ ਸਫਲ ਹੈ।

ਅਭਿਆਗਤ ਏਹਿ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ।
ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ।
ਅਭੈ ਨਿਰੰਜਨੁ ਪਰਮ ਪਦੁ ਤਾ ਕਾ ਭੂਖਾ ਹੋਇ।

---

[1] ਬਰਲੁ – ਸੁਦਾ ਪਨਾ

[2] ਜੇ ਕਾ ਪਾਰ ਵਸਾਇ –ਵਾਹ ਲਗਦੀ।

ਤਿਸਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ । ੧ ।
ਅਭਿਆਗਤ ਏਹਿ ਨ ਆਖੀਅਨਿ ਜਿ ਪਰ ਘਰਿ ਭੋਜਨੁ ਕਰੇਨਿ ।
ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ ।
ਅਭਿਆਗਤ ਸੇਈ ਨਾਨਕਾ ਜਿ ਆਤਮ ਗਉਣੁ ਕਰੇਨਿ ।
ਭਾਲਿ ਲਹਨਿ ਸਹੁ ਆਪਣਾ ਨਿਜ ਘਰਿ ਰਹਣੁ ਕਰੇਨਿ । ੨ । ੬ ।

(ਸਲੋਕ ਮ: ੩ ਵਾਰ ਰਾਮਕਲੀ ਮ: ੩)

ਖਤ੍ਰੀ ਸੋ ਜੁ ਕਰਮਾ ਕਾ ਸੂਰੁ । ਪੁੰਨ ਦਾਨ ਕਾ ਕਰੈ ਸਰੀਰੁ ।
ਖੇਤੁ ਪਛਾਣੈ ਬੀਜੈ ਦਾਨੁ । ਸੋ ਖਤ੍ਰੀ ਦਰਗਹ ਪਰਵਾਣੁ ।
ਲਬੁ ਲੋਭੁ ਜੇ ਕੂੜੁ ਕਮਾਵੈ । ਅਪਣਾ ਕੀਤਾ ਆਪੇ ਪਾਵੈ । ੧੭ ।

(ਸਲੋਕ ਮ: ੧ ਸਲੋਕ ਵਾਰਾਂ ਤੋਂ ਵਧੀਕ)

੭. ਰਾਜ ਪ੍ਰਬੰਧ ਵੀ ਭਾਈਚਾਰਕ ਬਣਤਰ ਦਾ ਇਕ ਹਿੱਸਾ ਹੈ । ਗੁਰੂ ਨਾਨਕ ਜੀ ਦੇ ਵੇਲੇ ਪਰਜਾ ਦੁਖੀ ਸੀ । ਆਪ ਨੇ ਉਸ ਵੇਲੇ ਦੇ ਜ਼ੁਲਮ ਵਿਰੁਧ ਆਵਾਜ਼ ਉਠਾਈ ।

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ।
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ।
ਹਉ ਭਾਲਿ ਵਿਕੁੰਨੀ ਹੋਈ । ਆਧੇਰੈ ਰਾਹੁ ਨ ਕੋਈ ।
ਵਿਚਿ ਹਉਮੈ ਕਰਿ ਦੁਖੁ ਰੋਈ ।
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ । ੧ । ੧੬ ।

(ਸਲੋਕ ਮ: ੧ ਵਾਰ ਮਾਝ)

ਰਾਜੇ ਸੀਹ ਮੁਕਦਮ ਕੁਤੇ । ਜਾਇ ਜਗਾਇਨਿ੍ ਬੈਠੇ ਸੁਤੇ ।
[1]ਚਾਕਰ ਨਹਦਾ ਪਾਇਨਿ ਘਾਉ । ਰਤੁ ਪਿਤੁ ਕੁਤਿਹੋ ਚਟਿ ਜਾਹੁ ।
ਜਿਥੈ ਜੀਆ ਹੋਸੀ ਸਾਰ । ਨੱਕੀ ਵੱਢੀ ਲਾਇਤਬਾਰ । ੨ । ੨੨ ।

(ਸਲੋਕ ਮ: ੧ ਮਲਾਰ ਮ: ੧)

ਅਦਾਲਤਾਂ ਦੀ ਬੇ-ਇਨਸਾਫ਼ੀ ਵਿਰੁਧ ਐਉਂ ਕਹਿਆ ਹੈ ।

ਕਾਜੀ ਹੋਇ ਕੈ ਬਹੈ ਨਿਆਇ । ਫੇਰੇ ਤਸਬੀ ਕਰੇ ਖੁਦਾਇ ।

---

[1]ਚਾਕਰ ਨਹੁੰਦਰਾਂ ਮਾਰ ਕੇ ਜ਼ਖਮੀ ਕਰਦੇ ਹਨ ਤੇ ਰਤ ਪਿਤ ਕੁੱਤੇ ਚਟ ਜਾਂਦੇ ਹਨ ਭਾਵ ਰਾਜ ਦੇ ਵੱਡੇ ਵੱਡੇ ਨੌਕਰ ਜਦੋਂ ਪਰਜਾ ਦਾ ਖ਼ੂਨ ਚੂਸਦੇ ਹਨ ਤਾਂ ਛੋਟੇ ਮੋਟੇ ਬਾਕੀ ਰਹਿੰਦਾ ਖ਼ੂਹਦਾ ਹਜ਼ਮ ਕਰ ਜਾਂਦੇ ਹਨ ।

ਵਢੀ ਲੈ ਕੈ ਹਕੁ ਗਵਾਏ । ਜੇ ਕੋ ਪੁਛੈ ਤਾ ਪੜਿ ਸੁਣਾਏ । ੧ । ੧੧ ।

(ਸਲੋਕ ਮ: ੧ ਵਾਰ ਰਾਮਕਲੀ ਮ: ੩)

ਜਜ਼ੀਏ ਦਾ ਵੀ ਜ਼ਿਕਰ ਹੈ ਤੇ ਤੀਜੀ ਪਾਤਸ਼ਾਹੀ ਨੇ ਤੀਰਥਾਂ ਵਲ ਰਟਨ ਕਰਦੇ ਜਜ਼ੀਆ ਦੇਣੋਂ ਇਨਕਾਰ ਕੀਤਾ ਉਹ ਵੀ ਚੌਥੇ ਗੁਰੂ ਜੀ ਨੇ ਦਸਿਆ ਹੈ ।

ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ । ੫ । ੧ । ੮ ।

(ਬਸੰਤ ਮ: ੧ ਅਸਟਪਦੀਆ)

ਦੁਤੀਆ ਜਮਨੁ ਗਏ ਗੁਰਿ ਹਰਿ ਹਰਿ ਜਪਨੁ ਕੀਆ ।
ਜਾਗਾਤੀ ਮਿਲੇ ਦੇ ਭੇਟ ਗੁਰ ਪਿਛੈ ਲੰਘਾਇ ਦੀਆ ।
ਸਭ ਛੁਟੀ ਸਤਿਗੁਰੂ ਪਿਛੈ ਜਿਨਿ ਹਰਿ ਹਰਿ ਨਾਮੁ ਧਿਆਇਆ ।
ਗੁਰਬਚਨਿ ਮਾ ਗਿ ਜੋ ਪੰਥਿ ਚਾਲੇ ਤਿਨ ਜਮੁ ਜਾਗਾਤੀ ਨੇੜਿ ਨ ਆਇਆ ।
ਸਭ ਗੁਰੂ ਗੁਰੂ ਜਗਤੁ ਬੋਲੈ ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ ।
ਦੁਤੀਆ ਜਮੁਨ ਗਏ ਗੁਰਿ ਹਰਿ ਜਪਨੁ ਕੀਆ । ੪ ।
ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ।
ਸਭ ਮੋਹੀ ਦੇਖਿ ਦਰਸਨੁ ਗੁਰ ਸੰਤ ਕਿਨੈ ਆਢੁ ਨ ਦਾਮੁ ਲਇਆ ।
ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣ ਮੁੰਦਣਿ ਪਈ ।
ਭਾਈ ਹਮ ਕਰਹ ਕਿਆ ।
ਕਿਸ ਪਾਸਿ ਮਾਂਗਹ ਸਭ ਭਾਗਿ ਸਤਿਗੁਰ ਪਿਛੈ ਪਈ ।
ਜਾਗਾਤੀਆ ਉਪਾਵ ਸਿਆਣਪ
ਕਰਿ ਵੀਚਾਰੁ ਡਿਠਾ ਭੰਨਿ ਬੋਲਕਾ ਸਭਿ ਉਠਿ ਗਇਆ ।
ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ । ੫ । ੪ । ੧੦ ।

(ਤੁਖਾਰੀ ਛੰ ਤਮ: ੪)

ਭਾਈਚਾਰਕ ਬਣਤਰ ਦੇ ਮੋਟੇ ਮੋਟੇ ਅਸੂਲ ਸਤਿਗੁਰਾਂ ਪ੍ਰਚਾਰ ਕੀਤੇ ਜਿਨ੍ਹਾਂ ਦੀ ਨੀਂਹ ਖ਼ੁਰ ਖਾਲਸਾ ਸਾਜਿਆ ਗਇਆ । ਇਹ ਜਾਗ ਸਿਖ ਭਾਈਚਾਰੇ ਨੂੰ ਅੰਤ ਕਿਸ ਸਰੂਪ ਵਿਚ ਲੈ ਗਈ, ਇਹ ਸਿਖ ਇਤਿਹਾਸ ਦਾ ਹਿੱਸਾ ਹੈ ਤੇ ਉਸਦਾ ਇਥੇ ਜ਼ਿਕਰ ਕਰਨਾ ਕੁਥਾਂ ਹੈ ।

# ਖ਼ਾਲਸਾ

ਸਿੱਖ ਧਰਮ ਦਾ ਮੁਤਾਲਿਆ ਕਰਦੇ ਹੋਏ ਜਦੋਂ ਕਈ ਸੱਜਣ ਖ਼ਾਲਸਾ ਦੇ ਸਾਜੇ ਜਾਣ ਦਾ ਪ੍ਰਸੰਗ ਪੜ੍ਹਦੇ ਹਨ ਤਾਂ ਉਹ ਠਠੰਬਰ ਜਾਂਦੇ ਹਨ ਤੇ ਸਮਝਦੇ ਹਨ ਕਿ ਸਤਿਗੁਰਾਂ ਦੇ ਕੰਮ ਦੀ ਤਾਰ ਇਥੇ ਆ ਕੇ ਟੁੱਟ ਗਈ ਹੈ । ਕਿੱਥੇ ਉਹ ਸੁਲ੍ਹਾਕੁਲ ਫਕੀਰਾਨਾ ਰਵਸ਼ ਤੇ ਕਿੱਥੇ ਇਹ ਸਿਪਾਹੀਆਨਾ ਠਾਠ । ਕਿੱਥੇ ਉਹ ਜੰਝੂ ਟਿੱਕੇ ਤੇ ਇਅਤਰਾਜ਼ ਤੇ ਕਿੱਥੇ ਮੁੜ ਪੰਜ ਕਕਾਰਾਂ ਦੀ ਰਹਿਤ । ਲਗ ਭਗ ਜਿਤਨੇ ਸੰਸੇ ਉਤਪੰਨ ਹੁੰਦੇ ਹਨ ਉਹ ਇਹਨਾਂ ਦੋਹਾਂ ਸਿਰਲੇਖਾਂ ਹੇਠ ਆ ਜਾਂਦੇ ਹਨ । ਪਰ ਜਦੋਂ ਅਸੀਂ ਖ਼ਾਲਸਾ ਸਾਜਣ ਵਾਲਿਆਂ ਦੇ ਖਿਆਲ ਵਲ ਵੇਖਦੇ ਹਾਂ ਜਿਹੜਾ ਉਨ੍ਹਾਂ ਦੇ ਸਮਕਾਲੀ ਸਿੱਖਾਂ ਅਤੇ ਪਿਛੋਂ ਦੇ ਵਿਦਵਾਨ ਸਿੱਖਾਂ ਐਉਂ ਵਰਨਨ ਕੀਤਾ ਹੈ ਤਾਂ ਸਿੱਟਾ ਕੁਝ ਹੋਰ ਹੀ ਨਿਕਲਦਾ ਹੈ ।

ਖ਼ਾਲਸਾ ਮੇਰੋ ਰੂਪ ਹੈ ਖਾਸ । ਖ਼ਾਲਸਾ ਮਹਿ ਹਉ ਕਰਉ ਨਿਵਾਸ ।
ਖ਼ਾਲਸਾ ਮੁਖ਼ ਹੈ ਅੰਗ । ਖ਼ਾਲਸੇ ਕੇ ਹਉ ਬਸਤ ਸਦਾ ਸੰਗ ।
ਖ਼ਾਲਸਾ ਮੇਰੋ ਇਸਟ ਸੁਹਿਰਦ । ਖ਼ਾਲਸਾ ਮੇਰੋ ਕਹੀਯਤ ਬਿਰਦ ।
ਖ਼ਾਲਸਾ ਮੇਰੋ ਪੱਛ ਅਰੁਪਾਦ । ਖ਼ਾਲਸਾ ਮੇਰੋ ਸੁਖ ਅਹਿਲਾਦ ।
ਖ਼ਾਲਸਾ ਮੇਰੋ ਮਿਤ੍ਰ ਸਖਾਈ । ਖ਼ਾਲਸਾ ਮਾਤ ਪਿਤਾ ਸੁਖਦਾਈ ।
ਖ਼ਾਲਸਾ ਮੇਰੀ ਸੋਭਾ ਸੀਲ । ਖ਼ਾਲਸਾ ਬੰਧੁ ਸਖਾ ਸਦ ਡੀਲ ।
ਖ਼ਾਲਸਾ ਮੇਰੀ ਜਤ ਅਰ ਪਤ । ਖ਼ਾਲਸਹਿ ਸੋ ਮਾਕਉ ਉਤਪਤਿ ।
ਖ਼ਾਲਸਾ ਮੇਰੋ ਭਵਨ ਭੰਡਾਰ । ਖ਼ਾਲਸਹਿ ਕਰ ਮੇਰੋ ਸਤਕਾਰ ।
ਖ਼ਾਲਸਾ ਮੇਰੋ ਸਜਨ ਪਰਵਾਰ । ਖ਼ਾਲਸਾ ਮੇਰੋ ਕਰਤ ਉਧਾਰ ।
ਖ਼ਾਲਸਾ ਮੇਰੋ ਪਿੰਡ ਪ੍ਰਾਨ । ਖ਼ਾਲਸਾ ਮੇਰੀ ਜਾਨ ਕੀ ਜਾਨ ।
ਮਾਨ ਮਹਤ ਮੇਰੀ ਖ਼ਾਲਸਾ ਸਹੀ । ਖ਼ਾਲਸਾ ਮੇਰੋ ਸ਼ਾਰਖ ਸਹੀ ।
ਖ਼ਾਲਸਾ ਮੇਰੋ ਧਰਮ ਅਰੁ ਕਰਮ । ਖ਼ਾਲਸਾ ਮੇਰੋ ਭੇਦ ਨਿਜ ਮਰਮ ।

ਖਾਲਸਾ ਮੇਰੋ ਸਤਿਗੁਰ ਪੂਰਾ । ਖਾਲਸਾ ਮੇਰੋ ਸਵਜਨ ਸੂਰਾ ।
ਖਾਲਸਾ ਮੇਰੋ ਬੁਧ ਅਰੁ ਗਯਾਨ । ਖਾਲਸੇ ਕਾ ਹਉ ਧਰੋ ਧਯਾਨ ।
ਉਪਮਾ ਖਾਲਸਹਿ ਜਾਤ ਨਾ ਕਹੀ । ਜਿਹਵਾ ਏਕ ਪਾਰ ਨਹਿ ਲਹੀ ।
ਸੇਸ ਰਸਨ ਸਾਰਦ ਸੀ ਬੁਧਿ । ਤਦਪਿ ਨਾ ਉਪਮਾ ਬਰਤਨ ਸੁੱਧ ।
ਯਾ ਮਹਿ ਰੰਚ ਨ ਮਿਥਯਾ ਭਾਖੀ । ਪਾਰਬ੍ਰਹਮ ਗੁਰੂ ਨਾਨਕ ਸਾਖੀ ।
ਰੋਮ ਰੋਮ ਰਸਨਾ ਜਉ ਪਾਵਹੁ । ਤਦਪਿ ਖਾਲਸਾ ਜਸਹਿ ਤ ਗਾਵਹੁ ।
ਹੋ ਖਾਲਸੇ ਕਹੁ ਖਾਲਸਾ ਮੇਰੋ । ਓਤ ਪੋਤ ਸਾਗਰ ਬੂੰਦੇਰੋ ।

(ਸਰਬ ਲੋਹ)

ਅਕਾਲ ਪੁਰਖ ਕੀ ਮੂਰਤਿ ਏਹਾ । ਪਰਗਟ ਅਕਾਲ ਖਾਲਸਾ ਦੇਵਾ ।

(ਪ੍ਰਹਿਲਾਦ ਸਿੰਘ)

ਜਿਸ ਦਾ ਭਾਵ ਇਹ ਹੈ ਕਿ ਸਾਰੇ ਪ੍ਰਚਾਰ ਦਾ ਮੰਤਵ ਹੀ ਖਾਲਸਾ ਸਾਜਣਾ ਸੀ । ਅੰਜੀਲ ਵਿਚ ਲਿਖਿਆ ਹੈ ਰੱਬ ਨੇ ਮਨੁੱਖ ਨੂੰ ਆਪਣੀ ਮੂਰਤ ਤੇ ਸਾਜਿਆ । ਭਾਈ ਪ੍ਰਹਿਲਾਦ ਸਿੰਘ ਜੀ ਲਿਖਦੇ ਹਨ ਕਿ ਸਤਿਗੁਰਾਂ ਦੇ ਫੁਰਮਾਲਾ ਮੂਜਬ ਖਾਲਸਾ ਹੀ ਅਕਾਲ ਪੁਰਖ ਦੀ ਸੂਰਤ ਹੈ । ਖਾਲਸਾ ਦੀ ਦੇਹ ਵਿਚ ਅਕਾਲ ਪ੍ਰਗਟ ਹੈ । ਪੇਸ਼ਤਰ ਇਸਦੇ ਕਿ ਅਸੀਂ ਦਸਮ ਪਾਤਸ਼ਾਹ ਦੇ ਫੁਰਮਾਨਾਂ ਦੁਆਰਾ ਜੋ ਉਨ੍ਹਾਂ ਦੀ ਬਾਣੀ ਤੇ ਰਹਿਤਨਾਮਿਆਂ[1] ਤੋਂ ਪਰਗਟ ਹਨ ਖਾਲਸਾ ਦੀ ਤਸਵੀਰ ਖਿੱਚੀਏ ਉੱਪਰ ਲਿਖੇ ਇਅਤਰਾਜ਼ਾਂ ਤੇ ਥੋੜ੍ਹੀ ਗੌਰ ਕਰਨੀ ਜ਼ਰੂਰੀ ਹੈ ।

ਸਾਡੇ ਦੇਸ ਵਿਚ ਅਹਿੰਸਾ ਤੇ ਤਿਆਗ ਧਰਮ ਦੇ ਮੁਖ ਅੰਗ ਮੰਨੇ ਗਏ ਹਨ । ਸਗੋਂ ਬਾਜੇ ਤਾਂ ਇਹ ਕਹਿੰਦੇ ਹਨ ਕਿ ਧਰਮ ਅਰੰਭ ਹੀ ਤਿਆਗ ਤੋਂ ਹੋਂਦਾ ਹੈ । ਇਸ ਲਈ ਸੁਰਖਿਆ ਤੇ ਦੀਨ ਰਖਿਆ ਲਈ ਵੀ ਜ਼ੋਰ ਵਰਤਣਾ ਉਚੇ ਨੁਕਤਾ ਨਿਗਾਹ ਤੋਂ ਵਿਹਤ ਨਹੀਂ ਮੰਨਿਆ ਜਾਂਦਾ । ਇਸ ਵਿਚ ਕੋਈ ਸ਼ੱਕ ਨਹੀਂ ਕਿ ਗੀਤਾ ਵਿਚ ਆਪਣੇ ਵਰਨ ਦੇ ਫਰਜ਼ਾਂ ਨੂੰ ਪੂਰਾ ਕਰਨਾ ਧਰਮ ਦਾ ਮੁਖ ਮੰਤਵ ਦਸਿਆ ਹੈ ਪਰ ਇਸ ਖਿਆਲ ਨੇ ਆਮ ਹਿੰਦੂ ਜਨਤਾ ਦੇ ਦਿਲ ਵਿਚ ਘਰ ਨਹੀਂ ਸੀ ਕੀਤਾ । ਆਮ ਆਦਰਸ਼ ਈਹੋ ਹੀ ਹੈ ਕਿ ਘਰ ਬਾਰ, ਕੰਮ ਕਾਰ, ਕੁਲਾਵਟਲਾ ਅਤੇ ਪਰਵਾਰ ਨੂੰ ਛੱਡ ਕੇ ਮਨੁੱਖ ਚਿਤ ਨੂੰ ਬ੍ਰਿਤੀ ਹੀਨ ਕਰੇ ਤੇ ਸਮਾਧੀ ਵਿਚ ਜਾ ਕੇ ਆਪਣੇ ਸਰੂਪ ਵਿਚ ਇਸਥਿਤ ਹੋਵੇ । ਈਹੋ ਹੀ ਮਨੁਖ ਦਾ ਮੁੱਖ ਪ੍ਰਯੋਜਨ ਹੈ ।

---

[1]ਰਹਿਤਨਾਮਿਆਂ ਬਾਬਤ ਅਜੇ ਬਹੁਤ ਸਾਰੀ ਖੋਜ ਦੀ ਲੋੜ ਹੈ । ਇਹ ਮੈਂ ਸਹੀ ਨਹੀਂ ਕਰ ਸਕਿਆ ਕਿ ਕਿਹੜੇ ਕਿਹੜੇ ਰਹਿਤਨਾਮੇ ਸ੍ਰੀ ਮੁਖਵਾਕ ਹਨ । ਪਰ ਇਸਦੇ ਵਿਚ ਕੋਈ ਸੰਦੇਹ ਨਹੀਂ ਕਿ ਸਾਰੇ ਰਹਿਤਨਾਮੇ ਸਿਦਕੀ ਤੇ ਮੁਖੀ ਸਿੱਖਾਂ ਨੇ ਲਿਖੇ ਹਨ ਤੇ ਉਨ੍ਹਾਂ ਵਿਚ ਖਾਲਸਾ ਰਹਿਤ ਨੂੰ ਜਿੰਨੀ ਕਿ ਉਨ੍ਹਾਂ ਨੂੰ ਮਲੂਮ ਸੀ ਵਰਣਨ ਕਰਨ ਦਾ ਯਤਨ ਕੀਤਾ ਹੈ । ਵਰਤਮਾਨ ਇਤਿਹਾਸਕ ਖੋਜ ਦਾ ਮੋਟਾ ਅਸੂਲ ਇਹ ਹੈ ਕਿ ਜਿਸ ਬਿਆਨ ਵਿਚ ਸਾਰੇ ਸਮਕਾਲੀ ਲੇਖਕ ਇਕ ਹੋਣ ਉਹ ਠੀਕ ਜਾਣੋ । ਜਿਸ ਵਿਚ ਲੇਖਕਾਂ ਦਾ ਭੇਦ ਹੈ ਉਹ ਵਧੇਰੇ ਪਰੋੜ੍ਹਤਾ ਦਾ ਲੋੜਵੰਦ ਹੈ । ਸੋ ਜਿਹੜੀ ਰਹਿਤ ਸਾਰੇ ਪ੍ਰਾਚੀਨ ਰਹਿਤਨਾਮੇ ਇਕ ਜ਼ਬਾਨ ਹੋ ਕੇ ਦਸਦੇ ਹਨ ਉਸਦੇ ਸਹੀ ਮੰਨਣ ਵਿਚ ਸਾਨੂੰ ਸ਼ੱਕ ਨਹੀਂ ਹੋਣਾ ਚਾਹੀਦਾ । ਨਾ ਹੀ ਉਸ ਰਹਿਤ ਦੇ ਮੰਨਣ ਵਿਚ ਜੋ ਗੁਰਬਾਣੀ ਅਨੁਕੂਲ ਹੈ ।

ਜਿਨ੍ਹਾਂ ਪਿਛਲੇ ਸਫ਼ਿਆਂ ਨੂੰ ਗਹੁ ਨਾਲ ਪੜ੍ਹਿਆ ਹੈ ਉਨ੍ਹਾਂ ਨੂੰ ਇਸ ਆਦਰਸ਼ ਉਤੇ ਸਤਿਗੁਰਾਂ ਦੇ ਦਸੇ ਸਿੱਖੀ ਆਦਰਸ਼ ਵਿਚ ਭੇਦ ਪਤਾ ਲਗ ਗਇਆ ਹੋਵੇਗਾ। ਸਤਿਗੁਰ ਵੀ ਤਿਆਗ ਦ੍ਰਿੜ੍ਹਾਉਂਦੇ ਹਨ ਪਰ ਉਹ ਤਿਆਗ ਕਿਰਿਆ ਦਾ ਤਿਆਗ ਨਹੀਂ। ਉਹ ਤਿਆਗ ਹਉਮੈ ਤੇ ਮਮਤਾ ਦਾ ਹੈ ਜਿਨ੍ਹਾਂ ਉਪਰ ਨੀਂਹ ਰਖਕੇ ਆਮ ਮਨੁੱਖ ਕਿਰਿਆ ਵਿਚ ਪਰਵਿਰਤ ਹੋਂਦੇ ਹਨ ਤੇ ਅਜੇਹੀ ਹਉ ਰਹਿਤ ਕਿਰਿਆ ਵਿਚ ਲੱਗਾ ਸਿਖ ਆਪਣੇ ਸਰੂਪ ਵਿਚ ਬਿਸਥਿਤ ਹੋਣ ਦੀ ਥਾਂ ਨਿਰੰਕਾਰ ਵਿਚ ਲਿਵ ਜੋੜਨ ਦਾ ਯਤਨ ਕਰਦਾ ਹੈ। "ਕੀ ਅਜੇਹੇ ਆਦਰਸ਼ਕ ਜੀਵਨ ਵਿਚ ਕੋਈ ਅਜੇਹਾ ਸਮਾਂ ਹੈ ਜਦੋਂ ਜ਼ੁਲਮ ਦੀ ਜ਼ੋਰ ਸੰਯੁਕਤ ਵਿਰੋਧਤਾ ਗਿਰਾਵਟ ਦੀ ਥਾਂ ਸਗੋਂ ਆਤਮਕ ਉੱਨਤੀ ਦਾ ਕਾਰਨ ਹੋਵੇ ?" ਸਿੱਖ ਸਿਧਾਂਤਾਂ ਤੇ ਨਜ਼ਰ ਮਾਰ ਕੇ ਇਸ ਪ੍ਰਸ਼ਨ ਦਾ ਉੱਤ੍ਰ ਸਮਝਣ ਦਾ ਜਤਨ ਕਰਦੇ ਹਾਂ।

ਸਿੱਖ ਜ਼ਿੰਦਗੀ ਦੇ ਇਸ ਪਹਿਲੂ ਪੁਰ ਇਹ ਇਅਤਰਾਜ਼ ਕੋਈ ਖਾਲਸਾ ਸਾਜੇ ਜਾਣ ਪੁਰ ਹੀ ਨਹੀਂ ਕੀਤਾ ਗਇਆ। ਛੇਵੀਂ ਪਾਤਸ਼ਾਹੀ ਵੇਲੇ ਜਦੋਂ ਸਿੱਖਾਂ ਨੇ ਪਹਿਲੇ ਪਹਿਲ ਸ੍ਰੀ ਸਾਹਿਬ ਫੜੀ ਤਾਂ ਕਈ ਸ਼ਰਧਾਲੂ ਹਿਰਦੇ ਤ੍ਰਭਕ ਉਠੇ ਤੇ ਇਸ ਤਬਦੀਲੀ ਨੂੰ ਸਿੱਖੀ ਦਾ ਅੰਗ ਮੰਨਣੋਂ ਨਾ ਕੇਵਲ ਆਪ ਸੰਕੋਚ ਕੀਤਾ ਸਗੋਂ ਪ੍ਰਗਟ ਤੌਰ ਤੇ ਕਹਿਆ ਕਿ ਇਹ ਗੁਰੂ ਘਰ ਦੀ ਚਾਲ ਵਿਰੁਧ ਹੈ। ਸਿੱਖੀ ਦੇ ਪੁੰਜ ਭਾਈ ਗੁਰਦਾਸ ਜੀ ਨੇ ਆਪਣੀ ਛਬੀਹਵੀਂ ਵਾਰ ਵਿਚ ਇਨ੍ਹਾਂ ਸਾਰਿਆਂ ਇਅਤਰਾਜ਼ਾਂ ਦਾ ਜ਼ਿਕਰ ਕਰਕੇ ਐਉਂ ਉਤ੍ਰ ਦਿਤਾ ਹੈ।

ਖੇਤੀ ਵਾੜ ਸੁ ਢਿੰਗਰੀ ਕਿੱਕਰ ਆਸ ਪਾਸ ਜਿਉਂ ਬੱਗੈ।
ਸੱਪ ਲਪੇਟੇ ਚੰਨਣੈ ਬੂਹੇ ਜੰਦਾ ਕੁੱਤਾ ਜੱਗੈ। ੨੪।

(ਵਾਰ ੨੬)

ਇਸ ਉਤ੍ਰ ਨੂੰ ਚੰਗੀ ਤਰ੍ਹਾਂ ਸਮਝਣ ਲਈ ਸਿੱਖੀ ਦੇ ਇਕ ਉੱਘੇ ਅਸੂਲ ਤੇ ਮੁੜ ਨਜ਼ਰ ਮਾਰਨ ਦੀ ਲੋੜ ਹੈ। ਕਈ ਲੋਕ ਇਹ ਕਹਿ ਦਿੱਤਾ ਕਰਦੇ ਹਨ ਕਿ ਹਰ ਇਕ ਮਨੁਖ ਦਾ ਧਰਮ ਆਪੋ ਆਪਣਾ ਹੈ ਦੂਜਿਆਂ ਨਾਲ ਇਸਦਾ ਕੀ ਸੰਬੰਧ। ਜੇ ਧਰਮ ਨੂੰ ਚੰਦ ਇਕ ਅਸੂਲਾਂ ਦੀ ਦਮਾਗੀ ਮਨੌਤ ਤੀਕ ਹੀ ਮਹਿਦੂਦ ਕਰੀਏ ਤਾਂ ਇਹ ਗੱਲ ਕਿਸੇ ਹੱਦ ਤੋੜੀ ਭਾਵੇਂ ਠੀਕ ਹੋਵੇ। ਪਰ ਧਰਮ ਤਾਂ ਅਮਲੀ ਜੀਵਨ ਦੇ ਆਦਰਸ਼ ਮਨੁਖਾਂ ਦੇ ਸਾਹਮਣੇ ਰਖਦਾ ਹੈ ਤੇ ਸਾਡੇ ਆਦਰਸ਼ ਹੀ ਸਾਡੀ ਸਾਰੀ ਕਿਰਿਆ ਨੂੰ ਮੁਢਲੇ ਸੁਭਾਵਾਂ ਦੀ ਪਕੜ ਵਿਚੋਂ ਕੱਢ ਕੇ ਉੱਚਾ ਕਰਦੇ ਹਨ। ਜੇ ਧਰਮ ਸਚ ਮੁਚ ਸਾਡਾ ਧਰਮ ਹੈ ਤਾਂ ਉਹ ਸਾਡੇ ਅਮਲਾਂ ਥਾਣੀਂ ਪਰਗਟ ਹੋਣੋਂ ਨਹੀਂ ਰਹਿ ਸਕਦਾ ਤੇ ਇਹ ਗੱਲ ਕਿਸੇ ਸਬੂਤ ਦੀ ਮੁਥਾਜ ਨਹੀਂ ਕਿ ਸਾਡੇ ਅਮਲਾਂ ਦਾ ਅਸਰ ਸਾਡੇ ਸਾਥੀਆਂ ਉੱਪਰ ਹੋਂਦਾ ਹੈ। ਇਕੁਰ ਹੀ ਦੂਜੇ ਮਨੁਖਾਂ ਦਾ ਅਸਰ ਸਾਡੇ ਤੇ ਹੁੰਦਾ ਹੈ। ਇਸ ਲਈ ਇਹ ਮਨੌਤ ਕਿ 'ਧਰਮ ਇਕ ਜਾਤੀ ਗਲ ਹੈ, ਦੂਜਿਆਂ ਨਾਲ ਇਸਦਾ ਕੋਈ ਸੰਬੰਧ ਨਹੀਂ' ਯੁਕਤੀ ਦੇ ਤੱਕੜ ਪੁਰ ਨਹੀਂ ਟਿਕਦੀ! ਸਿੱਖੀ ਵਿਚ ਇਸ ਗਲ ਨੂੰ ਸੰਗਤ ਦੇ ਅਸਰ ਦੇ ਅਸੂਲ ਹੇਠਾਂ ਚੰਗੀ ਤਰ੍ਹਾਂ ਖੋਲ੍ਹ ਕੇ ਬਿਆਨ ਕੀਤਾ ਗਇਆ ਹੈ। ਸਤਸੰਗ ਦਾ ਕਾਇਮ ਰੱਖਣਾ ਧਰਮ ਨੂੰ ਕਾਇਮ ਰੱਖਣ ਦਾ ਇਕ ਵੱਡਾ

ਅੰਗ ਹੈ ਤੇ ਸੰਗਤ ਦੀ ਕਾਇਮੀ ਦੀ ਰਾਖੀ ਧਰਮ ਦੀ ਰਾਖੀ ਹੈ।

ਹੁਣ ਜਦੋਂ ਸ਼ਰਧਾਲੂ ਪਹਿਲੋਂ ਪਹਿਲ ਸੰਗਤ ਵਿਚ ਰਲਦਾ ਹੈ ਤਾਂ ਉਹ ਇਕੋ ਛਾਲ ਨਾਲ ਸਿਰੇ ਤੀਕ ਨਹੀਂ ਅੱਪੜ ਜਾਂਦਾ। ਧਰਮ ਤੇ ਕੁਰਬਾਨੀ ਦਾ ਰੰਗ ਹੌਲੀ ਹੌਲੀ ਉਸ ਪੁਰ ਚੜ੍ਹਦਾ ਹੈ। ਜਦੋਂ ਜਰਵਾਣਾ ਜ਼ੁਲਮ ਤੇ ਧੱਕੇ ਦੀ ਤਲਵਾਰ ਲੈ ਕੇ ਖੜਾ ਹੁੰਦਾ ਹੈ ਉਦੋਂ ਸਾਰੇ ਹੀ ਸੀਸ ਦੇਣ ਲਈ ਤਿਆਰ ਨਹੀਂ ਹੋ ਜਾਂਦੇ। ਕਈ ਨਵੇਂ ਸਿਖਾਂਦਰੂ ਡਰ ਨਾਲ ਰਸਤੇ ਦਾ ਤਿਆਗ ਕਰਨ ਨੂੰ ਤਿਆਰ ਹੋ ਜਾਂਦੇ ਹਨ। ਨਵੇਂ ਪੌਦਿਆਂ ਦੀ ਰਾਖੀ ਇਕ ਫਰਜ਼ ਹੈ। ਭਾਈ ਗੁਰਦਾਸ ਜੀ ਦੀਆਂ ਉਤਲੀਆਂ ਪਾਲਾਂ ਦਾ ਭਾਵ ਇਹੋ ਹੀ ਹੈ। ਸੰਗਤ ਰੂਪੀ ਬਾਗ ਦੀ ਕਾਇਮੀ ਲਈ ਤੇ ਉਸ ਦੇ ਵਧਣ ਫੁਲਣ ਲਈ ਵਾੜ ਦੀ ਲੋੜ ਹੈ। ਬਾਗ ਦੇ ਦੁਗਿਰਦੇ ਲੋਕੀਂ ਕਿੱਕਰ ਬੀਜ ਦੇਂਦੇ ਹਨ। ਵਾੜ ਦੂਜਿਆਂ ਤੇ ਹੱਲਾ ਨਹੀਂ ਕਰਦੀ ਉਹ ਨਿਰਾ ਹੱਲਿਆਂ ਨੂੰ ਰੋਕਦੀ ਹੈ। ਧਰਮ ਦੀ ਰੱਖਿਆ ਲਈ ਇਸ ਲਈ ਸ੍ਰੀ ਸਾਹਿਬ ਫੜਨਾ ਸਿੱਖੀ ਵਿਚ ਜਾਇਜ਼ ਸਮਝਿਆ ਗਇਆ। ਇਸ ਗੱਲ ਨੂੰ ਪ੍ਰੇਮ ਸੁਮਾਰਗ ਵਿਚ ਚੰਗੀ ਤਰ੍ਹਾਂ ਖੋਲ੍ਹ ਕੇ ਬਿਆਨ ਕੀਤਾ ਹੈ।

"ਅਰ ਹਥਿਆਰ ਆਪ ਸਿਉ ਜੁਦਾ ਨਾ ਕਰੇ, ਸਿੰਘ ਮੁਖ ਗਊ ਹੋਏ ਰਹੇ। ਜਬ ਜਾਣੈ ਕਿ ਕੋਈ ਦੁਸ਼ਟ ਖਹਿੜਾ ਛੱਡਦਾ ਨਹੀਂ ਔਰ ਧਰਮ ਕੀ ਬਾਤ ਹੈ। ਰਾਜਾ ਨਿਆਵ ਨਹੀਂ ਕਰਦਾ ਤਬ ਵਕਤ ਦੇਖ ਕੇ ਸ਼ਸਤ੍ਰ ਚਲਾਵੈ, ਅੰਤ ਅੰਤ ਕੋ ਲਾਚਾਰੀ।" ਜਿਸ ਦਾ ਸਾਫ ਭਾਵ ਇਹ ਹੈ ਕਿ ਕ੍ਰਿਪਾਨ ਧੂਹਣੀ ਅੰਤਲਾ ਹੀਲਾ ਹੈ, ਜਦੋਂ ਹੋਰ ਸਾਰੇ ਉਪਾਵ ਮੁੱਕ ਜਾਣ ਫਿਰ ਧਰਮ ਦੀ ਰੱਖਿਆ ਲਈ ਜ਼ੋਰ ਵਰਤਣਾ ਵਿਹਤ ਹੈ ਦਸਮ ਪਾਤਸ਼ਾਹ ਜੀ ਨੇ ਜ਼ਫਰਨਾਮੇ ਵਿਚ ਵੀ ਇਹੋ ਗੱਲ ਆਖੀ ਹੈ।

چو کار از همه حیلتی در گذشت حلال است بردن به شمشیر دست

ਅਰਥਾਤ ਸਾਰੇ ਉਪਾਵ ਖਤਮ ਹੋ ਜਾਣ ਤਾਂ ਸ੍ਰੀ ਸਾਹਿਬ ਫੜਨੀ ਹਲਾਲ ਹੈ।

ਇਕ ਹੋਰ ਨੁਕਤਾ ਨਿਗਾਹ ਵੀ ਇਸ ਅਸੂਲ ਨੂੰ ਸਮਝਣ ਵਿਚ ਸਹਾਇਤਾ ਕਰੇਗਾ। ਸਾਡਾ ਧਰਮ ਉਹ ਆਦਰਸ਼ ਨਹੀਂ ਜੋ ਨਿਰਾ ਦਿਮਾਗੀ ਤੌਰ ਪਰ ਅਸਾਂ ਮੰਨੇ ਹਨ। ਸਾਡਾ ਧਰਮ ਸਾਡੀ ਰੋਜ਼ ਦਿਹਾੜੀ ਦੀ ਕਾਰ ਤੋਂ ਪਰਗਟ ਹੋਂਦਾ ਹੈ।

ਜਿਤਨੇ ਵੀ ਦੇਸ ਦਿਸਾਂਤਰ ਆਪਣੇ ਆਪ ਨੂੰ ਸਭੱਯ ਆਖਣ ਦਾ ਦਾਵਾ ਕਰਦੇ ਹਨ, ਉਨ੍ਹਾਂ ਵਿਚੋਂ ਕੋਈ ਵੀ ਅਜਿਹਾ ਨਹੀਂ ਜਿਸ ਨੇ ਸੁਰਖਿਆ ਵਿਚ ਜ਼ੋਰ ਵਰਤਣ ਨੂੰ ਕਾਨੂੰਨ ਅਨੁਸਾਰ ਨਾ ਮੰਨਿਆ ਹੋਵੇ। ਲੁਤਫ਼ ਇਹ ਹੈ ਕਿ ਜੇਹੜੇ ਸੱਜਣ ਸਿੱਖ ਧਰਮ ਦੇ ਇਸ ਪਹਿਲੂ ਪੁਰ ਇਅਤਰਾਜ਼ ਕਰਦੇ ਹਨ ਉਨ੍ਹਾਂ ਨੂੰ ਇਹ ਕਦੀ ਖਿਆਲ ਨਹੀਂ ਆਇਆ ਕਿ ਸੁਰਖਿਆ ਵਿਚ ਜ਼ੋਰ ਵਰਤਣ ਤੋਂ ਬਿਨਾ ਮਨੁੱਖ ਕੋਈ ਜਾਤੀ ਜਾਇਦਾਦ ਅਪਣੇ ਕਬਜ਼ੇ ਵਿਚ ਨਹੀਂ ਰੱਖ ਸਕਦਾ। ਮਨੁੱਖ ਅੱਜ ਤੀਕ ਕੋਈ ਅਜੇਹਾ ਪ੍ਰਬੰਧ ਨਹੀਂ ਕਾਇਮ ਕਰ ਸਕੇ ਜਿਸ ਦੀ ਕਾਇਮੀ ਬਿਨਾ ਜ਼ੋਰ ਵਰਤਣ ਦੇ ਹੋਵੇ। ਫ਼ੌਜਾਂ ਤੇ ਜੰਗੀ ਜਹਾਜ਼ ਇਹ ਹਰ ਇਕ ਸਰਕਾਰ ਦਾ ਅੰਤਮ ਆਸਰਾ ਹਨ।

ਦੇਸ ਦੇ ਅੰਦਰ ਅਮਨ ਕਾਇਮ ਰੱਖਣ ਦਾ ਨਿਰਭਰ ਵੀ ਅੰਤ ਜ਼ੋਰ ਤੇ ਹੈ ਕਿਉਂਕਿ ਕਾਨੂੰਨ ਦਾ ਅੰਤਮ ਆਸਰਾ ਜ਼ੋਰ ਹੈ। ਚੋਰਾਂ ਤੇ ਹੋਰ ਦੋਸ਼ੀਆਂ ਨੂੰ ਬਿਨਾ ਜ਼ੋਰ ਵਰਤੇ ਜੇਲ੍ਹਾਂ ਵਿਚ ਨਹੀਂ ਡੱਕਿਆ ਜਾ ਸਕਦਾ। ਜੋ ਵਰਤਮਾਨ ਸਰਕਾਰਾਂ ਦੀ ਛਤ੍ਰ ਛਾਇਆ ਹੇਠ ਵੱਡੀਆਂ ਵੱਡੀਆਂ ਜ਼ਾਤੀ ਜਾਏਦਾਦਾਂ ਸਾਂਭੀ ਬੈਠੇ ਹਨ ਉਹ ਉਸ ਜ਼ੋਰ ਦਾ ਆਸਰਾ ਲੈ ਰਹੇ ਹਨ ਜਿਸ ਪਰ ਉਹ ਸਰਕਾਰਾਂ ਕਾਇਮ ਹਨ। ਅਜੇਹੇ ਆਦਮੀਆਂ ਲਈ ਸੁਰਖਿਆ ਲਈ ਜ਼ੋਰ ਵਰਤਣ ਪੁਰ ਇਅਤਰਾਜ਼ ਕਰਨਾ ਵੱਡੀ ਹਾਸੋ ਹੀਣੀ ਗੱਲ ਹੈ। ਇਸ ਲਈ ਜਦ ਤਕ ਮਨੁੱਖ ਇਹ ਮੰਨਦੇ ਹਨ ਕਿ ਹਰ ਇਕ ਮਨੁੱਖ ਦਾ ਆਪਣੀ ਕਮਾਈ ਪੁਰ ਪੂਰਾ ਹੱਕ ਹੈ ਤੇ ਬਿਨਾ ਉਸ ਦੀ ਆਪਣੀ ਮਰਜ਼ੀ ਕੋਈ ਹੋਰ ਉਸ ਕਮਾਈ ਨੂੰ ਆਪਣੇ ਲਈ ਨਹੀਂ ਵਰਤ ਸਕਦਾ ਤਦ ਤੀਕ ਜ਼ੋਰ ਵਰਤੇ ਬਿਨਾ ਕੰਮ ਨਹੀਂ ਚਲੇਗਾ। ਸਗੋਂ ਹੁਣ ਤਾਂ ਇਕ ਨਵਾਂ ਤਜਰਬਾ ਇਸ ਖਿਆਲ ਨੂੰ ਕੁਝ ਕਦਮ ਹੋਰ ਅਗੇਰੇ ਲੈ ਗਇਆ ਹੈ। ਵਰਤਮਾਨ ਰੂਸੀ ਰਾਜ ਪ੍ਰਬੰਧ ਜ਼ਾਤੀ ਮਲਕੀਅਤ ਦੇ ਖਿਆਲ ਨੂੰ ਉਡਾ ਰਹਿਆ ਹੈ ਪਰ ਉਹ ਵੀ ਫ਼ੌਜ ਆਦਿ ਨੂੰ ਨਹੀਂ ਹਟਾ ਸਕਿਆ। ਉਹ ਲੋਕ ਵਿਰੋਧੀ ਖਿਆਲਾਂ ਵਾਲੇ ਹੋਰ ਦੇਸਾਂ ਦੇ ਰਾਸਵੰਤਿਆਂ[1] ਦੇ ਹੱਲਿਆਂ ਤੋਂ ਡਰਦੇ ਇਨ੍ਹਾਂ ਹਥਿਆਰਾਂ ਦੀ ਲੋੜ ਮਹਿਸੂਸ ਕਰ ਰਹੇ ਹਨ। ਮੁੱਕਦੀ ਗੱਲ ਇਹ ਹੈ ਕਿ ਨਾ ਕੇਵਲ ਆਦਰਸ਼ਾਂ ਦੀ ਰੱਖਿਆ ਲਈ ਸਗੋਂ ਜ਼ਾਤੀ ਮਲਕੀਅਤਾਂ ਦੀ ਰੱਖਿਆ ਲਈ ਵੀ ਅਜੇ ਤੀਕ ਆਮ ਜਨਤਾ ਜ਼ੋਰ ਦੀ ਵਰਤੋਂ ਨੂੰ ਜਾਇਜ਼ ਸਮਝਦੀ ਹੈ। ਤਾਂ ਫਿਰ ਅਮਲੀ ਨੁਕਤਾ ਨਿਗਾਹ ਤੋਂ ਇਹ ਇਅਤਰਾਜ਼ ਸਿੱਖੀ ਪੁਰ ਕਿੰਨਾ ਕੁ ਫੱਬਦਾ ਹੈ। ਇਹ ਅਸੀਂ ਦੋਸ਼ ਧਰਨ ਵਾਲਿਆਂ ਪੁਰ ਹੀ ਛੱਡਦੇ ਹਾਂ।

ਇਕ ਭੁਲੇਖਾ ਇੱਥੇ ਦੂਰ ਕਰਨ ਦੀ ਲੋੜ ਹੈ ਸਿੱਖੀ ਵਿਚ ਕੁਰਬਾਨੀ ਦੀ ਕੋਈ ਹੱਦ ਨਹੀਂ। ਤਨ, ਮਨ, ਧਨ ਕਿਸੇ ਦੇ ਵੀ ਵਾਰਨ ਦਾ ਕੋਈ ਬੰਨਾ ਨਹੀਂ ਥਾਪਿਆ ਗਇਆ। ਪਰ ਜਾਣ ਬੁਝ ਕੇ ਆਪ ਇਨ੍ਹਾਂ ਚੀਜ਼ਾਂ ਨੂੰ ਵਾਰਨਾ ਹੋਰ ਗੱਲ ਹੈ ਤੇ ਰੋਂਦਿਆਂ ਕੁਰਲਾਂਦਿਆਂ ਜਰਵਾਣਿਆਂ ਦਾ ਇਹ ਵਸਤਾਂ ਖੋਹ ਕੇ ਲੈ ਜਾਣਾ ਤੇ ਅੱਗੋਂ ਸਰੀਰਕ ਦੁਖ ਤੋਂ ਡਰਦੇ ਮੁਕਾਬਲਾ ਨਾ ਕਰਨਾ ਇਕ ਵੱਖਰੀ ਗੱਲ ਹੈ। ਪਹਿਲੀ ਹਾਲਤ ਆਤਮ ਉੱਨਤੀ ਦੀ ਇਕ ਪਉੜੀ ਹੈ। ਦੂਜੀ ਜਿਸ ਦੇ ਵਿਚ ਸਰੀਰ ਦਾ ਡਰ ਮੁਖ ਹੈ ਆਤਮ ਗਿਰਾਉ ਪੈਦਾ ਕਰਦੀ ਹੈ। ਜਦੋਂ ਇਕ ਸੂਰਮਾ ਦੀਨਾਂ ਦੀ ਰੱਖਿਆ ਲਈ ਜ਼ੁਲਮ ਦੀ ਰੋਕ ਵਿਚ ਬਿਨਾ ਕਿਸੇ ਆਪਣੇ ਸੁਆਉ ਨੂੰ ਮੁੱਖ ਰੱਖੇ ਆਪਣੇ ਸਰੀਰ ਨੂੰ ਵਾਰ ਦੇਂਦਾ ਹੈ, ਇਹ ਤਿਆਗ ਦੀ ਅਵਧੀ ਹੈ। ਇਹ ਕਿਰਿਆ ਆਤਮ ਗਿਰਾਉ ਦਾ ਕਾਰਨ ਨਹੀਂ ਸਗੋਂ ਆਤਮਾ ਨੂੰ ਉੱਚਾ ਕਰਨ ਵਿਚ ਸਹੈਤਾ ਕਰਦੀ ਹੈ।

ਹੁਣ ਅਸੀਂ ਰਹਿਤ ਪੁਰ ਕੀਤੇ ਇਅਤਰਾਜ਼ਾਂ ਪੁਰ ਵਿਚਾਰ ਕਰਦੇ ਹਾਂ! ਗੁਰਬਾਣੀ ਵਿਚ ਬਾਹਰਲੇ ਚਿੰਨ੍ਹਾਂ ਪੁਰ ਜੋ ਇਅਤਰਾਜ਼ ਕੀਤੇ ਗਏ ਹਨ ਉਹ ਇਸ ਬਿਨਾ ਪੁਰ ਹਨ ਕਿ ਚਿੰਨ੍ਹ ਤਾਂ ਧਾਰਨ ਕੀਤੇ ਹੋਏ ਹਨ ਪਰ ਅੰਤ੍ਰੀਵ ਜੀਵਨ ਕੋਈ ਨਹੀਂ। ਨਿਰੇ ਭੇਖ ਨੂੰ ਅਯੋਗ ਦੱਸਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਨਿਰੇ ਭੇਖ ਨੂੰ ਉਸੇ ਤਰ੍ਹਾਂ ਨਿੰਦਨੀਯ ਕਹਿਆ ਹੈ। ਜਿਸ ਸਿੱਖ ਨੇ ਨਿਰਾ ਖਾਲਸੇ ਦਾ ਭੇਖ ਬਣਾਇਆ ਹੋਇਆ ਹੈ ਪਰ ਖਾਲਸਾ ਜੀਵਨ ਬਣਾਣ ਦਾ ਯਤਨ ਨਹੀਂ

---

[1] Capitalists,

ਕਰ ਰਹਿਆ, ਉਸ ਨੂੰ ਰਹਿਤ ਨਾਮੇ ਕਰੜੇ ਸ਼ਬਦਾਂ ਵਿਚ ਤਾੜਨਾ ਕਰਦੇ ਹਨ। ਪੰਜ ਕਕਾਰਾਂ ਪੁਰ ਇਅਤਰਾਜ਼ ਕਰਨ ਵਾਲੇ ਇਕ ਗੱਲ ਭੁੱਲ ਜਾਂਦੇ ਹਨ ਕਿ ਨਿਰਾ ਪੰਜ ਕਕਾਰ ਰੱਖਣੇ ਹੀ ਖ਼ਾਲਸੇ ਦੀ ਰਹਿਤ ਨੂੰ ਪੂਰਾ ਨਹੀਂ ਕਰ ਦਿੰਦੇ। ਪੰਜ ਕਕਾਰ ਖ਼ਾਲਸੇ ਦਾ ਦ੍ਰਿਸ਼ਟਮਾਨ ਚਿੰਨ੍ਹ ਹਨ ਨਾ ਕਿ ਸਾਰੀ ਰਹਿਤ। ਉਹ ਕਿਸੇ ਅੰਤ੍ਰੀਵ ਜੀਵਨ ਦੇ ਲਖਾਇਕ ਹਨ।

ਇੱਥੇ ਇਹ ਪ੍ਰਸ਼ਨ ਹੋ ਸਕਦਾ ਹੈ ਕਿ ਅੰਤ੍ਰੀਵ ਜੀਵਨ ਦੇ ਲਖਾਇਕ ਬਾਹਰਲੇ ਚਿੰਨ੍ਹਾਂ ਦੀ ਕੀ ਲੋੜ ਹੈ? ਇਸ ਨੂੰ ਸਮਝਣ ਲਈ ਮਾਨੁੱਖੀ ਮਾਨਸਿਕ ਜੀਵਨ ਵੱਲ ਥੋੜ੍ਹੀ ਨਜ਼ਰ ਕਰਨੀ ਪਏਗੀ। ਜਦੋਂ ਕੋਈ ਭਾਵ ਮਨ ਵਿਚ ਪੈਦਾ ਹੋਵੇ ਤਾਂ ਉਸ ਨੂੰ ਪ੍ਰਗਟ ਕਰਨ ਲਈ ਕੋਈ ਨਾ ਕੋਈ ਸ਼ਕਲ ਦੇਣੀ ਪੈਂਦੀ ਹੈ। ਬੋਲੀ, ਲਿਖਤ, ਰਾਗ, ਚਿੱਤ੍ਰ ਆਦਿ ਇਹ ਸਭ ਮਾਨਸਕ ਭਾਵਾਂ ਦਾ ਦ੍ਰਿਸ਼ਟਮਾਨ ਰੂਪ ਹਨ। ਧਾਰਮਕ ਵਲਵਲੇ ਵੀ ਇਕੁਰ ਹੀ ਜਦੋਂ ਜ਼ਾਹਿਰਾ ਰੂਪ ਧਾਰਦੇ ਹਨ ਤਾਂ ਉਹ ਉਸ ਧਰਮ ਦੇ ਚਿੰਨ੍ਹ, ਰਸਮਾਂ ਤੇ ਰਿਵਾਜ਼ ਬਣ ਜਾਂਦੇ ਹਨ। ਜਿਕੁਰ ਬੀਜ ਬੀਜ ਦੇਵੀਏ ਤਾਂ ਪਤ੍ਰ, ਫੁਲ ਟਾਹਣ ਆਪੇ ਹੀ ਨਿਕਲ ਆਂਵਦੇ ਹਨ, ਇਕੁਰ ਹੀ ਧਾਰਮਿਕ ਜੀਵਨ ਦੇ ਵਲਵਲੇ ਆਪਣੇ ਆਪ ਚਿੰਨ੍ਹ ਤੇ ਰਸਮਾਂ ਦਾ ਰੂਪ ਧਾਰ ਲੈਂਦੇ ਹਨ। ਧਾਰਮਕ ਚਿੰਨ੍ਹ ਬਾਹਰੋਂ ਨਹੀਂ ਥਾਪੇ ਜਾਂਦੇ ਇਹ ਲੋੜ ਅਨੁਸਾਰ ਉਗਮਦੇ ਹਨ। ਜਦ ਤੀਕ ਇਹ ਚਿੰਨ੍ਹ ਤੇ ਰਸਮਾਂ ਕਿਸੇ ਅੰਤ੍ਰੀਵ ਜੀਵਨ ਦੇ ਲਖਾਇਕ ਹਨ ਤਦ ਤੀਕ ਇਹ ਇਕ ਅਤੀ ਜ਼ਰੂਰੀ ਲੋੜ ਨੂੰ ਪੂਰਾ ਕਰਦੇ ਹਨ। ਇਹ ਵਾੜ ਦਾ ਕੰਮ ਵੀ ਦੇਂਦੇ ਹਨ ਤੇ ਦੂਜਿਆਂ ਵਿਚ ਉਸ ਜੀਵਨ ਦੇ ਉਪਜਾਉਣ ਦਾ ਕੰਮ ਵੀ। ਮਾਨਸਿਕ ਵਿਦਿਆ ਦੇ ਗਿਆਤਾ ਇਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਜੇ ਕਿਸੇ ਚਿੰਨ੍ਹ ਨਾਲ ਕੋਈ ਭਾਵ ਚਿਰ ਤੀਕ ਸੰਬੰਧਤ ਰਹੇ ਤਾਂ ਉਸ ਦੇ ਵਿਚ ਉਸ ਭਾਵ ਦੀ ਸੰਭਾਵਨਾ ਪੱਕ ਜਾਣ ਕਰਕੇ ਉਸ ਭਾਵ ਦੇ ਪੈਦਾ ਕਰਨ ਦੀ ਸ਼ਕਤੀ ਵੀ ਆ ਜਾਂਦੀ ਹੈ। ਹਾਂ, ਜਿਨ੍ਹਾਂ ਚਿੰਨ੍ਹਾਂ ਨਾਲ ਕੋਈ ਭਾਵ ਯਾ ਜਜ਼ਬੇ ਸੰਬੰਧਤ ਨਾ ਹੋਣ ਤਾਂ ਉਹ ਚਿੰਨ੍ਹ ਨਿਰਾ ਭੇਖ ਤੇ ਫਜ਼ੂਲ ਹਨ, ਪਰ ਜੇ ਉਹ ਕਿਸੇ ਜਜ਼ਬੇ ਦੇ ਲਖਾਇਕ ਤੇ ਪ੍ਰਗਟਾਊ ਹੋਣ ਤਾਂ ਉਹ ਬਿਰਥਾ ਨਹੀਂ।

ਅਸੀਂ ਅੱਗੇ ਦੱਸ ਚੁਕੇ ਹਾਂ ਕਿ ਕਰਮ ਇਕ ਤਾਂ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਦੇ ਆਸਰੇ ਕੀਤੇ ਜਾਂਦੇ ਹਨ। ਅਜੇਹੇ ਕਰਮ ਇਨ੍ਹਾਂ ਔਗੁਣਾਂ ਨੂੰ ਹੋਰ ਪੱਕਾ ਕਰਦੇ ਹਨ। ਹਉਮੈ ਦੇ ਆਧਾਰ ਤੇ ਕੀਤੇ ਕਹਿਣ ਮਾਤ੍ਰ ਚੰਗੇ ਕਰਮ ਵੀ ਸਾਡੀ ਹਉਮੈ ਨੂੰ ਹੋਰ ਦ੍ਰਿੜ੍ਹ ਕਰਕੇ ਸਾਡੇ ਦੁੱਖ ਦਾ ਕਾਰਨ ਬਣਦੇ ਹਨ। ਦੂਜੇ ਕਰਮ 'ਰਹਿਤ' ਵਜੋਂ ਕੀਤੇ ਜਾਂਦੇ ਹਨ। ਮਨ ਨੂੰ ਵੱਸ ਕਰਨ ਲਈ ਕਿਸੇ ਮਹਾਂ ਪੁਰਸ਼ ਦੀ ਦੱਸੀ ਰਹਿਤ ਰੱਖੀ ਜਾਂਦੀ ਹੈ ਜਿਸ ਦਾ ਫਲ ਅੰਦਰਲੇ ਸੁਭਾਵ ਨੂੰ ਬਦਲਣਾ ਹੈ। ਅਜੇਹੇ ਕਰਮ ਅਵਗੁਣ ਕੱਟਦੇ ਤੇ ਗੁਣ ਦ੍ਰਿੜ੍ਹਾਂਦੇ ਹਨ। ਤੀਜੇ ਕਰਮ ਉਹ ਜੋ ਸਾਡੇ ਬਦਲੇ ਹੋਏ ਸੁਭਾਵ ਦੇ ਪ੍ਰਗਟਾਊ ਹਨ। ਜਦੋਂ ਮਨ ਹਉਮੈ ਦੇ ਵਸ ਸੀ ਤਦੋਂ ਉਹਦੇ ਅਧਾਰ ਤੇ ਸਾਰੇ ਕਰਮ ਕਰਦੇ ਸੀ, ਜਦੋਂ ਗੁਰਮਤ ਗ੍ਰਹਿਣ ਕੀਤੀ ਤਾਂ ਵੀ ਕੋਈ ਕਰਮ ਕਰਨੇ ਹੋਏ। ਉਹ ਕਰਮ ਹੁਣ ਗੁਰਮੱਤ ਦੇ ਅਧਾਰ ਤੇ ਹੋਣਗੇ। ਸੋਮੇਂ ਵਿਚੋਂ ਜਿਕੁਰ ਜਲ ਸੁਤੇ ਨਿਕਲਦਾ ਹੈ ਇਕੁਰ ਗੁਰ-ਸਿੱਖ ਦਾ ਮਨ ਸੁਤੇ ਪਰਉਪਕਾਰ ਨੂੰ ਲੋਚਦਾ ਹੈ। ਇਸ ਹਾਲਤ ਵਿਚ ਕਰਮ ਨਿਰਯਤਨ ਹੋਂਦੇ ਹਨ ਤੇ ਇਹ ਅਵਸਥਾ ਸਹਜ ਦੀ ਹੈ।

ਖਾਲਸਾ ਜੀ ਨੂੰ ਰਹਿਤ ਮੂਜਬ ਜੋ ਕਰਮ ਦੱਸੇ ਗਏ ਹਨ ਉਹ ਇਨ੍ਹਾਂ ਚਾਰ ਮੋਟੇ ਸਿਰਲੇਖਾਂ ਹੇਠ ਵੰਡੇ ਜਾ ਸਕਦੇ ਹਨ :

(੧) ਉਹ ਕਰਮ ਜੋ ਗੁਣ ਉਪਜਾਂਦੇ ਤੇ ਔਗੁਣ ਕੱਟਦੇ ਹਨ ।

(੨) ਉਹ ਕਰਮ ਜੋ ਸੰਗਤ ਦੀ ਕਾਇਮੀ ਤੇ ਜਥੇਬੰਦੀ ਵਿਚ ਮਦਦ ਕਰਦੇ ਹਨ ।

(੩) ਉਹ ਜੋ ਦੀਨਾ ਦੀ ਰੱਖਿਆ ਲਈ ਸਾਹਸ ਪੈਦਾ ਕਰਦੇ ਹਨ ।

(੪) ਉਹ ਜਿਨ੍ਹਾਂ ਵਿਚ ਸਾਕਤਾਂ ਦੇ ਸੰਗ ਤੋਂ ਵਰਜਿਆ ਗਇਆ ਹੈ ਤਾਂ ਜੋ ਮੁੜ ਔਗੁਣਾਂ ਵਿਚ ਪਰਾਵਿਰਤੀ ਦੀ ਸੰਭਾਵਨਾ ਨਾ ਰਹੇ ।

ਖਾਲਸਾ ਦੇ ਬਾਹਰਲੇ ਚਿੰਨ੍ਹ ਪੰਜ ਹਨ । ਰਹਿਤਨਾਮਿਆਂ ਤੋਂ ਪ੍ਰਗਟ ਹੈ ਕਿ ਇਨ੍ਹਾਂ ਪੰਜਾਂ ਵਿਚ ਕੁਝ ਭੇਦ ਹੈ । ਕੇਸ ਕਤਲ ਕਰਾਣ ਵਾਲਾ ਪਤਿਤ ਹੈ । ਪਰੰਤੂ ਜੋ ਬਾਕੀ ਦੇ ਚਾਰ ਕਕਾਰ ਨਾ ਰੱਖੇ ਤਾਂ ਪਤਿਤ ਨਹੀਂ ਤਨਖਾਹੀਆ ਹੈ । ਖਾਲਸਾ ਜੀ ਦੀ ਵੱਡੀ ਨਿਸ਼ਾਨੀ ਕੇਸ ਹੈ । ਕੇਸ ਕੋਈ ਨਵੀਂ ਗੱਲ ਨਹੀਂ ਸੀ । ਉਦਾਸੀ ਜੋ ਪਹਿਲੇ ਗੁਰੂ ਜੀ ਦੇ ਸਾਹਿਬਜ਼ਾਦੇ ਸ੍ਰੀ ਚੰਦ ਜੀ ਦੀ ਸੰਪ੍ਰਦਾ ਹਨ ਉਨ੍ਹਾਂ ਦੇ ਰਹਿਤਨਾਮਿਆਂ ਵਿਚ ਵੀ ਜਟਾ-ਜੂਟ ਰਹਿਣ ਦਾ ਹੁਕਮ ਹੈ । ਮੇਰਾ ਭਾਵ ਇਹ ਹੈ ਕਿ ਸਿੱਖੀ ਪ੍ਰਚਾਰ ਦੇ ਅਰੰਭ ਤੋਂ ਹੀ ਕੇਸਾਂ ਨੂੰ ਇਕ ਸਿੱਖੀ ਦੀ ਨਿਸ਼ਾਨੀ ਸਮਝਿਆ ਗਇਆ ਹੈ । ਜਾਂ ਐਉਂ ਸਮਝੋ ਜਿਹੜੇ ਖਾਸ ਤੌਰ ਪੁਰ ਇਹ ਧਰਮ ਆਪਣਾ ਬਣਾਂਦੇ ਸਨ ਉਹ ਇਹ ਚਿੰਨ੍ਹ ਧਾਰਨ ਕਰਦੇ ਸਨ । ਗੁਰੂ ਜੀ ਦੇ ਪ੍ਰਚਾਰ ਦੇ ਦੌਰਿਆ ਦਾ ਨਾਮ ਜਨਮਸਾਖੀ ਵਾਲਿਆਂ ਉਦਾਸੀਆਂ ਰਖਿਆ ਹੈ । ਉਦਾਸੀ ਸਿੱਖ ਧਰਮ ਦੇ ਪ੍ਰਚਾਰਕ ਸਨ ਤੇ ਇਹ ਕੰਮ ਉਨ੍ਹਾਂ ਬਾਬਾ ਗੁਰਦਿੱਤਾ ਜੀ ਤੋਂ ਮਗਰੋਂ ਹੱਥ ਵਿਚ ਲੀਤਾ ਸੀ ਤੇ ਇਹ ਸਾਰੇ ਜਟਾ-ਜੂਟ ਹੋਂਦੇ ਸਨ । ਸਿੱਖੀ ਵਿਚ ਰਜ਼ਾ ਪੁਰ ਸ਼ਾਕਰ ਰਹਿਣਾ ਇਕ ਸਭ ਤੋਂ ਵੱਡੀ ਰਹਿਤ ਹੈ । ਕੇਸ ਉਹਦਾ ਬਾਹਰਲਾ ਚਿੰਨ੍ਹ ਹਨ । ਰਹਿਤਨਾਮਿਆਂ ਦੇ ਲੇਖਾਂ ਤੋਂ ਹੁਣ ਅਸੀਂ ਉੱਪਰ ਲਿਖੇ ਸਿਧਾਂਤਾਂ ਦੀ ਪ੍ਰੋੜ੍ਹਤਾ ਕਰਦੇ ਹਾਂ ।

ਨਿਰਾ ਸਿਰ ਮੁਨਾਣਾ ਛੱਡ ਦੇਣ ਨਾਲ ਕੋਈ ਮਨੁਖ ਖਾਲਸਾ ਨਹੀ ਬਣਦਾ, ਕੇਸ ਤੇ ਹੋਰ ਕਕਾਰ ਨਿਸ਼ਾਨੀ ਉਸ ਜੀਵਣ ਦੀ ਹੈ ਜੋ ਅੰਮ੍ਰਿਤਧਾਰੀ ਨੇ ਰਹਿਤ ਦੁਆਰਾ ਬਤੀਤ ਕਰਨਾ ਹੈ । ਇਸ ਲਈ ਕੇਸਾ ਧਾਰੀ ਅੰਮ੍ਰਿਤ ਜ਼ਰੂਰ ਛਕੇ ਅਤੇ ਉਸ ਜੀਵਨ ਨੂੰ ਧਾਰਨ ਕਰੇ ਜੋ ਰਹਿਤ ਵਿਚ ਅੰਕਿਆ ਗਇਆ ਹੈ ।

ਧਰੇ ਕੇਸ ਪਾਹੁਲ ਬਿਨਾ ਭੇਖੀ ਮੂੜਾ ਸਿਖ ।
ਮੇਰਾ ਦਰਸਨ ਨਹਿ ਤਿਸੇ ਪਾਪੀ ਤਯਾਗੈ ਭਿਖ ।

(ਰਤਨ ਮਾਲਾ)

ਜੋ ਕੇਸ ਪਾਹੁਲ ਬਿਨਾ ਰਖੇ ਸੋ ਭੇਡ ਭਗਤੀਏ[1] ਜਾਨਣਾ

(ਚੌਪਾ ਸਿੰਘ)

ਗੁਰੂ ਕਾ ਸਿਖ ਕੇਸਾਂ ਦੇ ਅਹੰਕਾਰ ਕਰ ਸਿਖੀ ਨ ਗਵਾਵੈ ।
ਕੇਸ ਬਾਹਰ ਦੀ ਸਿਖੀ ਨਿਸਾਨੀ ਸਿਖੀ ਦੀ ਹੈ ।
ਸਿਖੀ ਅੰਦਰ ਹੋਵੈ ਦੋਨੋ ਸਿਖੀਆ ਬਰਾਬਰ ਰਹੈ ।

(ਚੌਪਾ ਸਿੰਘ)

ਅੰਮ੍ਰਿਤਧਾਰੀ ਹੋ ਕੇ ਜੋ ਰਹਿਤ ਨਹੀਂ ਧਾਰਦੇ ਉਨ੍ਹਾਂ ਬਾਬਤ ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ ਵਿਚ ਬਹੁਤ ਸਖਤ ਸ਼ਬਦ ਵਰਤੇ ਗਏ ਹਨ ।

ਬੇਦ ਰਹਤ ਜਿਮ ਦਿਜ ਨ ਸੁਹਾਵਤ । ਸੀਲ ਰਹਤ ਕੁਲ ਨਾਰਿ ਨ ਭਾਵਤ ।
ਬੇਗ ਰਹਤ ਜਿਮ ਬਾਜ਼ੀ ਹੀਨ । ਰਹਤ ਬਿਨਾ ਇਹ ਕੇਸ ਮਲੀਨ ।
ਜਿਉਂ ਕਾਹੂ ਲੇ ਗਧਾ ਨਵਾਇਓ । ਫੂਲ ਮਾਲ ਤਿਹ ਮੁੰਡ ਧਰਾਇਓ ।
ਤਿਹਕਰ ਤਾ ਕੀ ਸੋਭਾ ਨਾਹੀ । ਹਾਸੀ ਜੋਗ ਹੋਇ ਜਗ ਮਾਂਹੀ ।
ਤਿਮ ਕੁਰਹਿਤੀਏ ਕੇਸ ਰਖਾਏ । ਕਹਹੁ ਸੋ ਕੈਸੇ ਸੋਭਾ ਪਾਏ ।
ਰਹਤ ਸੁ ਕੇਸਨ ਕੋ ਅਤਿ ਭੂਖਣ । ਰਹਤ ਬਿਨਾ ਸਿਰ ਕੇਸ ਭੀ ਦੂਖਨ ।
ਰਹਤਵਾਨ ਜਗ ਸਿੰਘ ਜੋ ਕੋਈ । ਗੁਰ ਕੇ ਲੋਕ ਬਸੇਂਗੇ ਤੋਈ ।
ਰਹਨੀ ਰਹੈ ਸੋਈ ਸਿਖ ਮੇਰਾ । ਓਹ ਠਾਕੁਰ ਮੈਂ ਉਸਕਾ ਚੇਰਾ ।

(ਦੇਸਾ ਸਿੰਘ)

ਫਿਰ ਕਹਿਆ ਹੈ ।

ਰਹਤ ਬਿਨਾ ਸਦ ਗਤਿ ਨਹਿ ਹੋਈ । ਰਹਤ ਬਿਨਾ ਭਲ ਕਹੈ ਨ ਕੋਈ ।
ਰਹਤ ਬਿਨਾ ਨਹਿ ਸਿੰਘ ਕਹਾਵੈ । ਰਹਤ ਬਿਨਾ ਦਰ ਚੋਟਾਂ ਖਾਵੈ ।
ਰਹਤ ਬਿਨਾ ਜਗ ਮੋ ਭਰਮਾਈ । ਰਹਤ ਬਿਨਾ ਨਰ ਨਰਕੇ ਜਾਈ ।
ਰਹਤ ਬਿਨਾ ਸੁਖ ਕਬਹੂ ਨ ਲਹੈ । ਤਾਂਤੇ ਰਹਤ ਸੁ ਦ੍ਰਿੜ ਕਰ ਗਹੈ ।

(ਦੇਸਾ ਸਿੰਘ)

ਕੇਸਾਂ ਨੂੰ ਗੁਰ ਸਿਖੀ ਦੀ ਨਿਸ਼ਾਨੀ ਕਹਿਆ ਹੈ ਤੇ ਰਜਾ ਉੱਪਰ ਚਲਣ ਦਾ ਚਿੰਨ੍ਹ ਦੱਸਿਆ ਹੈ ।

---

[1] ਭਗਤੀਆ—ਰਾਜ ਧਾਰੀਆ । ਰਹਿਤਨਾਮਿਆਂ ਦੀਆ ਸੰਚੀਆਂ ਜਿਨ੍ਹਾਂ ਵਿਚੋਂ ਪ੍ਰਮਾਣ ਦਿਤੇ ਗਏ ਹਨ ਲੇਖਕ ਨੂੰ ਸ੍ਰੀਮਾਨ ਭਾਈ ਕਾਹਨ ਸਿੰਘ ਨਾਭਾ ਨਿਵਾਸੀ ਪਾਸੋਂ ਮਿਲੀਆਂ ਹਨ । ਇਹ ਸਭ ਸੰਚੀਆਂ ਲਿਖਤੀ ਹਨ ਤੇ ਇਨ੍ਹਾਂ ਵਿਚੋਂ ਕਈ ਛਾਪੇ ਵਿਚ ਆ ਚੁਕੀਆਂ ਹਨ । ਪਰ ਛਪੇ ਹੋਏ ਸਰੂਪ ਵਿਚ ਬਹੁਤ ਸਾਰੀਆਂ ਅਸ਼ੁਧੀਆਂ ਦੇ ਭੰਡਾਰ ਹਨ ।

ਗੁਰ ਕਾ ਸਿਖ ਦੇਹੀ ਦੇ ਰੋਮ ਨ ਲਹਾਏ ।

(ਚੋਪਾ ਸਿੰਘ)

ਗੁਰੂ ਕਾ ਸਿਖ ਕੇਸਾਂ ਦੀ ਪਾਲਣਾ ਕਰੇ ।
ਦੋ ਵਕਤ ਕੰਘਾ ਕਰੇ । ਮੈਲਾ ਹੱਥ ਨਾ ਲਾਵੈ ।
ਜੀਉ ਨ ਪਵਣੇ ਦੇਦੇ । ਸੁਚੇਤ ਰਹੈ ।
ਗੁਰੂ ਕਾ ਸਿਖ ਨਿਸ਼ਾਨੀ ਸਿਖੀ ਦੀ ਜਾਣੇ ।

(ਚੋਪਾ ਸਿੰਘ)

ਕੇਸਨ ਧੂਪ ਦੇਇ ਸੁਚ ਪਾਵਨ ।
ਹੈ ਇਹ ਗੁਰ ਕੀ ਮੋਹਰ ਸੁਹਾਵਨ ।

(ਦੇਸਾ ਸਿੰਘ)

ਜਬ ਪਹਿਲੇ ਸਭ ਸ੍ਰਿਸਟਿ ਉਪਾਈ । ਤਬ ਹੀ ਮਾਨੁਖ ਦੇਹਿ ਬਨਾਈ ।
ਦਾੜ੍ਹਾ ਮੁਛ ਸਿਰ ਕੇਸ ਬਨਾਈ । ਹੈ ਇਹ ਦ੍ਰਿੜ ਜਿਹ ਪ੍ਰਭੂ ਰਜ਼ਾਈ ।
ਮੇਟ ਰਜ਼ਾਇ ਜੋ ਸੀਸ ਮੁੰਡਾਵੈ । ਕਹੁ ਤੇ ਜਗ ਕੈਸੇ ਹਰਿ ਪਾਵੈ ।

(ਦੇਸਾ ਸਿੰਘ)

ਕੇਸਾ ਧਾਰੀ ਲਈ ਅੰਮ੍ਰਿਤ ਛਕਣਾ ਜ਼ਰੂਰੀ ਹੈ ਤੇ ਅੰਮ੍ਰਿਤ ਛਕਣਾ ਸਫਲ ਤਦੋਂ ਹੀ ਹੈ ਜਦੋਂ ਅੰਮ੍ਰਿਤ ਛਕਣ ਵੇਲੇ ਦੀ ਦੱਸੀ ਰਹਿਤ ਸਿੱਖ ਦੇ ਜੀਵਨ ਦਾ ਭਾਗ ਬਣ ਜਾਵੇ ।

ਪ੍ਰਥਮ ਰਹਤ ਯਹਿ ਜਾਨ ਖੰਡੇ ਕੀ ਪਾਹੁਲ ਛਕੇ ।
ਸੋਈ ਸਿੰਘ ਪ੍ਰਧਾਨ ਅਵਰ ਨ ਪਾਹੁਲ ਜੋ ਲਏ ।
ਪਾਂਚ ਸਿੰਘ ਜੋ ਅੰਮ੍ਰਿਤ ਦੇਵੈਂ । ਤਾਂ ਕੋ ਸਿਰ ਧਰਿ ਛਕਿ ਪੁਨ ਲੇਵੇ ।
ਪੁਨ ਮਿਲਿ ਪਾਂਚਹੁ ਰਹਤ ਜੋ ਭਾਖਹਿ । ਤਾਂ ਕੋ ਮਨ ਮੈਂ ਦ੍ਰਿੜ ਕਰ ਰਾਖੈ ।

(ਦੇਸਾ ਸਿੰਘ)

ਅੰਮ੍ਰਿਤ ਵੀ ਇਕ ਨਿਰੀ ਰਸਮ ਨ ਸਮਝੇ, ਉਸ ਸਿਖ ਪਾਸੋਂ ਅੰਮ੍ਰਿਤ ਛਕੇ ਜੋ ਆਪ ਰਹਿਤਵਾਨ ਹੋਵੇ ।

ਗੁਰੂ ਕਾ ਸਿਖ ਪਾਹੁਲ ਲਏ ਤਾ ਸੁਚੇਤ ਸਿਖ, ਭਜਨਵਾਨ ਬੁਧਵਾਨ ਸੁਚੇਤ ਸਿਖ ਸੇ ਲਏ । ਕਾਣਾ, ਗੰਜਾ, ਲੰਡਾ, ਕੋਹੜਾ ਨ ਹੋ । ਗੰਦ-ਵਾਦੀ, ਅਨਦਾੜੀਆ, ਬਦ ਕਰਮੀ, ਚੋਰ, ਯਾਰ, ਜੁਆਰੀ, ਵਿਕਾਰ ਨ ਕੋਈ ਉਸ ਮੇਂ ਹੋ ।

(ਚੋਪਾ ਸਿੰਘ)

ਪਾਹੁਲ ਦੇਣ ਵਾਲਾ ਸਿਖ ਕਾਮੀ, ਕ੍ਰੋਧੀ, ਮਾਨੀ, ਵਿਕਾਰੀ ਨ ਹੋਇ ।
ਰਹਤਵਾਨ ਹੋਇ । ਆਪ ਗੁਰ ਕੋ ਨ ਸਦਾਏ ।

(ਚੋਪਾ ਸਿੰਘ)

ਭਾਵ ਇਹ ਹੈ ਕਿ ਦੀਵੇ ਤੋਂ ਹੀ ਦੀਵਾ ਜਗਦਾ ਹੈ, ਜਿਹਦੇ ਆਪਣੇ ਅੰਦਰ ਜ਼ਿੰਦਗੀ ਨਹੀਂ ਉਹ ਅੱਗੇ ਕੀ ਦੇਵੇਗਾ ? ਪ੍ਰੇਮ ਸੁਮਾਰਗ ਦੇ ਦੂਜੇ ਅਧਯਾਯ ਵਿਚ ਇਹ ਲਿਖਿਆ ਹੈ ਕਿ ਜੇ ਕੋਈ ਮਾਈ ਖਾਲਸਾ ਸਜਣਾ ਚਾਹੇ ਅਰਥਾਤ ਖੰਡੇ ਦੀ ਪਾਹੁਲ ਲੈਣਾ ਚਾਹੇ ਤਾਂ ਉਹਨੂੰ ਵੀ ਰਹਿਤਵਾਨ ਸਿਖਣੀ ਸਜਾ ਲਵੇ ।

ਇਤਿਹਾਸਿਕ ਨੁਕਤੇ ਤੋਂ ਵੇਖੀਏ ਤਾਂ ਕੇਸ ਧਾਰਨੇ ਕੋਈ ਨਵੀਂ ਗੱਲ ਵੀ ਨਹੀਂ । ਯਹੂਦੀ ਆਦਿ ਮੱਤਾਂ ਵਿਚ ਵੀ ਜਿਹੜੇ ਲੋਕ ਆਪਣਾ ਜੀਵਨ ਪ੍ਰਭੂ ਅਰਪਣ ਕਰ ਦੇਂਦੇ ਸਨ ਉਨ੍ਹਾਂ ਦੀ ਨਿਸ਼ਾਨੀ ਇਹ ਸੀ ਕਿ ਕੇਸ ਰਖਦੇ ਸਨ । ਸੈਮਸਨ ਦੀ ਕਹਾਣੀ ਵਿਚ ਜੋ ਅੰਜੀਲ ਵਿਚ ਦਿੱਤੀ ਗਈ ਹੈ ਕੇਸਾਂ ਨੂੰ ਸਰੀਰਕ ਬਲ ਦਾ ਕਾਰਨ ਦੱਸਿਆ ਹੈ । ਸਾਡੇ ਦੇਸ਼ ਵਿਚ ਵੀ ਵਿਦਿਆ ਪੜ੍ਹਨ ਸਮੇਂ ਸਾਰੇ ਬ੍ਰਹਮਚਾਰੀ ਕੇਸ ਰਖਦੇ ਸਨ । ਫਿਰ ਬਾਨ-ਪ੍ਰਸਤੀ ਭੀ ਸਾਰੇ ਜਟਾ-ਜੂਟ ਰਹਿੰਦੇ ਸਨ । ਖਤ੍ਰੀ ਖਾਸ ਤੌਰ ਪੁਰ ਕੇਸਾ ਧਾਰੀ ਹੋਂਦੇ ਸਨ । ਹੁਣ ਭੀ ਜੋ ਲੋਕ ਆਪਣੇ ਆਪ ਨੂੰ ਦੇਵੀ ਅਰਪਨ ਕਰਦੇ ਹਨ ਕੇਸ ਰਖਦੇ ਹਨ । ਭਾਵ ਇਹ ਹੈ ਕਿ ਕਿਸੇ ਖਾਸ ਲਗਨ ਵਿਚ ਦਿਨ ਬਤੀਤ ਕਰਨ ਸਮੇਂ ਲੋਕੀ ਕੇਸ ਧਾਰਨ ਕਰ ਲੈਂਦੇ ਸਨ । ਦਸਮ ਪਾਤਸ਼ਾਹ ਨੇ ਅੰਮ੍ਰਿਤ ਦਾ ਦਾਨ ਉਨ੍ਹਾਂ ਨੂੰ ਕੀਤਾ ਜਿਹੜੇ ਖਾਸ ਰਹਿਤ ਅਨੁਸਾਰ ਜੀਵਨ ਗੁਜ਼ਾਰਨ ਦਾ ਪ੍ਰਣ ਕਰਦੇ ਸਨ । ਤੇ ਨਿਸ਼ਾਨੀ ਉਨ੍ਹਾਂ ਦੀ ਕੇਸ ਰੱਖੀ ।

ਨਾਲ ਹੀ ਇਕ ਰੂਪ ਹੋਣਾ ਜਥੇਬੰਦੀ ਵਿਚ ਭੀ ਸਹਾਇਤਾ ਕਰਦਾ ਹੈ, ਇਸੇ ਲਈ ਪੁਲਸ, ਫੌਜ ਆਦਿ ਦੀ ਵਰਦੀ ਇਕੋ ਜੇਹੀ ਹੋਂਦੀ ਹੈ । ਸਤਿਗੁਰੂ ਜੀ ਨੇ ਸਭ ਖਾਲਸਾ ਨੂੰ ਕੇਸ ਧਾਰਨ ਕਰਾਕੇ ਤੇ ਕਿਰਪਾਨ ਕਛਹਿਰਾ ਵਰਦੀ ਦੇ ਕੇ ਸਭ ਨੂੰ ਇਕ ਰੂਪ ਕਰ ਦਿੱਤਾ ਤੇ ਰੂਪ ਵੀ ਉਹ ਜੋ ਕੁਦਰਤ ਨੇ ਮਨੁੱਖ ਨੂੰ ਬਖਸ਼ਿਆ ਹੈ ਤੇ ਇਕੁਰ ਸਾਰੇ ਸ਼ਰਧਾਲੂਆਂ ਦੀ ਜਥੇਬੰਦੀ ਨੂੰ ਪੱਕਾ ਕੀਤਾ ।

ਸਿਖ ਕਿਰਤੀਆਂ ਦਾ ਟੋਲਾ ਹਨ ਤੇ ਗ੍ਰਹਸਤ ਵਿਚ ਦੋ ਹੀ ਗੱਲਾਂ ਸਾਨੂੰ ਡੇਗਣ ਲਈ ਆਉਂਦੀਆਂ ਹਨ ਪਰਾਏ ਧਨ ਤੇ ਪਰਾਏ ਰੂਪ ਦਾ ਲਾਲਚ । ਕਛਹਿਰਾ ਜਤ ਦਾ ਚਿੰਨ੍ਹ ਤੇ ਕੜਾ ਚਿੰਨ੍ਹ ਇਸ ਗੱਲ ਦਾ ਹੈ ਕਿ ਆਪਣੇ ਹੱਕ ਤੋਂ ਬਿਨਾਂ ਪਰਾਏ ਦਰਬ ਨੂੰ ਹੱਥ ਨ ਲਾਵੇ । ਕੰਘਾ ਕੇਸਾਂ ਲਈ ਜ਼ਰੂਰੀ ਹੈ, ਇਸ ਲਈ ਖਾਲਸਈ ਰਹਿਤ ਦੇ ਇਹ ਪੰਜ ਚਿੰਨ੍ਹ ਥਾਪੇ ਗਏ । ਰਹਿਤਨਾਮੇ ਇਨ੍ਹਾਂ ਗੱਲਾਂ ਪੁਰ ਚੰਗੀ ਤਰ੍ਹਾਂ ਚਾਨਣਾ ਪਾਉਂਦੇ ਹਨ ।

ਪੇਸ਼ਤਰ ਇਸ ਦੇ ਕਿ ਕਿਸੀ ਹੋਰ ਰਹਿਤ ਤੇ ਵਿਚਾਰ ਕਰੀਏ ਬਾਕੀ ਦੀਆਂ ਤਿੰਨ੍ਹਾਂ ਬੱਜਰ ਕੁਰਹਿਤਾਂ ਅਰਥਾਤ ਤੁਰਕਣੀ ਦਾ ਸੰਗ, ਤਮਾਕੂ ਦੀ ਵਰਤੋਂ ਤੇ ਕੁੱਠਾ ਖਾਣ ਪੁਰ ਨਜ਼ਰ ਮਾਰਨੀ

ਜ਼ਰੂਰੀ ਹੈ। ਤੁਰਕਣੀ ਦੇ ਸੰਗ ਪੁਰ ਖਾਸ ਜ਼ੋਰ ਕਿਉਂ ਦਿੱਤਾ ਗਇਆ ? ਇਸ ਦਾ ਇਹ ਭਾਵ ਨਹੀਂ ਕਿ ਤੁਰਕਣੀ ਤੋਂ ਬਿਨਾਂ ਹੋਰ ਪਰ ਇਸਤ੍ਰੀ ਦੇ ਸੰਗ ਦੀ ਮਨਾਹੀ ਨਹੀਂ। ਰਹਿਤਨਾਮੇ ਦੱਸਦੇ ਹਨ।

ਮਾਇ ਭੈਣਿ ਜੋ ਆਵਹਿ ਸੰਗਤਿ। ਦ੍ਰਿਸਟਿ ਬੁਰੀ ਦੇਖਹਿ ਤਿਸ ਪੰਗਤਿ।
ਸਿਖ ਹੋਇ ਜੋ ਕਰਤ ਕਰੋਧ। ਕੰਨਆ ਮੂਲ ਨ ਦੇਵਹਿ ਸੋਧਿ।
ਧੀ ਭੈਣ ਕਾ ਪੈਸਾ ਖਾਇ। ਗੋਬਿੰਦ ਸਿੰਘ ਧਕੇ ਜਮ ਲਾਇ।

(ਨੰਦ ਲਾਲ)

ਪਰ ਬੇਟੀ ਕੋ ਬੇਟੀ ਜਾਨੈ। ਪਰ ਇਸਤ੍ਰੀ ਕੋ ਮਾਤ ਬਖਾਨੈ।
ਅਪਨਿ ਇਸਤ੍ਰੀ ਸੋਂ ਰਤਿ ਹੋਈ। ਰਹਤਵੰਤ ਸਿੰਘ ਹੈ ਸੋਈ।

(ਦੇਸਾ ਸਿੰਘ)

ਪਰਨਾਰੀ ਜੂਆ ਅਸਤ ਚੋਰੀ ਮਦਰਾ ਜਾਨ।
ਪਾਂਚ ਐਬ ਯੇ ਜਗਤ ਮੋ ਤਜੇ ਸੁ ਸਿੰਘ ਸੁਜਾਨ।

(ਦੇਸਾ ਸਿੰਘ)

ਖਾਸ ਜ਼ੋਰ ਦੇਣ ਦਾ ਕਾਰਨ ਇਹ ਹੈ ਸਿੱਖਾਂ ਦੀ ਤੁਰਕਾਂ ਨਾਲ ਜੰਗ ਛਿੜੀ ਹੋਈ ਸੀ ਤੇ ਮੁਸਲਮਾਨੀ ਰਿਵਾਜ਼ ਅਨੁਸਾਰ ਦੁਸ਼ਮਨਾਂ ਦੀਆਂ ਤੀਵੀਆਂ ਤੇ ਕਬਜ਼ਾ ਕਰ ਲੈਣਾ ਜਾਇਜ਼ ਸੀ। ਦਸਮ ਗੁਰੂ ਜੀ ਨੇ ਸਮਝਿਆ ਕਿ ਮਤਾਂ ਸਿਖ ਭੀ ਬਦਲਾ ਲੈਣ ਖਾਤਰ ਈਹੋ ਕੁਚਾਲ ਨ ਕਰਨ ਲਗ ਪੈਣ ਆਪ ਨੇ ਖਾਸ ਤੌਰ ਪੁਰ ਤੁਰਕਣੀ ਦੇ ਸੰਗ ਤੋਂ ਸਿੱਖਾਂ ਨੂੰ ਵਰਜਿਆ। ਸੌ ਸਾਖੀ ਤੇ ਭਾਈ ਸੰਤੋਖ ਸਿੰਘ ਜੀ ਇਸ ਖਿਆਲ ਦੀ ਉਗਾਹੀ ਭਰਦੇ ਹਨ।[1] ਸੌ ਸਾਖੀ ਵਿਚ ਲਿਖਿਆ ਹੈ।

"ਤਾਂ ਸਿੱਖਾਂ ਪੁਛਿਆ ਜੀ ਪਾਤਸ਼ਾਹਿ ਤੁਰਕ ਤਾਂ ਹਿੰਦਵਾਣੀਆਂ ਨੂੰ ਭੋਗਦੇ ਹਨ, ਸਿਖ ਬਦਲਾ ਕਰਨ ਤਾਂ ਭਲਾ ਹੈ। ਸ਼ਾਸਤ੍ਰ ਗੁਰਾਂ ਕਿਉਂ ਮਨਾ ਕੀਯਾ ਹੈ ? ਤਾਂ ਬਚਨ ਕੀਤਾ ਭਾਈ ਸਿਖੋ ਇਹ ਪੰਥ ਅਸਾਂ ਉੱਚੇ ਖੜਨਾ ਹੈ........ਨੀਚ ਦੀ ਰੀਸ ਨਹੀਂ ਕਰਨੀ"।

ਕਵੀ ਸੰਤੋਖ ਸਿੰਘ ਜੀ ਲਿਖਦੇ ਹਨ।

ਪੁਨ ਸਿੰਘ ਨ ਬੂਝੈ ਗੁਨ ਖਾਨੀ। ਬ੍ਰਿੰਦ ਤੁਰਕ ਭੋਗੈਂ ਹਿੰਦਵਾਨੀ।
ਸਿਖ ਬਦਲਾ ਲੇ ਭਲਾ ਜਨਾਏ।
ਕਯੋਂ ਗੁਰ ਸ਼ਾਸਤ੍ਰ ਬਰਜ ਹਟਾਏ ?
ਸੁਨਿ ਸਤਿਗੁਰ ਬੋਲੇ ਤਿਸ ਬੇਰੇ। ਹਮ ਲੇ ਜਾਨੋਂ ਪੰਥ ਉਚੇਰੇ।
ਨਹੀਂ ਅਧੋਗਤ ਬਿਖੈ ਪੁਚਾਵੈਂ। ਯਾ ਤੇ ਕਲਮਲ ਕਰਨ ਹਟਾਵੈਂ।

(ਗੁਰਪ੍ਰਤਾਪ ਸੂਰਜ ਰੁਤ ੬ ਅੱਸੂ ੨੦ ਅੰਕ ੧੯)

[1] ਮੈਂ ਇਨ੍ਹਾਂ ਸਤਰਾਂ ਲਈ ਟ੍ਰੈਕਟ ਨੰ: 853 'ਤੁਰਕਣੀ ਦਾ ਕੁਸੰਗ' ਕ੍ਰਿਤ ਖਾਲਸਾ ਟ੍ਰੈਕਟ ਸੋਸਾਇਟੀ ਸ੍ਰੀ ਅੰਮ੍ਰਿਤਸਰ ਜੀ ਦਾ ਰਿਣੀ ਹਾਂ।

ਜਿਸ ਤੋਂ ਸਾਫ ਸਿੱਧ ਹੈ ਕਿ ਖਾਸ ਤੌਰ ਪੁਰ ਜ਼ੋਰ ਦੇਣ ਦਾ ਭਾਵ ਉਸ ਕੁਰੀਤੀ ਤੋਂ ਰੋਕਣ ਦਾ ਸੀ ਜੋ ਕੋਈ ਮੱਤ ਆਪਣੇ ਸ਼ਰਧਾਲੂਆਂ ਲਈ ਵਿਹਤ ਦੱਸ ਰਹੇ ਸਨ ।

ਇਸੇ ਤਰ੍ਹਾਂ ਤਮਾਕੂ ਤੋਂ ਵਰਜਣ ਦਾ ਇਹ ਭਾਵ ਨਹੀਂ ਸੀ ਕਿ ਹੋਰ ਨਸ਼ੇ ਸਿਖ ਪਇਆ ਵਰਤੇ । ਪਿਛਲੇ ਅਧਿਯਾਯ ਵਿਚ ਗੁਰੂ ਗ੍ਰੰਥ ਸਾਹਿਬ ਵਿਚੋਂ ਸ਼ਰਾਬ ਵਿਰੁਧ, ਪ੍ਰਮਾਣ ਅਸੀਂ ਦੇ ਚੁਕੇ ਹਾਂ । ਭਾਈ ਦੇਸਾ ਸਿੰਘ ਜੀ ਲਿਖਦੇ ਹਨ

ਕੁੱਠਾ ਹੁੱਕਾ ਚਰਸ ਤਮਾਕੂ । ਗਾਂਜਾ ਟੋਪੀ ਤਾੜੀ ਖਾਕੂ ।
ਇਨ ਕੀ ਓਰ ਨ ਕਬਹੂ ਦੇਖੈ । ਰਹਤਵੰਤ ਜੋ ਸਿੰਘ ਬਿਸੇਖੈ ।

(ਦੇਸਾ ਸਿੰਘ)

ਇਸ ਖ਼ਾਸ ਰੋਕ ਦਾ ਕਾਰਨ ਵੀ ਇਤਿਹਾਸਿਕ ਹੈ । ਤਮਾਕੂ ਮੁਗਲਾਂ ਦੇ ਵੇਲੇ ਹੀ ਹਿੰਦੁਸਤਾਨ ਵਿਚ ਆਇਆ । ਮੁਗਲ[1] ਬਾਦਸ਼ਾਹਾਂ ਬੀ ਇਹਦੇ ਵਿਰੁਧ ਫ਼ੁਰਮਾਨ ਜਾਰੀ ਕੀਤੇ ਪਰੰਤੂ ਇਹ ਸਭ ਦੇ ਮੂੰਹ ਲਗਦਾ ਜਾਂਦਾ ਸੀ । ਸਤਿਗੁਰਾਂ ਖ਼ਾਸ ਤੌਰ ਤੇ ਸਿੱਖਾਂ ਨੂੰ ਇਹਦੀ ਵਰਤੋਂ ਤੋਂ ਵਰਜਿਆ । ਸਿੱਟਾ ਇਹ ਨਿਕਲਿਆ ਕਿ ਸਿੱਖ ਇਸਦੇ ਜ਼ਹਿਰ ਤੋਂ ਬੱਚ ਗਏ ਤੇ ਹੋਰ ਲੋਕ ਇਸ ਚਟਲਾਸ ਨੂੰ ਨ ਛੱਡ ਸਕੇ । ਤਮਾਕੂ ਇਕ ਆਮ ਨਸ਼ਾ ਹੈ, ਸਗੋਂ ਕਈ ਲੋਕ ਇਹਨੂੰ ਨਸ਼ਾ ਵੀ ਨਹੀਂ ਸਮਝਦੇ । ਇਸ ਤੋਂ ਵਰਜਣ ਦਾ ਭਾਵ ਇਹ ਹੈ ਕਿ ਹੋਰ ਵਧੀਕ ਨਸ਼ੇ ਵਾਲੀਆਂ ਚੀਜ਼ਾਂ ਤਾਂ ਕਿਤੇ ਰਹੀਆਂ ਤਮਾਕੂ ਤੀਕ ਵੀ ਸਿੱਖ ਨ ਵਰਤੇ ।

ਕੁੱਠਾ ਕਿਉਂ ਵਰਜਿਆ ? ਰਹਿਤਨਾਮਿਆਂ ਵਿਚ ਇਹ ਜ਼ਿਕਰ ਨਹੀਂ ਕਿ ਹਰ ਇਕ ਸਿੱਖ ਮਾਸ ਜ਼ਰੂਰ ਖਾਵੇ, ਸਗੋਂ ਇਕ ਥਾਂ ਇਹ ਜ਼ਿਕਰ ਆਇਆ ਹੈ ਕਿ ਮਾਸ ਲੰਗਰ ਵਿਚ ਨਾ ਬਣੇ ।

ਬਕਰਾ ਝਟਕਾ ਬੀਚ ਨ ਕਰੇ । ਅਵਰ ਮਾਸ ਨਹਿ ਲੰਗਰ ਧਰੇ ।
ਜੋ ਮਨ ਹੋਇ ਤੇ ਦੂਰ ਕਰਾਵੈ । ਨਿਜ ਬਰਤਾਰਾ ਤਹਾ ਲੈ ਜਾਵੈ ।
ਦੇਗ ਆਸਨ ਕੇ ਹੈ ਸਭ ਭਾਗੀ । ਬ੍ਰਹਮਨ ਖਤ੍ਰੀ ਸਭ ਅਨੁਰਾਗੀ ।
ਤਾਂਤੇ ਯਹ ਸਿੱਛਾ ਸੁਨ ਲੀਜੈ । ਦੇਗ ਮਾਹਿ ਨਹਿ ਮਾਸ ਅਨੀਜੈ ।

(ਦੇਸਾ ਸਿੰਘ)

ਜਿਸਦਾ ਭਾਵ ਇਹ ਹੈ ਕਿ ਕਿਸੇ ਸਿੱਖ ਦੀ ਮਰਜ਼ੀ ਹੈ ਤਾਂ ਖਾਏ ਨਹੀਂ ਤਾਂ ਨਾ ਖਾਏ । ਕਿਉ ਜੁ ਗੁਰੂ ਕੇ ਲੰਗਰ ਵਿਚੋਂ ਹਰ ਇਕ ਨੇ ਪ੍ਰਸ਼ਾਦ ਛਕਣਾ ਹੈ ਇਸ ਲਈ ਲੰਗਰ ਵਿਚ ਮਾਸ

---

[1]ਜਹਾਂਗੀਰ ਆਪਣੇ ਹੁਕਮ ਦਾ ਜੋ ਉਸਨੇ ਤਮਾਕੂ ਦੀ ਮਨਾਹੀ ਲਈ ਕੱਢਿਆ ਸੀ ਤੌਜ਼ਕ ਜਹਾਂਗੀਰੀ ਵਿਚ ਆਪ ਜ਼ਿਕਰ ਕਰਦਾ ਹੈ । (ਦੇਖੋ ਸਫਾ ੧੮੪ ਤੌਜ਼ਕ ਜਹਾਂਗੀਰੀ ਮੁਦ੍ਰਿਤ ਮਤਬਾ ਨਵਲ ਕਿਸ਼ੋਰ ਲਖਨਊ ।

[2]ਉਸ ਸਮੇਂ ਬ੍ਰਾਹਮਣਾਂ ਨੇ ਵੀ ਨਰਕਾਂ ਦਾ ਡਰ ਦੇਕੇ ਤਮਾਕੂ ਪੀਣ ਤੋਂ ਲੋਕਾਂ ਨੂੰ ਹਟਾਵਣ ਦਾ ਜਤਨ ਕੀਤਾ । (ਦੇਖੋ ਸਕੰਧ ਪੁਰਾਣ ਅਧਿਆਯ ੫੨ ਮਥੁਰਾ ਖੰਡ) ।

ਨ ਬਣੇ ਤਾਂ ਜੁ ਸਾਰੇ ਉਥੇ ਬਿਨਾਂ ਸੰਕੋਚ ਪ੍ਰਸ਼ਾਦ ਛੱਕ ਸੱਕਣ। ਪਰ ਜੇ ਮਾਸ ਖਾਣਾ ਹੈ ਤਾਂ ਝਟਕਾ ਖਾਏ !

ਬਕਰਾ ਝਟਕਾ ਛਕੇ ਤਾਂ ਛਕੈ। ਔਰ ਮਾਸ ਵਲ ਕਬ ਨ ਤਕੇ

(ਦੇਸਾ ਸਿੰਘ)

ਲੇ ਤੁਰਕਨ ਤੇ ਮਾਸ ਜੁ ਖਾਵਹਿ। ਬਿਨ ਗੁਰ ਸ਼ਬਦ ਬਚਨ ਗੀਤ ਜੋ ਗਾਵਹਿ।
ਤ੍ਰਿਯਾ[1] ਰਾਗ ਸੁਨਹਿ ਚਿਤ ਲਾਇ। ਸੁਨਹੁ ਲਾਲ ਸੋ ਜਮਪੁਰਿ ਜਾਇ।

(ਨੰਦ ਨਾਲ)

ਕਾਰਨ ਇਹ ਮਲੂਮ ਹੁੰਦਾ ਹੈ ਕਿ ਮੁਸਲਮਾਨਾਂ ਦੇ ਆਵਣ ਤੋਂ ਪਹਿਲਾਂ ਜਿਹੜੇ ਹਿੰਦੂ ਮਾਸ ਖਾਂਦੇ ਸਨ ਉਹ ਝਟਕਾ ਹੀ ਖਾਂਦੇ ਸਨ। ਇਹ ਕੁੱਠੇ ਦਾ ਰਿਵਾਜ਼ ਮੁਸਲਮਾਨੀ ਧਾਰਮਕ ਦਬਾਓ ਦਾ ਸਿੱਟਾ ਸੀ। ਅਸਲੀ ਧਰਮ ਨਿਰਭੈ ਰਿਦੇ ਵਿਚ ਹੀ ਉਪਜ ਸਕਦਾ ਹੈ। ਇਸ ਲਈ ਸਤਿਗੁਰਾਂ ਰੋਜ਼ ਦਿਹਾੜੀ ਦੇ ਦਬਾਉ ਨੂੰ ਜੋ ਖੁਰਾਕ ਖਾਣੀਂ ਸਾਡੇ ਤੇ ਪੈਂਦਾ ਸੀ ਇਸ ਰਹਿਤ ਨਾਲ ਦੂਰ ਕੀਤਾ। ਫਲ ਇਸ ਦਾ ਸਦਾਚਾਰਕ ਸੀ। ਮੈਂ ਇੱਥੇ ਇਹ ਵੀ ਜ਼ਿਕਰ ਕਰ ਦਿਆਂ ਕਿ ਸਾਰੇ ਸਭਯ ਦੇਸਾਂ ਵਿਚ ਝਟਕੇ ਅਰਥਾਤ ਪਸ਼ੂ ਨੂੰ ਇਕੋ ਵਾਰ ਨਾਲ ਮਾਰਕੇ ਖਾਣ ਦਾ ਰਿਵਾਜ਼ ਸਰੀਰਕ, ਵੈਦਕ ਅਤੇ ਸਦਾਚਾਰਕ ਕਾਰਨਾਂ ਕਰਕੇ ਫੈਲ ਰਿਹਾ ਹੈ।

ਬਾਕੀ ਦੀ ਖਾਲਸਈ ਰਹਿਤ ਨੂੰ ਜਦੋਂ ਅਸੀਂ ਵਿਚਾਰਦੇ ਹਾਂ ਤਾਂ ਓਹ ਉਹੋ ਰਹਿਤ ਹੈ ਜੋ ਗੁਰੂ ਨਾਨਕ ਦੇਵ ਜੀ ਨੇ ਦ੍ਰਿੜ੍ਹਾਈ ਸੀ। ਉਠਦਿਆਂ ਬਹਿੰਦਿਆਂ ਨਾਮ ਵਿਚ ਲਿਵ ਇਹ ਸਿੱਖ ਦਾ ਪਰਮ ਧਰਮ ਹੈ ਤੇ ਖਾਲਸਾ ਪੂਰਨ ਹੈ ਹੀ ਉਹ ਜਿਸ ਦੇ ਅੰਦਰ ਨਾਮ ਵਸ ਗਇਆ ਹੈ।

ਜਾਗਤ ਜੋਤ ਜਪੈ ਨਿਸਬਾਸਰੁ ਏਕ ਬਿਨਾ ਮਨ ਨੈਕ ਨ ਆਨੈ।
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ।
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ।੧।

(੩੩ ਸਵੱਯੇ ਪਾ: ੧੦)

ਨਾਮ, ਦਾਨ, ਇਸ਼ਨਾਨ ਇਹ ਗੁਰਮੁਖਾਂ ਦੇ ਮੁਖ ਕਰਮ ਗੁਰਬਾਣੀ ਵਿਚ ਦੱਸੇ ਗਏ ਹਨ, ਖਾਲਸੇ ਦੀ ਰਹਿਤ ਵਿਚ ਵੀ ਇਹ ਪਰਧਾਨ ਕਰਮ ਹਨ। ਸਤਸੰਗ ਤੇ ਬਾਣੀ ਦਾ ਅਭਿਆਸ ਜਿਸ ਦੁਆਰਾ ਸਿੱਖੀ ਜੀਵਨ ਦ੍ਰਿੜ੍ਹ ਹੋਂਦਾ ਹੈ ਇਹ ਨਿੱਤ ਦੀ ਕਾਰ ਦੱਸੀ ਹੈ।

ਨੰਦਲਾਲ ਤੁਮ ਬਚਨ ਸੁਨ ਸਿਖ ਕਰਮ ਹੈ ਏਹੁ।
ਨਾਮ ਦਾਨ ਇਸਨਾਨ ਬਿਨ ਕਰਹਿ ਨ ਅਨ ਸਿਉ ਨੇਹੁ।

[1]ਵੇਸਵਾ ਗਾਇਨ।

ਪ੍ਰਾਤਹਕਾਲ ਸਤਿ ਸੰਗ ਨ ਜਾਵਹਿ । ਤਨਖਾਹ ਦਾਰ ਵਹ ਵਡਾ ਕਹਾਵਹਿ ।
ਨਿਰਧਨ ਦੇਖ ਨਾ ਪਾਸਿ ਬਹਾਵਹਿ । ਸੋ ਤਨਖਾਹੀ ਮੂਲ ਕਹਾਵਹਿ ।

(ਨੰਦ ਲਾਲ)

ਨਾਮ ਦਾਨ ਪ੍ਰਾਤ ਇਸਨਾਨ । ਜਿਨ ਗੁਰ ਕ੍ਰਿਪਾ ਤਿਨਹੁ ਇਹ ਜਾਨ

(ਨੰਦ ਲਾਲ)

ਅਕਾਲ ਪੁਰਖ ਕਉ ਛਾਡ ਕਰਿ ਭਜੈ ਦੇਵ ਕੋਈ ਅਉਰ ।
ਜਨਮ ਜਨਮ ਭ੍ਰਮਤਾ ਫਿਰਹਿ ਲਹਹਿ ਨ ਸੁਖ ਕੀ ਠਉਰ ।

(ਪ੍ਰਹਿਲਾਦ ਸਿੰਘ)

ਠੰਡੇ ਪਾਣੀ ਜੋ ਨਹੀਂ ਨਾਵੇ । ਬਿਨ ਜਪੁ ਪੜ੍ਹੇ ਪ੍ਰਸਾਦ ਜੋ ਖਾਵੇ ।
ਬਿਨ ਰਹਿਰਾਸ ਸੰਧਿਆ ਜੋ ਖੋਵਹਿ । ਕੀਰਤਨ ਪੜ੍ਹੇ ਬਿਨ ਰੈਣ ਜੁ ਸੋਵਹਿ ।
ਚੁਗਲੀ ਕਰਿ ਜੋ ਕਾਜ ਬਿਗਾਰਹਿ । ਧ੍ਰਿਗ ਤਿਸ ਜਨਮ ਜੁ ਧਰਮ ਬਿਸਾਰੇ ।

(ਨੰਦ ਲਾਲ)

ਬਿਨਾ ਜਪੁ ਜਾਪੁ ਜਪੇ ਜੋ ਜੇਵਹਿ ਪ੍ਰਸਾਦਿ ।
ਸੋ ਬਿਸਟਾ ਕਾ ਕਿਰਮ ਹੋਇ ਜਨਮ ਗਵਾਵੈ ਬਾਦ ।
ਪ੍ਰਾਤਕਾਲ ਗੁਰ ਗੀਤ ਨ ਗਾਵੈ । ਰਹਿਰਾਸ ਬਿਨਾ ਪ੍ਰਸਾਦ ਜੋ ਪਾਵੈ ।
ਬਾਹਰ ਮੁਖੀ ਸਿਖ ਤਿਸ ਜਾਨੋ । ਸਭ ਬਰਤਨ ਮਿਥਿਆ ਤਿਸ ਮਾਨੋ ।

(ਪ੍ਰਹਿਲਾਦ ਸਿੰਘ)

ਪ੍ਰਾਤਹ ਉਠ ਇਸਨਾਨ ਕਰੈ । ਪੁਨ ਮੁਖ ਤੇ ਜਪ ਜਾਪੁ ਉਚਰੈ ।
ਯਥਾ ਸ਼ਕਤਿ ਕੁਛ ਦੇਵਹਿ ਦਾਨ । ਸੋਈ ਸਿੰਘ ਹੈ ਪਰਮ ਸੁਜਾਨ ।

(ਦੇਸਾ ਸਿੰਘ)

ਕਿਰਤ ਕਰਕੇ ਛਕੇ, ਪੂਜਾ ਦਾ ਦਾਨ ਨ ਖਾਵੇ, ਦਸਾਂ ਨਵ੍ਹਾਂ ਦੀਆਂ ਸਾਰੀਆਂ ਕਿਰਤਾਂ ਪਰਵਾਨ ਹਨ !

ਰਹਤਵੰਤ ਸਿੰਘ ਹੈ ਜੋਈ । ਕਰ ਉਪਾਇ ਧਨ ਖਾਟੈ ਸੋਈ ।
ਤਾਂਹੀ ਕਰ ਘਰ ਕੋ ਨਿਰਬਹੈ । ਪੂਜਾ ਭੂਲ ਨਾ ਕਬਹੂੰ ਗਹੈ ।
ਧਰਮਸਾਲ ਕੀ ਝਾਂਕ ਨਾ ਕਰਨੀ । ਮਹਾਂ ਦੋਖ ਹੈ ਗੁਰ ਨੇ ਬਰਨੀ ।

(ਦੇਸਾ ਸਿੰਘ)

ਖੇਤੀ ਵਣਜ ਵਸਿਲਪ ਬਮਾਵੈ । ਔਰ ਟਹਿਲ ਜੋ ਮਨ ਮਹਿ ਭਾਵੈ ।

ਦ੍ਰਿੜ੍ਹ ਹੁਇ ਸੋਈ ਕਾਰ ਕਮਾਵੈ । ਚੋਰੀ ਡਾਕੇ ਕਬਹਿ ਨਾ ਜਾਵੈ ।

(ਦੇਸਾ ਸਿੰਘ)

ਧਰਮ ਦੀ ਕਿਰਤ ਕਰੇ ਤੇ ਕਮਾਈ ਸਦਾ ਵੰਡ ਕੇ ਖਾਇ, ਦਸਵੰਧ ਗੁਰੂ ਅਰਥ ਦੇਵੇ । ਗੁਰੂ ਕਾ ਸਿੱਖ ਚੰਗੀ ਚੋਖੀ ਵਸਤੁ ਇਕੇਲਾ ਨਾ ਖਾਇ । ਸਿੰਘੋ ਕੋ ਬਾਂਟ ਕੇ ਖਾਇ ।

(ਚੋਪਾ ਸਿੰਘ)

ਦਸਵੰਧ ਗੁਰੂ ਨਹਿ ਦੇਵਈ ਝੂਠ ਬੋਲਿ ਜੋ ਖਾਇ ।
ਕਹੈ ਗੋਬਿੰਦ ਸਿੰਘ ਲਾਲ ਜੀ ਤਿਸ ਕਾ ਕਛੁ ਨਾ ਬਿਸਾਹੁ ।

(ਨੰਦ ਲਾਲ)

ਗੋਲਕ ਰਾਖਹਿ ਨਾਹਿ ਜੋ ਛਲ ਕਾ ਕਰਹਿ ਵਪਾਰ ।
ਗੋਬਿੰਦ ਸਿੰਘ ਸੁਨ ਨੰਦ ਜੀ ਭੋਗੇ ਨਰਕ ਹਜਾਰ ।

(ਨੰਦ ਲਾਲ)

ਦਰਸਨ[1] ਦੇਖ ਜੋ ਕਾਰ ਕਮਾਵੈ । ਤਾਂ ਕਰ ਜੋ ਧਨ ਘਰ ਮੈਂ ਆਵੈ ।
ਤਿੰਹ ਤੇ ਗੁਰ ਦਸਵੰਧ ਜੂ ਦੇਈ । ਸਿੰਘ ਸੋਈ ਜਸ ਬਹੁ ਜਗ ਲੇਈ ।

(ਦੇਸਾ ਸਿੰਘ)

ਲੈਣਾ ਦੇਣਾ ਖਾਲਸੇ, ਆਨ ਦੇਵ ਸਭ ਝੂਠ ।
ਅਉਰ ਦੇਵ ਇਵ ਮਾਨੀਏ ਜਿਉਂ ਬਾਰ ਕੀ ਮੂਠ ।

(ਪ੍ਰਹਿਲਾਦ ਸਿੰਘ)

ਜੇ ਬਿਹੰਗਮ ਹੋ ਕੇ ਸਿੱਖੀ ਦਾ ਪ੍ਰਚਾਰ ਕਰਨਾ ਹੋਵੇ ਜਾਂ ਗ੍ਰੰਥੀ ਬਣਨਾ ਹੋਵੇ, ਤਾਂ ਸੰਤੋਖ ਧਾਰਨਾ ਪਹਿਲੀ ਸ਼ਰਤ ਹੈ ।

ਗੁਰੂ ਕਾ ਸਿੱਖ ਜੋ ਬਿਹੰਗਮ ਹੋਵੇ ਸੋ ਨਿਰਵੈਰ, ਨਿਹਕਾਮ, ਨਿਰਮਾਨ, ਨਿਰਲੋਭ ਤੇ ਹਿੰਸਾ ਤੇ ਰਹਿਤ ।

(ਚੋਪਾ ਸਿੰਘ)

ਗੁਰੂ ਕਾ ਸਿੱਖ ਜੋ ਧਰਮਸਾਲੀਆ ਹੋਵੈ ਸੋ ਕੈਸਾ । ਨਿਰਲੋਭੀ, ਨਿਰਮਾਨੀ, ਜਤੀ, ਸਤੀ, ਪਰਸੁਆਰਥੀ, ਧੀਰਜੀ, ਉਦਾਰ, ਦਯਾਵਾਨ, ਪ੍ਰੀਤਵਾਨ, ਤਪੀਆ, ਅਨਦਾ, ਰਹਤਵਾਨ, ਮਤਸਰ ਬਿਨਾ, ਪੜਦੇ ਕੱਜੂ, ਸੁਚੇਤ, ਦੇਹ ਪਵਿਤ੍ਰ, ਟੈਹਲ ਕਰੈ । ਵੰਡ ਖਾਏ । ਪਰਦੇਸੀ

[1]ਗੁਰੂ ਗਰੰਥ ਸਾਹਿਬ ਜੀ ਦਾ ਦਰਸ਼ਨ ਕਰਕੇ ।

ਸਿੱਖ ਦੀ ਚੀਜ਼ ਵਸਤ ਦੀ ਸੁਰੇਤੀ ਰਖੈ। ਦਰਦ ਵੰਦ ਹੋਵੇ। ਜਿਸ ਵਿਚ ਇਹ ਗੁਣ ਹੋਣ ਉਹ ਧਰਮਸਾਲੀਆ ਹੋਵੇ। ਗੁਰੂ ਸਿੱਖ ਵਾਸੀ ਵਾਲੇ ਐਸੇ ਧਰਮ ਸਾਲੀਏ ਦੀ ਗਉਰ ਕਰਨ।

(ਚੌਪਾ ਸਿੰਘ)

ਜੇ ਕੋ ਸਿੰਘ ਪੁਜਾਰੀ ਅਹੈ। ਸੋ ਭੀ ਪੂਜਾ ਬਹੁਤ ਨ ਗਹੈ।
ਤਨ ਨਿਰਬਾਹ ਮਾਤ੍ਰ ਸੋ ਲੇਵੈ। ਅਧਿਕ ਹੋਇ ਤਉ ਜਹਿ ਤਹਿ ਦੇਵੈ।
ਬਹੁਤੀ ਹੋਇ ਤ ਦੇਗ ਕਰਾਵੈ। ਨਾਤਰ ਗੁਰਦਵਾਰਾ ਪਰ ਲਾਵੈ।
ਅਥਵਾ ਮਦਾ ਬਰਤ ਕੋ ਦੇਈ। ਸੁਤ ਜੁਵਤੀ ਹਿਤ ਕਦੇ ਨ ਲੇਈ।
ਜੇ ਪੂਜਾ ਕੋ ਆਪੇ ਖਾਈ। ਧਰਮ ਅਰਥ ਜੁੜ ਦੇਵਹਿੰ ਨਾਹੀ।
ਤਿਨਹਿ ਕਲੇਸ ਹੋਇੰਗੇ ਜੇਈ। ਤਾਂ ਦੁਖ ਕੌ ਜਾਨੈ ਗੇ ਤੇਈ।

(ਦੇਸਾ ਸਿੰਘ)

ਹਰ ਇਕ ਖਾਲਸੇ ਦਾ ਧਰਮ ਹੈ ਕਿ ਅੰਮ੍ਰਿਤ ਦਾ ਪ੍ਰਚਾਰ ਕਰੇ। ਤੇ ਹੋਰਨਾਂ ਨੂੰ ਪ੍ਰੇਰ ਕੇ ਧਰਮ ਵਿਚ ਲਿਆਵੇ। ਸਗੋਂ ਭਾਈ ਦੇਸਾ ਸਿੰਘ ਜੀ ਇਹ ਕਹਿੰਦੇ ਹਨ ਕਿ ਜੇ ਲੋੜ ਪਵੇ ਤਾਂ ਧਨ ਦੀ ਸਹੈਤਾ ਦੇ ਕੇ ਵੀ ਪ੍ਰੇਰੇ।

ਸਿਖ ਕਉ ਸਿਖ ਜਉ ਅੰਬਰ ਦੀਨਾ। ਕੋਟਿ ਅਸ੍ਵਮੇਧ ਫਲ ਕੀਨਾ।
ਜੋ ਗੁਰ ਕੀ ਬਾਣੀ ਸਿਖ ਗਾਵੈ। ਜੀਵਨ ਮੁਕਤਿ ਪਦਾਰਥ ਪਾਵੈ।

(ਪ੍ਰਹਿਲਾਦ ਸਿੰਘ)

ਚਾਰ ਵਰਨ ਮੋ ਨਰ ਹੈਂ ਜੇਤੇ। ਕਰ ਉਪਦੇਸ ਪਚੇਰੇ ਤੇਤੇ।
ਜਿਉ ਜਿਉ ਕਰ ਤਿਨ ਸਿੰਘ ਬਨਾਵੈ। ਮਾਨੈ ਨਹਿ ਤਹਿ ਲੋਭ ਦਿਖਾਵੇ।
ਕੁਟੰਬ ਮਾਹਿ ਨਹਿ ਅਤਿ ਮਨ ਦੇਈ। ਗੁਰ ਕੇ ਚਰਣ ਨਿਰੰਤਰ ਸੇਈ।

(ਦੇਸਾ ਸਿੰਘ)

ਪਰਚਾਰ ਕਰਦਾ ਆਪਣੇ ਪੰਥ ਦੇ ਗੁਣ ਦੱਸੇ ਪਰ ਹੋਰ ਮੱਤਾਂ ਦੀ ਨਿੰਦਾ ਨਾ ਕਰੇ।
ਗੁਰ ਕਾ ਸਿਖ ਆਪਨੇ ਗੁਰ ਕੀ ਉਸਤਤ ਕਰੇ। ਔਰ ਕਿਸੇ ਦੀ ਨਿੰਦਾ ਨ ਕਰੇ ਨ ਕਰਾਏ। ਨਾ ਬੁਰਾ ਆਖੇ ਨਾ ਅਖਾਏ।

(ਚੌਪਾ ਸਿੰਘ)

ਜਗਤ ਮਾਹਿ ਪੰਥ ਹੈਂ ਜੇਤੇ। ਕਬਹੀ ਨਿੰਦਹਿ ਨਾਹੀ ਤੇਤੇ।

(ਦੇਸਾ ਸਿੰਘ)

ਗੁਰੂ ਕਾ ਸਿੱਖ ਢਿੱਲੜ ਨ ਰਹੇ। ਸੁਚੇਤ ਰਹੇ ਤੇ ਸਰੀਰਕ ਸਫਾਈ ਦਾ ਖ਼ਿਆਲ ਰੱਖੇ।

ਕੰਘਾ ਦੋਨਉ ਵਕਤ ਕਰ ਪਾਗ ਚੁਨਹਿ ਕਰ ਬਾਂਧਈ।
ਦਾਤਨ ਨੀਤ ਕਰੇਇ ਨ ਦੁਖ ਪਾਵਹਿ ਲਾਲ ਜੀ।

(ਨੰਦ ਲਾਲ)

ਗੁਰਮੁੱਖੀ ਅੱਖਰ ਜ਼ਰੂਰ ਸਿੱਖੇ ਤੇ ਹੋਰ ਵਿਦਿਆ ਬੀ ਪੜ੍ਹੇ।

ਗੁਰਮੁੱਖੀ ਅੱਖਰ ਜੋ ਹੈਂ ਭਾਈ। ਸਿੰਘ ਸਿੰਘ ਤੇ ਸੀਖਹੁ ਜਾਈ।
ਔਰ ਜੋ ਬਿਦਯਾ ਜਹ ਤਹ ਹੋਈ। ਅਵਰਨ ਤੇ ਭੀ ਲੇਵਹੁ ਸੋਈ।

(ਦੇਸਾ ਸਿੰਘ)

ਪੰਜ ਕਕਾਰ ਨਿਸ਼ਾਨੀਆਂ ਖਾਲਸੇ ਦੀਆਂ ਹਨ ਉਹ ਜ਼ਰੂਰ ਧਾਰਨ ਕਰੇ।

ਨਸ਼ਾਨਿ ਸਿਖੀ ਈਂ ਪੰਜ ਹਰਫਿ ਕਾਫ।
ਹਰਗਿਜ਼ ਨ ਬਾਸ਼ਦ ਈਂ ਪੰਜ ਮੁਆਫ।
ਕੜਾ, ਕਾਰਦੋ, ਕਾਛ, ਕੰਘਾ, ਬਿਦਾਨ।
ਬਿਲਾ ਕੇਸ ਹੇਚ ਹਸਤ ਜੁਮਲਾ ਨਿਸ਼ਾਨ।

(ਦਸਮ ਗਰੰਥ ਜੀ ਲਿਖਤ ਬੀੜ ਜੋ ਮਹਾਰਾਜਾ ਜੀਂਦ ਪਾਸ ਹੈ)

ਕੱਛ ਕੇਸ ਕੰਘਾ ਕਿਰਪਾਨ। ਕੜਾ ਔਰ ਜੋ ਕਰੌ ਬਖਾਨ।
ਇਹ ਕੱਕੇ ਪੰਜ ਤੁਮ ਮਾਨੋ। ਗੁਰੂ ਗਰੰਥ ਕੋ ਸਭ ਤੁਮ ਜਾਨੋ।

(ਪ੍ਰਹਿਲਾਦ ਸਿੰਘ)

ਦੀਨ ਰੱਖਿਆ ਕਰਨੀ ਤੇ ਜ਼ੁਲਮ ਦਾ ਨਾਸ ਕਰਨਾ ਇਹ ਖਾਲਸੇ ਦਾ ਫਰਜ਼ ਹੈ।

ਖਾਲਸਾ ਸੋਇ ਨਿਰਧਨ ਕੋ ਪਾਲੈ।
ਖਾਲਸਾ ਸੋਇ ਦੁਸਟ ਕੋ ਗਾਲੈ। ੧੯।

ਪਰ ਆਪ ਜ਼ੁਲਮ ਕਿਸੇ ਤੇ ਨ ਕਰੇ।

(ਨੰਦ ਲਾਲ)

ਖਲਕ ਖਾਲਕ ਦੀ ਜਾਨ ਕੈ ਖਲਕ ਦੁਖਾਵਹਿ ਨਾਹਿ।
ਖਲਕ ਦੁਖਹਿ ਨੰਦ ਲਾਲ ਜੀ ਖਲਕ ਕੋਪਹਿੰ ਤਾਹਿ।

(ਨੰਦ ਲਾਲ)

ਬਾਣੀ ਗੁਰੂ ਹੈ ਇਸ ਲਈ ਖਾਲਸਾ ਗੁਰੂ ਗਰੰਥ ਸਾਹਿਬ ਨੂੰ ਗੁਰੂ ਮੰਨੇ; ਤੇ ਗੁਰੂ ਗਰੰਥ ਸਾਹਿਬ ਦੇ ਹੁਕਮ ਵਿਚ ਚਲ ਰਹੇ ਖਾਲਸੇ ਨੂੰ ਬੀ ਗੁਰੂ ਰੂਪ ਜਾਣੇ।

ਗੁਰ ਕਾ ਬਚਨ ਗੁਰੂ ਕੀ ਮੂਰਤਿ ।
ਭੁਗਤਿ ਮੁਕਤਿ ਵਰ ਸਾਰੇ ਪੂਰਤ ।

(ਪ੍ਰਹਿਲਾਦ ਸਿੰਘ)

ਅਕਾਲ ਪੁਰਖ ਕੇ ਬਚਨ ਜਿਉਂ ਪਰਗਟ ਚਲਾਯੋ ਪੰਥ ।
ਸਭ ਸਿਖਨ ਕੋ ਬਚਨ ਹੈ ਗੁਰੂ ਮਾਨੀਅਹੁ ਗਰੰਥ ।

(ਪ੍ਰਹਿਲਾਦ ਸਿੰਘ)

ਗੁਰੂ ਖਾਲਸਾ ਮਾਨੀਅਹਿ ਪਰਗਟ ਗੁਰੂ ਕੀ ਦੇਹ ।
ਜੋ ਸਿਖ ਮੋ ਮਿਲਬੋ ਚਾਹਹਿ ਖੋਜ ਇਨਹੁ ਮਹਿ ਲੇਹੁ ।

(ਪ੍ਰਹਿਲਾਦ ਸਿੰਘ)

ਤੀਨ ਰੂਪ ਹੈ ਮੋਹਿਕੋ ਸੁਨਹੁ ਨੰਦ ! ਚਿਤ ਲਾਇ ।
ਨਿਰਗੁਣ ਸਰਗੁਣ ਗੁਰਸ਼ਬਦ ਕਹਹੁੰ ਤੋਹਿ ਸਮਝਾਇ ।
ਏਕ ਰੂਪ ਤਿਹੁ ਗੁਣ ਤੇ ਪਰੇ । ਨੇਤਿ ਨੇਤਿ ਜਿਹ ਨਿਗਮ ਉਚਰੇ ।
ਘਟਿ ਘਟਿ ਵਿਆਪਕ ਅੰਤਰਜਾਮੀ ।
ਪੂਰਿ ਪੂਰਿ ਰਹਾਯੋਂ ਜਿਉਂ ਜਲ ਘਟ ਭਾਨੀ ।
ਦੂਸਰ ਰੂਪ ਗਰੰਥ ਜੀ ਜਾਨਹੁ । ਅਪਨ ਅੰਗ ਮੇਰੇ ਕਰ ਮਾਨਹੁ ।
ਰੋਮ ਰੋਮ ਅਛਰ ਜੋ ਲਹਹੁ । ਬਾਤ ਜਥਾਰਥ ਤੁਮ ਸੋ ਕਹਹੁੰ ।
ਜੋ ਸਿਖ ਗੁਰ ਦਰਸਨ ਕੀ ਚਾਹਿ । ਦਰਸਨ ਕਰੇ ਗ੍ਰੰਥ ਜੀ ਆਹਿ ।
ਜੋ ਕਿ ਸਾਥ ਚਾਹੇ ਆ ਕਰ ਬਾਤ । ਗਰੰਥ ਜੀ ਪੜ੍ਹੇ ਬਿਚਾਰਹਿ ਸਾਥ ।
ਜੋ ਮੁਝ ਬਚਨ ਸੁਨਨ ਕੀ ਚਾਇ । ਗ੍ਰੰਥ ਵਿਚਾਰ ਸੁਨਹੁ ਚਿਤ ਲਾਇ ।
ਮੇਰਾ ਰੂਪ ਗ੍ਰੰਥ ਜੀ ਜਾਨ । ਇਸ ਮੇਂ ਭੇਦ ਨ ਰੰਚਕ ਮਾਨ ।
ਤੀਸਰ ਰੂਪ ਸਿਖ ਹੈ ਮੋਰ । ਗੁਰਬਾਣੀ ਰਤਿ ਜਿਹ ਨਿਸ ਭੋਰ ।
ਵਿਸਾਹ ਪ੍ਰੀਤਿ ਗੁਰ ਸ਼ਬਦ ਜੋ ਧਰੇ । ਗੁਰ ਕਾ ਦਰਸ਼ਨ ਨਿਤ ਉਠ ਕਰੇ ।
ਜਪੁਜੀ ਜਾਪ ਪੜ੍ਹ ਚਿਤ ਲਾਇ । ਗਯਾਨ ਸ਼ਬਦ ਗੁਰੁ ਸੁਣੇ ਸੁਣਾਇ ।
ਗੁਰਦਵਾਰਨ ਕਾ ਦਰਸ਼ਨ ਕਰੈਂ । ਪਰ ਦਾਰਾ ਕਾ ਤਿਆਗ ਜੋ ਕਰਹਿ ।
ਗੁਰ ਸਿੱਖ ਸੇਵਾ ਕਰੇ ਚਿਤ ਲਾਇ । ਆਪਾ ਮਨਕਾ ਸਗਲ ਮਿਟਾਇ ।
ਇਨ ਕਰਮਨ ਮਹਿ ਜੋ ਪਰਧਾਨ । ਸੋਈ ਸਿਖ ਰੂਪ ਮੇਰਾ ਪਹਿਚਾਨ ।
ਐਸੇ ਗੁਰ ਸਿਖ ਸੇਵ ਕੀ ਮੋਹਿ ਪਹੁਚੇ ਆਇ ।
ਸੁਨਹੁ ਨੰਦ ਚਿਤ ਦੇਇ ਕਰਿ ਮੁਕਤਿ ਬੈਕੁੰਠੈ ਪਾਇ ।

(ਪ੍ਰਸ਼ਨੋਤਰੀ ਨੰਦ ਲਾਲ)

ਭਾਈਚਾਰਕ ਸੰਬੰਧਾਂ ਵਿਚ ਸਿੱਖੀ ਦਾ ਖਿਆਲ ਰੱਖੋ, ਸਿੰਘ ਸਿੰਘ ਨਾਲ ਪਿਆਰ ਕਰੇ। ਸਿੱਖ ਤੇ ਕਦੀ ਹੱਥ ਨਾ ਉਠਾਏ।

ਗੁਰੂ ਕਾ ਸਿੱਖ ਸਾਕ ਸਿੱਖ ਨਾਲ ਕਰੇ ਲੈਣ ਦੇਣ ਦਾ।
ਗੁਰੂ ਕਾ ਸਿਖ ਬਨਜ ਬਪਾਰ ਜਾ ਕਿਸੇ ਹੋਰ ਸਬਬ ਸਿਖ ਨਾਲ ਬੋਲ ਬਹੇ ਤਾਂ ਉਹ ਬਖਸਾਇ ਲੈ। ਰਾਤ ਵਿਚ ਨ ਪਾਵੇ।
ਗੁਰੂ ਕਾ ਸਿਖ ਸਿਖ ਕੀ ਨਿੰਦਯਾ ਬਖੀਲੀ ਚੁਗਲੀ ਦਗਾ ਨ ਕਰੇ।
ਗੁਰੂ ਕਾ ਸਿਖ ਪੜਦਾ ਕਿਸੇ ਦਾ ਨ ਉਘਾੜੇ। ਘਾਤੀ ਨ ਹੋਵੇ।
ਗੁਰੂ ਕਾ ਸਿਖ ਹਥੋ ਪਾਈ ਲੜਾਈ ਕਿਸੇ ਨਾਲ ਨਾ ਕਰੇ।
ਆਪਣੇ ਕੇਸਾਂ ਦੀ ਅਵਰੋਇ ਵਲ ਦੇਖੇ।
ਗੁਰੂ ਕਾ ਸਿਖ ਹੋਇ ਸਿਖ ਉਪਰ ਸਟ ਨਾ ਕਰੇ।

(ਚੋਪਾ ਸਿੰਘ)

ਸਿੰਘ ਸਿੰਘ ਸੋ ਨੇਹੁ ਸੁ ਕਰਨੋ। ਬੈਰ ਭਾਵ ਮਨ ਤੇ ਪਰ ਹਰਨੋ।
ਸਿੰਘ ਸਿੰਘ ਪਰ ਸ਼ਸਤ੍ਰ ਨ ਕਰੇ। ਜਾਨ ਗੁਰੂ ਖਾਲਸੇ ਤੇ ਡਰੈ।

(ਦੇਸਾ ਸਿੰਘ)

ਜੋ ਤਸਵੀਰ ਖਾਲਸੇ ਦੀ ਰਹਿਤਨਾਮਿਆਂ ਦੁਆਰਾ ਖਿੱਚੀ ਗਈ ਹੈ ਉਹ ਉਸ ਤਸਵੀਰ ਕੋਲੋਂ ਵਿਲੱਖਣ ਨਹੀਂ ਜੋ ਸਿੱਖ ਦੀ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਬਾਣੀ ਦੁਆਰਾ ਚਿੱਤ੍ਰੀ ਗਈ ਹੈ। ਸਾਡੇ ਦੇਸ ਵਿਚ ਅਹਿੰਸਾ ਨੂੰ ਪਰਮ ਧਰਮ ਮੰਨਿਆ ਗਇਆ ਹੈ। ਆਪ ਕਿਸੇ ਨੂੰ ਦੁੱਖ ਨ ਦੇਣਾ ਇਹ ਠੀਕ ਸ਼ੁਭ ਧਰਮ ਹੈ ਪਰ ਜੇ ਕਿਸੇ ਨੂੰ ਸਾਡੇ ਸਾਹਮਣੇ ਦੁਖ ਹੋ ਰਹਿਆ ਹੋਵੇ ਅਤੇ ਜ਼ਾਲਮ ਜ਼ੁਲਮ ਕਰ ਰਹਿਆ ਹੋਵੇ ਫਿਰ ਸਾਡਾ ਕੀ ਫਰਜ਼ ਹੈ ? ਕੀ ਇਹ ਕਹਿਕੇ ਅਟੰਕ ਰਹਿਣਾ ਕਿ ਅਸੀਂ ਤਾਂ ਦੁਖ ਨਹੀਂ ਨਾ ਦੇ ਰਹੇ, ਇਹ ਇਸਦੇ ਕਰਮਾਂ ਦਾ ਫਲ ਹੈ, ਸਾਡਾ ਕੀ ਦੋਸ਼ ? ਜਾਂ ਆਪ ਜਾਨ ਹੂਲ ਕੇ ਉਸ ਨੂੰ ਬਚਾਣਾ। ਗੁਰੂ ਨਾਨਕ ਦੇਵ ਜੀ ਨੇ ਰਾਜ ਜ਼ੁਲਮ ਦੇ ਵਿਰੁਧ ਆਵਾਜ਼ ਉਠਾਈ ਤੇ ਇਸ ਲਈ ਖਾਲਸਾ ਦੀ ਰਹਿਤ ਵਿਚ ਦੁਸ਼ਟਾਂ ਦਾ ਨਾਸ ਕਰਨਾ ਇਕ ਅੰਗ ਬਣਿਆ। ਜਦੋਂ ਕਿਸੇ ਆਲਮਗੀਰ ਅਸੂਲ ਨੂੰ ਵਰਤੋਂ ਵਿਚ ਲਿਆਈਦਾ ਹੈ ਤਾਂ ਮਨੁਖੀ ਤਾਣ ਦੀ ਹੱਦ ਹੋਣ ਕਰਕੇ ਉਹ ਹੱਦ ਵਿਚ ਆ ਜਾਂਦਾ ਹੈ। ਮਨੁੱਖ ਮਾਤ੍ਰ ਦੀ ਸੇਵਾ ਦੇ ਅਸੂਲ ਤੇ ਜਦੋਂ ਅਮਲੀ ਵਰਤੋਂ ਕਰੀਦੀ ਹੈ ਤਦੋਂ ਲਾਂਭੇ ਚਾਂਭੇ ਦੇ ਥੋੜ੍ਹੇ ਜੇਹੇ ਮਨੁੱਖਾਂ ਦੀ ਸੇਵਾ ਹੀ ਕਰ ਸੱਕੀਦੀ ਹੈ। ਇਹਦਾ ਇਹ ਭਾਵ ਨਹੀਂ ਕਿ ਅਸੀਂ ਅਸੂਲ ਤੋਂ ਗਿਰ ਗਏ ਹਾਂ। ਅਸਲੀਅਤ ਇਹ ਹੈ ਕਿ ਅਸੀਂ ਮੂਹ ਜ਼ਬਾਨੀ ਗੱਲਾਂ ਦੀ ਥਾਂ ਅਸੂਲ ਵਰਤਣ ਲਗ ਪਏ ਹਾਂ। ਇਕੁਰ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਸਿੱਖੀ ਦੇ ਅਸੂਲਾਂ ਨੂੰ ਆਮ ਮਨੁਖਾਂ ਲਈ ਰਹਿਤ ਦੀ ਸ਼ਕਲ ਵਿਚ ਬੱਧਾ ਤਾਂ ਉਹ ਕਈਆਂ ਨੂੰ ਦਾਇਰੇ ਦੀ ਤੰਗੀ ਭਾਸਣ ਲਗ ਪਈ, ਪਰ ਇਹ ਨਿਰੀ ਭੁੱਲ ਹੈ।

ਕਈ ਸੱਜਣ ਐਉਂ ਵੀ ਕਹਿ ਦਿੱਤਾ ਕਰਦੇ ਹਨ ਕਿ ਖਾਲਸਾ ਤਾਂ ਕੇਵਲ ਉਸ ਸਮੇਂ ਦੀ ਲੋੜ ਪੂਰੀ ਕਰਨ ਲਈ ਸਾਜਿਆ ਗਇਆ। ਦਸਮ ਪਾਤਸ਼ਾਹ ਨੂੰ ਯੁੱਧਾਂ ਲਈ ਸਿਪਾਹੀਆਨਾ ਠਾਠ ਦੀ ਲੋੜ ਸੀ। ਇਹ ਕਥਨ ਉੱਕਾ ਭੁਲੇਖੇ ਦੀ ਨੀਂਹ ਪੁਰ ਹੈ। ਸ੍ਰੀ ਸਾਹਿਬ ਤਾਂ ਸਿਖ ਕਾਮਯਾਬੀ ਨਾਲ ਛੇਵੀਂ ਪਾਤਸ਼ਾਹੀ ਜੀ ਦੇ ਵੇਲੇ ਹੀ ਫੜ ਚੁਕੇ ਸਨ। ਖਾਲਸਾ ਸਾਜਣ ਤੋਂ ਪਹਿਲੋਂ ਦਸਮ ਪਾਤਸ਼ਾਹ ਨੇ ਆਪ ਭੰਗਾਣੀ ਆਦਿ ਕਿੰਨੇ ਹੀ ਯੁੱਧ ਕੀਤੇ, ਫਿਰ ਖਾਲਸਾ ਸਾਜਣ ਦੀ ਕੀ ਲੋੜ ਸੀ ?

ਗਲ ਅਸਲ ਇਹ ਹੈ ਕਿ ਸਤਿਗੁਰਾਂ ਦਾ ਉਪਦੇਸ਼ ਸੈਂਕੜੇ ਵਰ੍ਹੇ ਜਦੋਂ ਲੋਕ ਸੁਣ ਚੁਕੇ ਤਾਂ ਦਸਮ ਗੁਰੂ ਜੀ ਸ੍ਰੀ ਸਾਹਿਬ ਧੂਹ ਕੇ ਅੱਗੇ ਹੋਏ ਤੇ ਕਹਿਆ ਨਿੱਤਰੋ ਜਿਨ੍ਹਾਂ ਵਾਹ ਲਗਦੀ ਇਨ੍ਹਾਂ ਅਸੂਲਾਂ ਤੇ ਤੁਰਨਾ ਹੈ ਤੇ ਪਿੱਠ ਨਹੀਂ ਦੇਣੀ, ਜਿਨ੍ਹਾਂ ਜਾਨਾਂ ਹੂਲਕੇ ਵੀ ਸਿੱਖੀ ਨਹੀਂ ਛੱਡਣੀ। ਜੇਹੜੇ ਨਿੱਤਰੇ ਉਹ ਅੰਮ੍ਰਿਤ ਛਕ ਕੇ ਖਾਲਸਾ ਸਜੇ। ਇਹ ਚੁਣਵਾਂ ਜੱਥਾ ਗੁਰੂ ਨਾਨਕ ਜੀ ਦੇ ਦੱਸੇ ਆਤਮਕ ਤੇ ਭਾਈਚਾਰਕ ਅਸੂਲਾਂ ਨੂੰ ਖਾਸ ਤੌਰ ਤੇ ਵਰਤੋਂ ਵਿਚ ਲਿਆਵਣ ਲਈ ਬਣਿਆ। ਜੱਥੇ ਦੇ ਸਾਜਣ ਦਾ ਭਾਵ ਇਹ ਸੀ ਕਿ ਸੰਗਤ ਕਾਇਮ ਰਹੇ ਤੇ ਸਿੱਖੀ ਦਾ ਬਾਗ ਰਹਿੰਦੀ ਦੁਨੀਆ ਤਕ ਵੱਧਦਾ ਫੁਲਦਾ ਰਹੇ। ਜੇਹੜੇ ਖਾਲਸਾ ਦੇ ਸਾਜੇ ਜਾਣ ਨੂੰ ਸਿੱਖੀ ਦੇ ਉਪਦੇਸ਼ ਦੀ ਤਾਰ ਨੂੰ ਟੁੱਟਣਾ ਸਮਝਦੇ ਹਨ ਉਹ ਗੁਰਬਾਣੀ ਤੇ ਰਹਿਤਨਾਮਿਆਂ ਤੋਂ ਅਣਜਾਣ ਹੋਣ ਕਰਕੇ ਇਹ ਗੱਲਾਂ ਕਰਦੇ ਹਨ। ਖਿੰਡੀ ਪੁੰਡੀ ਸੱਤਾ ਨੂੰ ਜਦੋਂ ਥੋੜ੍ਹੇ ਦੇਸ ਵਿਚ ਇਕੱਤ੍ਰ ਕੀਤਾ ਜਾਵੇ ਤਾਂ ਉਹ ਮਹਾਨ ਸ਼ਕਤੀ ਦਾ ਰੂਪ ਧਾਰ ਲੈਂਦੀ ਹੈ। ਰਹਿਤ ਵਿਚ ਬੱਝਾ ਇਕ ਸਿਖ ਸਵਾ ਲੱਖ ਦੇ ਬਰਾਬਰ ਹੋ ਗਇਆ। ਇਹ ਦਾਇਰੇ ਦੀ ਤੰਗੀ ਨਹੀਂ ਸੀ ਇਹ ਸੱਤਾ ਨੂੰ ਉਸ ਹੱਦ ਤਕ ਲਿਆਵਣਾ ਸੀ ਜਿੱਥੇ ਉਹ ਕਿਰਿਆ ਦੇ ਰੂਪ ਵਿਚ ਪ੍ਰਗਟ ਹੋ ਸਕੇ। ਖਾਲਸਾ ਕਿਸੇ ਖਾਸ ਸਮੇਂ ਦੀ ਲੋੜ ਪੂਰਾ ਕਰਨ ਲਈ ਨਹੀਂ ਸੀ, ਖਾਲਸਾ ਉਸ ਆਦਰਸ਼ ਨੂੰ ਸਦਾ ਕਾਇਮ ਰੱਖਣ ਲਈ ਹੈ ਜੋ ਸਤਿਗੁਰਾਂ ਮਨੁਖ ਜਾਤੀ ਦੇ ਸਾਹਮਣੇ ਰੱਖਿਆ। ਖਾਲਸਾ ਗੁਰੂ ਦਾ ਖਾਸ ਰੂਪ ਤੇ ਅਟੱਲ ਹੈ।

— 0 —